

ਸਤਿਗੁਰੂ ਕਬੀਰ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਮਨਾਇਆ ਗਿਆ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 2 'ਤੇ ਅਤੇ ਡਾ. ਜੀ. ਸੀ. ਕੌਲ ਦਾ ਵਿਸ਼ੇਸ਼ ਲੇਖ ਦੇਖੋ ਸਫਾ 13 'ਤੇ

13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -13 ISSUE - 19
August 14, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


ਸੰਤ ਗੁਰਦੀਪ ਗਿਰੀ ਜੀ, ਪਠਾਨਕੋਟ ਵਾਲੇ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਵਿਖੇ ਪਹੁੰਚ ਰਹੇ ਹਨ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਭਾਰਤ ਦੇ ਆਜ਼ਾਦੀ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

**ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ ਦੇਖੋ ਸਫਾ 32 'ਤੇ।**

# ਪੰਜਾਬ ਦੇ ਨਵੇਂ ਰਾਜਪਾਲ ਨੇ ਮਾਨ ਸਰਕਾਰ ਲਈ ਵਧਾਈ ਚੁਣੌਤੀ

**ਚੰਡੀਗੜ (ਬਿਊਰੋ)–** ਪੰਜਾਬ ਦੇ ਨਵੇਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸੂਬੇ ਦੇ ਪ੍ਰਸ਼ਾਸਨਿਕ ਸਕੱਤਰਾਂ ਦੀ ਮੀਟਿੰਗ ਸੱਦ ਕੇ ਭਗਵੰਤ ਮਾਨ ਲਈ ਚੁਣੌਤੀ ਖੜੀ ਕਰ ਦਿੱਤੀ ਹੈ ਕਿਉਂਕਿ ਅਜਿਹਾ ਸਿਰਫ਼ 'ਰਾਸ਼ਟਰਪਤੀ ਰਾਜ' ਦੌਰਾਨ ਹੀ ਹੁੰਦਾ ਰਿਹਾ ਹੈ। ਨਵੇਂ ਰਾਜਪਾਲ ਨੇ ਵੱਖਰਾ ਕਦਮ ਚੁੱਕ ਕੇ ਪੰਜਾਬ ਦੇ ਪ੍ਰਸ਼ਾਸਕੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਹਾਲਾਂਕਿ 'ਆਪ' ਸਰਕਾਰ ਤਰਫ਼ੋਂ ਰਾਜਪਾਲ ਦੇ ਇਸ ਕਦਮ ਨੂੰ ਲੈ ਕੇ ਕੋਈ ਪ੍ਰਤੀਕਰਮ ਨਹੀਂ ਆਇਆ ਹੈ ਅਤੇ ਨਾ ਹੀ ਅੱਜ ਦੀ ਮੀਟਿੰਗ ਵਿੱਚ ਰਾਜਪਾਲ ਤਰਫ਼ੋਂ ਸਰਕਾਰ ਬਾਰੇ ਕੋਈ ਨਾਂਹਦਰੂ ਟਿੱਪਣੀ ਕੀਤੀ ਗਈ ਹੈ।



ਪਤਾ ਲੱਗਾ ਹੈ ਕਿ ਪੰਜਾਬ ਦੇ ਇਤਿਹਾਸ ਵਿੱਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਹੈ ਕਿ ਰਾਜਪਾਲ ਵੱਲੋਂ ਚੁਣੀ ਹੋਈ ਸਰਕਾਰ ਦੇ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਕੋਈ ਮੀਟਿੰਗ ਸੱਦੀ ਗਈ ਹੋਵੇ। 'ਰਾਸ਼ਟਰਪਤੀ ਰਾਜ' ਦੌਰਾਨ ਤਾਂ ਅਜਿਹਾ ਹੁੰਦਾ ਹੀ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਰਾਜਪਾਲ ਦੀਆਂ ਗਤੀਵਿਧੀਆਂ ਨੂੰ ਨੇੜਿਓਂ ਦੇਖਿਆ ਜਾ ਰਿਹਾ ਹੈ ਅਤੇ ਸੂਬਾ ਸਰਕਾਰ ਆਪਣੀ ਤਰਫ਼ੋਂ ਕੋਈ ਵਿਵਾਦਿਤ ਪਹਿਲ ਨਹੀਂ ਕਰਨਾ ਚਾਹੁੰਦੀ ਹੈ। ਇੱਥੋਂ ਤੱਕ ਕਿ ਸੂਬਾ ਸਰਕਾਰ ਨੇ ਆਪਣੇ ਅਧਿਕਾਰੀਆਂ ਨੂੰ ਰਾਜਪਾਲ ਦੀ ਮੀਟਿੰਗ ਵਿਚ ਭਾਗ ਲੈਣ ਬਾਰੇ ਕੋਈ ਰੋਕ ਟੋਕ ਨਹੀਂ ਕੀਤੀ ਹੈ। ਪਤਾ ਲੱਗਾ ਹੈ ਕਿ ਮੁੱਖ ਸਕੱਤਰ ਅਨੁਰਾਗ ਵਰਮਾ ਵੀ ਅੱਜ ਰਾਜ ਭਵਨ ਗਏ ਸਨ ਅਤੇ ਲੰਘੇ ਕੱਲ੍ਹ ਡੀਜੀਪੀ ਗੌਰਵ ਯਾਦਵ ਵੀ ਰਾਜਪਾਲ ਨੂੰ ਮਿਲੇ ਸਨ। ਅੱਜ ਦੀ ਮੀਟਿੰਗ ਵਿਚ ਰਾਜਪਾਲ ਨੇ ਕੇਂਦਰੀ ਸਪਾਂਸਰਡ ਸਕੀਮਾਂ ਦੀ ਸਥਿਤੀ ਬਾਰੇ ਜਾਣਿਆ ਅਤੇ ਅਧਿਕਾਰੀਆਂ ਤੋਂ ਕੇਂਦਰੀ ਫ਼ੰਡਾਂ ਦੀ ਵਰਤੋਂ ਦੇ ਵੇਰਵੇ ਮੰਗੇ ਗਏ ਹਨ। ਹਰ ਸਕੱਤਰ ਨੂੰ ਬੋਲਣ ਦਾ ਮੌਕਾ ਵੀ ਦਿੱਤਾ ਗਿਆ। ਰਾਜਪਾਲ ਨੇ ਅਧਿਕਾਰੀਆਂ ਨੂੰ ਇਮਾਨਦਾਰੀ ਨਾਲ ਲੋਕ ਭਲਾਈ ਦੇ ਕੰਮ ਕਰਨ ਦੀ ਨਸੀਹਤ ਵੀ ਦਿੱਤੀ ਗਈ। ਪਤਾ ਲੱਗਾ ਹੈ ਕਿ ਰਾਜਪਾਲ ਗੁਲਾਬ ਚੰਦ ਕਟਾਰੀਆ ਜਦੋਂ ਅਸਾਮ ਦਾ ਰਾਜਪਾਲ ਸਨ ਤਾਂ ਉੱਥੇ ਵੀ ਨਿਯਮਤ ਤੌਰ 'ਤੇ ਅਧਿਕਾਰੀਆਂ ਦੀਆਂ ਮੀਟਿੰਗਾਂ ਬੁਲਾਉਂਦੇ ਰਹੇ ਹਨ। ਰਾਜਪਾਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੇ ਤਜਰਬੇ ਨੂੰ ਲੋਕਾਂ ਦੀ ਭਲਾਈ ਦੇ ਲੇਖੇ ਲਾਉਣ।

# ਮੁੜ ਵਾਲ-ਵਾਲ ਬਚੇ ਡੋਨਾਲਡ ਟਰੰਪ

**ਮੋਂਟਾਨਾ (ਬਿਊਰੋ)** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਜਹਾਜ਼ ਸ਼ਨੀਵਾਰ ਨੂੰ ਖਰਾਬ ਹੋ ਗਿਆ, ਜਿਸ ਕਾਰਨ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਹਾਲਾਂਕਿ ਰਿਪਬਲਿਕਨ ਪਾਰਟੀ) ਦੇ ਉਮੀਦਵਾਰ ਟਰੰਪ ਵਾਲ-ਵਾਲ ਬਚ ਗਏ। ਇਹ ਘਟਨਾ ਉਦੋਂ ਵਾਪਰੀ ਜਦੋਂ ਟਰੰਪ ਇੱਕ ਰੈਲੀ ਲਈ ਮੋਂਟਾਨਾ ਜਾ ਰਹੇ ਸਨ। ਹਵਾਈ ਅੱਡੇ ਦੇ ਤਕਨੀਕੀ ਅਮਲੇ ਮੁਤਾਬਕ ਟਰੰਪ ਦੇ ਜਹਾਜ਼ ਵਿੱਚ ਤਕਨੀਕੀ ਖਰਾਬੀ ਆ ਗਈ ਸੀ, ਜਿਸ ਕਾਰਨ ਉਨ੍ਹਾਂ ਦੇ ਜਹਾਜ਼ ਨੂੰ ਰੌਕੀ ਪਹਾੜ ਦੇ ਦੂਜੇ ਪਾਸੇ ਹਵਾਈ ਅੱਡੇ 'ਤੇ ਉਤਾਰਿਆ ਗਿਆ ਸੀ। ਬਿਲਿੰਗਸ ਲੋਗਨ ਇੰਟਰਨੈਸ਼ਨਲ ਏਅਰਪੋਰਟ ਦੀ ਅਧਿਕਾਰੀ ਜੇਨੀ ਮੋਕੇਲ ਨੇ ਦੱਸਿਆ ਕਿ ਟਰੰਪ ਦਾ ਜਹਾਜ਼ ਬੋਜ਼ਮੈਨ, ਮੋਂਟਾਨਾ ਜਾ ਰਿਹਾ ਸੀ। ਉਹ ਆਪਣੇ ਪ੍ਰਾਈਵੇਟ ਜੈਟ ਵਿੱਚ ਬੋਜ਼ਮੈਨ ਜਾ ਰਿਹਾ ਸੀ। ਅਮਰੀਕਾ 'ਚ ਇਸ ਸਾਲ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਚੋਣਾਂ ਵਿੱਚ ਰਿਪਬਲਿਕਨ ਪਾਰਟੀ ਤੋਂ ਡੋਨਾਲਡ ਟਰੰਪ ਅਤੇ ਡੈਮੋਕ੍ਰੇਟਿਕ ਪਾਰਟੀ ਤੋਂ ਕਮਲਾ ਹੈਰਿਸ ਆਹਮੋ-ਸਾਹਮਣੇ ਹਨ। ਮੰਨਿਆ ਜਾ ਰਿਹਾ ਹੈ ਕਿ ਚੋਣਾਂ 'ਚ ਦੋਵਾਂ ਨੇਤਾਵਾਂ 'ਚ ਸਖਤ ਟੱਕਰ ਹੋਵੇਗੀ।



# ਓਲੰਪਿਕ ਤਗ਼ਮਾ ਜਿੱਤ ਕੇ ਵਤਨ ਪਰਤੀ ਹਾਕੀ ਟੀਮ

**ਨਵੀਂ ਦਿੱਲੀ–** ਪੈਰਿਸ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜਿੱਤ ਕੇ ਪਰਤੀ ਭਾਰਤੀ ਹਾਕੀ ਟੀਮ ਦਾ ਅੱਜ ਦਿੱਲੀ ਹਵਾਈ ਅੱਡੇ 'ਤੇ ਨਿੱਘਾ ਸਵਾਗਤ ਕੀਤਾ ਗਿਆ। ਟੀਮ ਦੇ ਸਵਾਗਤ ਲਈ ਇੱਥੇ ਵੱਡੀ ਗਿਣਤੀ ਵਿੱਚ ਹਾਕੀ ਪ੍ਰੇਮੀ ਮੌਜੂਦ ਸਨ। ਪ੍ਰਸ਼ੰਸਕਾਂ ਨੇ ਇੱਥੇ ਪੁੱਜਣ 'ਤੇ ਹਾਕੀ ਖਿਡਾਰੀਆਂ ਦਾ ਹਾਰ ਪਾ ਕੇ ਤੇ ਢੋਲ-ਢਮੱਕੇ ਨਾਲ ਸਵਾਗਤ ਕੀਤਾ। ਇਸ ਤੋਂ ਪਹਿਲਾਂ ਹਾਕੀ ਟੀਮ ਦੇ ਕੁੱਝ ਖਿਡਾਰੀ ਸ਼ਨਿਚਰਵਾਰ ਨੂੰ ਨਵੀਂ ਦਿੱਲੀ ਦੇ ਹਵਾਈ ਅੱਡੇ 'ਤੇ ਪਹੁੰਚ ਗਏ ਸਨ। ਪੈਰਿਸ ਖੇਡਾਂ ਦੇ ਸਮਾਪਤੀ ਸਮਾਰੋਹ ਵਿੱਚ ਹਿੱਸਾ ਲੈਣ ਲਈ ਹਾਕੀ ਟੀਮ ਦਾ ਇੱਕ ਬੈਚ ਪੈਰਿਸ ਵਿੱਚ ਰੁਕ ਗਿਆ ਸੀ। ਇਸ ਬੈਚ ਵਿੱਚ ਸ਼ਾਮਲ ਪੀਆਰ ਸ੍ਰੀਜੇਸ਼, ਅਮਿਤ ਰੋਹੀਦਾਸ, ਸੁਮਿਤ ਵਾਲਮੀਕਿ, ਅਭਿਸ਼ੇਕ ਅਤੇ ਸੰਜੈ ਅੱਜ ਕੌਮੀ ਰਾਜਧਾਨੀ ਪੁੱਜੇ। ਇਸ ਦੌਰਾਨ ਸੁਮਿਤ ਨੇ ਕਿਹਾ, ''ਸਾਨੂੰ ਪੂਰੇ ਭਾਰਤ ਤੋਂ ਬਹੁਤ ਸਾਰਾ ਪਿਆਰ ਮਿਲ ਰਿਹਾ ਹੈ। ਤੁਸੀਂ ਪੂਰੇ ਦੇਸ਼ ਦਾ ਮਾਹੌਲ ਦੇਖ ਸਕਦੇ ਹੋ। ਸ੍ਰੀਜੇਸ਼ ਨੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਾਕੀ ਖਿਡਾਰੀਆਂ ਨੂੰ ਪਿਆਰ ਮਿਲਣਾ ਚਾਹੀਦਾ ਹੈ ਕਿਉਂਕਿ ਦੋ ਤਗ਼ਮੇ (ਟੋਕੀਓ ਅਤੇ ਪੈਰਿਸ) ਜਿੱਤੇ ਹਨ। ਇਹ ਹਾਕੀ ਅਤੇ ਹਾਕੀ ਪ੍ਰੇਮੀਆਂ ਲਈ ਵਧੀਆ ਹੈ।'' ਪੈਰਿਸ ਓਲੰਪਿਕ ਖੇਡਾਂ ਦਾ ਸਮਾਪਤੀ ਸਮਾਰੋਹ ਐਤਵਾਰ ਰਾਤ ਨੂੰ ਹੋਇਆ ਸੀ। ਭਾਰਤ ਤਗ਼ਮਾ ਸੂਚੀ ਵਿੱਚ 71ਵੇਂ ਸਥਾਨ 'ਤੇ ਰਿਹਾ ਹੈ, ਜਦੋਂਕਿ ਅਮਰੀਕਾ ਨੇ ਕੁੱਲ 126 ਤਗ਼ਮਿਆਂ ਨਾਲ ਸਿਖਰ 'ਤੇ ਰਹਿੰਦਿਆਂ ਆਪਣੀ ਮੁਹਿੰਮ ਸਮਾਪਤ ਕੀਤੀ ਹੈ। ਭਾਰਤ ਨੇ ਕਾਂਸੀ ਦੇ ਤਗ਼ਮੇ ਦੇ ਮੁਕਾਬਲੇ ਵਿੱਚ ਸਪੇਨ ਨੂੰ 2-1 ਨਾਲ ਹਰਾਇਆ ਸੀ। ਇਸ ਦੌਰਾਨ ਗੋਲਚੀ ਪੀਆਰ ਸ੍ਰੀਜੇਸ਼ ਨੇ ਵਿਰੋਧੀ ਖਿਡਾਰੀਆਂ ਦੇ ਕਈ ਹਮਲਿਆਂ ਨੂੰ ਪਛਾੜਿਆ, ਜਦੋਂਕਿ ਕਪਤਾਨ ਹਰਮਨਪ੍ਰੀਤ ਸਿੰਘ ਨੇ ਸਪੇਨ ਦੀ ਟੀਮ 'ਚ ਦੋ ਵਾਰ ਸੰਨ੍ਹ ਲਾਈ। ਅਤੇ 30ਵੇਂ ਅਤੇ 33ਵੇਂ ਮਿੰਟ ਵਿੱਚ ਗੋਲ ਦਾਗ਼ੇ। ਭਾਰਤ ਨੇ 52 ਸਾਲ ਮਗਰੋਂ ਪਹਿਲੀ ਵਾਰ ਹਾਕੀ ਵਿੱਚ ਲਗਾਤਾਰ ਕਾਂਸੀ ਦਾ ਤਗ਼ਮਾ ਜਿੱਤਿਆ ਹੈ। ਹਰਮਨਪ੍ਰੀਤ ਨੇ ਪੈਰਿਸ ਓਲੰਪਿਕ ਦੌਰਾਨ ਅੱਠ ਮੈਚਾਂ ਵਿੱਚ ਸਭ ਤੋਂ ਵੱਧ 10 ਗੋਲ ਕੀਤੇ, ਜਦੋਂਕਿ ਆਸਟਰੇਲੀਆ ਦੇ ਬਲੈਕ ਗਲੋਵਰਜ਼ ਨੇ ਸੱਤ ਗੋਲ ਦਾਗ਼ੇ ਹਨ।






Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539



DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC


SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D TM
MAJESTIC
HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# ਸਤਿਗੁਰੂ ਕਬੀਰ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਮਨਾਇਆ ਗਿਆ

**ਸੈਕਰਾਮੈਂਟੋ–** ਸਤਿਗੁਰੂ ਕਬੀਰ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਐਤਵਾਰ 11 ਅਗਸਤ 2024 ਨੂੰ ਮਨਾਇਆ ਗਿਆ। ਜਿਸ ਵਿਚ ਸ੍ਰੀ ਸੁਖਮਨੀ ਸਾਹਿਬ ਪਾਠ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਬੁਲਾਰਿਆਂ ਵਲੋਂ ਗੁਰੂ ਸਾਹਿਬ ਦੇ ਜੀਵਨ ਬਾਰੇ ਚਰਚਾ ਕੀਤੀ ਗਈ। ਇਨ੍ਹਾਂ ਸਮਾਗਮਾਂ ਦੀ ਸੇਵਾ ਸਮੂਹ ਸਾਧਸੰਗਤਿ ਵਲੋਂ ਅਤੇ ਸ੍ਰੀ ਬਿਕਰਮਜੀਤ ਸਿੰਘ, ਬੀਬੀ ਬਲਬੀਰ ਕੌਰ ਵਲੋਂ ਆਪਣੀ ਬੇਟੀ ਨਿਆਨਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੀਤੀ ਗਈ। ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਸਟੇਜ ਦੀ ਸੇਵਾ ਬਲਜੀਤ ਸਿੰਘ ਨੇ ਬਾਖੂਬੀ ਨਾਲ ਨਿਭਾਈ।

All Pictures by P K Chumber # Desh Doaba





















# ਅਮਰੀਕੀਆਂ ਲਈ ਨਵੰਬਰ ਵਿਚ ਡੋਨਲਡ ਟਰੰਪ ਨੂੰ ਹਰਾਉਣਾ ਸਭ ਤੋਂ ਮਹੱਤਵਪੂਰਨ ਜੋ ਬਾਈਡਨ

## ਜੇਕਰ ਟਰੰਪ ਹਾਰ ਗਿਆ ਤਾਂ ਉਸ ਲਈ ਹਾਰ ਪਚਾਉਣੀ ਮੁਸ਼ਕਿਲ ਹੋ ਜਾਵੇਗੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਰਾਸ਼ਟਰਪਤੀ ਜੋ ਬਾਈਡਨ ਨੇ ਇਕ ਪੱਤਰਕਾਰ ਨਾਲ ਤਾਜ਼ਾ ਮੁਲਾਕਾਤ ਵਿਚ ਕਿਹਾ ਹੈ ਕਿ ਇਸ ਸਾਲ ਨਵੰਬਰ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹਰਾਉਣਾ ਸਭ ਤੋਂ ਅਹਿਮ ਹੋਵੇਗਾ। ਉਨਾਂ ਕਿਹਾ ਕਿ ਟਰੰਪ ਦਾ ਹਾਰਨਾ ਅਮਰੀਕਾ ਤੇ ਅਮਰੀਕੀ ਲੋਕਾਂ ਦੇ ਹਿੱਤ ਵਿਚ ਹੋਵੇਗਾ। ਸੀ ਬੀ ਐਸ ਦੇ ਮੁੱਖ ਚੋਣ ਪੱਤਰਕਾਰ ਰਾਬਰਟ ਕੋਸਟਾ ਨਾਲ ਗੱਲਬਾਤ ਕਰਦਿਆਂ ਬਾਈਡਨ ਨੇ ਕਿਹਾ ਕਿ ਜਦੋਂ ਉਹ 2020 ਵਿਚ ਚੋਣ ਲੜੇ ਸਨ ਤਾਂ ਉਹ ਆਪਣੇ ਆਪ ਨੂੰ ਇਕ ਬਦਲਵੇਂ ਰਾਸ਼ਟਰਪਤੀ ਵਜੋਂ ਵੇਖਦੇ ਸਨ। 81 ਸਾਲਾ ਬਾਈਡਨ ਨੇ ਹੋਰ ਕਿਹਾ ਕਿ ਮੈ ਨਹੀਂ ਕਹਿ ਸਕਦਾ ਮੈ ਕਿੰਨਾ ਬੁੱਢਾ ਹੋ ਗਿਆ ਹਾਂ, ਇਹ ਕਹਿਣਾ ਮੇਰੇ ਲਈ ਬਹੁਤ ਮੁਸ਼ਕਿਲ ਹੈ, ਹਾਲਾਂ ਕਿ ਰਾਸ਼ਟਰਪਤੀ ਹੋਣਾ ਇਕ ਬਹੁਤ ਮਾਣ ਵਾਲੀ ਗੱਲ ਹੈ, ਮੈ ਜੋ ਕੁਝ ਕੀਤਾ ਹੈ, ਮੇਰਾ ਵਿਚਾਰ ਹੈ ਕਿ ਉਹ ਮੇਰੀ ਜਿੰਮੇਵਾਰੀ ਹੈ, ਤੁਸੀਂ ਸਭ ਤੋਂ ਵਧ ਮਹੱਤਵਪੂਰਨ ਚੀਜ਼ ਜੋ ਕਰ ਸਕਦੇ ਹੋ ਉਹ ਹੈ ਹਰ ਹਾਲਤ ਵਿਚ ਟਰੰਪ ਨੂੰ ਹਰਾਉਣਾ। ਬਾਈਡਨ ਦਾ ਇਹ ਤਾਜ਼ਾ ਬਿਆਨ ਪਿਛਲੇ ਮਹੀਨੇ ਡੈਮੋਕਰੈਟਿਕ ਸਾਂਸੰਦਾਂ, ਫੰਡ ਦੇਣ ਵਾਲਿਆਂ ਤੇ ਪਾਰਟੀ ਵਿਚਲੇ ਹੋਰ ਆਗੂਆਂ ਵੱਲੋਂ ਉਨਾਂ ਦੀ ਉਮਰ ਨੂੰ ਲੈ ਕੇ ਪ੍ਰਗਟਾਏ ਤੌਖਲੇ ਤੇ ਵਧੇ ਦਬਾਅ ਦਰਮਿਆਨ ਪਿਛਲੇ ਮਹੀਨੇ ਚੋਣ



ਮੈਦਾਨ ਵਿਚੋਂ ਹਟਣ ਉਪਰੰਤ ਪਹਿਲੀ ਵਾਰ ਆਇਆ ਹੈ। ਉਨਾਂ ਦੇ ਚੋਣ ਮੈਦਾਨ ਵਿਚੋਂ ਹਟਣ ਉਪਰੰਤ ਤੁਰੰਤ ਡੈਮੋਕਰੈਟਿਕ ਪਾਰਟੀ ਨੇ ਰਾਸ਼ਟਰਪਤੀ ਉਮੀਦਵਾਰ ਵਜੋਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਂ ਉਪਰ ਮੋਹਰ ਲਾ ਦਿੱਤੀ ਸੀ। ਕਮਲਾ ਹੈਰਿਸ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਬੀਤੇ ਸ਼ਨਿਚਰਵਾਰ ਜਾਰੀ ਇਕ ਤਾਜ਼ਾ ਸਰਵੇਖਣ ਅਨੁਸਾਰ 3 ਅਹਿਮ ਰਾਜਾਂ ਵਿਚ ਟਰੰਪ ਨਾਲੋਂ ਹੈਰਿਸ ਅੱਗੇ ਹੈ। ਮੁਲਾਕਾਤ ਦੌਰਾਨ ਬਾਈਡਨ ਨੇ ਹੋਰ ਕਿਹਾ ਕਿ ਉਸ ਨੂੰ ਭਰੋਸਾ ਨਹੀਂ ਹੈ ਕਿ ਟਰੰਪ ਦੇ ਹਾਰ ਜਾਣ ਦੀ ਸਥਿੱਤੀ ਵਿਚ ਉਹ ਚੋਣ ਪ੍ਰਕਿਆ ਨੂੰ ਸ਼ਾਤਮਈ ਢੰਗ ਨਾਲ ਸਿਰੇ ਚੜਨ ਦੇਵੇਗਾ। ਬਾਈਡਨ ਨੇ ਕਿਹਾ ਉਹ ਜੋ ਕੁਝ ਕਹਿ ਰਿਹਾ ਹੈ, ਉਸ ਦੇ ਕੁਝ ਅਰਥ ਹਨ ਹਾਲਾਂ ਕਿ ਅਸੀਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਪਰੰਤੂ ਜੋ ਉਹ ਕਹਿੰਦਾ ਉਸ ਦੇ ਉਸ ਲਈ ਅਰਥ ਹਨ।

**3 ਅਹਿਮ ਰਾਜਾਂ ਵਿਚ ਟਰੰਪ ਪਿੱਛੇ- ਸਰਵੇ**

ਇਕ ਤਾਜ਼ਾ ਸਰਵੇ ਵਿਚ ਕਿਹਾ ਗਿਆ ਹੈ ਕਿ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ 3 ਪ੍ਰਮੁੱਖ ਰਾਜਾਂ ਵਿਚ ਕਮਲਾ ਹੈਰਿਸ ਅੱਗੇ ਹੈ। ਨਿਊਯਾਰਕ ਟਾਈਮਜ਼- ਸੀਨੇਵਾ ਚੋਣ ਸਰਵੇ ਅਨੁਸਾਰ ਪੈਨਸਿਲਵਾਨੀਆ, ਮਿਸ਼ੀਗਨ ਤੇ ਵਿਸਕਾਨਸਿਨ ਰਾਜਾਂ ਵਿਚ ਹੈਰਿਸ 4% ਵੋਟਾਂ ਨਾਲ ਅੱਗੇ ਹਨ ਜਦ ਕਿ ਇਸ ਦੇ ਉਲਟ ਟਰਾਫਾਲਗਰ ਗਰੁੱਪ ਤੇ ਇਨਸਾਈਡਰ ਐਡਵਾਂਟੇਜ ਵੱਲੋਂ ਕੀਤੇ ਇਕ ਸਰਵੇ ਅਨੁਸਾਰ ਟਰੰਪ ਐਰੀਜੋਨਾ ਤੇ ਨੇਵਾਡਾ ਸਮੇਤ ਕਈ ਰਾਜਾਂ ਵਿਚ ਹੈਰਿਸ ਨਾਲੋਂ ਅੱਗੇ ਹਨ। ਇਸ ਸਰਵੇ ਵਿਚ ਕਿਹਾ ਗਿਆ ਹੈ ਕਿ ਹੈਰਿਸ ਨੂੰ ਡੈਮੋਕਰੈਟਿਕਾਂ ਦਾ ਸਮਰਥਨ ਵਧਣ ਦੇ ਬਾਵਜੂਦ ਉਸ ਪ੍ਰਤੀ ਵੋਟਰਾਂ ਦੇ ਇਕ ਵੱਡੇ ਹਿੱਸੇ ਵਿਚ ਅਵਿਸ਼ਵਾਸ਼ ਦੀ ਭਾਵਨਾ ਪਾਈ ਜਾ ਰਹੀ ਹੈ।

# ਰਾਸ਼ਟਰਪਤੀ ਬਣੀ ਤਾਂ 'ਟਿਪਸ' ਉਪਰ ਸੰਘੀ ਟੈਕਸ ਖਤਮ ਕਰਾਂਗੀ- ਕਮਲਾ ਹੈਰਿਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਲਾਸ ਵੇਗਾਸ , ਨੇਵਾਡਾ ਵਿਚ ਇਕ ਰੈਲੀ ਦੌਰਾਨ ਐਲਾਨ ਕੀਤਾ ਕਿ ਜੇਕਰ ਉਹ ਰਾਸ਼ਟਰਪਤੀ ਦੀ ਚੋਣ ਜਿੱਤ ਗਈ ਤਾਂ ਹੋਟਲਾਂ ਤੇ ਹੋਰ ਮਹਿਮਾਨ ਨਿਵਾਜ਼ੀ ਦੇ ਸਥਾਨਾਂ 'ਤੇ ਗਾਹਕਾਂ ਵੱਲੋਂ ਦਿੱਤੇ ਜਾਂਦੇ 'ਟਿਪਸ' ਉਪਰ ਸੰਘੀ ਟੈਕਸ ਖਤਮ ਕਰ ਦੇਣਗੇ। ਹੈਰਿਸ ਨੇ ਕਿਹਾ ਕਿ ਇਥੇ ਮੌਜੂਦ ਹਰ ਇਕ ਵਿਅਕਤੀ ਨਾਲ ਇਹ ਮੇਰਾ ਵਾਅਦਾ ਹੈ ਕਿ ਇਕ ਰਾਸ਼ਟਰਪਤੀ ਵਜੋਂ ਉਹ ਘੱਟੋ ਘੱਟ



ਮਜ਼ਦੂਰੀ ਵਧਾਉਣ ਤੇ ਸੇਵਾ ਅਤੇ ਮਹਿਮਾਨ ਨਿਵਾਜ਼ੀ ਬਦਲੇ ਮਿਲਦੇ ਪੈਸੇ ਉਪਰ ਟੈਕਸ ਖਤਮ ਕਰਨ ਸਮੇਤ ਕੰਮਕਾਜੀ ਪਰਿਵਾਰਾਂ ਦੇ ਹੋਰ ਹਿੱਤਾਂ ਲਈ ਕੰਮ ਕਰਨਗੇ। ਇਥੇ ਜਿਕਰਯੋਗ ਹੈ ਕਿ ਟਰੰਪ ਨੇ ਵੀ ਲਾਸ ਵੇਗਾਸ ਵਿਚ ਜੂਨ ਵਿਚ ਕੀਤੀ ਰੈਲੀ ਦੌਰਾਨ ਇਸ ਕਿਸਮ ਦੀ ਤਜਵੀਜ ਦਾ ਐਲਾਨ ਕੀਤਾ ਸੀ। ਹੈਰਿਸ ਦੇ ਐਲਾਨ ਉਪਰੰਤ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ ਉਪਰ ਦੋਸ਼ ਲਾਇਆ ਕਿ ਡੈਮੋਕਰੈਟਿਕ ਉਮੀਦਵਾਰ ਨੇ ਉਸ ਦੀ ਤਜਵੀਜ਼ ਚੋਰੀ ਕੀਤੀ ਹੈ। ਟਰੰਪ ਨੇ ਲਿਖਿਆ ਹੈ ਕਮਲਾ ਹੈਰਿਸ ਜਿਸ ਦੇ ਐਸ਼ ਦੇ ਦਿਨ ਖਤਮ ਹੋ ਰਹੇ ਹਨ, ਨੇ ਮੇਰੀ 'ਨੋ ਟੈਕਸ ਆਨ ਟਿਪਸ ਪਾਲਸੀ' ਦੀ ਕਾਪੀ ਕੀਤੀ ਹੈ। ਇਹ ਟਰੰਪ ਦੀ ਨੀਤੀ ਹੈ, ਉਸ ਕੋਲ ਕੋਈ ਨੀਤੀ ਨਹੀਂ ਹੈ, ਉਹ ਕੇਵਲ ਮੇਰੇ ਕੋਲੋਂ ਚੋਰੀ ਕਰ ਸਕਦੀ ਹੈ।

# ਮੈਰੀਲੈਂਡ ਰਾਜ ਦੇ ਇਕ ਘਰ ਵਿਚ ਹੋਏ ਜਬਰਦਸਤ ਧਮਾਕੇ ਵਿੱਚ 2 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮੈਰੀਲੈਂਡ (ਹਰਫੋਰਡ ਕਾਊਂਟੀ) ਰਾਜ ਦੇ ਇਕ ਘਰ ਵਿਚ ਹੋਏ ਜਬਰਦਸਤ ਧਮਾਕੇ ਵਿਚ 2 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈ। ਜਿਸ ਘਰ ਵਿਚ ਧਮਾਕਾ ਹੋਇਆ ਉਹ ਪੂਰੀ ਤਰਾਂ ਮਲਬੇ ਵਿਚ ਤਬਦੀਲ ਹੋ ਗਿਆ ਜਦ ਕਿ ਨਾਲ ਲੱਗਦੇ ਘਰਾਂ ਨੂੰ ਵੀ ਕਾਫੀ ਨੁਕਸਾਨ ਪੁੱਜਾ ਹੈ। ਅਧਿਕਾਰੀਆਂ ਅਨੁਸਾਰ ਇਹ ਘਟਨਾ ਬਾਲਟੀਮੋਰ ਦੇ ਉੱਤਰ ਪੂਰਬ ਵਿਚ ਵਾਪਰੀ। ਜਾਰੀ ਇਕ ਬਿਆਨ ਵਿਚ ਅਧਿਕਾਰੀਆਂ ਨੇ ਕਿਹਾ ਹੈ ਕਿ ਸ਼ੁਰੂ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 2 ਹੋਰਨਾਂ ਦੇ ਜਖਮੀ ਹੋਣ ਦੀ ਖਬਰ ਮਿਲੀ ਸੀ ਪਰੰਤੂ ਬਾਅਦ ਵਿਚ ਮਲਬੇ ਹੇਠੋਂ ਇਕ ਹੋਰ ਵਿਅਕਤੀ ਮ੍ਰਿਤਕ ਹਾਲਤ ਵਿਚ ਮਿਲਿਆ। ਮੈਰੀਲੈਂਡ ਸਟੇਟ ਫਾਇਰ ਮਾਰਸ਼ਲ ਦੇ ਦਫਤਰ ਦੇ ਅਧਿਕਾਰੀ ਉਲੀਵਰ ਅਲਕਾਇਰ ਨੇ ਕਿਹਾ ਹੈ ਕਿ ਸ਼ੁਰੂ ਵਿਚ ਸਵੇਰੇ 6.42 ਵਜੇ ਅੱਗ ਬੁਝਾਊ ਵਿਭਾਗ ਨੂੰ ਸੂਚਨਾ ਮਿਲੀ ਸੀ ਕਿ ਬੈਲ ਏਅਰ ਖੇਤਰ ਵਿਚ ਆਰਥਰਜ ਵੁੱਡਜ ਡਰਾਈਵ 'ਤੇ ਇਕ ਘਰ ਵਿਚ ਗੈਸ ਰਿਸ ਰਹੀ ਹੈ। ਜਦੋਂ ਅੱਗ ਬੁਝਾਊ ਅਮਲਾ ਮੌਕੇ 'ਤੇ ਜਾ ਰਿਹਾ ਸੀ ਤਾਂ ਉਨਾਂ ਨੂੰ ਸੂਚਨਾ ਮਿਲੀ ਕਿ ਗੈਸ ਰਿਸਣ ਉਪਰੰਤ ਘਰ ਵਿਚ ਜਬਰਦਸਤ ਧਮਾਕਾ ਹੋਇਆ ਹੈ। ਅਲਕਾਇਰ ਅਨੁਸਾਰ ਧਮਾਕੇ ਕਾਰਨ ਨਾਲ ਲੱਗਦੇ ਘੱਟੋ ਘੱਟ 12 ਪਰਿਵਾਰ ਉਜੜ ਗਏ ਹਨ। ਉਨਾਂ ਇਹ ਵੀ ਕਿਹਾ ਕਿ ਜਦੋਂ ਘਰ ਵਿਚ ਧਮਾਕਾ ਹੋਇਆ ਤਾਂ ਉਥੇ ਬਾਲਟੀਮੋਰ ਗੈਸ ਐਂਡ ਇਲੈਕਟ੍ਰਿਕ ਕੰਪਨੀ ਦੇ



ਠੇਕਾ ਵਰਕਰ ਪਹਿਲਾਂ ਤੋਂ ਹੀ ਮੌਜੂਦ ਸਨ ਜੋ ਉਥੇ ਬਿਜਲੀ ਦੀ ਸਮੱਸਿਆ ਨੂੰ ਹੱਲ ਕਰਨ ਗਏ ਸਨ। ਇਕ ਠੇਕਾ ਵਰਕਰ ਵੀ ਜ਼ਖਮੀ ਹੋਇਆ ਹੈ। ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਜਿਸ ਘਰ ਵਿਚ ਧਮਾਕਾ ਹੋਇਆ ਹੈ, ਉਹ ਵਿਕਰੀ ਲਈ ਲਾਇਆ ਹੋਇਆ ਸੀ ਤੇ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਧਮਾਕਾ ਜਾਣ ਬੁਝ ਕੇ ਕੀਤਾ ਗਿਆ ਹੈ ਜਾਂ ਇਹ ਅਚਨਚੇਤ ਵਾਪਰੀ ਘਟਨਾ ਹੈ। ਇਸ ਸਬੰਧੀ ਜਾਂਚ ਜਾਰੀ ਹੈ। ਇਕ ਮ੍ਰਿਤਕ ਦੀ ਪਛਾਣ 73 ਸਾਲਾ ਘਰ ਦੇ ਮਾਲਕ ਵਜੋਂ ਹੋਈ ਹੈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਸੁਪਰੀਮ ਕੋਰਟ ਨੇ ਐਸ. ਸੀ./ਐਸ. ਟੀ. ਕੋਟੇ ’ਚ ਉਪ-ਸ਼੍ਰੇਣੀ ਬਣਾਉਣ ਨੂੰ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਲਈ ਰਾਖਵੇਂਕਰਨ ਦੇ ਮੁੱਦੇ ’ਤੇ ਵੱਡਾ ਫੈਸਲਾ ਸੁਣਾਇਆ। ਸੁਪਰੀਮ ਕੋਰਟ ਨੇ ਐਸ. ਸੀ./ਐਸ. ਟੀ. ਕੋਟੇ ’ਚ ਸਬ-ਕੈਟਾਗਰੀ ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਹੁਣ ਰਾਜ ਐਸ. ਸੀ./ਐਸ. ਟੀ. ਕੋਟੇ ’ਚ ਸਬ-ਕੈਟਾਗਰੀ (ਉਪ ਸ਼੍ਰੇਣੀ) ਬਣਾ ਸਕਣਗੇ। ਸੁਪਰੀਮ ਕੋਰਟ ਦੀ 7 ਮੈਂਬਰੀ ਸੰਵਿਧਾਨਕ ਬੈਂਚ ਨੇ 6-1 ਨਾਲ ਆਪਣਾ ਫੈਸਲਾ ਸੁਣਾਇਆ ਤੇ 2004 ਵਿਚ 5 ਜੱਜਾਂ ਵੱਲੋਂ ਦਿੱਤੇ ਗਏ ਫੈਸਲੇ ਨੂੰ ਪਲਟ ਦਿੱਤਾ। ਉਸ ਸਮੇਂ ਅਦਾਲਤ ਨੇ ਕਿਹਾ ਸੀ ਕਿ ਅਨੁਸੂਚਿਤ ਜਾਤੀਆਂ ਆਪਣੇ ਆਪ ਵਿਚ ਇਕ ਸਮੂਹ ਹਨ ਅਤੇ ਇਸ ਵਿਚ ਸ਼ਾਮਲ ਜਾਤੀਆਂ ਦੇ ਆਧਾਰ ’ਤੇ ਅੱਗੇ ਵੰਡ ਨਹੀਂ ਕੀਤੀ ਜਾ ਸਕਦੀ। ਹੁਣ ਤਾਜ਼ਾ ਫੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਕਿ ਐਸ. ਸੀ./ ਐਸ. ਟੀ. ਕੋਟੇ ਵਿਚ ਸਬ-ਕੈਟਾਗਰੀ ਨੂੰ ਰਾਖਵਾਂਕਰਨ ਦਿੱਤਾ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ’ਚ ਉਪ ਸ਼੍ਰੇਣੀਆਂ ਬਣਾਈਆਂ ਜਾ ਸਕਦੀਆਂ ਹਨ। ਚੀਫ ਜਸਟਿਸ ਚੰਦਰਚੂੜ ਸਮੇਤ 6 ਜੱਜਾਂ ਨੇ ਇਸ ਦਾ ਸਮਰਥਨ ਕੀਤਾ, ਜਦਕਿ ਜਸਟਿਸ ਬੇਲਾ ਤ੍ਰਿਵੇਦੀ ਇਸ ਨਾਲ ਅਸਹਿਮਤ ਸਨ। 7 ਜੱਜਾਂ ਦੇ ਇਸ ਸੰਵਿਧਾਨਕ ਬੈਂਚ ’ਚ ਸ਼ਾਮਲ ਜਸਟਿਸ ਬੀ. ਆਰ. ਗਵਈ ਨੇ ਕਿਹਾ ਕਿ ਪੱਛੜੇ ਭਾਈਚਾਰਿਆਂ ਨੂੰ ਪਹਿਲ ਦੇਣਾ ਰਾਜ ਦਾ ਫਰਜ਼ ਹੈ, ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਵਰਗ ਦੇ ਕੁਝ ਲੋਕ ਹੀ ਰਾਖਵੇਂਕਰਨ ਦਾ ਲਾਭ ਲੈ ਰਹੇ ਹਨ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਜ਼ਮੀਨੀ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਐਸ. ਸੀ./ਐਸ. ਟੀ. ਦੇ ਅੰਦਰ ਅਜਿਹੀਆਂ ਸ਼੍ਰੇਣੀਆਂ ਹਨ, ਜੋ ਸਦੀਆਂ ਤੋਂ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੀਆਂ ਹਨ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ’ਚ ਕਿਹਾ ਕਿ ਹਾਲਾਂਕਿ, ਰਾਖਵੇਂਕਰਨ ਦੇ ਬਾਵਜੂਦ ਹੇਠਲੇ ਵਰਗ ਦੇ ਲੋਕਾਂ ਨੂੰ ਆਪਣਾ ਕਿੱਤਾ ਛੱਡਣਾ ਮੁਸ਼ਕਿਲ ਲੱਗਦਾ ਹੈ। ਇਸ ਉਪ ਸ਼੍ਰੇਣੀ ਦਾ ਆਧਾਰ ਇਹ ਹੈ ਕਿ ਇਕ ਵੱਡੇ ਸਮੂਹ ’ਚੋਂ ਇਕ ਸਮੂਹ ਨੂੰ ਵਧੇਰੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।



### ਕ੍ਰੀਮੀ ਲੇਅਰ ਲਾਗੂ ਨਹੀਂ ਕਰੇਗੀ ਸਰਕਾਰ-ਮੋਦੀ ਨੇ ਦਿੱਤਾ ਭਰੋਸਾ

ਨਵੀਂ ਦਿੱਲੀ- ਅਨੁਸੂਚਿਤ ਜਾਤੀ ਅਤੇ ਜਨਜਾਤੀਆਂ ਦੀ ਰਿਜ਼ਰਵੇਸ਼ਨ ਵਿਚ ਕ੍ਰੀਮੀ ਲੇਅਰ ਲਾਗੂ ਨਹੀਂ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਸੰਸਦ ਭਵਨ ਵਿਚ ਉਹਨਾਂ ਨੂੰ ਮਿਲਣ ਆਏ 100 ਐਸ. ਸੀ./ਐਸ. ਟੀ. ਸਾਂਸਦਾਂ ਨੂੰ ਇਹ ਗੱਲ ਕਹੀ। ਵਰਣਨਯੋਗ ਹੈ ਕਿ ਸੁਪਰੀਮ ਕੋਰਟ ਦੇ ਜਸਟਿਸ ਬੀ. ਆਰ. ਗਵਈ ਨੇ ਇਹ ਟਿੱਪਣੀ ਕੀਤੀ ਸੀ ਕਿ ਐਸ. ਸੀ.-ਐਸ. ਟੀ. ਵਿਚ ਵੀ ਕ੍ਰੀਮੀ ਲੇਅਰ ਲਾਗੂ ਕਰਨ ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਨੂੰ ਲੈ ਕੇ ਸਾਂਸਦਾਂ ਨੇ ਪੀ. ਐਮ. ਨੂੰ ਇਕ ਮੈਮੋਰੰਡਮ ਦੇ ਕੇ ਚਿੰਤਾ ਪ੍ਰਗਟ ਕੀਤੀ। ਉਥੇ ਹੀ ਸ਼ਾਮ ਨੂੰ ਹੋਈ ਕੇਂਦਰੀ ਕੈਬਨਿਟ ਦੀ ਬੈਠਕ ਵਿਚ ਵੀ ਇਸ ਮੁੱਦੇ ’ਤੇ ਚਰਚਾ ਕੀਤੀ ਗਈ। ਰਾਤ ਨੂੰ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਨਵੀ ਵੈਸ਼ਨਵ ਨੇ ਕਿਹਾ ਕਿ ਐਸ. ਸੀ./ਐਸ. ਟੀ. ਦੇ ਲਈ ਰਿਜ਼ਰਵੇਸ਼ਨ ਸੰਵਿਧਾਨ ਮੁਤਾਬਕ ਹੀ ਹੋਣੀ ਚਾਹੀਦੀ ਹੈ ਅਤੇ ਸੰਵਿਧਾਨ ਵਿਚ ਕ੍ਰੀਮੀ ਲੇਅਰ ਦੀ ਵਿਵਸਥਾ ਨਹੀਂ ਹੈ।

# ਪੰਜਾਬ ਵਿਧਾਨ ਸਭਾ ਦਾ ਤਿੰਨ ਰੋਜ਼ਾ ਸੈਸ਼ਨ 2 ਸਤੰਬਰ ਤੋਂ

**ਚੰਡੀਗੜ੍ਹ–** ਪੰਜਾਬ ਮੰਤਰੀ ਮੰਡਲ ਨੇ 2 ਸਤੰਬਰ ਤੋਂ ਸੂਬਾ ਵਿਧਾਨ ਸਭਾ ਦਾ ਤਿੰਨ ਰੋਜ਼ਾ ਸੈਸ਼ਨ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਬੰਧੀ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੰਤਰੀ ਮੰਡਲ ਨੇ ਫੈਸਲਾ ਕੀਤਾ ਹੈ ਕਿ ਸੈਸ਼ਨ 2 ਸਤੰਬਰ ਤੋਂ 4 ਤੱਕ ਚੱਲੇਗਾ।

# ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਦੀ ਪਟੀਸ਼ਨ ਖਾਰਜ



**ਪੈਰਿਸ–** ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਵੱਲੋਂ ਆਪਣੀ ਅਯੋਗਤਾ ਵਿਰੁੱਧ ਕੀਤੀ ਗਈ ਅਪੀਲ ਨੂੰ ਸਾਲਸੀ ਅਦਾਲਤ (ਸੀਏਐੱਸ) ਵੱਲੋਂ ਖਾਰਜ ਕਰ ਦਿੱਤਾ ਗਿਆ। ਇਹ ਜਾਣਕਾਰੀ ਸੂਤਰਾਂ ਦੇ ਹਵਾਲੇ ਤੋਂ ਮਿਲੀ ਹੈ। ਮੰਗਲਵਾਰ ਨੂੰ ਉਸ ਦੀ ਅਪੀਲ ’ਤੇ ਫੈਸਲਾ ਇਕ ਵਾਰ ਫਿਰ ਟਾਲ ਦਿੱਤਾ ਗਿਆ। ਫੈਸਲਾ ਮੰਗਲਵਾਰ ਨੂੰ ਰਾਤ 9.30 ਵਜੇ ਆਉਣਾ ਸੀ ਪਰ ਇਸ ਨੂੰ 16 ਅਗਸਤ ਤੱਕ ਟਾਲ ਦਿੱਤਾ ਗਿਆ।

ਫੋਗਾਟ ਨੂੰ 50 ਕਿਲੋਗ੍ਰਾਮ ਭਾਰ ਵਰਗ ਦੇ ਫਾਈਨਲ ਮੁਕਾਬਲੇ ਤੋਂ ਪਹਿਲਾਂ ਹੀ ਅਯੋਗ ਕਰਾਰ ਦਿੱਤਾ ਗਿਆ ਸੀ ਕਿਉਂਕਿ ਉਸ ਦਾ ਵਜ਼ਨ ਨਿਰਧਾਰਤ ਭਾਰ ਤੋਂ 100 ਗ੍ਰਾਮ ਵੱਧ ਸੀ। ਬਾਅਦ ‘ਚ ਉਸ ਨੇ ਫੈਸਲੇ ਦੇ ਖਿਲਾਫ ਸਾਲਸੀ ਅਦਾਲਤ ’ਚ ਅਪੀਲ ਦਾਇਰ ਕੀਤੀ ਸੀ।

# ਓਲੰਪਿਕ ਦੇ ਸਮਾਪਤੀ ਸਮਾਰੋਹ ਤੋਂ ਕੁਝ ਘੰਟੇ ਪਹਿਲਾਂ ਆਈਫਲ ਟਾਵਰ ’ਤੇ ਚੜ੍ਹਿਆ ਵਿਅਕਤੀ



**ਪੈਰਿਸ–** ਇਕ ਵਿਅਕਤੀ ਨੂੰ ਅੱਜ ਇੱਥੇ ਓਲੰਪਿਕ ਦੇ ਸਮਾਪਤੀ ਸਮਾਰੋਹ ਤੋਂ ਕੁਝ ਘੰਟੇ ਪਹਿਲਾਂ ਪੈਰਿਸ ਦੇ ਇਤਿਹਾਸਕ ਆਈਫਲ ਟਾਵਰ ’ਤੇ ਚੜ੍ਹਦੇ ਹੋਏ ਦੇਖਿਆ ਗਿਆ, ਜਿਸ ਮਗਰੋਂ ਅਧਿਕਾਰੀਆਂ ਨੇ ਆਈਫਲ ਟਾਵਰ ਨੂੰ ਖਾਲੀ ਕਰਵਾ ਦਿੱਤਾ। ਇਕ ਵਿਅਕਤੀ ਨੂੰ ਦੁਪਹਿਰ ਸਮੇਂ ਬਿਨਾ ਕਮੀਜ਼ ਪਹਿਨੇ 330 ਮੀਟਰ (1083 ਫੁੱਟ) ਉੱਚੇ ਟਾਵਰ ’ਤੇ ਚੜ੍ਹਦੇ ਹੋਏ ਦੇਖਿਆ ਗਿਆ। ਇਹ ਸਪੱਸ਼ਟ ਨਹੀਂ ਹੈ ਕਿ ਉਸ ਨੇ ਆਪਣੀ ਚੜ੍ਹਾਈ ਕਿੱਥੋਂ ਸ਼ੁਰੂ ਕੀਤੀ ਪਰ ਉਸ ਨੂੰ ਟਾਵਰ ਦੇ ਦੂਜੇ ਹਿੱਸੇ ਵਿੱਚ ਲੱਗੇ ਓਲੰਪਿਕ ਰਿੰਗਜ਼ ਦੇ ਠੀਕ ਉੱਪਰ ਦੇਖਿਆ ਗਿਆ। ਓਲੰਪਿਕ ਖੇਡਾਂ ਦੇ ਉਦਘਾਟਨੀ ਸਮਾਰੋਹ ਵਿੱਚ ਆਈਫਲ ਟਾਵਰ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ। ਹਾਲਾਂਕਿ, ਇਹ ਟਾਵਰ ਸਮਾਪਤੀ ਸਮਾਰੋਹ ਦਾ ਹਿੱਸਾ ਨਹੀਂ ਸੀ ਬਣਨਾ।



# ਯਾਦਾਂ ਦੀਆਂ ਪੈੜਾਂ ਵਾਹ ਗਿਆ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦਾ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ

**ਸਿਆਟਲ–** ਸਾਲ ਭਰ ਸਾਉਣ ਦੀਆਂ ਫੁਹਾਰਾਂ ਨੂੰ 'ਜੀ ਆਇਆਂ' ਕਹਿਣ ਵਾਲੇ ਅਮਰੀਕਾ ਦੇ ਸ਼ਹਿਰ ਸਿਆਟਲ ਵਿਖੇ ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਯਤਨ ਕਰ ਰਹੀ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ Coirander Inidan Curry House, 20934,108TH Ave SE KENT WA 98031 ਸਿਆਟਲ ਵਿਖੇ, ਅਗਸਤ ਮਹੀਨੇ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਸਮਾਜਿਕ ਸੱਭਿਆਚਾਰਕ ਹਲਕਿਆਂ ਵਿੱਚ ਸਿਆਟਲ ਇਲਾਕੇ ਦੀ ਹਰਮਨ ਪਿਆਰੀ ਰਹੀ ਸ਼ਖਸ਼ੀਅਤ ਸਵਰਗੀ ਪ੍ਰੋ. ਨਿਰੰਜਨ ਸਿੰਘ ਸਹੋਤਾ (ਐਮ.ਏ. ਪੰਜਾਬੀ ਅਤੇ ਹਿਸਟਰੀ,) ਜੋ ਕਿ ਰੀਟਾਇਰਮੈਂਟ ਤੋਂ ਬਾਅਦ ਆਪਣੇ ਅੰਤਲੇ ਸੁਵਾਸਾਂ 1999 ਤੱਕ, ਸਿਆਟਲ ਦੀ ਮੋਹ-ਜਕੜ ਵਿੱਚ ਰਹੇ। ਉਹਨਾਂ ਦੀ ਨਿੱਘੀ ਯਾਦ ਵਿੱਚ ਪਰਿਵਾਰ ਦੇ ਸਹਿਯੋਗ ਨਾਲ ਸਭਾ ਨੇ ਯਾਦਗਾਰੀ ਸਮਾਗਮ ਰਚਾਇਆ ਜਿਸ ਵਿੱਚ ਸ਼੍ਰੀਮਤੀ ਕੁਲਵੰਤ ਕੌਰ ਸਹੋਤਾ ਸੁਪਤਨੀ ਸਵ। ਨਿਰੰਜਨ ਸਿੰਘ ਸਹੋਤਾ, ਅੰਮ੍ਰਿਤਪਾਲ ਸਿੰਘ ਸਹੋਤਾ ਅਤੇ ਕਮਲਜੀਤ ਸਿੰਘ ਸਹੋਤਾ ਸਮੇਤ ਸਮੂਹ ਪਰਿਵਾਰ ਹਾਜ਼ਰ ਰਹੇ। ਨਿਰੰਤਰ ਵਹਿੰਦੀ ਕਾਵਿ ਦੀ ਧਾਰਾ, ਸੰਗੀਤਮਈ ਫ਼ਿਜ਼ਾ, ਸੱਭਿਆਚਾਰਕ ਰੰਗਤ ਵਾਲੇ ਇਸ ਸਮਾਗਮ ਵਿੱਚ ਸ਼ਬਦ-ਖਜ਼ਾਨਾ, ਪੁਸਤਕਾਂ ਦੇ ਰੂਪ ਵਿੱਚ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਇਆ ਗਿਆ।




ਅਟੱਲ ਸਚਾਈਆਂ ਅਤੇ ਜ਼ਿੰਦਗੀ ਨੂੰ ਖੁਸ਼ੀਆਂ ਭਰਪੂਰ ਬਣਾਉਣ ਦੇ ਵਿਦਵਾਨਾਂ ਵੱਲੋਂ ਪੇਸ਼ ਵਿਚਾਰਾਂ ਨੂੰ ਸਾਂਝੇ ਕਰਦਿਆਂ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ ਤੇ ਅਦਬੀ-ਸਤਿਕਾਰ ਕਰਦਿਆਂ ਪ੍ਰੋਗਰਾਮ ਦਾ ਆਗ਼ਾਜ਼ ਗੀਤਾਂ ਵਰਗੇ ਸ਼ਬਦਾਂ ਨਾਲ ਕੀਤਾ। ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਪ੍ਰੋਗਰਾਮ ਦੀ ਰੂਪ ਰੇਖਾ ਸਾਂਝੀ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਛੋਟੀ ਜਿਹੀ ਬੱਚੀ ਬਿਸਮਨ ਕੌਰ ਟਿਵਾਣਾ ਨੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਸਿਰ ਝੁਕਾਉਂਦਿਆ ਕੀਤੀ ।

ਸਹੋਤਾ ਪਰਿਵਾਰ ਵੱਲੋਂ ਸਹੋਤਾ ਜੀ ਦੀ ਕਲਮ-ਪੂੰਜੀ ਸਾਰੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇ ਕੇ ਤਿੰਨ ਪੁਸਤਕਾਂ 'ਮਜਬੂਰੀਆਂ', 'ਕਿੰਤੂ ਪ੍ਰੰਤੂ', 'ਕੀ ਕਰਾਂ ' ਕਾਵਿ-ਸੰਗ੍ਰਹਿ ਪੰਜਾਬੀ-ਸਾਹਿਤ ਭੰਡਾਰ ਵਿੱਚ ਸੁਰੱਖਿਅਤ ਕੀਤੇ ਗਏ। ਇਹਨਾਂ ਕਿਤਾਬਾਂ ਉਪਰ ਵਿਚਾਰ ਚਰਚਾ ਕਰਦਿਆਂ ਸ਼ਿੰਦਰਪਾਲ ਸਿੰਘ ਔਜਲਾ,ਅਵਤਾਰ ਸਿੰਘ ਆਦਮਪੁਰੀ, ਹਰਦਿਆਲ ਸਿੰਘ ਚੀਮਾ, ਮਿੱਤਰਪਾਲ ਸਿੰਘ, ਹਰਰਤਨ ਸਿੰਘ, ਮਲਕੀਤ ਸਿੰਘ ਗਿੱਲ,ਜਸਕਰਨ ਸਿੰਘ ਸਰਾਓ ਅਤੇ ਪ੍ਰਿਤਪਾਲ ਸਿੰਘ ਟੀਵਾਣਾ ਸਿਰਕੱਢ-ਸ਼ਖਸ਼ੀਅਤਾਂ ਨੇ ਕਿਤਾਬਾਂ ਦੇ ਵਿਸ਼ੇ ਅਤੇ ਕਲਾ ਪੱਖਾਂ ਤੇ ਚਾਨਣਾ ਪਾਉਦਿਆਂ ਸਹੋਤਾ ਜੀ ਦੀਆਂ ਕਈ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਬਠਿੰਡਾ (ਭਾਰਤ) ਤੋਂ ਵਿਸ਼ੇਸ਼ ਤੌਰ ਤੇ ਸਿਆਟਲ ਪਹੁੰਚੇ ਅਤੇ ਅੱਜ ਦੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰ ਰਹੀ ਲੇਖਿਕਾ, ਨਿਰਦੇਸ਼ਕਾ, ਅਦਾਕਾਰਾ ਅਤੇ ਸਮਾਜ ਸੇਵਿਕਾ ਸੁਖਵੀਰ ਕੌਰ ਸਰਾਂ, ਆਪਣੇ ਪਰਿਵਾਰ ਸਮੇਤ ਹਾਜ਼ਰ ਸੀ। ਉਹਨਾਂ ਦੀਆਂ ਹੁਣੇ ਜਿਹੇ ਛਪੀਆਂ ਦੋ ਕਾਵਿ-ਪੁਸਤਕਾਂ 'ਰੀਝਾਂ ਦੀ ਫੁਲਕਾਰੀ' ਅਤੇ 'ਰੇਤ 'ਤੇ ਪੈੜਾਂ' ਨੂੰ ਲੋਕ-ਅਰਪਣ ਕੀਤਾ ਗਿਆ। ਕਿਤਾਬਾਂ ਬਾਰੇ ਜਾਣ ਪਹਿਚਾਣ ਲੇਖਿਕਾ ਰਾਜਦੇਵ ਕੌਰ ਸਿੱਧੂ ਅਤੇ ਰਾਜੇਸ਼ ਕੌਰ ਵਿਰਕ ਨੇ ਕਰਵਾਈ, ਜਦੋਂ ਕਿ ਬਲਿਹਾਰ ਸਿੰਘ ਲੇਹਲ ਨੇ ਸੁਖਵੀਰ ਕੌਰ ਸਰਾਂ ਦੀ ਸਮੁੱਚੀ ਸ਼ਖਸ਼ੀਅਤ 'ਤੇ ਚਾਨਣਾ ਪਾਇਆ।

ਕਵਿਤਾਵਾਂ ਅਤੇ ਗੀਤ-ਸੰਗੀਤ ਨਾਲ ਭਰਪੂਰ ਕਵੀ ਦਰਬਾਰ ਵਿੱਚ ਹਾਜ਼ਰ ਕਵੀਆਂ ਅਤੇ ਗਾਇਕਾਂ ਵੱਲੋਂ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਰਚਨਾਵਾਂ ਵਿੱਚ ਕਾਵਿ ਦੀ ਹਰ ਇਕ ਵੰਨਗੀ ਕਵਿਤਾ, ਗੀਤ, ਗ਼ਜ਼ਲ ਆਦਿ ਦਾ ਰੰਗ ਹਾਜ਼ਰ ਸੀ। ਸਭਾ ਦੇ ਸਹਾਇਕ ਸਕੱਤਰ ਸਾਧੂ ਸਿੰਘ ਝੱਜ, ਪ੍ਰਸਿੱਧ ਗਾਇਕ ਅਤੇ ਗੀਤਕਾਰ ਬਲਬੀਰ ਸਿੰਘ ਲਹਿਰਾ,ਸਾਬਕਾ ਪ੍ਰਧਾਨ ਹਰਦਿਆਲ ਸਿੰਘ ਚੀਮਾ ਵਹਿਣੀਵਾਲ, ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ, ਜਗੀਰ ਸਿੰਘ,ਕਵਿੱਤਰੀ ਨਵਦੀਪ ਕੌਰ ਭੰਡੋਲ ਅਤੇ ਜਸਵਿੰਦਰ ਕੌਰ ਲੇਹਲ ਦੀਆਂ ਪੇਸ਼ ਰਚਨਾਵਾਂ--ਹਰ ਇਕ ਦੀ ਪੇਸ਼ਕਾਰੀ ਨਵੇਂ ਅੰਦਾਜ਼ ਵਿੱਚ ਸੀ।ਸਭਾ ਦੇ ਸਤਿਕਾਰਿਤ ਮੈਂਬਰ ਜੰਗਪਾਲ ਸਿੰਘ ਹਰੀ ਨਾਉ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਡਾ. ਜਸਬੀਰ ਕੌਰ ਨੇ ਆਪਣੇ ਕਾਵਿ ਰਾਹੀਂ ਗੁਰੂ ਸਾਹਿਬਾਨਾਂ ਨੂੰ ਯਾਦ ਕਰਦਿਆਂ ਸਮਾਜ ਦੀ ਦਸ਼ਾ ਦਾ ਵਿਖਿਆਨ ਕੀਤਾ। ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ ਗਿਆ ਅਤੇ ਸੋਸ਼ਲ ਮੀਡੀਏ ਦੇ ਵਿਹੜੇ ਲੈ ਜਾਇਆ ਗਿਆ। ਸਿਆਟਲ ਦੀਆਂ ਜਾਣੀਆ ਪਹਿਚਾਣੀਆਂ ਹਸਤੀਆਂ ਜਿਹਨਾਂ ਵਿੱਚ ਸਾਡੀਆਂ ਭੈਣਾਂ ਅਤੇ ਬੱਚੇ ਵੀ ਸ਼ਾਮਿਲ ਸਨ, ਲਾਲੀ ਸੰਧੂ, ਜਸਬੀਰ ਕੌਰ, ਅਮਰ ਸਿੰਘ ਖ਼ੈਰਾ, ਹਿੰਮਤ ਸਿੰਘ, ਰਣਜੀਤ ਸਿੰਘ ਮਲ੍ਹੀ, ਪਰਮਜੀਤ ਕੌਰ ਟਿਵਾਣਾ, ਫ਼ਤਹਿਜੀਤ ਸਿੰਘ ਸਰਾਂ, ਯਸ਼ਲੀਨ ਕੌਰ ਸਰਾਂ, ਜਗਦੀਪ ਸਿੰਘ ਵਿਰਕ ਬਠਿੰਡਾ, ਅਰਸ਼ਪ੍ਰੀਤ ਕੌਰ ਭੰਡੋਲ, ਸ਼ਾਹ ਨਿਵਾਜ਼, ਸੁਖਦਰਸ਼ਨ ਸਿੰਘ, ਕੁਲਦੀਪ ਸਿੰਘ ਸਰਾਂ, ਮਨਜੀਤ ਕੌਰ, ਰਵਿੰਦਰਜੀਤ ਸਹੋਤਾ, ਕੁਲਵੰਤ ਕੌਰ, ਸੀਤਲ ਸਹੋਤਾ, ਹਰਕੀਰਤ ਕੌਰ, ਸੁਖਦਰਸ਼ਨ ਸਿੰਘ, ਸ਼ਵਿੰਦਰਪਾਲ ਕੌਰ, ਰਮਿੰਦਰ ਕੌਰ ਸੰਧੂ, ਦਲਜੀਤ ਸਿੰਘ ਅਤੇ ਹੋਰ ਬਹੁਤ ਸਾਰੇ ਸਰੋਤੇ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ।

ਸਵ. ਨਿਰੰਜਨ ਸਿੰਘ ਸਹੋਤਾ ਜੀ ਦੀ ਸੁਪਤਨੀ ਕੁਲਵੰਤ ਕੌਰ ਸਹੋਤਾ ਜੀ ਅਤੇ ਮੁੱਖ ਮਹਿਮਾਨ ਸਾਹਿਤਕਾਰਾ ਸੁਖਵੀਰ ਕੌਰ ਸਰਾਂ ਨੂੰ ਸਭਾ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਅੰਮ੍ਰਿਤਪਾਲ ਸਿੰਘ ਸਹੋਤਾ ਅਤੇ ਸਹੋਤਾ ਪਰਿਵਾਰ ਵੱਲੋਂ ਆਏ ਹੋਏ ਮਹਿਮਾਨਾਂ ਲਈ ਚਾਹ ਪਾਣੀ ਦਾ ਇੰਤਜ਼ਾਮ ਕੀਤਾ ਗਿਆ। ਸਭਾ ਦਾ ਧੰਨਵਾਦ ਕਰਦਿਆਂ ਸਹੋਤਾ ਪਰਿਵਾਰ ਅਤੇ ਸੁਖਵੀਰ ਕੌਰ ਸਰਾਂ ਨੇ ਪ੍ਰੋਗਰਾਮ ਨੂੰ ਆਪਣੀ ਜ਼ਿੰਦਗੀ ਦੇ ਯਾਦਗਾਰੀ ਪਲ ਕਿਹਾ।

ਸਟੇਜ ਸੰਚਾਲਨ ਕਰਿਦਆਂ ਪ੍ਰਿਤਪਾਲ ਸਿੰਘ ਟਿਵਾਣਾ ਅਤੇ ਨਵਦੀਪ ਕੌਰ ਭੰਡੋਲ ਨੇ ਰੌਚਕਤਾ ਬਣਾਈ ਰੱਖੀ।ਅੰਤ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਭਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਭਾ ਨੂੰ ਸਿਖਰ ਤੇ ਪਹੁੰਚਾਉਣ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਇਆ, ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਦੀ ਸਾਂਝ ਪਵਾਉਂਦਿਆਂ ਉਹਨਾਂ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਖੂਬਸੂਰਤ ਸ਼ਬਦਾਂ ਵਿੱਚ ਕੀਤਾ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ+1 206 244 4663**
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ+1 206 765 9069**
**ਮੰਗਤ ਕੁਲਜਿੰਦ ਪ੍ਰੈ।ਸਕੱਤਰ +1 425 286 0163**


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਭਾਰਤ ਦੀ ਆਜ਼ਾਦੀ ਦਾ 78 ਵਾਂ ਸਾਲ

ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ। ਆਜ਼ਾਦੀ ਤੋਂ ਬਾਅਦ ਭਾਰਤ ਨੇ ਲੋਕਰਾਜ ਨੂੰ ਅਪਣਾਇਆ ਅਤੇ 26 ਜਨਵਰੀ 1950 ਨੂੰ ਭਾਰਤ ਨੇ ਸੱਤਾ ਦੀ ਸਾਰੀ ਤਾਕਤ ਇੱਥੋਂ ਦੀ ਜਨਤਾ ਨੂੰ ਦਿੱਤੀ। ਜਨਤਾ ਨੂੰ ਮਿਲੀ ਤਾਕਤ ਦੇ ਬਾਵਜੂਦ ਭਾਰਤ ਵਿਚ ਆਜ਼ਾਦੀ ਤੋਂ ਬਾਅਦ ਵੀ ਅਜਿਹੀਆਂ ਕੁਰੀਤੀਆਂ ਅਤੇ ਬੇਨੇਮੀਆਂ ਪੈਦਾ ਹੋਈਆਂ, ਜਿਹਨਾਂ ਨੇ ਆਮ ਜਨਤਾ ਦੀ ਹਾਲਤ ਸੁਧਾਰਨ ਦੀ ਬਜਾਏ ਕੁਝ ਹੱਦ ਤੱਕ ਵਿਗਾੜਿਆ ਹੀ ਹੈ। ਭਾਰਤ ਨੇ ਵੋਟਾਂ ਰਾਹੀਂ ਆਪਣੇ ਹੁਕਮਰਾਨਾਂ ਨੂੰ ਚੁਣਨ ਦੀ ਪ੍ਰਕਿਰਿਆ ਨੂੰ ਅਪਣਾਇਆ। ਇਸ ਪ੍ਰਕਿਰਿਆ ਦੀ ਭਾਰਤ ਦੀ ਸਿਆਸਤਦਾਨਾਂ ਨੇ ਰੱਜ ਕੇ ਦੁਰਵਰਤੋਂ ਕੀਤੀ। ਗਰੀਬ ਆਦਮੀ ਦੀ ਵੋਟ ਖਰੀਦਣ ਅਤੇ ਲਾਲਚ ਦੇਣ ਦਾ ਰੁਝਾਨ ਵਧਿਆ, ਬਾਹੂਬਲੀ, ਗੁੰਡੇ ਪੈਦਾ ਕਰਕੇ ਡਰਾ-ਧਮਕਾ ਕੇ ਵੋਟਾਂ ਬਟੋਰਨ ਦੀ ਕੁਰੀਤੀ ਪੈਦਾ ਹੋਈ ਪਰ ਆਮ ਜਨਤਾ ਦੇ ਲਈ ਸੁਚਾਰੂ ਬਹੁਤ ਘੱਟ ਹੋਇਆ।

ਭਾਰਤ ਨੇ ਵਿਕਾਸ ਦੇ ਲਈ ਪੰਜ ਸਾਲਾ ਯੋਜਨਾਵਾਂ ਬਣਾਈਆਂ, ਇਹਨਾਂ ਦੇ ਜ਼ਰੀਏ ਵਿਕਾਸ ਯੋਜਨਾਵਾਂ ਚੱਲੀਆਂ। ਇਹਨਾਂ ਵਿਕਾਸ ਯੋਜਨਾਵਾਂ ਵਿਚ ਠੇਕੇਦਾਰੀ ਅਤੇ ਇੰਸਪੈਕਟਰੀ ਰਾਜ ਦਾ ਬੋਲਬਾਲਾ ਰਿਹਾ ਅਤੇ ਸਿਆਤਸਦਾਨ ਅਤੇ ਅਫਸਰਸ਼ਾਹੀ ਨੇ ਭ੍ਰਿਸ਼ਟ ਤਰੀਕਿਆਂ ਨਾਲ ਆਪਣੀਆਂ ਤਿਜੋਰੀਆਂ ਭਰੀਆਂ, ਆਮ ਜਨਤਾ ਫਿਰ ਗੌਣ ਰਹੀ। ਗਰੀਬ ਦੀ ਗਰੀਬੀ ਨੂੰ ਵੋਟ ਦੇ ਰੂਪ ਵਿਚ ਬਦਲਣ ਲਈ ਛੋਟੇ-ਛੋਟੇ ਲਾਲਚ ਦਿੱਤੇ ਗਏ, ਜਾਤ-ਪਾਤ ਖਤਮ ਕਰਨ ਲਈ ਕੋਈ ਕਾਰਗਰ ਉਪਾਅ ਨਹੀਂ ਕੀਤਾ ਗਿਆ, ਗਰੀਬੀ ਦੂਰ ਕਰਨ ਦੇ ਨਾਅਰੇ ਬੜੇ ਦਿੱਤੇ, ਪਰ ਸਾਕਾਰ ਕਰਨ ਵੱਲ ਜ਼ਿਆਦਾ ਦਿਲਚਸਪੀ ਨਹੀਂ ਦੇਖੀ ਗਈ। ਅਮੀਰ ਅਤੇ ਗਰੀਬ ਵਿਚਕਾਰ ਪਾੜਾ ਨਿਰੰਤਰ ਵਧਦਾ ਜਾ ਰਿਹਾ ਹੈ, ਆਬਾਦੀ ਦਾ ਵਿਸਫੋਟ ਹੋਣ ਦੀ ਤਿਆਰੀ ਵਿਚ ਹੈ, ਜਨਤਕ ਸਹੂਲਤਾਂ ਬਹੁਤ ਸੁਸਤ ਗਤੀ ਨਾਲ ਵਧੀਆਂ ਹਨ, ਸਰਕਾਰੀ ਦਫਤਰਾਂ ਵਿਚ ਅਫਸਰ ਅਤੇ ਕਰਮਚਾਰੀ ਮੋਟੀਆਂ ਤਨਖਾਹਾਂ ਲੈਣ ਦੇ ਬਾਵਜੂਦ ਰਿਸ਼ਵਤ ਨੂੰ ਆਪਣਾ ਅਧਿਕਾਰ ਸਮਝਦੇ ਹਨ।

ਡਾ. ਅੰਬੇਦਕਰ ਜੀ ਨੇ ਆਪਣੇ ਸਾਥੀਆਂ ਨਾਲ ਬਹੁਤ ਮਿਹਨਤ ਕਰਕੇ ਭਾਰਤ ਨੂੰ ਇਕ ਆਦਰਸ਼ ਸੰਵਿਧਾਨ ਦਿੱਤਾ, ਜਿਸ ਵਿਚ ਦੁਨੀਆਂ ਭਰ ਦੇ ਮੁਲਕਾਂ ਦੀਆਂ ਚੰਗੀਆਂ ਗੱਲਾਂ ਨੂੰ ਸ਼ਾਮਲ ਕੀਤਾ ਗਿਆ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਲੋਕਾਂ ਦੁਆਰਾ, ਲੋਕਾਂ ਲਈ ਅਤੇ ਲੋਕਾਂ ਦਾ ਰਾਜ, ਇਕ ਸਮਾਜਵਾਦੀ ਸਮਾਨਤਾ ਆਧਾਰਿਤ ਸਮਾਜ ਸਿਰਜਣ ਦਾ ਹੋਕਾ ਦਿੱਤਾ ਗਿਆ ਪਰ ਇਹ ਸਮਾਨਤਾ ਅੱਜ ਵੀ ਕਿਤੇ ਨਜ਼ਰ ਨਹੀਂ ਆਉਂਦੀ। ਜਾਤੀਵਾਦ ਭਾਰਤ ਨੂੰ ਕੋਹੜ ਵਾਂਗ ਚਿੰਬੜਿਆ ਹੋਇਆ ਹੈ ਅਤੇ ਮੁਲਕ ਦੀ ਇਕ ਤਿਹਾਈ ਆਬਾਦੀ ਇਸ ਦਾ ਸ਼ਰਾਪ ਅੱਜ ਵੀ ਸਹਿਣ ਕਰ ਰਹੀ ਹੈ। ਕਮਜ਼ੋਰ ਵਰਗਾਂ ਨੂੰ ਅੱਗੇ ਲਿਆਉਣ ਲਈ ਰਿਜ਼ਰਵੇਸ਼ਨ ਦੀ ਸਹੂਲਤ ਦਿੱਤੀ ਪਰ ਇਹ ਸਹੂਲਤ ਕੁਝ ਹੀ ਪਰਿਵਾਰਾਂ ਦੇ ਹੱਥਾਂ ਤੱਕ ਸੀਮਤ ਹੋ ਗਈ ਹੈ ਕਿਉਂਕਿ ਗਰੀਬ ਦਲਿਤ ਵਰਗ ਦੇ ਬੱਚਿਆਂ ਨੂੰ ਪੜ੍ਹਨ ਨਾਲੋਂ ਜ਼ਿਆਦਾ ਪੇਟ ਦੀ ਚਿੰਤਾ ਹਰ ਪਲ ਸਤਾਉਂਦੀ ਰਹਿੰਦੀ ਹੈ।

ਭਾਰਤ ਦੇ ਦਿਹਾਤੀ ਖੇਤਰਾਂ ਵਿਚ ਅੱਜ ਵੀ ਮੁਢਲੀਆਂ ਸਹੂਲਤਾਂ ਨਹੀਂ ਪਹੁੰਚ ਸਕੀਆਂ ਹਨ। ਅੱਜ ਵੀ ਪਿੰਡਾਂ ਅਤੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਸੜਕਾਂ ਨਹੀਂ ਹਨ, ਬਿਜਲੀ ਨਹੀਂ ਹੈ, ਸਕੂਲ ਨਹੀਂ ਹਨ। ਸਿੱਖਿਆ ਨੂੰ ਆਮ ਆਦਮੀ ਤੋਂ ਦੂਰ ਕਰਕੇ ਇਸਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ਅਤੇ ਇਹ ਸਿਰਫ ਅਮੀਰ ਵਿਅਕਤੀ ਦੇ ਵੱਸ ਹੀ ਪੈਂਦੀ ਜਾ ਰਹੀ ਹੈ। ਆਮ ਜਨਤਾ ਵਿਚ ਬੇਚੈਨੀ ਵਧਦੀ ਜਾ ਰਹੀ ਹੈ। ਅੱਜ ਵੀ ਲੋਕੀ ਆਮ ਕਹਿੰਦੇ ਸੁਣੇ ਜਾਂਦੇ ਹਨ ਕਿ ਅੱਜ ਦੇ ਰਾਜ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਚੰਗਾ ਸੀ, ਉਸ ਵਕਤ ਇਮਾਨਦਾਰੀ ਨਾਲ ਪ੍ਰਸ਼ਾਸਨ ਆਪਣਾ ਕੰਮ ਤਾਂ ਕਰਦਾ ਸੀ। ਆਜ਼ਾਦੀ ਦੇ ਇਹਨਾਂ 77 ਸਾਲਾਂ ਵਿਚ ਆਮ ਲੋਕਾਂ ਨੂੰ ਸੁਪਨੇ ਤਾਂ ਬਹੁਤ ਵੰਡੇ, ਵੱਡੇ-ਵੱਡੇ ਦਾਅਵੇ ਵੀ ਕੀਤੇ ਗਏ, ਪਰ ਯਥਾਰਥ ਇਸ ਤੋਂ ਸੱਖਣਾ ਹੈ, ਜਦੋਂ ਤੱਕ ਆਮ ਆਦਮੀ ਦੀ ਹਾਲਤ ਵਿਚ ਸੁਧਾਰ ਨਹੀਂ ਹੁੰਦਾ, ਬਰਾਬਰੀ ਆਧਾਰਿਤ ਸਮਾਜ ਨਹੀਂ ਬਣਦਾ, ਉਦੋਂ ਤੱਕ ਇਹ ਆਜ਼ਾਦੀ ਆਮ ਆਦਮੀ ਦੇ ਕਿਸ ਕੰਮ ਦੀ? ਭਾਰਤ ਦੇ ਉਚ ਅਹੁਦਿਆਂ ਤੇ ਬੈਠੇ ਪੜ੍ਹੇ-ਲਿਖੇ ਲੋਕਾਂ, ਸਿਆਸਤਦਾਨਾਂ ਨੂੰ ਸਮਾਜ ਦੀ ਨਬਜ਼ ਪਛਾਨਣੀ ਚਾਹੀਦੀ ਹੈ। ਮੁਲਕ ਵੀ ਇਕ ਪਰਿਵਾਰ ਹੁੰਦਾ ਹੈ ਅਤੇ ਪਰਿਵਾਰ ਦੇ ਮੈਂਬਰ ਜੇਕਰ ਅਸੰਤੁਸ਼ਟ ਰਹਿਣਗੇ ਤਾਂ ਉਸ ਪਰਿਵਾਰ ਵਿਚ ਸਮੱਸਿਆਵਾਂ ਵਧਣਗੀਆਂ ਹੀ ਵਧਣਗੀਆਂ। ਇਸ ਕਰਕੇ ਆਜ਼ਾਦੀ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਲੋੜ ਹੈ ਅਤੇ ਆਮ ਆਦਮੀ ਦੇ ਕਲਿਆਣ ਲਈ ਕੰਮ ਕਰਨ ਦੀ ਲੋੜ ਹੈ। ਆਜ਼ਾਦੀ ਦਿਹਾੜੀ ਦੇ ਸਮੂਹ ਭਾਰਤ ਵਾਸੀਆਂ ਨੂੰ ਅਦਾਰਾ "ਦੇਸ਼ ਦੁਆਬਾ" ਵੱਲੋਂ ਵਧਾਈ।

### ਆਜ਼ਾਦੀ ਦਿਹਾੜਾ

# ਦੇਸ਼ ਦੀ ਵੰਡ ਲੱਖਾਂ ਲੋਕਾਂ ਦੇ ਕਤਲ ਅਤੇ ਉਜਾੜੇ ਦਾ ਕਾਰਨ ਬਣਿਆ



ਮੇਜਰ ਸਿੰਘ ਨਾਭਾ
91-94635-53962

ਸਾਡੇ ਦੇਸ ਅੰਦਰ ਆਜ਼ਾਦੀ ਦਿਵਸ਼ ਹਰੇਕ ਸਾਲ ਪੰਦਰਾਂ ਅਗਸਤ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਆਜ਼ਾਦੀ ਪ੍ਰਾਪਤੀ ਕਰਨ ਲਈ ਜੋ ਇਨਸਾਨੀਅਤ ਦਾ ਨੀਚੇ ਪੱਧਰ ਉੱਪਰ ਜੋ ਲੂੰ ਕੰਡੇ ਖੜ੍ਹੇ ਕਰਨ ਵਾਲਾ ਘਾਣ ਹੋਇਆ ਉਸ ਬਾਰੇ ਬਹੁਤ ਸਾਰਾ ਲਿਖਿਆ ਗਿਆ ਹੈ ਪਰ ਬਹੁਤਾ ਲਿਖਿਆ ਨਹੀਂ ਜਾ ਸਕਿਆ, ਬਹੁਤਾ ਸ਼ਬਦਾਂ 'ਚ ਸਮਾ ਸਕਣ ਦੇ ਯੋਗ ਵੀ ਨਹੀਂ। ਬ੍ਰਿਟਿਸ਼ ਸਰਕਾਰ ਨੇ ਲਾਰਡ ਮਾਊਂਟਬੇਟਨ ਪਲਾਨ 3 ਜੂਨ 1947 ਨੂੰ ਜਿਹੜੀ ਕਿ ਦੇਸ਼ ਨੂੰ ਦੋ ਭਾਗਾਂ 'ਚ ਵੰਡਣ ਦੀ ਤਜ਼ਵੀਜ ਸੀ ਅਨਾਊਂਸ ਕਰ ਦਿੱਤੀ। ਦੇਸ਼ ਦੀ ਵੰਡ ਦਾ ਫੈਸ਼ਲਾ 1 ਮਾਰਚ 1947 ਨੂੰ ਲਾਰਡ ਮਾਊਂਟਬੈਟਨ ਦੁਆਰਾ ਲਿਆ ਗਿਆ ਸੀ। ਪੰਜਾਬ ਅਤੇ ਬੰਗਾਲ ਨੂੰ ਵੰਡਣ ਲਈ ਸਰ ਰੈਡਕਲਿਫ ਦੀ ਅਗਵਾਈ ਵਿੱਚ ਬਾਊਂਡਰੀ ਕਮਿਸ਼ਨ ਸਥਾਪਤ ਕੀਤਾ ਗਿਆ। ਅੰਗਰੇਜ਼ਾਂ ਨੇ ਜਾਂਦੇ ਜਾਂਦੇ ਦੇਸ਼ ਨੂੰ ਧਰਮ ਦੇ ਨਾਂ ਤੇ ਵੰਡਣ ਦੀ ਤਜ਼ਵੀਜ਼ ਨੂੰ , ਕੁਰਸੀਆਂ ਦੇ ਲਾਲਚੀਆਂ ਪਾਸੋਂ ਹਾਮੀ ਲੈ ਕੇ, ਦੇਸ਼ ਨੂੰ ਦੋ ਹਿੱਸਿਆਂ 'ਚ ਵੰਡ ਕੇ ਦੇਸ਼ ਨੂੰ ਕਮਜੋਰ ਕਰਨ ਦਾ ਕੰਮ ਕਰ ਗਏ, ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਜਿਆਦਾ ਭੁਗਤਣਾ ਪਿਆ । ਦੋਹਾਂ ਪਾਸੇ ਪੰਜਾਬ ਦੇ ਲੋਕਾਂ ਦੀ ਹਾਲਤ ਇਨਸਾਨੀਅਤ ਤੋਂ ਡਿੱਗ ਕੇ ਬਿਨ੍ਹਾਂ ਕਿਸੇ ਕਸੂਰ ਤੋਂ ਐਨੀ ਮਾੜੀ ਹੋਈ ਜੋ ਸ਼ਬਦਾਂ 'ਚ ਬਿਆਨ ਕਰਨਾ ਸੰਭਵ ਨਹੀਂ। ਇਨ੍ਹਾਂ ਦਿਨਾਂ ਵਿੱਚ ਲੱਖਾਂ ਲੋਕਾਂ ਦਾ ਉਜਾੜਾ ਹੋਇਆ, ਹੱਸਦੇ ਵੱਸਦੇ ਘਰਾਂ ਨੂੰ ਖਾਲੀ ਹੱਥ ਛੱਡ ਕੇ ਦੂਜੀ ਥਾਂ ਆਉਣਾ ਕੋਈ ਸੌਖਾ ਨਹੀਂ ਸੀ ਪਰ ਕਿੰਨੇ ਵੱਡੇ ਜਿਗਰੇ ਨਾਲ ਫਿਰ ਵੀ ਇਹ ਬੇਕਸੂਰ ਲੋਕ ਆਪਣਿਆਂ ਤੋਂ ਵਿਛੜ ਕੇ, ਕਈ ਕਈ ਪਰਿਵਾਰਕ ਮੈਂਬਰਾਂ ਨੂੰ ਗੁਆ ਕੇ ਅਣਜਾਣ ਥਾਵਾਂ ਤੇ ਆ ਕੇ ਵਸੇ । ਇਸ ਤਰ੍ਹਾਂ ਪੰਜਾਬ ਦੇ ਦੋਹਾਂ ਪਾਸੇ ਦੇ ਲੱਖਾਂ ਲੋਕਾਂ ਦੀ ਦਰਦਨਾਕ ਮੌਤਾਂ ਅਤੇ ਲੱਖਾਂ ਲੋਕਾਂ ਦੇ ਉਜਾੜੇ ਜਿਨ੍ਹਾਂ ਦੇ ਅੰਕੜੇ ਸਰਕਾਰੀ ਤੌਰ ਤੇ ਇੱਕਠੇ ਨਹੀਂ ਹੋ ਸਕੇ ਸਗੋਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜੇ ਭਿੰਨ-ਭਿੰਨ ਹਨ, ਨੇ ਹੱਸਦੇ ਵੱਸਦੇ ਘਰਾਂ ਨੂੰ ਬੇਘਰ ਬਣਾ ਦਿੱਤਾ ਅਤੇ ਜ਼ਿੰਦਗੀ ਦੀ ਇੱਕ ਨਵੀਂ ਸ਼ੁਰੂਆਤ ਨੂੰ ਜਨਮ ਦਿੱਤਾ ਜੋ ਕਿ ਬੜਾ ਹੀ ਕਠਿਨ ਸੀ , ਜੋ ਕਿ ਮਜਬੂਰੀ ਵੱਸ ਉਨ੍ਹਾਂ ਨੂੰ ਕਰਨਾ ਪਿਆ। ਜ਼ਮੀਨਾਂ, ਘਰ, ਕਾਰੋਬਾਰ ਆਦਿ ਛੱਡ ਕੇ ਦੂਜੀ ਥਾਂ ਜਾ ਕੇ ਰਿਫਊਜ਼ੀ ਕੈਂਪਾਂ 'ਚ ਰਹਿਣਾ ਬੜੀ ਔਖੀ ਘੜੀ ਉਨ੍ਹਾਂ ਲਈ ਸੀ । ਰੇਲ ਗੱਡੀਆਂ ਵਿੱਚ ਆ ਰਹੇ ਦੋਹਾਂ ਪਾਸੇ ਦੇ ਹਜ਼ਾਰਾਂ ਬੇਦੋਸ਼ਿਆਂ ਦੇ ਕਤਲ ਫਿਰਕੂ ਰੰਗਤ ਨੂੰ ਫੈਲਾਉਣ ਕਾਰਨ ਹੋਏ। ਧੀਆਂ, ਭੈਣਾਂ ਦੀ ਇੱਜ਼ਤ ਦਰਿੰਦਗੀ ਨਾਲ ਲੁੱਟੀ ਗਈ, ਬਹੁਤ ਸਾਰੇ ਮਾਪਿਆਂ ਨੇ ਆਪ ਹੀ ਆਪਣੀਆਂ ਧੀਆਂ ਨੂੰ ਇਸ ਹਿਰਦੇ ਵਲੂੰਧਰਨ ਵਾਲੀ ਦਰਿੰਦਗੀ ਨੂੰ ਅੱਖਾਂ ਸਾਹਮਣੇ ਦੇਖਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪ ਮਾਰ ਦੇਣਾ ਠੀਕ ਸਮਝਿਆ। ਇਹ ਕਿਹੋ ਜਿਹਾ ਮੰਜ਼ਰ ਸੀ। ਕੁਰਸੀਆਂ ਉੱਪਰ ਬੈਠਣ ਵਾਲਿਆਂ ਨੂੰ ਕੀ ਪਤਾ ਇਨ੍ਹਾਂ ਪੀੜ੍ਹਤ ਪਰਿਵਾਰਾਂ ਦੀਆਂ ਭਾਵਨਾਵਾਂ ਦਾ। ਕਈਆਂ ਧੀਆਂ, ਭੈਣਾਂ ਅਤੇ ਮਾਤਾਵਾਂ ਨੇ ਖੂਹਾਂ, ਨਹਿਰਾਂ ਆਦਿ 'ਚ ਛਾਲਾਂ ਮਾਰ ਕੇ ਆਪ ਹੀ ਮਾੜੇ ਅਨਸਰਾਂ ਦੇ ਹੱਥ ਆਉਣ ਤੋਂ ਪਹਿਲਾਂ ਹੀ ਮੌਤ ਨੂੰ ਗਲੇ ਲਾਇਆ। ਨਹਿਰਾਂ, ਖੂਹਾਂ ਦਾ ਪਾਣੀ ਖੂਨ ਨਾਲ ਲਾਲ ਹੋ ਗਿਆ ਸੀ। ਦੋਹਾਂ ਪਾਸਿਆਂ ਦੀ ਧਰਤੀ ਲੋਕਾਈ ਦੇ ਖੂਨ ਨਾਲ ਲੱਥੀ ਹੋਈ ਅੱਜ ਵੀ ਉਸ ਘਿਣਾਉਣੇ ਦ੍ਰਿਸ਼ ਨੂੰ ਲਾਹਨਤਾਂ ਪਾ ਰਹੀ ਹੈ ।ਦੇਸ਼ਾਂ ਦੀਆਂ ਕਾਰਜਕਾਰੀ ਸਰਕਾਰਾਂ ਵੀ ਦੰਗਿਆਂ, ਫਸਾਦਾਂ ਆਦਿ ਉੱਪਰ ਕੰਟਰੋਲ ਕਰਨ ਤੋਂ ਅਸਮਰੱਥ ਸਨ । ਉਨ੍ਹਾਂ ਅਭਾਗੇ ਲੋਕਾਂ ਦੀ ਆਪਣੇ ਪਰਿਵਾਰ ਦੇ ਵਿਛੜਿਆਂ ਮੈਂਬਰਾਂ ਨੂੰ ਮਿਲਣ ਦੀ ਤਾਂਘ ਅਜੇ ਵੀ ਤੜਪ ਰਹੀ ਹੈ। ਕਈ ਮੈਂਬਰ ਜੋ ਦੋਹਾਂ ਦੇਸ਼ਾਂ ਵਿੱਚ ਬਚ ਗਏ ਉਹ ਕਿਵੇਂ ਜ਼ਿੰਦਗੀ ਨੂੰ ਗੁਜ਼ਾਰ ਰਹੇ ਹਨ ਉਹ ਤਾਂ ਉਹੀ ਹੀ ਜਾਣਦੇ ਹਨ ।ਕਈ ਮਜਬੂਰੀ ਵਸ ਧਰਮ ਪਰਿਵਰਤਨ ਕਰਕੇ ਆਂਪਣੀਆਂ ਜਾਨਾਂ ਬਚਾ ਕੇ ਉਥੋਂ ਦੇ ਹੀ ਬਣ ਕੇ ਰਹਿ ਗਏ ਜਦੋਂ ਕਿ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਖਿੰਡ ਪੁੰਡ ਗਏ, ਆਪਣੇ ਪਿਆਰਿਆਂ ਨੂੰ ਮਿਲਣ ਦੀ ਤਾਂਘ ਜਰੂਰ ਉਨ੍ਹਾਂ ਅੰਦਰ ਉਬਾਲੇ ਲੈ ਰਹੀ ਹੈ। ਉਨ੍ਹਾਂ 'ਚੋਂ ਬਹੁਤੇ ਇਸ ਸਮੇਂ ਇਸ ਦੁਨੀਆ ਤੋਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਹੁਣ ਤਾਂ ਕੋਈ ਵਿਰਲਾ ਹੀ ਬਚਿਆ ਹੋਵੇਗਾ। ਪੰਜਾਬ ਨੂੰ ਇਹ ਸੰਤਾਪ ਕਦੇ ਨਹੀਂ ਭੁੱਲ ਸਕਦਾ। ਇਸ ਦੁੱਖਦਾਈ ਬਟਵਾਰੇ ਦਾ ਜ਼ਿਕਰ ਬਹੁਤ ਸਾਰੇ ਸਮਕਾਲੀ ਵਿਦਵਾਨਾਂ ਨੇ ਆਪਣੀਆਂ ਦਿਲ ਕੰਬਾਊ ਅੱਖੀਂ ਡਿਠੇ ਦ੍ਰਿਸ਼ਾਂ ਰਾਹੀਂ ਆਪਣੇ ਸ਼ਬਦਾਂ 'ਚ ਪ੍ਰਗਟ ਕੀਤਾ ਹੈ। ਔਰਤਾਂ ਨੂੰ ਜਬਰਦਸਤੀ ਧਾੜਵੀ ਅਗਵਾ ਕਰਕੇ ਲੈ ਗਏ, ਉਨ੍ਹਾਂ ਨਾਲ ਧਰਮ ਪਰਿਵਰਤਨ ਕਰਵਾਕੇ ਵਿਆਹ / ਨਿਕਾਹ ਕਰਵਾ ਲਏ। ਇਨਸਾਨੀਅਤ ਦੀ ਥਾਂ ਸ਼ੈਤਾਨੀ ਬਿਰਤੀ ਸਿਰ ਫਿਰਿਆਂ 'ਚ ਆ ਗਈ ਸੀ । ਲੋਕਾਂ ਦਾ ਆਪਸੀ ਪ੍ਰੇਮ ਪਿਆਰ ਦੋਹਾਂ ਫਿਰਕਿਆਂ ਵਿੱਚ ਵਾਹਵਾ ਸੀ, ਬਹੁਤ ਸਾਰੇ ਲੋਕਾਂ ਨੇ ਇੱਕ ਦੂਜੇ ਦੀ ਆਪਣੇ ਘਰਾਂ 'ਚ ਸ਼ਰਨ ਦੇ ਕੇ ਰੱਖਿਆ ਕੀਤੀ । ਭਾਵੇਂ ਇਹ ਘਿਣਾਉਣਾ ਮੰਜ਼ਰ ਆਜ਼ਾਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ ਅਤੇ ਬਾਅਦ 'ਚ ਜਾ ਕੇ ਸਾਂਤ ਹੋਇਆ। ਪਰ ਮੂਹਰਲੀ ਕਤਾਰ ਦੇ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਤਾਂ ਆਪਣੀ ਸੱਤਾ 'ਤੇ ਕਾਬਜ਼ ਹੋਣ ਦੀ ਤਾਕ ਸੀ, ਉਨ੍ਹਾਂ ਲੋਕਾਂ ਦੀ ਸੁਰੱਖਿਆ ਪ੍ਰਤੀ ਕੋਈ ਅਹਿਮ ਭੂਮਿਕਾ ਨਹੀਂ ਨਿਭਾਈ। ਹੁਣ ਸੋਚੋ ਪੰਜਾਬੀਆਂ ਲਈ ਇਹ ਕਿਹੋ ਜਿਹੀ ਆਜ਼ਾਦੀ ਸੀ ਜਿਸ ਲਈ ਉਹ ਪੀੜ੍ਹਤ ਪਰਿਵਾਰ ਇਸ ਦਿਨ ਖੁਸ਼ੀ ਦਾ ਇਜ਼ਹਾਰ ਕਰਨ ।ਸੱਤ ਦਹਾਕੇ ਬੀਤਣ ਉਪਰੰਤ ਵੀ ਸਰਕਾਰ੍ਹ 'ਚ ਸਰੀਕ ਹੁੰਦੇ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਇਨ੍ਹਾਂ ਰਿਫਊਜ਼ੀ ਲੋਕਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ।



ਉੱਧਰੋਂ ਆਏ ਕਈਆਂ ਪਰਿਵਾਰਾਂ ਨੇ 1984 'ਚ ਦੁਆਰਾ ਇਹੋ ਦੁੱਖਦਾਈ ਸੰਤਾਪ ਭਾਰਤ ਅੰਦਰ ਆਪਣਿਆਂ ਤੋਂ ਹੀ ਆਪਣੇ ਪਿੰਡੇ ਤੇ ਹੰਢਾਇਆ , ਜਿਸ 'ਚ ਉਨ੍ਹਾਂ ਦੇ ਘਰਾਂ ਨੂੰ ਕਾਰੋਬਾਰਾਂ ਨੂੰ ਅੱਗਾਂ ਲਾਕੇ, ਲੁੱਟ ਕੇ ਪ੍ਰਸਾਸਨ ਦੇ ਸਾਹਮਣੇ ਇਹ ਵਰਤਾਰਾ ਕਰਕੇ ਨਿਰਦੋਸ਼ ਸਿੱਖਾਂ ਨੂੰ ਇਸ ਦੇਸ਼ ਦੇ ਵਸਨੀਕ ਨਾ ਸਮਝਦੇ ਹੋਏ ਸ਼ਰੇਆਮ ਦੰਗੇ ਕੀਤੇ ਜਿੰਨ੍ਹਾਂ ਦੇ ਜਖਮ ਅਜੇ ਤੱਕ ਅੱਲ੍ਹੇ ਨੇ , ਸਰਕਾਰ ਨੇ ਉਨ੍ਹਾਂ ਪੀੜ੍ਹਤਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ । ਉਸ ਸਮੇਂ ਦੇ ਨੇਤਾ ਸ਼ਰੇਆਮ ਘੁੰਮ ਰਹੇ ਹਨ । ਪਰ ਦੂਸਰੇ ਪਾਸੇ ਸ਼ਜਾ ਭੁਗਤ ਚੁੱਕੇ ਸਿੱਖ ਨਜ਼ਰਬੰਦੀ ਅਜੇ ਵੀ ਜੇਲ੍ਹਾਂ ਅੰਦਰ ਹੀ ਬੈਠੇ ਹਨ । ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਪ੍ਰਤੀ ਕਿਉਂ ਹੈ । ਸਿੱਖਾਂ ਦੇ ਗੁਰੂ ਸਾਹਿਬਾਨ ਵਲੋਂ ਪੀੜ੍ਹਤ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਧਾਰਨਾ ਨੂੰ ਜਾਰੀ ਰੱਖਦੇ ਦੇਸ਼ ਦੇ ਹਰ ਵਰਗ ਦੀ ਬਿਨ੍ਹਾਂ ਭੇਦ ਭਾਵ ਦੇ ਮਦਦ ਕਰਨ ਦੀ ਪਰੰਪਰਾ ਜਾਰੀ ਰੱਖੀ ਹੋਈ ਹੈ। ਦੋਹਰੀ ਮਾਰ ਝੱਲਣ ਵਾਲੇ ਇਹ ਵਾਰ ਵਾਰ ਉੱਜੜੇ ਪਰਿਵਾਰ ਪੰਦਰਾਂ ਅਗਸਤ ਅਤੇ ਜੂਨ ਚੌਰਾਸੀ ਨੂੰ ਨਹੀਂ ਭੁੱਲ ਸਕਦੇ। ਸਰਕਾਰੀ ਅਧਿਕਾਰੀ, ਸਾਡੇ ਨੇਤਾ ਆਜ਼ਾਦੀ ਦਿਵਸ਼ 'ਤੇ ਇਨ੍ਹਾਂ ਦੇ ਪਰਿਵਾਰਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੀ ਗੱਲ਼ ਕਿਉਂ ਨਹੀਂ ਕਰਦੀ । ਇਨ੍ਹਾਂ ਪਰਿਵਾਰਾਂ ਦੇ ਪ੍ਰਤੀ ਵੀ ਇਨ੍ਹਾਂ ਦੇ ਦਖਾਂਤ ਨੂੰ ਚਿਤਾਰ ਕੇ ਵਿਛੜਿਆਂ ਮੈਂਬਰਾਂ ਨੂੰ ਸਰਧਾਂਜ਼ਲੀ ਦੇਣੀ ਚਾਹੀਦੀ ਹੈ ਤਾਂ ਕਿ ਘੱਟੋ-ਘੱਟ ਉਨ੍ਹਾਂ ਦੇ ਹਿਰਦੇ ਕੁਝ ਸਾਂਤ ਹੋ ਜਾਣ ਜਿਹੜੇ ਅਜੇ ਜਿਉਂਦੇ ਹਨ। ਹੌਲੀ ਹੌਲੀ ਅਗਲੀਆਂ ਪੀੜ੍ਹੀਆਂ ਦੇ ਮਨਾਂ 'ਚੋਂ ਇਹ ਦੁਖਾਂਤ ਦੀ ਘਟਨਾ ਸ਼ਾਇਦ ਵਿਸਰਦੀ ਜਾਵੇ। ਉਜਾੜੇ ਤੋਂ ਪ੍ਰਭਾਵਿਤ ਲੋਕ ਅਜੇ ਵੀ ਆਪਣੇ ਵਿਛੜਿਆਂ ਨੂੰ ਮਿਲਣ ਅਤੇ ਘਰਾਂ ਨੂੰ ਦੇਖਣ ਲਈ ਦਿਲੀ ਤਮੰਨਾ ਰੱਖਦੇ ਹਨ, ਸਰਕਾਰ ਨੂੰ ਇਸ ਵੱਲ ਧਿਆਨ ਦੇਂਦੇ ਉਨ੍ਹਾਂ ਲਈ ਸੌਖੇ ਪ੍ਰਬੰਧ ਕਰਨੇ ਚਾਹੀਦੇ ਹਨ। ਇੰਟਰਨੈਟ ਜ਼ਰੀਏ ਕਈ ਪਰਿਵਾਰ ਆਪਣੇ ਵਿਛੜੇ ਰਿਸ਼ਤੇਦਾਰਾਂ ਨਾਲ ਗੱਲ ਬਾਤ ਕਰਕੇ ਸੁੱਖ-ਸਾਂਦ ਪੁੱਛ ਲੈਂਦੇ ਹਨ । ਪੰਜਾਬ ਲਈ ਕੇਂਦਰ ਸਰਕਾਰ ਦੇਸ਼ ਦੀ ਆਜ਼ਾਦੀ 'ਚ ਸਾਰਿਆਂ ਨਾਲੋਂ ਵੱਧ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ। ਕੇਂਦਰ ਸਰਕਾਰ ਵਿੱਤੀ ਪੈਕੇਜ਼ ਹੋਰਾਂ ਰਾਜਾਂ ਨੂੰ ਵੱਡੇ ਪੱਧਰ ਓਪਰ ਬਜ਼ਟ ਵਿੱਚ ਦਿੰਦੀ ਪਰ ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ਼ ਦੇਣ ਤੋਂ ਕੰਨੀ ਕਤਰਾ ਜਾਂਦੀ ਹੈ।

ਬਾਰਡਰ ਸੂਬਾ ਹੋਣ ਕਾਰਨ ਪੰਜਾਬੀ ਫੌਜੀ ਸਰਹੱਦਾਂ ਤੇ ਅਜੇ ਵੀ ਮੂਹਰਲੀ ਕਤਾਰ 'ਚ ਹੋਣ ਕਾਰਨ ਅਨੇਕਾਂ ਸ਼ਹੀਦੀਆਂ ਦੇ ਰਹੇ ਹਨ। ਪੰਜਾਬ ਦਾ ਜੋ ਵਿਕਾਸ ਕੇਂਦਰ ਤੋਂ ਵਿਸ਼ੇਸ਼ ਪੈਕੇਜ਼ ਮਿਲਣ ਕਾਰਨ ਹੋਣਾ ਚਾਹੀਦਾ ਸੀ ਉਹ ਨਹੀਂ ਨਾ ਮਿਲਣ ਸਦਕਾ ਓਨਾ ਵਿਕਾਸ ਪੰਜਾਬ ਦਾ ਨਹੀਂ ਹੋਇਆ, ਜਿਸ ਕਾਰਨ ਹੀ ਇਥੋਂ ਦੇ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਤੇਜ਼ੀ ਨਾਲ ਜਾ ਰਹੇ ਹਨ।

## ਨੀ ਆਜ਼ਾਦੀਏ

ਅੰਬਾਨੀਆਂ ਅਡਾਨੀਆਂ ਦੇ ਚੜ੍ਹਕੇ ਕੰਨ੍ਹੇੜੇ,
ਬਹਿਗੀ ਸਾਥੋਂ ਮੁੱਖੜਾ ਛੁਪਾ ਨੀ ਅਜ਼ਾਦੀਏ।
ਕਦੇ ਸਾਡੇ ਵੀ ਘਰਾਂ 'ਚ ਫੇਰਾ ਪਾ ਨੀ ਆਜ਼ਾਦੀਏ।

ਉਹਨਾਂ ਦੀਆਂ ਮੱਖਣ ਮਲਾਈਆਂ ਖਾਣ ਗਿੱਝ ਗਈ।
ਬਾਰਾਂ ਤੇ ਕਲੱਬਾਂ ਵਿਚ ਗੇੜੇ ਲਾਣ ਗਿੱਝ ਗਈ।
ਸੌਂ ਗਈ ਸ਼ੀਸ਼ ਮਹਿਲਾਂ ਵਿਚ ਜਾ ਨੀ ਆਜ਼ਾਦੀਏ।
ਕਦੇ ਸਾਡੇ ਵੀ ਘਰਾਂ 'ਚ----

ਕਿਰਤੀਆਂ ਕਾਮਿਆਂ ਤੋਂ ਕੰਡ ਮੋੜ ਬੈਠੀ ਏਂ।
ਜਦੋਂ ਦਾ ਤੂੰ ਸ਼ਾਹਾਂ ਨਾਲ ਨਾਤਾ ਜੋੜ ਬੈਠੀ ਏਂ।
ਰਹੀ ਰੰਗ ਰਲੀਆਂ ਮਨਾ ਨੀ ਆਜ਼ਾਦੀਏ।
ਕਦੇ ਸਾਡੇ ਘਰਾਂ 'ਚ ਵੀ-----


ਸੁਣਿਆਂ ਤੂੰ ਸ਼ਾਹਾਂ ਦੀਆਂ ਉਂਗਲਾਂ ਤੇ ਚੜ੍ਹੀ ਏਂ।
ਤਾਹੀਉਂ ਸਾਡੇ ਘਰਾਂ ਵੱਲ ਪਿੱਠ ਕਰੀ ਖੜ੍ਹੀ ਏਂ।
ਸਾਨੂੰ ਕਿਤੇ ਝਲਕ ਦਿਖਾ ਨੀ ਆਜ਼ਾਦੀਏ।
ਕਦੇ ਸਾਡੇ ਵੀ ਘਰਾਂ ਚ----

ਜਦੋਂ ਢਾਰੇ ਗੜ੍ਹੀ ਚਮਕੌਰ ਬਣ ਜਾਣਗੇ।
ਸ਼ਾਹੀ ਫੌਜਾਂ ਨਾਲ, 'ਲਾਲ' ! ਲੋਕ ਟਕਰਾਣਗੇ।

ਲੱਠ ਮਾਰਾਂ ਕੋਲੋਂ ਲੈਣਗੇ ਛੁਡਾ ਨੀ ਆਜ਼ਾਦੀਏ।
ਕਦੇ ਸਾਡੇ ਵੀ ਘਰਾਂ 'ਚ----

ਲਾਲ ਸਿੰਘ ਸੁਲਹਾਣੀ
91-98721-55120





Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੈਲੀਫੋਰਨੀਆ ਦੇ ਗਵਰਨਰ ਵੱਲੋਂ ਬੇਘਰਿਆਂ ਦੇ ਮਾਮਲੇ ਵਿਚ ਸਥਾਨਕ ਅਧਿਕਾਰੀਆਂ ਨੂੰ ਤਾੜਨਾ

## ਕਿਹਾ ਸਰਕਾਰੀ ਥਾਵਾਂ ਤੋਂ ਬੇਘਰਿਆਂ ਨੂੰ ਹਟਾਓ ਜਾਂ ਫੰਡਾਂ ਵਿਚ ਕਟੌਤੀ ਲਈ ਤਿਆਰ ਰਹੋ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਸਥਾਨਕ ਅਧਿਕਾਰੀਆਂ ਨੂੰ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਸ਼ਹਿਰਾਂ ਤੇ ਕਾਊਂਟੀਆਂ ਤੋਂ ਆਉਣ ਵਾਲੇ ਪੈਸੇ ਬਾਰੇ ਦੁਬਾਰਾ ਆਦੇਸ਼ ਜਾਰੀ ਕਰਨ ਲਈ ਮਜਬੂਰ ਹੋਣਗੇ ਜੇਕਰ ਉਨਾਂ ਨੇ ਬੇਘਰਿਆਂ ਨੂੰ ਸਰਕਾਰੀ ਥਾਵਾਂ ਤੋਂ ਹਟਾਉਣ ਲਈ ਲੋੜੀਂਦੇ ਸਿੱਟੇ ਨਾ ਕੱਢੇ। ਇਸ ਦੇ ਨਾਲ ਹੀ ਗਵਰਨਰ ਨੇ ਕਿਹਾ ਹੈ ਕਿ ਬੇਘਰਿਆਂ ਨੂੰ ਹਟਾਉਣ ਲਈ ਮਾਨਵੀ ਤੇ ਗੌਰਵਮਈ ਪਹੁੰਚ ਅਪਣਾਈ ਜਾਵੇ। ਗਵਰਨਰ ਨੇ ਇਹ ਐਲਾਨ ਲਾਸ ਏਂਜਲਸ ਵਿਚ ਰਾਜ ਦੇ ਟਰਾਂਸਪੋਰਟੇਸ਼ਨ ਵਿਭਾਗ ਦੇ ਨਾਲ ਬਣੇ ਬੇਘਰਿਆਂ ਦੇ ਬਸੇਰੇ ਨੂੰ ਹਟਾਉਣ ਤੋਂ ਬਾਅਦ ਕੀਤਾ। ਗਵਰਨਰ ਨੇ ਪਿਛਲੇ ਮਹੀਨੇ ਜਾਰੀ ਕੀਤੇ ਇਕ ਆਦੇਸ਼ ਵਿਚ ਰਾਜ ਦੀਆਂ ਏਜੰਸੀਆਂ ਨੂੰ ਕਿਹਾ ਸੀ ਕਿ ਉਹ ਰਾਜ ਦੀਆਂ ਥਾਵਾਂ 'ਤੇ ਬਣੇ ਬੇਘਰਿਆਂ ਦੇ ਟਿਕਾਣਿਆਂ ਨੂੰ ਖਤਮ ਕਰਨ ਤੇ ਸਥਾਨਕ ਸਰਕਾਰਾਂ ਨੂੰ ਵੀ ਇਸੇ ਤਰਾਂ ਦੀਆਂ ਨੀਤੀਆਂ ਅਪਣਾਉਣ ਲਈ ਉਤਸ਼ਾਹਿਤ ਕਰਨ। ਰਾਜ ਦੇ ਡੈਮੋਕਰੈਟਿਕ ਗਵਰਨਰ ਦਾ ਉਕਤ ਆਦੇਸ਼ ਯੂ ਐਸ ਸੁਪਰੀਮ ਕੋਰਟ ਦੁਆਰਾ ਜੂਨ ਵਿਚ ਓਰੇਗੋਨ ਸ਼ਹਿਰ ਦੇ ਹੱਕ ਵਿਚ ਦਿੱਤੇ ਗਏ ਉਸ ਆਦੇਸ਼ ਤੋਂ ਬਾਅਦ ਆਇਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਬਾਹਰ ਨੀਲੇ ਅਸਮਾਨ ਹੇਠਾਂ ਸਾਉਣ ਵਾਲਿਆਂ ਨੂੰ ਜੁਰਮਾਨੇ ਲਾਏ ਜਾਣ। ਗਵਰਨਰ ਨੇ ਕੁਝ ਸਥਾਨਕ



ਅਧਿਕਾਰੀਆਂ ਦੀ ਅਲੋਚਨਾ ਕਰਦਿਆਂ ਕਿਹਾ ਕਿ ਰਾਜ ਦੁਆਰਾ ਨਿਰੰਤਰ 'ਸਾਧਨ' ਮੁਹੱਈਆ ਕਰਵਾਉਣ ਦੇ ਬਾਵਜੂਦ ਉਨਾਂ ਬਹੁਤ ਕੁਝ ਨਹੀਂ ਕੀਤਾ। ਨਿਊਸੋਮ ਨੇ ਕਿਹਾ ਕਿ ਹੁਣ ਹੋਰ ਮੁਆਫੀ ਨਹੀਂ, ਤੁਹਾਨੂੰ ਪੈਸੇ ਮਿਲੇ ਹਨ, ਤੁਹਾਨੂੰ ਲਚਕਤਾ ਮਿਲੀ ਹੈ, ਤੁਹਾਨੂੰ ਹਰੀ ਝੰਡੀ ਤੇ ਰਾਜ ਦਾ ਸਮਰਥਨ ਮਿਲਿਆ ਹੈ ਤੇ ਲੋਕ ਇਸ ਦਾ ਹਿਸਾਬ ਮੰਗਦੇ ਹਨ। ਉਨਾਂ ਹੋਰ ਕਿਹਾ ਮੈ ਕਰੋੜਾਂ ਕੈਲੀਫੋਰਨੀਆ ਵਾਸੀਆਂ ਦੀ ਤਰਫੋਂ ਇਥੇ ਹਾਂ ਜੋ ਤੁਹਾਡੇ ਤੋਂ ਅੱਕ ਗਏ ਹਨ। ਮੈ ਨਤੀਜੇ ਵੇਖਣਾ ਚਹੁੰਦਾ ਹਾਂ।

ਅਮਰੀਕਾ ਦੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਕਾਂਗਰਸ ਨੂੰ 2023 ਵਿਚ ਦਿੱਤੀ ਇਕ ਰਿਪੋਰਟ ਅਨੁਸਾਰ ਦੇਸ਼ ਭਰ ਵਿਚ ਰਹਿੰਦੇ 6,53,000 ਬੇਘਰਿਆਂ ਵਿਚੋਂ 1,80,000 ਕੈਲੀਫੋਰਨੀਆ ਜਿਸ ਨੂੰ ਗੋਲਡਨ ਸਟੇਟ ਕਿਹਾ ਜਾਂਦਾ ਹੈ, ਵਿਚ ਰਹਿੰਦੇ ਹਨ। ਇਥੇ ਇਹ ਵੀ ਜਿਕਰਯੋਗ ਹੈ ਕਿ ਕੁਝ ਮਿਊਂਸਪਲ ਕਮੇਟੀਆਂ ਨੇ ਬੇਘਰਿਆਂ ਨੂੰ ਜੇਲਾਂ ਵਿਚ ਬੰਦ ਕਰਨ ਦਾ ਵਿਰੋਧ ਕੀਤਾ ਹੈ। ਜੁਲਾਈ ਵਿਚ ਲਾਸ ਏਂਜਲਸ ਕਾਊਂਟੀ ਬੋਰਡ ਆਫ ਸੁਪਰਵਾਈਜ਼ਰ ਨੇ ਸਰਬਸੰਮਤੀ ਨਾਲ ਪਾਸ ਕੀਤੇ ਇਕ ਮਤੇ ਵਿਚ ਕਿਹਾ ਹੈ ਕਿ ਉਨਾਂ ਦੀਆਂ ਜੇਲਾਂ ਨੂੰ ਬੇਘਰਿਆਂ ਨੂੰ ਰਖਣ ਵਾਸਤੇ ਨਹੀਂ ਵਰਤੀਆਂ ਜਾਣਗੀਆਂ। ਕਾਊਂਟੀ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਮਤਾ ਪਹਿਲਾਂ ਹੀ ਲਾਗੂ ਹੋ ਚੁੱਕਾ ਹੈ।

# ਅਮਰੀਕੀ ਰਾਜਨੇਤਾ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਮਾਮਲੇ ਵਿਚ ਇਕ ਪਾਕਿਸਤਾਨੀ ਗ੍ਰਿਫਤਾਰ

## ਇਰਾਨੀ ਕਮਾਂਡਰ ਕਾਸਮ ਸੋਲੀਮਨੀ ਦੀ ਮੌਤ ਦਾ ਬਦਲਾ ਲੈਣ ਲਈ ਰਚੀ ਸੀ ਸਾਜਿਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਰਾਨ ਨਾਲ ਕਥਿੱਤ ਸਬੰਧ ਰਖਣ ਵਾਲੇ ਇਕ ਪਾਕਿਸਤਾਨੀ ਵਿਰੁੱਧ ਇਕ ਅਮਰੀਕੀ ਰਾਜਨੇਤਾ ਜਾਂ ਸਰਕਾਰੀ ਅਧਿਕਾਰੀ ਦੀ ਹੱਤਿਆ ਲਈ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਜਾਰੀ ਇਕ ਬਿਆਨ ਵਿਚ ਨਿਆਂ ਵਿਭਾਗ ਨੇ ਕਿਹਾ ਹੈ ਕਿ 46 ਸਾਲਾ ਪਾਕਿਸਤਾਨੀ ਆਸਿਫ ਮਰਚੈਂਟ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦਾਇਰ ਅਪਰਾਧਿਕ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਮਰਚੈਂਟ ਨੇ 2020 ਵਿਚ ਇਰਾਨ ਦੇ ਰੈਵੋਲੂਸ਼ਨਰੀ ਗਾਰਡਜ ਦੇ ਚੋਟੀ ਦੇ ਕਮਾਂਡਰ ਕਾਸਮ ਸੋਲੀਮਨੀ ਦੀ ਅਮਰੀਕਾ ਵੱਲੋਂ ਕੀਤੇ ਹਮਲੇ ਵਿਚ ਹੋਈ ਮੌਤ ਦਾ ਬਦਲਾ ਲੈਣ ਲਈ ਅਮਰੀਕਾ ਵਿਚ ਕੁਝ ਲੋਕਾਂ ਨੂੰ ਭਰਤੀ ਕੀਤਾ।

ਤਤਕਾਲ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਲੀਮਨੀ 'ਤੇ ਡਰੋਨ ਹਮਲੇ ਨੂੰ ਪ੍ਰਵਾਨਗੀ ਦਿੱਤੀ ਸੀ। ਸੰਭਾਵੀ




ਤੌਰ 'ਤੇ ਸਾਬਕਾ ਰਾਸ਼ਟਰਪਤੀ ਨੂੰ ਨਿਸ਼ਾਨਾ ਬਣਾਇਆ ਜਾਣਾ ਸੀ ਹਾਲਾਂ ਕਿ ਅਦਾਲਤੀ ਦਸਤਾਵੇਜ਼ਾਂ ਵਿਚ ਸਾਜਿਸ਼ ਦੇ ਸੰਭਾਵੀ ਨਿਸ਼ਾਨੇ ਵਜੋਂ ਉਨਾਂ ਦਾ ਨਾਂ ਨਹੀਂ ਲਿਖਿਆ ਗਿਆ ਹੈ। ਸ਼ਿਕਾਇਤ ਅਨੁਸਾਰ ਮਰਚੈਂਟ ਦੀ ਇਹ ਸਾਜਿਸ਼ ਸਿਰੇ ਨਹੀਂ ਚੜ ਸਕੀ ਕਿਉਂਕਿ ਆਪਣੀ ਸਾਜਿਸ਼ ਨੂੰ ਸਿਰੇ ਚੜਾਉਣ ਲਈ ਮਰਚੈਂਟ ਨੇ ਮੱਦਦ ਲੈਣ ਵਾਸਤੇ ਇਕ ਵਿਅਕਤੀ ਨਾਲ ਸੰਪਰਕ ਕੀਤਾ ਸੀ ਜੋ ਵਿਅਕਤੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਦਾ ਵਫਾਦਾਰ ਸੂਹੀਆ ਬਣ ਗਿਆ ਸੀ ਤੇ ਉਹ ਮਰਚੈਂਟ ਦੀ ਹਰ ਸਰਗਰਮੀ ਦੀ ਰਿਪੋਰਟ ਅਧਿਕਾਰੀਆਂ ਨੂੰ ਦਿੰਦਾ ਰਿਹਾ। ਇਸਤਗਾਸਾ ਪੱਖ ਅਨੁਸਾਰ ਮਰਚੈਂਟ ਨੇ ਪਾਕਿਸਤਾਨ ਤੋਂ ਅਮਰੀਕਾ ਆਉਣ ਤੋਂ ਪਹਿਲਾਂ ਕੁਝ ਸਮਾਂ ਇਰਾਨ ਵਿਚ ਬਿਤਾਇਆ। ਮਰਚੈਂਟ ਵਿਰੁੱਧ ਨਿਊਯਾਰਕ ਦੇ ਬਰੁੱਕਲਿਨ ਵਿਚ ਸੰਘੀ ਅਦਾਲਤ ਵਿੱਚ ਭਾੜੇ 'ਤੇ ਕਤਲ ਕਰਵਾਉਣ ਦੇ ਦੋਸ਼ ਆਇਦ ਕੀਤੇ ਗਏ ਹਨ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਨਿਆਂ ਵਿਭਾਗ ਪਿਛਲੇ ਸਾਲਾਂ ਤੋਂ ਇਰਾਨੀ ਜਨਰਲ ਸੋਲੀਮਨੀ ਦੀ ਹੱਤਿਆ ਦਾ ਬਦਲਾ ਲੈਣ ਲਈ ਅਮਰੀਕੀ ਰਾਜਨੇਤਾ ਨੂੰ ਮਾਰਨ ਲਈ ਇਰਾਨ ਦੀ ਸੰਭਾਵੀ ਕੋਸ਼ਿਸ਼ ਨੂੰ ਨਾਕਾਮ ਕਰਨ ਵਾਸਤੇ ਸਖਤ ਮਿਹਨਤ ਕਰ ਰਿਹਾ ਹੈ।




# ਅਕਾਲੀ ਦਲ ਸੰਕਟ: ਪੰਜ ਜਥੇਦਾਰਾਂ ਲਈ ਚੁਣੌਤੀਪੂਰਨ ਹੋਵੇਗਾ ਮਸਲਾ

**ਅੰਮ੍ਰਿਤਸਰ–** ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਦਾ ਮਾਮਲਾ ਅਕਾਲ ਤਖ਼ਤ ਸਹਿਬ ਦੇ ਵਿਚਾਰ ਅਧੀਨ ਹੈ। ਇਸ ਮਸਲੇ ਦੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਦੀ ਸਾਖ਼ ਵੀ ਦਾਅ 'ਤੇ ਲੱਗੀ ਹੋਈ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 30 ਅਗਸਤ ਨੂੰ ਸੱਦੀ ਹੈ, ਜਿਸ ਵਿੱਚ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾ ਹੋਵੇਗੀ। ਇਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਨਾਲ ਜੁੜਿਆ ਮਾਮਲਾ ਪ੍ਰਮੁੱਖ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਹੋਏ ਆਗੂਆਂ ਦੇ ਧੜੇ ਵੱਲੋਂ ਪਹਿਲੀ ਜੁਲਾਈ ਨੂੰ ਅਕਾਲ ਤਖ਼ਤ ਵਿਖੇ ਇੱਕ ਪੱਤਰ ਸੌਂਪ ਕੇ ਇੰਕਸ਼ਾਫ ਕੀਤਾ ਗਿਆ ਸੀ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਕਈ ਵੱਡੀਆਂ ਗਲਤੀਆਂ ਹੋਈਆਂ ਸਨ ਜਿਨ੍ਹਾਂ ਲਈ ਉਹ ਖਿਮਾ ਯਾਚਨਾ ਕਰਨਾ ਚਾਹੁੰਦੇ ਹਨ। ਇਨ੍ਹਾਂ ਗ਼ਲਤੀਆਂ ਵਾਸਤੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 15 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲੱਗੇ ਦੋਸ਼ਾਂ ਸਬੰਧੀ 15 ਦਿਨਾਂ ਦੇ ਅੰਦਰ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਦੇਣ ਦੇ ਆਦੇਸ਼ ਦਿੱਤੇ ਸਨ।

ਸੁਖਬੀਰ ਸਿੰਘ ਬਾਦਲ ਵੱਲੋਂ ਨਿਰਧਾਰਤ ਸਮੇਂ ਵਿੱਚ ਆਪਣਾ ਸਪਸ਼ਟੀਕਰਨ ਅਕਾਲ ਤਖ਼ਤ ਵਿਖੇ ਸੌਂਪ ਦਿੱਤਾ ਗਿਆ ਸੀ, ਜਿਸ ਨੂੰ ਬੀਤੇ ਦਿਨ ਜਨਤਕ ਕੀਤਾ ਗਿਆ। ਇਹ ਸਪਸ਼ਟੀਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਅਕਾਲੀ ਸਰਕਾਰ ਦੇ ਸਮੇਂ ਪਾਰਟੀ ਜਾਂ ਸਰਕਾਰ ਕੋਲੋਂ ਜਾਣੇ ਅਣਜਾਣੇ ਵਿੱਚ ਹੋਈਆਂ ਸਾਰੀਆਂ ਗ਼ਲਤੀਆਂ ਅਤੇ ਭੁੱਲਾਂ ਨੂੰ ਆਪਣੀ ਝੋਲੀ ਵਿੱਚ ਪਾਉਂਦਿਆਂ ਇਨ੍ਹਾਂ ਦੀ ਖਿਮਾ ਯਾਚਨਾ ਕੀਤੀ ਗਈ ਹੈ। ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਵੱਲੋਂ ਸਪਸ਼ਟੀਕਰਨ ਮਿਲਣ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਗਪਗ ਇੱਕ ਮਹੀਨੇ ਦੇ ਵਕਫੇ ਮਗਰੋਂ ਸੱਦੀ ਗਈ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਨਵੀਂ ਕੋਰ ਕਮੇਟੀ ਤੇ ਸੰਸਦੀ ਬੋਰਡ ਆਦਿ ਦਾ ਗਠਨ ਕਰ ਦਿੱਤਾ ਗਿਆ ਹੈ।

### ਦੋਵੇਂ ਧੜਿਆਂ ਖ਼ਿਲਾਫ਼ ਕਾਰਵਾਈ ਹੋਵੇ: ਲਾਂਬਾ

ਸਿੱਖ ਵਿਦਵਾਨ ਗੁਰਚਰਨ ਸਿੰਘ ਲਾਂਬਾ ਨੇ ਆਖਿਆ ਕਿ ਇਹ ਮਾਮਲਾ ਅਤਿ ਗੰਭੀਰ ਹੈ, ਜੋ ਸ਼੍ਰੋਮਣੀ ਅਕਾਲੀ ਦਲ ਦੇ ਦਾਗ਼ੀ ਤੇ ਬਾਗ਼ੀ ਧੜੇ ਨਾਲ ਜੁੜਿਆ ਹੋਇਆ ਹੈ। ਦੋਵੇਂ ਹੀ ਧੜੇ ਕਸੂਰਵਾਰ ਹਨ। ਜਦੋਂ ਮਾਮਲਾ ਅਕਾਲ ਤਖ਼ਤ ਕੋਲ ਹੈ ਤਾਂ ਹੁਣ ਇਨ੍ਹਾਂ ਖਿਲਾਫ਼ ਦੋਸ਼ ਤੈਅ ਹੋਣੇ ਚਾਹੀਦੇ ਹਨ। ਜਦੋਂ ਉਹ ਦੋਸ਼ ਸਵੀਕਾਰ ਲੈਂਦੇ ਹਨ ਤਾਂ ਦੋਸ਼ਾਂ ਦੀ ਗੰਭੀਰਤਾ ਦੇ ਮੁਤਾਬਕ ਹੀ ਕਾਰਵਾਈ ਹੋਣੀ ਚਾਹੀਦੀ ਹੈ, ਨਹੀਂ ਤਾਂ ਇਸ ਨਾਲ ਜਥੇਦਾਰਾਂ ਦੀ ਸਾਖ਼ ਨੂੰ ਵੀ ਸੱਟ ਵੱਜੇਗੀ। ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆਂ ਨੇ ਆਖਿਆ ਕਿ ਪੰਜ ਸਿੰਘ ਸਾਹਿਬਾਨ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਚਾਉਣ ਵਰਗਾ ਅਜਿਹਾ ਮਾਮਲਾ ਵਿਚਾਰਦਿਆਂ ਪੰਥ ਦੇ ਵਡੇਰੇ ਹਿਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਿਸਲਾਂ ਦੇ ਆਗੂ ਅਕਾਲ ਤਖ਼ਤ ਆਉਣ ਸਮੇਂ ਸਿਰਫ ਪੰਥਕ ਹਿਤਾਂ ਨੂੰ ਤਰਜੀਹ ਦਿੰਦੇ ਸਨ।

# ਸਾਬਕਾ ਵਿਦੇਸ਼ ਮੰਤਰੀ ਨਟਵਰ ਸਿੰਘ ਦਾ ਦੇਹਾਂਤ, ਕਈ ਲੀਡਰਾਂ ਵੱਲੋਂ ਅੰਤਿਮ ਵਿਦਾਇਗੀ

**ਨਵੀਂ ਦਿੱਲੀ–** ਸਾਬਕਾ ਵਿਦੇਸ਼ ਮੰਤਰੀ ਨਟਵਰ ਸਿੰਘ ਨੂੰ ਇੱਥੇ ਅੰਤਿਮ ਵਿਦਾਇਗੀ ਦਿੱਤੀ ਗਈ, ਜਿਥੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਸਣੇ ਕਈ ਸਿਆਸੀ ਨੇਤਾਵਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਪਰਿਵਾਰਕ ਮੈਂਬਰਾਂ ਮੁਤਾਬਕ ਲੰਮਾ ਸਮਾਂ ਬਿਮਾਰ ਰਹਿਣ ਮਗਰੋਂ ਨਟਵਰ ਸਿੰਘ ਦਾ ਸ਼ਨਿਚਰਵਾਰ ਰਾਤ ਨੂੰ ਦੇਹਾਂਤ ਹੋ ਗਿਆ ਸੀ। ਉਹ 93 ਵਰ੍ਹਿਆਂ ਦੇ ਸਨ। ਨਟਵਰ ਸਿੰਘ ਦਾ ਅੰਤਿਮ ਸੰਸਕਾਰ ਅੱਜ ਦੁਪਹਿਰ ਸਮੇਂ ਦਿੱਲੀ ਦੇ ਲੋਧੀ ਰੋਡ ਸਥਿਤ ਸ਼ਮਸ਼ਾਨਘਾਟ 'ਚ ਕੀਤਾ ਗਿਆ।



ਸਾਬਕਾ ਵਿਦੇਸ਼ ਮੰਤਰੀ ਨਟਵਰ ਸਿੰਘ ਦੇ ਸਸਕਾਰ ਮੌਕੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਸੱਭਿਆਚਾਰ ਮੰਤਰੀ ਗਜੇਂਦਰ ਸਿੰਘ ਸ਼ੇਖ਼ਾਵਤ, ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ, ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ, ਕਾਂਗਰਸੀ ਆਗੂ ਭੁਪੇਂਦਰ ਸਿੰਘ ਹੁੱਡਾ ਅਤੇ ਕਈ ਹੋਰ ਆਗੂਆਂ ਤੋਂ ਇਲਾਵਾ ਨਟਵਰ ਸਿੰਘ ਦੇ ਪਰਿਵਾਰਕ ਮੈਂਬਰਾਂ ਤੇ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਸਾਬਕਾ ਕੇਂਦਰੀ ਮੰਤਰੀ ਕਈ ਹਫ਼ਤਿਆਂ ਤੋਂ ਦਿੱਲੀ ਨੇੜਲੇ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ 'ਚ ਦਾਖਲ ਸਨ, ਜਿੱਥੇ ਉਨ੍ਹਾਂ ਨੇ ਆਖਰੀ ਸਾਹ ਲਏ। ਨਟਵਰ ਸਿੰਘ ਦਾ ਜਨਮ 1931 'ਚ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਜਘੀਨਾ 'ਚ ਹੋਇਆ ਸੀ। ਉਨ੍ਹਾਂ ਨੂੰ 1984 'ਚ ਪਦਮ ਭੂਸ਼ਣ ਨਾਲ ਨਿਵਾਜਿਆ ਗਿਆ ਸੀ। ਨਟਵਰ ਸਿੰਘ 2004-05 ਦੌਰਾਨ ਵਿਦੇਸ਼ ਮੰਤਰੀ ਰਹੇ ਅਤੇ ਉਨ੍ਹਾਂ ਨੇ 1966 ਤੋਂ 1971 ਤੱਕ ਪਾਕਿਸਤਾਨ 'ਚ ਭਾਰਤੀ ਸਫ਼ੀਰ ਵਜੋਂ ਕੰਮ ਵੀ ਕੀਤਾ। ਕੇਂਦਰੀ ਮੰਤਰੀ ਸ਼ੇਖਾਵਤ ਨੇ ਨਟਵਰ ਸਿੰਘ ਦੇ ਚਲਾਣੇ ਨੂੰ ਰਾਜਨੀਤੀ ਤੇ ਕੂਟਨੀਤੀ ਦੇ ਖੇਤਰ 'ਚ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਨਟਵਰ ਸਿੰਘ ਵੱਲੋਂ ਦੇਸ਼ ਲਈ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਕੈਬਨਿਟ ਮੰਤਰੀ ਜਿੰਪਾ ਤੇ ਸਾਂਸਦ ਡਾ. ਚੱਬੇਵਾਲ ਨੇ ਜੇਜੋਂ ਚੋਅ ਹਾਦਸੇ ਦੇ ਪੀੜ੍ਹਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਕੀਤਾ ਦੁੱਖ ਸਾਂਝਾ

ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਅਤੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਅੱਜ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਦੇ ਮੁਰਦਾਘਰ ਵਿਖੇ ਜੇਜੋਂ ਚੋਅ ਹਾਦਸੇ ਦੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਇਸ ਹਾਦਸੇ 'ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਇਹ ਘਟਨਾ ਬੇਹੱਦ ਦਰਦਨਾਕ ਹੈ ਅਤੇ ਅਸੀਂ ਇਸ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਨਾਲ ਖੜ੍ਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਦੁੱਖਦ ਹਾਦਸੇ ਵਿਚ ਇਕ ਇਨੋਵਾ ਗੱਡੀ, ਜਿਸ ਵਿਚ 12 ਲੋਕ ਸਵਾਰ ਸਨ, ਪਾਣੀ ਦੇ ਤੇਜ਼ ਵਹਾਅ ਵਿਚ ਵਹਿ ਗਈ। ਇਸ ਹਾਦਸੇ ਵਿਚ 9 ਲੋਕਾਂ ਦੀ ਦੁਖਦ ਮੌਤ ਹੋ ਗਈ, ਜਦਕਿ ਦੋ ਵਿਅਕਤੀ ਹਾਲੇ ਵੀ ਲਾਪਤਾ ਹਨ। ਉਨ੍ਹਾਂ ਕਿਹਾ ਕਿ ਇਕ ਵਿਅਕਤੀ ਨੂੰ ਬਚਾਅ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਐਸ।ਡੀ।ਐਮ ਗੜ੍ਹਸ਼ੰਕਰ ਅਤੇ ਡੀ।ਐਸ।ਪੀ ਗੜ੍ਹਸ਼ੰਕਰ ਦੀ ਅਗਵਾਈ ਵਿਚ ਐਸ।ਡੀ।ਆਰ।ਐਫ ਅਤੇ ਆਸਪਾਸ ਦੇ ਪਿੰਡਾਂ ਦੀ ਟੀਮ ਬਣਾ ਕੇ ਲਾਪਤਾ ਦੋਵਾਂ ਵਿਅਕਤੀਆਂ ਨੂੰ ਲੱਭਿਆ ਜਾ



ਰਿਹਾ ਹੈ ਅਤੇ ਪਿੰਡਾਂ ਵਿਚ ਮੁਨਿਆਦੀ ਵੀ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਸਨਿੱਫਰ ਡੌਗ ਵੀ ਬੁਲਾ ਕੇ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰੰਤੂ ਹਾਲੇ ਵੀ ਲਾਪਤਾ ਲੋਕਾਂ ਦਾ ਪਤਾ ਨਹੀ ਲੱਗਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਪੂਰੇ ਮਾਮਲੇ ਵਿਚ ਬਹੁਤ ਹੀ ਤੇਜ਼ੀ ਅਤੇ ਗੰਭੀਰਤਾ ਨਾਲ ਕੰਮ ਕੀਤਾ ਗਿਆ ਹੈ ਅਤੇ ਉਨ੍ਹਾਂ ਆਸ ਪ੍ਰਗਟਾਈ ਕਿ ਜਲਦ ਹੀ ਹਾਦਸੇ ਵਿਚ ਹਾਦਸੇ ਵਿਚ ਲਾਪਤਾ ਲੋਕਾਂ ਨੂੰ ਲੱਭ ਲਿਆ ਜਾਵੇਗਾ।

ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਵੀ ਇਸ ਦੁੱਖਦਾਈ ਘਟਨਾ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਸਰਕਾਰ ਇਸ ਮਾਮਲੇ ਵਿਚ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਹਾਦਸੇ ਵਿਚ ਲਾਪਤਾ ਵਿਅਕਤੀਆਂ ਦੀ ਭਾਲ ਲਈ ਹਰ ਸੰਭਵ ਯਤਨ ਕਰ ਰਹੇ ਹਾਂ। ਇਸ ਨਾਲ ਹੀ ਭਵਿੱਖ ਵਿਚ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ। ਦੋਵਾਂ ਨੇਤਾਵਾਂ ਨੇ ਇਸ ਮੌਕੇ ਕਿਹਾ ਕਿ ਸਰਕਾਰ ਪ੍ਰਭਾਵਿਤ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰੇਗੀ ਅਤੇ ਖੇਤਰ ਵਿਚ ਸੁਰੱਖਿਆ ਦੇ ਪ੍ਰਬੰਧਾਂ ਨੂੰ ਮਜ਼ਬੂਤ ਕਰੇਗੀ, ਤਾਂ ਜੋ ਭਵਿੱਖ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਦੁਬਾਰਾ ਨਾ ਹੋ ਸਕਣ। ਇਸ ਮੌਕੇ ਐਸ. ਐਮ. ਡਾ. ਮਨਮੋਹਨ ਸਿੰਘ ਵੀ ਮੌਜੂਦ ਸਨ।




# "ਐਸ.ਸੀ ਸਮਾਜ ਨੂੰ ਕ੍ਰੀਮੀ ਲੇਅਰ ਵਿੱਚ ਸ਼ਾਮਿਲ ਕਰਨ ਦਾ ਮਾਮਲਾ"

**ਚੰਡੀਗੜ੍ਹ–** ਸੁਪਰੀਮ ਕੋਰਟ ਆਫ ਇੰਡੀਆ ਦੇ ਫੈਸਲੇ ਨੇ ਅਨੁਸੂਚਿਤ ਜਾਤੀ ਸਮਾਜ ਨੂੰ ਕ੍ਰੀਮੀ ਲੇਅਰ ਦੇ ਮੁੱਦੇ ਨੇ ਹੈਰਾਨ-ਪ੍ਰੇਸ਼ਾਨ ਅਤੇ ਚਿੰਤਾਗ੍ਰਸਤ ਕਰ ਦਿੱਤਾ ਹੈ।ਇਸ ਫੈਸਲੇ ਨਾਲ ਅਨੁਸੂਚਿਤ ਵਰਗ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ ਹੈ। ਕਿਉਂਕਿ ਮਹੱਤਵਪੂਰਣ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਸਾਹਮਣੇ ਕ੍ਰੀਮੀ ਲੇਅਰ ਦਾ ਕੋਈ ਮੁੱਦਾ ਹੈ ਹੀ ਨਹੀਂ ਸੀ ਇਹ ਵਿਚਾਰਾਂ ਦਾ ਪ੍ਰਗਟਾਵਾਂ ਅਨੁਸੂਚਿਤ ਜਾਤਾਂ ਦੇ ਹਿੱਤਾ ਦੀ ਲੜਾਈ ਲੜਨ ਵਾਲੀ ਇੱਕੋ ਇੱਕ ਜਥੇਬੰਦੀ ਨੈਸ਼ਨਲ ਸ਼ਡਿਊਲਡ ਕਾਟਸਸ਼ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਕਹੇ।



ਸ੍ਰ ਕੈਂਥ ਨੇ ਦੱਸਿਆ ਕਿ "ਜਾਤ ਇੱਕ ਸਮਾਜਿਕ ਅਤੇ ਸੱਭਿਆਚਾਰਕ ਪਛਾਣ ਹੈ, ਆਰਥਿਕ ਸਥਿਤੀ ਦਾ ਜਾਤ 'ਤੇ ਕੋਈ ਅਸਰ ਨਹੀਂ ਹੁੰਦਾ।" ਕਿਉਂਕਿ ਸਨਮਾਨਤ ਤੇ ਅਪਮਾਨਤ ਕਰਨ ਦੀ ਵਿਵਸਥਾ ਦੇ ਅਧੀਨ ਵਿਤਕਰੇ ਨੂੰ ਹੋਰ ਵਧਾਇਆ ਜਾ ਰਿਹਾ ਹੈ ।ਭਾਰਤ ਦੀ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਨਿਰਵਿਘਨ ਜਾਰੀ ਹੈ ਜੋ ਕਿ ਮਨੁੱਖੀ ਅਧਿਕਾਰਾਂ ਦਾ ਘਾਣ ਅਤੇ ਵਿਸ਼ਵਾਸਘਾਤ ਦੇ ਅਧੀਨ ਅਜਿਹੇ ਫੈਸਲੇ ਲਏ ਜਾ ਰਹੇ ਹਨ। ਉਹਨਾਂ ਕਿਹਾ ਕਿ "ਐਸਸੀ/ਐਸਟੀ ਰਿਜ਼ਰਵੇਸ਼ਨ ਵਿੱਚ ਕ੍ਰੀਮੀ ਲੇਅਰ ਲਗਾਉਣਾ ਸਮਾਜਿਕ ਨਿਆਂ ਦੇ ਰੂਪ ਵਿੱਚ ਇੱਕ ਨਕਾਰ-ਾਤਮਕ ਕਦਮ ਹੋਵੇਗਾ। ਅਨੁਸੂਚਿਤ ਜਾਤੀਆਂ ਨੂੰ ਦਿੱਤਾ ਗਿਆ ਰਾਖਵਾਂਕਰਨ ਪਹਿਲਾਂ ਹੀ ਉਨ੍ਹਾਂ ਦੀ ਆਬਾਦੀ ਦੇ ਮੁਕਾਬਲੇ ਕਾਫ਼ੀ ਨਹੀਂ ਹੈ।"

ਇੰਦਰਾ ਸਾਹਨੀ ਕੇਸ (1992), ਜਿਸ ਨੂੰ ਮੰਡਲ ਕਮਿਸ਼ਨ ਕੇਸ ਵੀ ਕਿਹਾ ਜਾਂਦਾ ਹੈ, ਵਿੱਚ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ 'ਕ੍ਰੀਮੀ ਲੇਅਰ' ਦੀ ਧਾਰਨਾ ਪੇਸ਼ ਕੀਤੀ ਗਈ ਸੀ। ਇੰਦਰਾ ਸਾਹਿਨੀ ਕੇਸ ਦਾ ਫੈਸਲਾ ਪੱਛੜਿਆਂ ਸ਼੍ਰੇਣੀਆਂ ਨਾਲ ਸਬੰਧਤ ਹੋਣ ਕਾਰਨ ਉਸ ਕੇਸ ਦਾ ਅਨੁਸੂਚਿਤ ਸ਼੍ਰਣੀਆਂ 'ਤੇ ਥੋਪਣਾ ਸਰਾਸਰ ਧੱਕਾ ਹੈ।ਅਨੁਸੂਚਿਤ ਜਾਤੀਆਂ ਨੂੰ ਮਿਲੇ ਸੰਵਿਧਾਨਕ ਅਧਿਕਾਰਾਂ ਦੀ ਵਿਵਸਥਾ ਵਿੱਚ ਕ੍ਰੀਮੀ ਲੇਅਰ ਬਾਰੇ ਕੋਈ ਵਿਵਸਥਾ ਨਹੀਂ ਹੈ,ਜਾਣਬੁੱਝ ਕੇ ਇੱਕ ਸ਼ਜਿਸ ਦੇ ਤਹਿਤ ਅਜਿਹਾ ਕਰਨ ਦਾ ਕੋਝਾ ਤੇ ਨਾਕਾਮਯਾਬ ਉਪਰਾਲਾ ਕੀਤਾ ਜਾ ਰਿਹਾ ਹੈ ਜੋ ਸਰਾਸਰ ਗਲਤ ਹੈ। ਪਰ ਇੱਥੇ ਵਰਣਨਯੋਗ ਹੈ ਕਿ ਵਰਤਮਾਨ ਵਿੱਚ ਕ੍ਰੀਮੀ ਲੇਅਰ ਦੀ ਧਾਰਨਾ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ 'ਤੇ ਲਾਗੂ ਨਹੀਂ ਹੁੰਦੀ ਹੈ।"

ਸੁਪਰੀਮ ਕੋਰਟ ਆਫ ਇੰਡੀਆ ਦੇ ਸੱਤ ਜੱਜਾਂ ਦੇ ਫੈਸਲੇ ਵਿੱਚ ਸ਼ਾਮਿਲ ਕ੍ਰੀਮੀ ਲੇਅਰ ਬਾਰੇ ਸੁਝਾਅ ਅਤੇ ਟਿੱਪਣੀਆਂ ਗੰਭੀਰ ਚਿੰਤਾਵਾਂ ਦਾ ਵਿਸ਼ਾ ਹੈ ਜੋ ਬੁਹਤ ਗੰਭੀਰਤਾ ਨਾਲ ਵਿਚਾਰ-ਚਰਚਾ ਕਰਨਾ ਅਜੋਕੇ ਸਮੇਂ ਦੀ ਅਤਿਅੰਤ ਲੋੜ ਹੈ । ਸ੍ਰ ਕੈਂਥ ਨੇ ਬੜੇ ਜੋਰਦਾਰ ਦੇ ਕੇ ਕਿਹਾ ਕਿ ਬ੍ਰਾਹਮਣਵਾਦੀ ਤਾਕਤਾਂ ਨੇ ਪਹਿਲਾਂ ਸਦੀਆਂ ਤੋਂ ਮਨੁੱਖੀ ਆਧਿਕਾਰਾ ਤੋ ਵਾਂਝੇ ਰੱਖਿਆਂ ਅਤੇ ਹੁਣ ਬਾਬਾ ਸਾਹਿਬ ਡਾਂ ਭੀਮ ਰਾਓ ਜੀ ਦੁਆਰਾ ਲਿਖਤ ਸੰਵਿਧਾਨਿਕ ਅਧਿਕਾਰਾਂ ਨਾਲ ਛੇੜਛਾੜ ਕਰਕੇ ਵਾਂਝੇ ਕਰਨ ਦੀ ਮੁਹਿੰਮ ਦੀ ਚਲਾਈ ਗਈ ਹੈ। "ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਰਾਖਵੇਂਕਰਨ ਵਿੱਚ ਕ੍ਰੀਮੀ ਲੇਅਰ ਦੀ ਵਿਵਸਥਾ ਨੂੰ ਲਾਗੂ ਕਰਨ ਲਈ ਲੋੜੀਂਦੇ ਅੰਕੜੇ ਅਤੇ ਆਧਾਰ ਨਹੀਂ ਬਣ ਸਕਦੇ। ਸਮਾਜ ਵਿੱਚ ਆਰਥਿਕ ਜਾਂ ਪ੍ਰਬੰਧਕੀ ਤਰੱਕੀ ਨਾਲ ਜਾਤ ਕਿਤੇ ਖਤਮ ਨਹੀਂ ਹੋ ਜਾਂਦੀ। ਅਸੀਂ ਦੇਖਿਆ ਹੈ ਕਿ ਸਾਡੇ ਰਾਸ਼ਟਰਪਤੀ ਨੂੰ ਵੀ ਮੰਦਰ 'ਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ।" ਭਾਰਤ ਦੀ ਕੁੱਲ ਆਬਾਦੀ 141 ਕਰੋੜ ਦੇ ਤੋਂ ਵੱਧ ਹੈ ਜਿਸ ਵਿੱਚ ਅਨੁਸੂਚਿਤ ਜਾਤੀਆਂ ਤੇ ਜਨ ਜਾਤੀਆਂ ਕਰੀਬ 35% ਹੋਣ ਕਰਕੇ ਬਹੁਤ ਵੱਡਾ ਵਰਗ ਬਣਦਾ ਹੈ ਪਰ ਵਿਸ਼ਵਾਸਘਾਤੀ ਵਿਚਾਰਾਂ ਦੇ ਲੋਕ ਬਹੁ ਗਿਣਤੀ ਸਮਾਜ ਨੂੰ ਗੁਲਾਮ ਬਣਾਉਣ ਲਈ ਅਜਿਹੇ ਕਾਨੂੰਨਾਂ ਨੂੰ ਸਾਹਮਣੇ ਲਿਆ ਰਹੇ ਹਨ ਬਹੁਤ ਨਿੰਦਣਯੋਗ ਹਨ। ਅਨੁਸੂਚਿਤ ਜਾਤੀਆਂ/ਜਨਜਾਤੀਆਂ ਨੂੰ ਮਿਲਦੀਆਂ ਸੰਵਿਧਾਨਿਕ ਸਹੂਲਤਾਂ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਪ੍ਰਤੱਖ/ਅਪ੍ਰਤੱਖ ਕਨੂੰਨੀ ਢੰਗਾਂ ਨਾਲ ਬਿਲਕੁਲ ਖਤਮ ਕੀਤਾ ਜਾ ਰਿਹਾ ਹੈ ਜੋਕਿ ਜਨਸੰਖਿਆਂ ਦੇ ਵੱਡੇ ਵਰਗ ਗੁਲਾਮ ਬਣਾਉਣ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਸਰਕਾਰਾਂ ਅਤੇ ਅਦਾਲਤਾਂ ਨੂੰ ਕਤਈ ਨਹੀਂ ਭੁੱਲਣਾ ਚਾਹੀਦਾ ਕਿ ਦੇਸ਼ ਦੀ ਆਜ਼ਾਦੀ ਤੇ ਤਰੱਕੀ ਲਈ ਅਨੁਸੂਚਿਤ ਜਾਤੀਆਂ /ਜਨ ਜਾਤੀਆਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਵੀ ਬਹੁਤ ਵੱਡਾ ਹੈ। ਸੁਪਰੀਮ ਕੋਰਟ ਦੇ ਜੱਜਾਂ ਨੇ ਕਿਹਾ ਕਿ ਐਸਸੀ/ਐਸਟੀ ਵਿੱਚ ਕ੍ਰੀਮੀ ਲੇਅਰ ਦੀ ਪਛਾਣ ਸੰਵਿਧਾਨਕ ਲਾਜ਼ਮੀ ਬਣ ਜਾਣੀ ਚਾਹੀਦੀ ਹੈ। ਵਰਨਣ ਯੋਗ ਹੈ ਕਿ ਕਿਸੇ ਵੀ ਦੇਸ਼ ਦੀਆਂ ਅਦਾਲਤਾਂ ਆਪਣੇ ਸੰਵਿਧਨੀਕ ਅਧਿਕਾਰਾਂ ਦੀ ਰਾਖੀ ਲਈ ਇੱਕ ਆਖਰੀ ਸ਼ਰਨ ਹੁੰਦੀ ਹੈ ਜਿੱਥੇ ਕੋਈ ਵੀ ਭਰੋਸਾ ਰੱਖ ਕੇ ਆਪਣੀ ਅਪੀਲ ਕਰ ਸਕਦਾ ਹੈ ਜੇ ਅਦਾਲਤਾਂ ਹੀ ਵਿਸ਼ਵਾਸ ਘਾਤ ਅਤੇ ਵਿਤਕਰੇਬਾਜ਼ੀ ਕਰਨ ਤਾਂ ਸਮੁੱਚੇ ਸਮਾਜ ਨੂੰ ਹੁਣ ਕੀ ਕਰਨਾ ਚਾਹੀਦਾ ਹੈ? ਹੁਣ ਉਨ੍ਹਾਂ ਦਾ ਮੂਲ ਉਦੇਸ਼ ਅਨੁਸੂਚਿਤ ਜਾਤੀਆਂ/ਜਨ ਜਾਤੀਆਂ ਦੀ ਰਿਜ਼ਰਵੇਸ਼ਨ ਵਿੱਚ ਕ੍ਰੀਮੀਲੇਅਰ/ਆਰਥਿਕ ਪੱਧਰ ਦੀ ਸ਼ਰਤ ਲਗਾ ਕੇ ਸਮਾਜਿਕ ਅਤੇ ਵਿਦਿਅਕ ਪਛੜੇਪਣ ਦੀ ਬੁਨਿਆਦੀ ਪਿਚ ਤੋਂ ਰਾਖਵੇਂਕਰਨ ਨੂੰ ਖਤਮ ਕਰਨਾ ਹੈ! ਸ੍ਰ ਕੈਂਥ ਨੇ ਐਸੀ ਸੀ ਸਮਾਜ ਨੂੰ ਅਪੀਲ ਕੀਤੀ ਤੁਸੀ ਜੇਕਰ ਸਮੇਂ ਸਿਰ ਸੋਚ ਵਿਚਾਰ ਨਾ ਕੀਤੀ ਤਾਂ ਇਹ ਫੈਸਲਾ ਰਾਖਵਾਂਕਰਨ ਖਤਮ ਕਰਨ ਵਿਚ ਮੀਲ ਪੱਥਰ ਸਾਬਤ ਹੋਵੇਗਾ। ਅਮੀਰ-ਗਰੀਬ ਦੀ ਲੜਾਈ ਪੈਦਾ ਕਰਕੇ ਬ੍ਰਾਹਣਵਾਦੀ ਤਾਕਤਾਂ ਆਪਣੇ ਮਨੋਰਥ ਵਿੱਚ ਕਾਮਯਾਬ ਹੋ ਜਾਣਗੀਆਂ।

ਐਸਸੀ ਵਰਗ ਦੇ ਸਿਰਮੌਰ ਆਗੂ ਪਰਮਜੀਤ ਕੈਂਥ ਨੇ ਕਿਹਾ ਕਿ ਸੁਪਰੀਮ ਕੋਰਟ ਆਫ ਇੰਡੀਆ ਦੇ 1 ਅਗਸਤ 2024 ਦੇ ਫੈਸਲੇ ਨੇ ਅਨੁਸੂਚਿਤ ਜਾਤੀ ਸਮਾਜ ਨੂੰ ਕ੍ਰੀਮੀ ਲੇਅਰ ਦੇ ਫੈਸਲਾ ਕਰਨ ਤੋਂ ਪਹਿਲਾਂ ਅਨੁਸੂਚਿਤ ਸ਼੍ਰੇਣੀਆਂ ਦੇ ਹਿੱਤਾਂ ਦੀ ਰੱਖਵਾਲੀ ਕਰਨ ਵਾਲੀ ਸੰਵਿਧਾਨਿਕ ਸੰਸਥਾ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨਵੀਂ ਦਿੱਲੀ ਨਾਲ ਕੋਈ ਸਲਾਹ ਮਸ਼ਵਰਾ ਕਰਨਾ ਵੀ ਮੁਨਾਸਬ ਨਹੀ ਸਮਝਿਆ ਗਿਆ ਅਤੇ ਬੜੀ ਹੈਰਾਨੀ ਹੋਈ ਕਿ ਜੋ ਅਧਿਕਾਰ ਪਾਰਲੀਮੈਂਟ ਦਾ ਹੈ ਉਸ ਨੂੰ ਵੀ ਨਜਰਅੰਦਾਜ ਕੀਤਾ ਗਿਆ ਹੈ। "ਕ੍ਰੀਮੀ ਲੇਅਰ ਨੂੰ ਲਾਗੂ ਕਰਨ ਨਾਲ ਨਿਰਪੱਖ ਅਤੇ ਲੋੜੀਂਦੀ ਨੁਮਾਇੰਦਗੀ ਦਾ ਸਿਧਾਂਤ ਕਮਜ਼ੋਰ ਹੋ ਜਾਵੇਗਾ। ਇੱਕ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਇੱਕ ਨਿਸ਼ਚਿਤ ਪੱਧਰ 'ਤੇ ਪਹੁੰਚ ਕੇ ਹੀ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਹੁੰਦੀ ਹੈ।"

**– ਪਰਮਜੀਤ ਸਿੰਘ ਕੈਂਥ 094634-00909, 09464000500**

# ਕੇਂਦਰ ਸਰਕਾਰ ਦਾ ਕੈਬਨਿਟ 'ਚ 'ਕ੍ਰੀਮੀ ਲੇਅਰ' ਅਨੁਸੂਚਿਤ ਜਾਤੀ/ ਜਨ ਜਾਤੀ ਕੋਟੇ 'ਤੇ ਲਾਗੂ ਨਹੀਂ ਹੁੰਦਾ ਦਾ ਫ਼ੈਸਲਾ ਸਵਾਗਤਯੋਗ- ਕੈਂਥ

ਚੰਡੀਗੜ੍ਹ– ਭਾਰਤੀਆ ਜਨਤਾ ਪਾਰਟੀ ਦੇ ਅਨੁਸੂਚਿਤ ਜਾਤੀ/ਜਨਜਾਤੀ ਸਮਾਜ ਦੇ ਸੰਸਦ ਮੈਂਬਰਾਂ ਨਾਲ ਵਿਸ਼ੇਸ਼ ਮੁਲਾਕਤ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਫ਼ਦ ਨੂੰ ਭਰੋਸਾ ਦਿਵਾਇਆ 'ਕ੍ਰੀਮੀ ਲੇਅਰ' ਅਨੁਸੂਚਿਤ ਜਾਤੀ/ ਜਨ ਜਾਤੀ ਕੋਟੇ 'ਤੇ ਲਾਗੂ ਨਹੀਂ ਹੁੰਦਾ ਅਤੇ ਬਾਅਦ ਵਿਚ ਕੇਂਦਰੀ ਮੰਤਰੀ ਮੰਡਲ ਨੇ ਸ਼ੁੱਕਰਵਾਰ ਨੂੰ ਸਪੱਸ਼ਟ ਤੌਰ 'ਤੇ ਜ਼ੋਰ ਦੇ ਕੇ ਕਿਹਾ ਕਿ ਕ੍ਰੀਮੀ ਲੇਅਰ ਦਾ ਸਿਧਾਂਤ ਅਨੁਸੂਚਿਤ ਜਾਤੀਆਂ/ਜਨਜਾਤੀਆਂ ਲਈ ਰਾਖਵੇਂਕਰਨ 'ਤੇ ਲਾਗੂ ਨਹੀਂ ਹੁੰਦਾ ਹੈ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਇੱਕ ਕੈਬਨਿਟ ਬ੍ਰੀਫਿੰਗ ਵਿੱਚ ਇਸ ਦਾ ਐਲਾਨ ਕਰਦੇ ਹੋਏ ਕਿਹਾ ਕਿ ਸੁਪਰੀਮ ਕੋਰਟ ਦੇ ਹਾਲ ਹੀ ਦੇ ਫੈਸਲੇ 'ਤੇ ਵਿਆਪਕ ਚਰਚਾ ਕੀਤੀ ਗਈ ਹੈ। ਸਰਕਾਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੁਆਰਾ ਦਿੱਤੇ ਗਏ ਸੰਵਿਧਾਨਕ ਉਪਬੰਧਾਂ ਪ੍ਰਤੀ ਵਚਨਬੱਧ ਹੈ। ਸੰਵਿਧਾਨ 'ਚ ਐਸਸੀ/ਐਸਟੀ ਲਈ ਰਾਖਵਾਂਕਰਨ ਵਿੱਚ ਕ੍ਰੀਮੀ ਲੇਅਰ ਦੀ ਕੋਈ ਵਿਵਸਥਾ ਨਹੀਂ ਹੈ। ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਸ੍ਰੀ ਵੈਸ਼ਨਵ ਨੇ ਕਿਹਾ, "ਕੈਬਨਿਟ ਦੇ ਫੈਸਲੇ ਦੁਆਰਾ ਚੰਗੀ ਤਰ੍ਹਾਂ ਸੋਚਿਆ ਗਿਆ ਹੈ ਕਿ ਸੰਵਿਧਾਨ ਅਨੁਸਾਰ ਹੈ ਕਿ ਐਸਸੀ/ਐਸਟੀ ਲਈ ਰਾਖਵਾਂਕਰਨ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।"

ਨੈਸ਼ਨਲ ਸ਼ਡਿਊਲਡ ਕਾਸਟਸ਼ ਅਲਾਇੰਸ ਨੇ ਇਸ ਗੰਭੀਰ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਕਿ ਸੁਪਰੀਮ ਕੋਰਟ ਆਫ ਇੰਡੀਆ ਦੇ ਫੈਸਲੇ ਨੇ ਅਨੁਸੂਚਿਤ ਜਾਤੀ ਸਮਾਜ ਨੂੰ ਕ੍ਰੀਮੀ ਲੇਅਰ ਦੇ ਮੁੱਦੇ ਨੇ ਹੈਰਾਨ-ਪ੍ਰੇਸ਼ਾਨ ਅਤੇ ਚਿੰਤਾਗ੍ਰਸਤ ਕਰ ਦਿੱਤਾ ਹੈ।ਇਸ ਫੈਸਲੇ ਨਾਲ ਅਨੁਸੂਚਿਤ ਵਰਗ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ ਹੈ।ਕਿਉਂਕਿ ਮਹੱਤਵਪੂਰਣ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਸਾਹਮਣੇ ਕ੍ਰੀਮੀ ਲੇਅਰ ਦਾ ਕੋਈ ਮੁੱਦਾ ਹੈ ਹੀ ਨਹੀਂ ਸੀ। ਅਨੁਸੂਚਿਤ ਜਾਤਾਂ ਦੇ ਹਿੱਤਾ ਦੀ ਲੜਾਈ ਲੜਨ ਵਾਲੀ ਇੱਕੋ ਇੱਕ ਜਥੇਬੰਦੀ ਨੈਸ਼ਨਲ ਸ਼ਡਿਊਲਡ ਕਾਟਸਸ਼ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦਾ ਕੈਬਨਿਟ ਵਿੱਚ 'ਕ੍ਰੀਮੀ ਲੇਅਰ' ਅਨੁਸੂਚਿਤ ਜਾਤੀ/ ਜਨ ਜਾਤੀ ਕੋਟੇ 'ਤੇ ਲਾਗੂ ਨਹੀਂ ਦਾ ਫ਼ੈਸਲਾ ਸਵਾਗਤਯੋਗ ਹੈ।

ਸੰਸਦ ਮੈਂਬਰਾਂ ਦੇ ਵਫਦ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਚਾਰ ਜੱਜਾਂ ਦੀ ਰਾਏ 'ਤੇ ਵਿਚਾਰ ਨਾ ਕਰਨ ਦੀ ਬੇਨਤੀ ਕੀਤੀ ਸੀ, ਜਿਨ੍ਹਾਂ ਨੇ 'ਕ੍ਰੀਮੀ ਲੇਅਰ' ਦੀ ਵਕਾਲਤ ਕੀਤੀ ਸੀ। ਸ੍ਰ ਕੈਂਥ ਨੇ ਕਿਹਾ ਕਿ ਇੰਦਰਾ ਸਾਹਿਨੀ ਕੇਸ ਦਾ ਫੈਸਲਾ ਪੱਛੜਿਆਂ ਸ਼੍ਰੇਣੀਆਂ ਨਾਲ ਸਬੰਧਤ ਹੋਣ ਕਾਰਨ ਉਸ ਕੇਸ ਦਾ ਅਨੁਸੂਚਿਤ ਸ਼੍ਰਣੀਆਂ 'ਤੇ ਥੋਪਣਾ ਸਰਾਸਰ ਧੱਕਾ ਸੀ।ਅਨੁਸੂਚਿਤ ਜਾਤੀਆਂ ਨੂੰ ਮਿਲੇ ਸੰਵਿਧਾਨਕ ਅਧਿਕਾਰਾਂ ਦੀ ਵਿਵਸਥਾ ਵਿੱਚ ਕ੍ਰੀਮੀ ਲੇਅਰ ਬਾਰੇ ਕੋਈ ਵਿਵਸਥਾ ਨਹੀਂ ਹੈ,ਜਾਣਬੁੱਝ ਕੇ ਇੱਕ ਸ਼ਜਿਸ ਦੇ ਤਹਿਤ ਅਜਿਹਾ ਕਰਨ ਦਾ ਕੋਝਾ ਤੇ ਨਾਕਾਮਯਾਬ ਉਪਰਾਲਾ ਕੀਤਾ ਜਾ ਰਿਹਾ ਸੀ ਜੋ ਸਰਾਸਰ ਗਲਤ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਬੁੱਧ ਵਿਹਾਰ ਸੋਫੀ ਪਿੰਡ ਬਾਰੇ ਜਾਣਕਾਰੀ












**ਜਲੰਧਰ–** ਬੁੱਧ ਵਿਹਾਰ ਸੋਫੀ ਪਿੰਡ ਪੰਜਾਬ ਦੇ ਪਹਿਲੇ 3-4 ਬੁੱਧ ਵਿਹਾਰਾਂ ਵਿਚੋਂ ਇਕ ਹੈ, ਜਿਸ ਦੀ ਸਥਾਪਨਾ 19 ਅਕਤੂਬਰ 1997 ਨੂੰ ਮੁੱਖ ਮਹਿਮਾਨ ਸ੍ਰੀ ਰਤਨ ਲਾਲ ਸਾਂਪਲਾ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤੀ ਗਈ ਸੀ। ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਜਲੰਧਰ ਵੱਲੋਂ ਕਰਵਾਏ ਗਏ ਦੀਖਸਾ ਭੂਮੀ ਨਾਗਪੁਰ ਨੂੰ ਸਮਰਪਿਤ ਪ੍ਰੋਗਰਾਮ ਵਿਚ ਇਸ ਬੁੱਧ ਵਿਹਾਰ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਇੰਗਲੈਂਡ, ਕੈਨੇਡਾ, ਅਮਰੀਕਾ, ਇਟਲੀ, ਜਰਮਨੀ ਅਤੇ ਭਾਰਤ ਤੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਹ ਬੁੱਧ ਵਿਹਾਰ ਬਣਾਇਆ ਗਿਆ, ਜਿਸ ਦੀਆਂ ਵਧੀਆ ਗਤੀਵਿਧੀਆਂ ਕਰਕੇ ਇਹ ਬੁੱਧ ਵਿਹਾਰ ਵਿਸ਼ਵ ਵਿਚ ਪ੍ਰਸਿੱਧ ਹੈ। ਪ੍ਰੋਫੈਸਰ ਗਿਆਨ ਚੰਦਰ ਕੌਲ ਚੇਅਰਮੈਨ ਅਤੇ ਹੁਣ ਜਨਰਲ ਸਕੱਤਰ ਅੰਬੇਡਕਰ ਭਵਨ ਟਰੱਸਟ ਜਲੰਧਰ ਆਪਣੇ ਭਾਸ਼ਣਾਂ ਵਿਚ ਸੋਫੀ ਪਿੰਡ ਨੂੰ ਅੰਬੇਡਕਰੀਆਂ ਦੀ ਨਰਸਰੀ ਆਖਿਆ ਕਰਦੇ ਹਨ। ਇਸ ਲਈ ਅੰਬੇਡਕਰੀਆਂ ਦੇ ਪਿੰਡ ਵਿਚ ਬੁੱਧ ਵਿਹਾਰ ਦਾ ਹੋਣਾ ਵੀ ਕੁਦਰਤੀ ਗੱਲ ਹੈ। ਸਾਡੇ ਬੁੱਧ ਵਿਹਾਰ ਵਿਚ ਤਥਾਗਤ ਬੁੱਧ ਦੀ ਮੂਰਤੀ ਥਾਈਲੈਂਡ ਦੇ ਇਕ ਦਾਨੀ ਸੱਜਣ ਨੇ ਭੇਜੀ ਸੀ।

ਇਸ ਦੀ ਸਥਾਪਨਾ ਸਮੇਂ ਛੇ ਭਿਖਸ਼ੂ, ਜਿਹਨਾਂ ਵਿਚ ਭਿਖਸ਼ਣੀ ਪੂਰਨਿਮਾ ਜੀ ਵੀ ਹਾਜ਼ਰ ਸਨ ਅਤੇ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਹਾਜ਼ਰੀ ਵਿਚ ਇਸ ਮੂਰਤੀ ਦੀ ਸਥਾਪਨਾ ਕੀਤੀ ਗਈ ਸੀ। ਇਹ ਬੁੱਧ ਵਿਹਾਰ ਹਰ ਐਤਵਾਰ ਨੂੰ ਖੁੱਲ੍ਹਦਾ ਹੈ, ਜਿਸ ਵਿਚ ਬਹੁਤ ਵੱਡੀ ਲਾਇਬ੍ਰੇਰੀ ਹੈ। ਇੱਥੇ ਫ੍ਰੀ ਡਿਸਪੈਂਸਰੀ ਵੀ ਹੈ, ਜਿੱਥੇ ਡਾਕਟਰਾਂ ਵੱਲੋ ਜ਼ਰੂਰਤਮੰਦਾਂ ਨੂੰ ਮੁਫਤ ਚੈਕ ਕਰਕੇ ਮੁਫਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਡਾ. ਗੁਰਪਾਲ ਚੌਹਾਨ, ਡਾ. ਅਵਿਨਾਸ਼ ਚੰਦਰ ਸੌਂਧੀ, ਡਾ. ਗਿਆਨ ਚੰਦ ਪਾਲ ਅਤੇ ਡਾ. ਜਸਵੰਤ ਰਾਏ ਫਰੀ ਸੇਵਾ ਕਰਦੇ ਹਨ। ਇਸ ਬੁੱਧ ਵਿਹਾਰ ਵਿਚ ਜਾਪਾਨ ਦੇ ਭਿਖਸ਼ੂ ਤੇਰਾ ਸਾਬਾਂ ਜੀ, ਵੀਅਤਨਾਮ ਦੇ ਭਿਖਸ਼ੂ ਥਿਚਨਾਚਨ ਭਿਖਸ਼ੂ ਚੰਦਰਬੋਧੀ ਅਤੇ ਕੋਰੀਆ ਤੇ ਨੇਪਾਲ ਦੇ ਭਿਖਸ਼ੂ ਆ ਚੁੱਕੇ ਹਨ। ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਦੇ ਪ੍ਰਧਾਨ ਸ੍ਰੀ ਰੂਪ ਲਾਲ ਅਤੇ ਜਨਰਲ ਸਕੱਤਰ ਐਡਵੋਕੇਟ ਹਰਭਜਨ ਸਾਂਪਲਾ ਅਤੇ ਖਜਾਨਚੀ ਸ੍ਰੀ ਲੈਂਬਰ ਰਾਮ ਜੀ ਹਨ। ਮਾਣਯੋਗ ਭਿਖਸੂ ਚੰਦਰ ਕੀਰਤੀ ਇਥੇ ਰੈਗੂਲਰ ਆਉਂਦੇ ਹਨ ਅਤੇ ਕੰਪਿਊਟਰ ਟਰੇਨਿੰਗ ਵੀ ਦਿੱਤੀ ਜਾਂਦੀ ਹੈ। ਸ੍ਰੀ ਸੋਢੀ ਲਾਲ ਬੋਧੀ ਵੀ ਪ੍ਰਧਾਨ ਰਹਿ ਚੁੱਕੇ ਹਨ। ਸੋਫੀ ਪਿੰਡ ਪਹੁੰਚਣ ਲਈ ਰਾਮਾ ਮੰਡੀ ਜਲੰਧਰ ਛਾਉਣੀ ਤੋਂ ਰਸਤਾ 2 ਕਿਲੋਮੀਟਰ ਦੀ ਦੂਰੀ 'ਤੇ ਹੈ। ਬੱਚਿਆਂ ਤੇ ਨੌਜਵਾਨਾਂ ਨੂੰ ਬੁੱਧ ਧੰਮ ਦੀ ਸਿੱਖਿਆ ਵਿਸ਼ੇਸ਼ ਤੌਰ 'ਤੇ ਦਿੱਤੀ ਜਾਂਦੀ ਹੈ।

**– ਐਡਵੋਕੇਟ ਹਰਭਜਨ ਸਾਂਪਲਾ**


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਉੱਘੇ ਅੰਬੇਡਕਰੀ ਅਤੇ ਸਮਾਜਿਕ ਕਾਰਕੁਨ ਡਾ. ਰਾਮ ਲਾਲ ਜੱਸੀ ਦਾ ਸ਼ਰਧਾਂਜਲੀ ਸਮਾਰੋਹ











**ਜਲੰਧਰ–** ਇਤਿਹਾਸਿਕ ਸਥਾਨ ਅੰਬੇਡਕਰ ਭਵਨ ਜਲੰਧਰ ਦੇ ਸੀਨੀਅਰ ਟਰੱਸਟੀ, ਪ੍ਰਬੁੱਧ ਭਾਰਤ ਫਾਊਂਡੇਸ਼ਨ ਫਗਵਾੜਾ ਦੇ ਸਰਪ੍ਰਸਤ, ਉੱਘੇ ਅੰਬੇਡਕਰਵਾਦੀ ਅਤੇ ਰਾਜਨੀਤੀ ਦੇ ਸਿਰਮੌਰ ਨੇਤਾ ਡਾ। ਰਾਮ ਲਾਲ ਜੱਸੀ ਦੇ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਪ੍ਰਬੁੱਧ ਭਾਰਤ ਫਾਉਂਡੇਸ਼ਨ ਵੱਲੋਂ ਮਿਲਨ ਪੈਲਸ, ਜੀਟੀ ਰੋਡ , ਗੋਰਾਇਆ ਵਿਖੇ ਆਯੋਜਿਤ ਕੀਤਾ ਗਿਆ। ਆਪਣੇ ਸਤਿਕਾਰਤ ਨੇਤਾ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਅੰਬੇਡਕਰ ਭਵਨ ਟਰੱਸਟ (ਰਜਿ.), ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.), ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ, ਸੱਚ ਫਾਊਂਡੇਸ਼ਨ ਹੁਸ਼ਿਆਰਪੁਰ, ਧੱਮਾ ਫੈਡਰੇਸ਼ਨ ਫਿਲੌਰ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਮੈਂਬਰ, ਰਾਜਨੀਤਿਕ ਆਗੂ ਅਤੇ ਬਹੁਤ ਭਾਰੀ ਗਿਣਤੀ ਵਿੱਚ ਡਾ। ਰਾਮ ਲਾਲ ਜੱਸੀ ਦੇ ਸ਼ਰਧਾਲੂ ਸਮਾਰੋਹ ਵਿੱਚ ਪਹੁੰਚੇ। ਪੰਜਾਬ ਦੇ ਪ੍ਰਸਿੱਧ ਤਕਸ਼ਲਾ ਮਹਾ ਬੁੱਧ ਵਿਹਾਰ ਲੁਧਿਆਣਾ ਤੋਂ ਆਏ ਮਾਨਯੋਗ ਭਿੱਖੂ ਸੰਘ ਦੀ ਹਾਜ਼ਰੀ ਵਿੱਚ ਮਾਨਯੋਗ ਭੰਤੇ ਪ੍ਰਗਿਆ ਬੋਧੀ ਜੀ ਨੇ ਧੱਮ ਦੇਸ਼ਨਾ ਦਿੱਤੀ ਅਤੇ ਡਾ. ਜੱਸੀ ਜੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਭੰਤੇ ਪ੍ਰਗਿਆ ਬੋਧੀ ਜੀ ਨੇ ਡਾ। ਜੱਸੀ ਦੇ ਪਰਿਵਾਰ ਨੂੰ ਅਤੇ ਹੋਰ ਸਾਰੇ ਭਾਗੀਦਾਰਾਂ ਨੂੰ ਆਸ਼ੀਰਵਾਦ ਦਿੱਤਾ। ਧੱਮਾਚਾਰੀ ਵੱਜਰ ਧਵੱਜ ਨੇ ਵੀ ਪ੍ਰਵਚਨ ਕੀਤੇ ਅਤੇ ਡਾ. ਜੱਸੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਡਾ. ਰਜਿੰਦਰ ਥਿੰਦ ਨੇ ਮਾਨਯੋਗ ਡਾ। ਰਾਮ ਲਾਲ ਜੱਸੀ ਜੀ ਦੇ ਜੀਵਨ ਸੰਘਰਸ਼ ਬਾਰੇ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਸਭ ਨੂੰ ਜਾਣੂ ਕਰਵਾਇਆ। ਡਾ। ਜੱਸੀ ਦੀ ਪੋਤੀ ਮਿਸ ਵੰਦਨਾ ਰਾਹੁਲ ਨੇ ਆਪਣੇ ਦਾਦਾ ਜੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਅੰਬੇਡਕਰ ਭਵਨ ਟਰੱਸਟ ਦੇ ਵਾਈਸ ਪ੍ਰੈਜੀਡੈਂਟ ਅਤੇ ਵਿਦਵਾਨ ਡਾ। ਸੁਰਿੰਦਰ ਅਜਨਾਤ ਨੇ ਡਾ। ਰਾਮ ਲਾਲ ਜੱਸੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਡਾ। ਜੱਸੀ ਇੱਕ ਵਿਦਵਾਨ, ਤਰਕਸ਼ੀਲ, ਬੁੱਧੀਜੀਵੀ ਅਤੇ ਨਿਧੜਕ ਬੁਲਾਰੇ ਸਨ। ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਵਿੱਚ ਲਾਇਆ। ਉਹ ਇੱਕ ਸਮਰਪਿਤ ਅੰਬੇਡਕਰੀ ਸਨ। ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਡਾ. ਜੱਸੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਆਪਣੇ ਭਾਸ਼ਣ ਵਿੱਚ ਡਾ. ਜੱਸੀ ਨਾਲ ਲਗਭਗ ਛੇ ਦਹਾਕਿਆਂ ਤੋਂ ਅੰਬੇਡਕਰੀ ਵਿਚਾਰਧਾਰਾ ਲਈ ਨਿਰੰਤਰ ਕਾਰਜਸ਼ੀਲ ਹੋਣ ਦੀ ਸਾਂਝ ਦਾ ਜਿਕਰ ਕਰਦਿਆਂ ਕਿਹਾ ਕਿ ਅੰਬੇਡਕਰੀ ਅੰਦੋਲਨ ਦੇ ਸ਼ੁਰੂਆਤੀ ਦਿਨਾਂ ਵਿੱਚ ਸ੍ਰੀ ਲਹੌਰੀ ਰਾਮ ਬਾਲੀ ਜੀ ਨਾਲ ਰਲ ਕੇ ਪਾਏ ਗਏ ਉਨ੍ਹਾਂ ਦੇ ਇਤਿਹਾਸਿਕ ਯੋਗਦਾਨ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਸਾਬਕਾ ਮੈਂਬਰ-ਪਾਰਲੀਮੈਂਟ ਸ਼੍ਰੀ ਸ਼ਮਸ਼ੇਰ ਸਿੰਘ ਦੁੱਲੋ ਨੇ ਕਿਹਾ ਕਿ ਡਾ। ਜੱਸੀ ਨੂੰ ਸਮਾਜਿਕ ਅਤੇ ਸਿਆਸੀ ਮਸਲਿਆਂ ਦੀ ਡੂੰਘੀ ਸੂਝ ਸੀ। ਉਨ੍ਹਾਂ ਨੇ ਅੰਬੇਡਕਰੀ ਵਿਚਾਰਧਾਰਾ ਦਾ ਡੂੰਘਾ ਅਧਿਅਨ ਕੀਤਾ ਹੋਇਆ ਸੀ। ਅਸੀਂ ਕਈ ਮਸਲਿਆਂ ਤੇ ਉਨ੍ਹਾਂ ਦੇ ਹੱਲ ਸਬੰਧੀ ਉਨ੍ਹਾਂ ਤੋਂ ਅਗਵਾਈ ਲੈਂਦੇ ਰਹੇ ਹਾਂ। ਸੱਚ ਫਾਊਂਡੇਸ਼ਨ ਤੋਂ ਐਡਵੋਕੇਟ ਰਣਜੀਤ ਕੁਮਾਰ ਜੋ ਡਿਸਟਰਿਕਟ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ ਹਨ, ਨੇ ਕਿਹਾ ਕਿ ਡਾ। ਜੱਸੀ ਇੱਕ ਸਮਰਪਿਤ ਅੰਬੇਡਕਰੀ ਅਤੇ ਸੂਝਵਾਨ ਨੇਤਾ ਸਨ। ਇਨ੍ਹਾਂ ਤੋਂ ਇਲਾਵਾ ਸਾਬਕਾ ਵਿਧਾਇਕ ਪਵਨ ਟੀਨੂ, ਐਡਵੋਕੇਟ ਸੰਜੀਵ ਭੋਰਾ ਅਤੇ ਬੀਬੀ ਸੰਤੋਸ਼ ਕੁਮਾਰੀ ਨੇ ਵੀ ਡਾ. ਜੱਸੀ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਬੀਐਸਪੀ ਆਗੂ ਪ੍ਰਵੀਨ ਬੰਗਾ ਨੇ ਡਾ। ਰਾਮ ਲਾਲ ਜੱਸੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਪਰਿਵਾਰ ਵੱਲੋਂ ਸ਼ਰਧਾਂਜਲੀ ਸਮਾਰੋਹ ਵਿੱਚ ਆਏ ਹੋਏ ਸਾਰੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਡਾ। ਰਜਿੰਦਰ ਥਿੰਦ ਅਤੇ ਐਡਵੋਕੇਟ ਇੰਦਰਜੀਤ ਕਾਜਲਾ ਨੇ ਕੀਤਾ। ਸ਼ਰਧਾਂਜਲੀ ਸਮਾਰੋਹ ਵਿੱਚ ਸਰਬ ਸ਼੍ਰੀ ਹਰਮੇਸ਼ ਜੱਸਲ, ਪ੍ਰਭ ਦਿਆਲ ਰਾਮ-ਪੁਰ, ਬਲਦੇਵ ਰਾਜ ਭਾਰਦਵਾਜ, ਨਿਰਮਲ ਬਿਨਜੀ, ਪਿਛੌਰੀ ਲਾਲ ਸੰਧੂ, ਰਾਮ ਲਾਲ ਦਾਸ, ਹਰਭਜਨ ਨਿਮਤਾ, ਜੋਤੀ ਪ੍ਰਕਾਸ਼, ਅਮਜਦ ਬੇਗ, ਨਰਿੰਦਰ ਲੇਖ, ਰਾਜਿੰਦਰ ਮਹੇ, ਗੁਰਦਿਆਲ ਜੱਸਲ ਕੁਲਦੀਪ ਭੱਟੀ, ਸਨੀ ਥਾਪਰ, ਵਰਿੰਦਰ ਕੁਮਾਰ, ਇੰਜੀਨੀਅਰ ਜਸਵੰਤ ਰਾਏ, ਡਾ. ਐਸ ਪੀ ਸਿੰਘ, ਡਾ. ਸੁਰਿੰਦਰ ਕੁਮਾਰ, ਸੋਹਣ ਸਹਿਜਲ, ਘਣਸ਼ਾਮ ਅਤੇ ਭਾਰੀ ਸੰਖਿਆ ਵਿੱਚ ਜੱਸੀ ਪਰਿਵਾਰ ਦੇ ਰਿਸ਼ਤੇਦਾਰ, ਦੋਸਤ-ਮਿੱਤਰ ਅਤੇ ਪੰਜਾਬ ਭਰ ਤੋਂ ਉਨ੍ਹਾਂ ਦੇ ਸਨੇਹੀ ਸ਼ਾਮਿਲ ਹੋਏ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ।) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇਕ ਪ੍ਰੈਸ ਬਿਆਨ ਰਾਹੀਂ ਦਿੱਤੀ।

HAPPY BAZAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਮਾਣਯੋਗ ਦਰੋਪਦੀ ਮੁਰਮੂ ਨੇ ਗਵਰਨਰ ਜਨਰਲ ਅਤੇ ਪ੍ਰਧਾਨ ਮੰਤਰੀ ਨਾਲ ਕੀਤੀ ਮਿਲਣੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤ ਦੀ ਰਾਸ਼ਟਰਪਤੀ ਮਾਣਯੋਗ ਦਰੋਪਦੀ ਮੁਰਮੂ ਤਿੰਨ ਦਿਨਾਂ ਨਿਊਜ਼ੀਲੈਂਡ ਦੌਰੇ ਉਤੇ ਬੀਤ ਰਾਤ ਫੀਜ਼ੀ ਤੋਂ ਔਕਲੈਂਡ ਪਹੁੰਚੇ ਸਨ। ਭਾਰਤੀ ਹਾਈ ਕਮਿਸ਼ਨਰ ਸ੍ਰੀਮਤੀ ਨੀਤਾ ਭੂਸ਼ਣ ਅਤੇ ਦੇਸ਼ ਦੇ ਵਪਾਰ ਮੰਤਰੀ ਸ੍ਰੀ ਟੌਡ ਮੈਕਲੇ ਨੇ ਉਨ੍ਹਾਂ ਦਾ ਸਵਾਗਤ ਕੀਤਾ ਸੀ। ਅੱਜ ਰਾਜਧਾਨੀ ਵਲਿੰਗਟਨ ਵਿਖੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਕ੍ਰਿਸਟੋਫਰ ਲਕਸਨ ਅਤੇ ਗਵਰਨਰ ਜਨਰਲ ਮੈਡਮ ਸਿੰਡੀ ਕਿਰੋ ਮਿਲੇ। ਦੇਸ਼ ਦੀ ਗਵਰਨਰ ਜਨਰਲ ਸਿੰਡ ਕਿਰੋ ਦੇ ਨਾਲ ਉਨ੍ਹਾਂ ਨੱਕ ਦੇ ਨਾਲ ਨੱਕ ਦਬਾ ਕੇ (ਹੌਂਗੀ) ਸਾਹਾਂ ਦੀ ਸਾਂਝ ਪਾਈ। 'ਹੌਂਗੀ' ਇੱਕ ਪਰੰਪਰਾਗਤ ਮਾਓਰੀ ਤਰੀਕੇ ਨਾਲ ਸ਼ੁਭਕਾਮਨਾਵਾਂ ਦੇਣ ਵਾਲੀ ਰਸਮ ਹੈ। ਇਸਦਾ ਭਾਵ ਸਾਹਾਂ ਨੂੰ ਸਾਂਝਾ ਕਰਨਾ ਹੈ, ਇਹ ਰਸਮ ਦੋ ਲੋਕਾਂ ਦੁਆਰਾ ਇਕੱਠੇ ਨੱਕ ਦਬਾ ਕੇ ਕੀਤੀ ਜਾਂਦੀ ਹੈ। ਗਵਰਨਰ ਹਾਊਸ ਵਿਖੇ ਉਨ੍ਹਾਂ ਦਾ ਰਸਮੀ ਸਵਾਗਤ 'ਰਾਇਲ ਗਾਰਡ ਆਫ ਆਨਰ' ਨਾਲ ਕੀਤਾ ਗਿਆ। ਮਾਓਰੀ ਹਾਕਾ ਕੀਤਾ ਗਿਆ।

ਵਲਿੰਗਟਨ ਰੇਲਵੇ ਸਟੇਸ਼ਨ 'ਤੇ ਲੱਗੇ ਹੋਏ ਮਹਾਤਮਾ ਗਾਂਧੀ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮੁਰਮੂ ਨੇ ਨਿਊਜ਼ੀਲੈਂਡ ਵਿੱਚ ਆਪਣੇ ਪਹਿਲੇ ਭਾਸ਼ਣ ਵਿੱਚ 'ਭਾਰਤੀ ਵਿਦਿਆਰਥੀਆਂ ਦੀ ਸਵੀਕ੍ਰਿਤੀ' ਵੱਲ ਇਸ਼ਾਰਾ ਕੀਤਾ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਭਾਰਤੀ ਵਿਦਿਆਰਥੀਆਂ ਦੇ ਨਿਊਜ਼ੀਲੈਂਡ ਦੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਵਾਧਾ ਕਰਨ ਦੇ ਮੁੱਲ ਨੂੰ ਰੇਖਾਂਕਿਤ ਕੀਤਾ ਕਿਉਂਕਿ ਉਸਨੇ ਦੋਵਾਂ ਦੇਸ਼ਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਮਿਲ ਕੇ ਕੰਮ ਜਾਰੀ ਰੱਖਣ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਭਾਰਤੀ ਮਾਪੇ ਆਪਣੇ ਬੱਚਿਆਂ ਲਈ ਸਭ ਤੋਂ ਵਧੀਆ ਸਿੱਖਿਆ ਦੀ ਇੱਛਾ ਰੱਖਦੇ ਹਨ... 8,000 ਭਾਰਤੀ ਵਿਦਿਆਰਥੀ ਨਿਊਜ਼ੀਲੈਂਡ ਵਿੱਚ ਵੱਖ-ਵੱਖ ਕੋਰਸ ਕਰ ਰਹੇ ਹਨ, ਜਿਸ ਨਾਲ ਇਹ ਇੱਥੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਦੂਜਾ ਸਭ ਤੋਂ ਵੱਡਾ ਸਮੂਹ ਬਣ ਗਿਆ ਹੈ। ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਕੱਲ੍ਹ ਸ਼ਾਮ ਉਹ ਭਾਰਤੀ ਭਾਈਚਾਰੇ ਦੇ ਨਾਲ ਮਿਲਣੀ ਕਰਨਗੇ।

ਨਿਊਜ਼ੀਲੈਂਡ ਦੌਰੇ ਤੋਂ ਬਾਅਦ ਉਹ ਫਿਰ ਤਿਮੋਰ ਲੈਸਟੇ (ਟਾਪੂ ਦੇਸ਼) ਲਈ ਰਵਾਨਾ ਹੋਣਗੇ। ਵਰਨਣਯੋਗ ਹੈ ਕਿ ਹੁਣ ਤੱਕ ਦੇ ਇਤਿਹਾਸ ਵਿਚ ਉਹ ਭਾਰਤ ਦੇ ਦੂਜੇ ਰਾਸ਼ਟਰਪਤੀ ਹਨ, ਜੋ ਇਥੇ ਆਏ ਹਨ। ਇਸ ਤੋਂ ਪਹਿਲਾਂ 2016 ਦੇ ਵਿਚ ਭਾਰਤ ਦੇ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਇਥੇ ਆਏ ਸਨ।







# ਮਾਣਯੋਗ ਦਰੋਪਦੀ ਮੁਰਮੂ ਨੇ ਔਕਲੈਂਡ ਵਸਦੇ ਭਾਰਤੀ ਭਾਈਚਾਰੇ ਨੂੰ ਕੀਤਾ ਸੰਬੋਧਨ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤ ਦੀ ਰਾਸ਼ਟਰਪਤੀ ਮਾਣਯੋਗ ਦਰੋਪਦੀ ਮੁਰਮੂ ਨੇ ਆਪਣੇ ਤਿੰਨ ਦਿਨਾਂ ਦੌਰੇ ਦੇ ਆਖਰੀ ਦਿਨ ਔਕਲੈਂਡ ਵਿਖੇ ਇਕ ਹੋਏ 'ਕਮਿਊਨਿਟੀ ਰਿਸੈਪਸ਼ਨ' ਸਮਾਗਮ ਦੇ ਵਿਚ ਭਾਰਤੀਆਂ ਦੇ ਲਗਪਗ 500 ਮੈਂਬਰਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਦੇ ਨਾਲ ਘੱਟ ਗਿਣਤੀ ਮੰਤਰਾਲੇ ਦੇ ਮੰਤਰੀ ਸ੍ਰੀ ਜਾਰਜ਼ ਕੁਰੀਅਨ ਅਤੇ ਦੋ ਹੋਰ ਸੰਸਦ ਮੈਂਬਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਭਾਰਤੀ ਨ੍ਰਿਤ ਮੰਡਲੀਆਂ ਦੇ ਨਾਲ ਹੋਈ। ਰਾਸ਼ਟਰਪਤੀ ਦੇ ਪਹੁੰਚਣ ਦੇ ਬਾਅਦ ਦੋਹਾਂ ਦੇਸ਼ਾਂ ਦੇ ਰਾਸ਼ਟਰੀ ਗੀਤ ਦਾ ਸੰਗੀਤ ਵਜ-ਾਇਆ ਗਿਆ। ਸਮਾਗਮ ਨੂੰ ਸਭ ਤੋਂ ਪਹਿਲਾਂ ਭਾਰਤੀ ਹਾਈ ਕਮਿਸ਼ਨਰ ਸ੍ਰੀਮਤੀ ਨੀਤਾ ਭੂਸ਼ਣ ਨੇ ਸੰਬੋਧਨ ਕੀਤਾ। ਇਸ ਤੋਂ ਬਾਅਦ ਰਾਸ਼ਟਰਪਤੀ ਸ੍ਰੀਮਤੀ ਮਾਣਯੋਗ ਦਰੋਪਦੀ ਨੇ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਰੇ ਲਈ ਖੁਸ਼ੀ ਅਤੇ ਸਨਮਾਨ ਵਾਲੀ ਗੱਲ ਹੈ ਕਿ ਮੈਂ ਨਿਊਜ਼ੀਲੈਂਡ ਵਸਦੇ ਭਾਈਚਾਰੇ ਦੇ ਵਿਚ ਅੱਜ ਖੜੀ ਹਾਂ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦੇ ਸਾਹਸ ਅਤੇ ਉਪਲਬਧੀਆਂ ਦੇ ਲਈ ਉਹ ਕੁਰਬਾਨ ਜਾਂਦੀ ਹੈ। ਉਨ੍ਹਾਂ ਆਪਣੇ ਸੰਬੋਧਨ ਵਿਚ ਨਿਊਜ਼ੀਲੈਂਡ ਦੇ ਸਾਬਕਾ ਗਵਰਨਰ ਜਨਰਲ ਅਨੰਦ ਸੱਤਿਆਨੰਦ ਦਾ ਜ਼ਿਕਰ ਕੀਤਾ ਅਤੇ ਮਾਊਂਟ ਐਵਰੈਸਟ ਦੀ ਚੋਟੀ ਸਰ ਕਰਨ ਵਾਲੇ ਭਾਰਤ ਸਰਕਾਰ ਵੱਲੋਂ ਮਰਨੋ ਉਪਰੰਤ ਪਦਮ ਵਿਭੂਸ਼ਣ ਨਾਲ ਸਨਮਾਨਿਤ ਨਿਊਜ਼ੀਲੈਂਡ ਦੇ ਐਡਮੰਡ ਹਿਲੈਰੀ ਨੂੰ ਵੀ ਯਾਦ ਕੀਤਾ। ਉਨ੍ਹਾਂ ਨਿਊਜ਼ੀਲੈਂਡ-ਭਾਰਤ ਦਰਮਿਆਨ ਸਿਖਿਆ ਅਤੇ ਵਪਾਰ ਦੀ ਗੱਲਬਾਤ ਕੀਤੀ। ਉਨ੍ਹਾਂ 1926 ਦੇ ਵਿਚ ਇੰਡੀਆ ਤੋਂ ਨਿਊਜ਼ੀਲੈਂਡ ਆਉਣ ਵਾਲੀ ਪਹਿਲੀ ਇੰਡੀਅਨ ਆਰਮੀ ਹਾਕੀ ਟੀਮ ਦਾ ਜ਼ਿਕਰ ਵੀ ਕੀਤਾ। ਇਸ ਟੀਮ ਦੇ ਵਿਚ ਸਟਾਰ ਪਲੇਅਰ ਧਿਆਨ ਚੰਦ ਸਨ। ਵਰਨਣਯੋਗ ਹੈ ਕਿ 1901 ਦੇ ਵਿਚ ਇਥੇ ਸਿਰਫ 24 ਭਾਰਤੀ ਸਨ ਅਤੇ 1936 ਦੇ ਵਿਚ 1200 ਭਾਰਤੀ ਸਨ। ਰਾਸ਼ਟਰਪਤੀ ਨੇ ਐਲਾਨ ਕੀਤਾ ਕਿ ਔਕਲੈਂਡ ਵਿਖੇ ਭਾਰਤ ਦਾ ਦੂਜਾ ਸਫਾਰਤਖਾਨਾ ਜਲਦੀ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਜਲਦੀ ਹੀ ਦੁਨੀਆ ਦੀ ਤੀਜੀ ਵੱਡੀ ਆਰਥਿਕ ਸ਼ਕਤੀ ਬਨਣ ਵਾਲਾ ਹੈ। ਉਨ੍ਹਾਂ ਆਖਿਰ ਵਿਚ ਅਪੀਲ ਕੀਤੀ ਕਿ ਆਈ ਰਲ ਕੇ ਭਾਰਤ ਅਤੇ ਨਿਊਜ਼ੀਲੈਂਡ ਦਾ ਨਾਂਅ ਰੌਸ਼ਨ ਕਰੋ।




## ਆਜਾਦੀ ਦਿਹਾੜੇ ਨੂੰ ਧਿਆਨ 'ਚੋਂ ਰੱਖਦਿਆਂ ਜਿਲ੍ਹਾ ਮੈਜਿਸਟਰੇਟ ਵੱਲੋਂ 15 ਅਗਸਤ ਨੂੰ ਕੀਤਾ ਡਰਾਈ ਡੇ ਘੋਸਿਤ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸੁਤੰਤਰਤਾ ਦਿਵਸ 15 ਅਗਸਤ 2024 ਦਾ ਸਮਾਗਮ ਪੂਰੇ ਭਾਰਤ ਵਿੱਚ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਦਿਨ ਲੋਕਾਂ ਵੱਲੋਂ ਸ਼ਰਾਬ ਦੀ ਵਰਤੋਂ ਕਰਨ ਉਪਰੰਤ ਲੜਾਈ-ਝਗੜਾ ਕਰਨ ਕਰਕੇ ਅਮਨ-ਕਾਨੂੰਨ ਦੀ ਸਥਿਤੀ ਭੰਗ ਹੋਣ ਦਾ ਅੰਦੇਸ਼ਾ ਹੋ ਸਕਦਾ ਹੈ। ਇਸ ਲਈ ਸੁਤੰਤਰਤਾ ਦਿਵਸ ਸ਼ਾਂਤੀ ਪੂਰਵਕ ਮਨਾਉਣ ਲਈ ਡਰਾਈ ਡੇਅ ਘੋਸ਼ਿਤ ਕਰਨਾ ਜਰੂਰੀ ਹੈ। ਸ੍ਰੀ ਅਦਿੱਤਿਆ ਉੱਪਲ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ ਨੇ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਪਠਾਨਕੋਟ ਅੰਦਰ ਸੁਤੰਤਰਤਾ ਦਿਵਸ (ਮਿਤੀ 15.08.2024) ਨੂੰ ਸਵੇਰੇ 07:00 ਵਜੇ ਤੋਂ ਲੈ ਕੇ ਸ਼ਾਮ 05:00 ਵਜੇ ਤੱਕ ਡਰਾਈ ਡੇਅ ("DRY DAY") ਘੋਸ਼ਿਤ ਕਰਦਾ ਹਾਂ। ਉਪਰੋਕਤ ਪਾਬੰਦੀ ਦੌਰਾਨ ਜ਼ਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਕਿਸੇ ਵੀ ਸ਼ਰਾਬ ਦੇ ਠੇਕੇ (ਦੇਸੀ ਅਤੇ ਅੰਗਰੇਜ਼ੀ) ਹੋਟਲ, ਦੁਕਾਨ, ਰੈਸਟੋਰੈਂਟ, ਕਲੱਬ, ਬੀਅਰ ਬਾਰ, ਅਹਾਤੇ, ਜਿੱਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਇਜਾਜਤ ਹੈ ਜਾਂ ਹੋਰ ਜਨਤਕ ਥਾਵਾਂ ਤੇ ਸ਼ਰਾਬ ਦੀ ਵਿਕਰੀ ਕਰਨ, ਵਰਤੋਂ ਕਰਨ, ਪੀਣ/ਪਿਲਾਉਣ ਅਤੇ ਸਟੋਰ ਕਰਨ ਤੇ ਮੁਕੰਮਲ ਪਾਬੰਦੀ ਲਗਾਉਂਦਾ ਹਾਂ।

### ਸਕਾਈ ਟਾਵਰ ਔਕਲੈਂਡ ਦੀ 27ਵੀਂ ਸਾਲਗਿਰਾ 'ਤੇ ਵਿਸ਼ੇਸ਼

# ਕਿਸੇ ਅਜੂਬੇ ਤੋਂ ਘੱਟ ਨਹੀਂ ਹੈ 328 ਮੀਟਰ ਉਚਾ ਸਕਾਈ ਟਾਵਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਸ਼ਾਨ, ਆਕਲੈਂਡ ਸ਼ਹਿਰ ਦੀ ਜਾਨ ਤੇ ਵੇਖਣ ਵਾਲੇ ਨੂੰ ਅਜੂਬੇ ਵਾਂਗ ਪ੍ਰਤੀਤ ਹੁੰਦਾ ਸਕਾਈ ਟਾਵਰ ਇਸ ਮਹੀਨੇ (ਅਗਸਤ) ਆਪਣਾ 27ਵਾਂ ਜਨਮ ਦਿਵਸ (ਸਾਲਗਿਰਾ) ਮਨਾ ਰਿਹਾ ਹੈ। ਇਸੇ ਸੰਦਰਭ ਵਿਚ ਇਸਨੂੰ ਨੇੜਿਓ ਵੇਖਣ ਵਾਲਿਆਂ ਟਿਕਟਾਂ ਦੀ ਕੀਮਤ ਵਿਚ 27% ਛੋਟ ਦਿੱਤੀ ਜਾ ਰਹੀ ਹੈ। ਨਿਊਜ਼ੀਲੈਂਡ ਦੇ ਸ਼ਹਿਰ ਔਕਲੈਂਡ ਜਿਥੇ ਕਿ ਪੰਜਾਬੀਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ, ਵਿਖੇ ਇਸ ਸ਼ਹਿਰ ਦੇ ਸੁਹੱਪਣ ਨੂੰ ਚਾਰ ਚੰਦ ਲਾਉਂਦਾ ਇਹ ਦੁਨੀਆ ਦਾ 28ਵਾਂ ਉਚਾ ਟਾਵਰ 'ਸਕਾਈ ਟਾਵਰ' ਹੈ ਜਿਸ ਨੂੰ ਵੇਖਣ ਲਈ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਆਉਂਦੇ ਹਨ।

**ਆਓ ਇਸ ਦੇ ਨਿਰਮਾਣ ਬਾਰੇ ਜਾਣੀਏ:–** ਇਸ ਟਾਵਰ ਦੀ ਉਚਾਈ 328 ਮੀਟਰ (1076 ਫੁੱਟ) ਹੈ। ਇਸ ਟਾਵਰ ਦੀ 190 ਮੀਟਰ ਦੀ ਉਚਾਈ 'ਤੇ ਜਾ ਕੇ ਦੋ ਸਿਖਰਲੀਆਂ ਮੰਜ਼ਿਲਾਂ ਉਤੇ ਕੌਫੀ ਹਾਊਸ ਅਤੇ ਰੈਸਟੋਰੈਂਟ ਬਣਾਏ ਗਏ ਹਨ। ਰੈਸਟੋਰੈਂਟ ਵਿਚ ਬੈਠਣ ਵਾਲਾ ਸਥਾਨ 360 ਡਿਗਰੀ ਐਂਗਲ 'ਤੇ ਪ੍ਰਤੀ ਘੰਟਾ ਪ੍ਰਤੀ ਚੱਕਰ ਘੁੰਮਦਾ ਹੈ। 180 ਮੀਟਰ ਦੀ ਉਚਾਈ 'ਤੇ ਵੇਖਣ ਲਈ ਖੁੱਲ੍ਹੀਆਂ ਗੈਲਰੀਆਂ ਬਣਾਈਆਂ ਗਈਆਂ ਹਨ ਚੱਲਣ-ਫਿਰਨ ਦੇ ਲਈ ਕੁਝ ਭਾਗ ਸ਼ੀਸ਼ੇ ਦਾ ਹੈ, ਜਿਸ ਉਤੇ ਖੜ੍ਹੇ ਹੋ ਕੇ ਤੁਸੀਂ ਪੈਰਾਂ ਥੱਲੇ ਦੀ ਧਰਤੀ ਵੇਖ ਸਕਦੇ ਹੋ। ਇਸ ਉਤੇ ਖੜ੍ਹੇ ਹੋਣਾ ਇੰਝ ਲਗਦਾ ਹੈ ਜਿਵੇਂ ਤੁਸੀਂ ਥੱਲੇ ਡਿਗ ਰਹੇ ਹੋਵੋ। ਇਸ ਤੋਂ ਇਲਾਵਾ 220 ਮੀਟਰ ਦੀ ਉਚਾਈ 'ਤੇ ਵੀ ਇਕ ਡੈਕ ਹੈ ਜਿਥੋਂ ਖੜ੍ਹ ਕੇ ਤੁਸੀਂ ਚੁਫੇਰੇ 82 ਕਿਲੋਮੀਟਰ ਤੱਕ ਵੇਖ ਸਕਦੇ ਹੋ। 192 ਮੀਟਰ ਦੀ ਉਚਾਈ 'ਤੇ ਇਕ ਸਕਾਈ ਰੋਪ ਜੰਪ ਵੀ ਹੈ ਜਿਸ ਉਤੋਂ ਜੰਪ ਲਗਾਉਣ ਵਾਲਾ 85 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਹੇਠਾਂ ਆਉਂਦਾ ਹੈ। ਇਸ ਟਾਵਰ ਦੀਆਂ ਉਪਰਲੀਆਂ ਮੰਜ਼ਿਲਾਂ ਉਤੇ ਟੈਲੀਕਮਿਊਨੀਕੇਟ ਅਤੇ ਬ੍ਰਾਡਕਾਸਟਿੰਗ ਅਨਟੀਨਾ ਲੱਗੇ ਹੋਏ ਹਨ। 1 ਦਸੰਬਰ 2013 ਤੋਂ ਨਿਊਜ਼ੀਲੈਂਡ ਦੇ ਸਾਰੇ ਟੈਲੀਵੀਜ਼ਨ ਡਿਜ਼ੀਟਲ ਹੋ ਗਏ ਸਨ ਅਤੇ ਐਨਾਲਾਗ ਟੀ. ਵੀ. ਸੈਟ ਬੰਦ ਕਰ ਦਿੱਤੇ ਗਏ ਸਨ। ਇਸ ਟਾਵਰ ਨੂੰ ਬਨਾਉਣ ਦੇ ਲਈ 2 ਸਾਲ 9 ਮਹੀਨੇ ਦਾ ਸਮਾਂ ਲੱਗਾ ਸੀ ਅਤੇ 3 ਅਗਸਤ, 1997 ਨੂੰ ਇਸ ਦਾ ਉਦਘਾਟਨ ਕੀਤਾ ਗਿਆ ਸੀ। ਨਿਰਧਾਰਤ ਸਮੇਂ ਤੋਂ ਇਹ 6 ਮਹੀਨੇ ਪਹਿਲਾਂ ਬਣਾ ਦਿੱਤਾ ਗਿਆ ਸੀ। ਇਹ ਟਾਵਰ 8 ਮੁੱਖ ਲੱਤਾਂ (ਪਿੱਲਰਾਂ) ਉਤੇ ਖੜਾ ਹੈ ਜਿਨ੍ਹਾਂ ਦਾ ਅਧਾਰ 39 ਫੁੱਟ ਡੂੰਘਾ ਹੈ। ਇਸ ਦੇ ਅੰਦਰ ਤਿੰਨ ਲਿਫਟਾਂ ਲੱਗੀਆਂ ਹੋਈਆਂ ਹਨ ਤੇ ਕੁੱਲ 1267 ਪੌੜੀਆਂ ਦੇ ਪੌਡੇ ਵੀ ਹਨ। ਪੌੜੀਆਂ ਰਾਹੀਂ ਚੜ੍ਹਨ ਦਾ ਰਿਕਾਰਡ 4 ਮਿੰਟ 53 ਸੈਕਿੰਡ ਦਾ ਹੈ ਪਰ ਆਮ ਬੰਦੇ ਨੂੰ ਅੱਧਾ ਘੰਟਾ ਲਗ ਸਕਦਾ ਹੈ। ਇਸ ਦੇ ਨਿਰਮਾਣ ਵਿਚ 15000 ਕਿਊਬਿਕ ਮੀਟਰ ਬਜਰੀ, 2000 ਟੱਨ ਰੀਇਨ-ਫੋਰਸਿੰਗ ਸਟੀਲ, 660 ਟੱਨ ਸਟਰੱਕਚਰ ਸਟੀਲ ਲੱਗੀ ਹੈ। ਉਪਰਲੇ ਸਿਰੇ ਦਾ ਫਰੇਮ (ਮਾਸਟ) 170 ਟੱਨ ਭਾਰਾ ਹੈ ਜਿਸ ਨੂੰ ਬੜੇ ਹੀ ਤਕਨੀਕੀ ਤਰੀਕੇ ਨਾਲ ਦੋ ਕ੍ਰੇਨਾਂ ਦੀ ਸਹਾਇਤਾ ਨਾਲ ਫਿੱਟ ਕੀਤਾ ਗਿਆ ਸੀ। ਇਹ ਟਾਵਰ 200 ਕਿਲੋਮੀਟਰ ਪ੍ਰਤੀ ਘੰਟਾ ਦੀ ਗਤੀ ਨਾਲ ਤੇਜ ਹਵਾ ਟਕਰਾਉਣ ਅਤੇ 8.0 ਮੈਗਨੀਚਿਊਡ 'ਤੇ ਭੂੱਚਾਲ ਆਉਣ 'ਤੇ ਵੀ ਸੁਰੱਖਿਅਤ ਰਹਿ ਸਕਦਾ ਹੈ। ਇਸ ਟਾਵਰ ਦੇ ਉਤੇ 15 ਤਰ੍ਹਾਂ ਦੀਆਂ ਲਾਈਟਾਂ ਹਨ ਜੋ ਕਿ ਵੱਖ-ਵੱਖ ਸੰਦੇਸ਼ ਵੰਡਦੀਆਂ ਹਨ। 44,45 ਅਤੇ 46ਵੀਂ ਮੰਜ਼ਿਲ ਉਤੇ ਫਾਇਰ ਪਰੂਫ ਕਮਰੇ ਹਨ ਜਿਨ੍ਹਾਂ ਦੇ ਵਿਚ ਅੱਗ ਨਹੀਂ ਜਾ ਸਕਦੀ। ਗੰਭੀਰ ਸਥਿਤੀ ਦੇ ਵਿਚ ਇਹ ਵਰਤੇ ਜਾ ਸਕਦੇ ਹਨ। ਇਸਦੀ ਲਿਫਟ ਵੀ ਕਮਾਲ ਦੀ ਹੈ ਜੇਕਰ ਤੇਜ਼ ਹਵਾ ਦਾ ਖਤਰਾ ਸਕਾਈ ਟਾਵਰ ਨੂੰ ਮਹਿਸੂਸ ਹੋਵੇਗਾ ਤਾਂ ਇਹ ਲਿਫਟ ਹੌਲੀ ਹੋ ਕੇ ਹੇਠਾਂ ਪਰਤ ਆਵੇਗੀ। ਇਸ ਦੀ ਕੁਲ ਲਾਗਤ 76 ਮਿਲੀਅਨ ਡਾਲਰ ਆਈ ਸੀ। ਇਸ ਵੇਲੇ ਪ੍ਰਤੀ ਵਿਅਕਤੀ ਟਿਕਟ 38 ਡਾਲਰ ਆਨ ਲਾਈਨ ਜਾਂ ਫਿਰ ਪਹੁੰਚ ਕੇ 42 ਡਾਲਰ ਦੀ ਖਰੀਦੀ ਜਾ ਸਕਦੀ ਹੈ। 3 ਤੋਂ 14 ਸਾਲ ਦੇ ਬੱਚੇ ਦੀ ਟਿਕਟ 18 ਡਾਲਰ ਆਨ ਲਾਈਨ ਜਾਂ ਫਿਰ ਜਾ ਕੇ 20 ਡਾਲਰ ਦੀ ਖਰੀਦੀ ਜੀ ਸਕਦੀ ਹੈ। 2 ਸਾਲ ਤੋਂ ਘੱਟ ਬੱਚੇ ਫ੍ਰੀ ਹਨ। ਜੇਕਰ ਦਿਨ ਵਿਚ ਦੋ ਵਾਰ ਜਾਣਾ ਹੋਵੇ ਤਾਂ 10 ਡਾਲਰ ਵੱਖਰੇ ਲਗਦੇ ਹਨ।




# ਪਿੰਡ ਪੱਲੀ ਉੱਚੀ ਵਿਖੇ ਕਰਵਾਇਆ ਤੀਆਂ ਦਾ ਸ਼ਾਨਦਾਰ ਮੇਲਾ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਬੰਗਾ ਨਜਦੀਕ ਪਿੰਡ ਪੱਲੀ ਉੱਚੀ ਵਿਖੇ ਸਾਉਣ ਮਹੀਨੇ ਨੂੰ ਸਮਰਪਿਤ ਤੀਆਂ ਦਾ ਮੇਲਾ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਾਨੋਂ ਸ਼ੌਕਤ ਨਾਲ ਕਰਵਾਇਆ ਗਿਆ। ਇਸ ਮੇਲੇ ਦਾ ਉਦਘਾਟਨ ਉਘੇ ਸਮਾਜ ਸੇਵੀ ਗੁਦਾਵਰ ਸਿੰਘ ਸਾਬਕਾ ਸਰਪੰਚ ਨੇ ਰੀਬਨ ਕੱਟਕੇ ਕੀਤਾ। ਇਸ ਮੇਲੇ ਸ਼ੁਰੂਆਤ ਬੱਚੀਆਂ ਨੇ ਜਾਗੋ ਕੱਢ ਕੇ ਕੀਤੀ ਮੇਲੇ ਦੌਰਾਨ ਪਿੰਡ ਦੀਆਂ ਸੁਹਾਗਣ, ਮੁਟਿਆਰਾਂ,ਬੀਬੀਆਂ ਅਤੇ ਬੱਚਿਆ ਵਲੋਂ ਸੱਭਿਆਚਾਰਕ ਗੀਤਾਂ ਤੇ ਗਿੱਧਾ ਭੰਗੜਾ ਅਤੇ ਬਾ ਕਮਾਲ ਕੋਰਿਓਗ੍ਰਾਫੀ ਕੀਤੀ ਗਈ। ਆਖੀਰ ਵਿਚ ਗਿੱਧਾ ਅਤੇ ਬੋਲੀਆਂ ਰਾਹੀ ਪਿੰਡ ਦੀਆਂ ਬੀਬੀਆਂ ਭੈਣਾ ਨੇ ਖੂਬ ਰੌਣਕਾਂ ਲਾਈਆਂ ਇਸ ਮੌਕੇ ਮੇਲਾ ਔਰਗੇਨਾਈਜਰ ਸੋਨੀ ਸਰੋਆ ਨੇ ਸਮੂੰਚੇ ਨਗਰ ਨਿਵਾਸੀਆਂ,ਦਾਨੀ ਸੱਜਣਾਂ ਦਾ ਧੰਨਵਾਦ ਅਤੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਇਸ ਮੇਲੇ ਚ ਸਟੇਜ ਦਾ ਸੰਚਾਲਨ ਅਦਾਕਾਰਾ ਨੈਨਸੀ ਅਰੋੜਾ ਵਲੋਂ ਬਾਖੂਬੀ ਨਿਭਾਇਆ ਇਸ ਮੌਕੇ ਗੁਰਦਾਵਰ ਸਿੰਘ (ਸਾਬਕਾ ਸਰਪੰਚ) ਗੁਰਮੀਤ ਸਿੰਘ (ਬਲਾਕ ਪ੍ਰਧਾਨ ਨਵਾਂਸ਼ਹਿਰ (ਸ਼੍ਰੋਮਣੀ ਅਕਾਲੀ ਦਲ ਬਾਦਲ) ਮਲਕੀਤ ਸਿੰਘ ਢੱਕ, ਮਿਸਤਰੀ ਦਰਸ਼ਨ ਰਾਮ, ਬਿੰਦਰ ਮਿਸਤਰੀ, ਪਰਮਜੀਤ ਪੰਮਾ, ਦਲਜੀਤ ਕੌਰ, ਬਿੰਦਰਾ, ਮੋਨਿਕਾ ਰਾਏ, ਮੰਨਤ ਰਾਏ, ਸਿੰਮੀ, ਕੁਲਵਿੰਦਰ ਕੌਰ, ਸਰਬਜੀਤ ਕੌਰ, ਤਾਨੀਆ, ਮੰਨਤ ਰਾਏ, ਰਿਤਿਕਾ ਸੋਨੀ, ਅੰਜਲੀ, ਸੁਹਾਨੀ, ਹਰਲੀਨ, ਦੀਪਿਕਾ, ਪਰੀ, ਭੂਮਿਕਾ, ਰਜਨੀ, ਅਨੂੰ ਆਦਿ ਹਾਜ਼ਰ ਸਨ।

# ਇਨਕਲਾਬੀ ਰਹਿਬਰ ਸਤਿਗੁਰੂ ਕਬੀਰ ਜੀ



ਮਹਾਨ ਕਰਮਯੋਗੀ ਸੰਤ ਸ਼੍ਰੋਮਣੀ ਸਤਿਗੁਰੂ ਕਬੀਰ ਜੀ ਉਹਨਾਂ ਪ੍ਰਤੀਬੱਧ ਮਾਨਵਵਾਦੀ ਚਿੰਤਕਾਂ, ਵਿਚਾਰਕਾਂ ਤੇ ਅਨੁਭਵੀ ਪੁਰਸ਼ਾਂ ਵਿਚੋਂ ਇਕ ਸਨ, ਜਿਹਨਾਂ ਨੇ ਆਪਣੀ ਤਰਕਸ਼ੀਲ ਤੇ ਪ੍ਰਭਾਵਸ਼ਾਲੀ ਬਾਣੀ ਦੁਆਰਾ ਸਮਕਾਲੀਨ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ, ਜਾਤ-ਪਾਤ, ਛੂਆ-ਛਾਤ, ਵੈਰ-ਵਿਰੋਧ, ਸਮਾਜਿਕ ਅਸਮਾਨਤਾ ਅਤੇ ਮਾਨਵ ਵਿਰੋਧੀ ਸ਼ਕਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਆਪ ਨੇ ਸਦੀਆਂ ਤੋਂ ਲਤਾੜੇ, ਪਛਾੜੇ, ਦੁਰਕਾਰੇ ਅਤੇ ਹਾਸ਼ੀਏ ਉਪਰ ਸੁੱਟੇ ਲੋਕਾਂ ਨੂੰ ਨਾ ਸਿਰਫ਼ ਸਹਾਰਾ ਹੀ ਦਿੱਤਾ, ਬਲਕਿ ਉਹਨਾਂ ਅੰਦਰ ਸਵੈਮਾਣ, ਸਵੈ-ਸਤਿਕਾਰ, ਸਵੈ-ਵਿਸ਼ਵਾਸ ਅਤੇ ਸਵੈ-ਸ਼ਕਤੀ ਦਾ ਬੇਮਿਸਾਲ ਜਜ਼ਬਾ ਪੈਦਾ ਕੀਤਾ।

ਭਾਰਤੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਨੂੰ ਸੁਨਹਿਰੀ ਯੁੱਗ ਸਵੀਕਾਰ ਕੀਤਾ ਗਿਆ ਹੈ। ਇਸ ਸਮੇਂ ਭਾਰਤੀ ਸਮਾਜ, ਧਰਮ, ਰਾਜਨੀਤੀ ਅਤੇ ਸਭਿਆਚਾਰ ਬੜੀ ਤੇਜ਼ੀ ਨਾਲ ਪਤਨ ਵੱਲ ਵੱਧ ਰਹੇ ਸਨ। ਇਕ ਪਾਸੇ ਵਿਦੇਸ਼ੀ ਹਮਲਾਵਰ ਆਪਣੀ ਪ੍ਰਭੂਸੱਤਾ ਸਥਾਪਤ ਕਰ ਰਹੇ ਸਨ ਅਤੇ ਦੂਸਰੇ ਪਾਸੇ ਮਨੂੰਵਾਦੀ ਵਰਣ ਵਿਵਸਥਾ ਨੇ ਭਾਰਤੀ ਸਮਾਜ ਨੂੰ ਵਿਨਾਸ਼ ਦੀ ਦਲਦਲ ਵਿਚ ਧਕੇਲ ਦਿੱਤਾ ਸੀ। ਭਾਰਤੀ ਸਮਾਜ ਦੀ ਸਰੰਚਨਾ ਜਾਤ ਆਧਾਰਿਤ ਹੋਣ ਕਾਰਨ ਪੂਰੇ ਦੇਸ਼ ਵਿਚ ਅਰਾਜਕਤਾ ਪੱਸਰੀ ਹੋਈ ਸੀ। ਭਾਰਤ ਦੇ ਬ੍ਰਾਹਮਣ ਗ੍ਰੰਥਾਂ, ਸ਼ਾਸਤਰਾਂ, ਪੁਰਾਣਾਂ ਅਤੇ ਸਿਮ੍ਰਤੀਆਂ ਵੱਲੋਂ ਸ਼ੂਦਰਾਂ, ਵਿਸ਼ੇਸ਼ ਕਰਕੇ ਅਛੂਤਾਂ ਉਪਰ ਮਾਨਵਤਾ ਵਿਰੋਧੀ ਕਾਨੂੰਨ ਲਾਗੂ ਕਰਕੇ ਇਨ੍ਹਾਂ ਦਾ ਜੀਵਨ ਪਸ਼ੂਆਂ ਤੋਂ ਵੀ ਭੈੜਾ, ਨਰਕਮਈ ਬਣਾ ਦਿੱਤਾ ਗਿਆ। ਹਿੰਦੂ ਧਰਮ ਸ਼ਾਸਤਰਾਂ ਵਿਚ ਸ਼ੂਦਰ ਅਤੇ ਇਸਤਰੀ ਨੂੰ ਪਾਪ ਯੋਨੀ ਮੰਨਿਆ ਗਿਆ।

ਸੰਤ-ਸਤਿਗੁਰੂ ਕਬੀਰ ਨੇ ਹਿੰਦੂ ਅਤੇ ਮੁਸਲਿਮ ਸਮਾਜ ਦੇ ਅਖੌਤੀ ਧਰਮ-ਅਚਾਰੀਆਂ ਅਤੇ ਮੁੱਲਾਂ-ਮੌਲਾਣਿਆਂ ਵੱਲੋਂ ਫੈਲਾਈ ਜਾ ਰਹੀ ਆਪਸੀ ਨਫ਼ਰਤ, ਵੈਰ-ਵਿਰੋਧ, ਈਰਖਾ, ਦੂਈ-ਦਵੈਤ, ਧਾਰਮਿਕ ਆਡੰਬਰ ਅਤੇ ਮਾਨਵ ਵਿਰੋਧੀ ਭ੍ਰਾਂਤੀਆਂ ਵਿਰੁੱਧ ਵਿਦਰੋਹ ਕੀਤਾ। ਇਨਕਲਾਬੀ ਬਾਗੀ ਜਾਂ ਵਿਦਰੋਹੀ ਉਹ ਹੁੰਦਾ ਹੈ ਜੋ ਸਥਾਪਤ ਮਾਨਵ ਵਿਰੋਧੀ ਵਿਵਸਥਾ ਵਿਰੁੱਧ ਬਗਾਵਤ ਕਰਕੇ ਇਕ ਨਵੀਂ ਸਮਾਜਿਕ, ਸਭਿਆਚਾਰਕ ਅਤੇ ਨੈਤਿਕ ਵਿਵਸਥਾ ਕਾਇਮ ਕਰਨ ਦਾ ਧਾਰਨੀ ਹੋਵੇ। ਸਤਿਗੁਰੂ ਕਬੀਰ ਨੇ ਹਿੰਦੂ ਅਤੇ ਮੁਸਲਮਾਨ ਦੋਹਾਂ ਸਮਾਜਾਂ ਨੂੰ ਇਨ੍ਹਾਂ ਦੇ ਕਰਮਕਾਂਡ, ਪਾਖੰਡਵਾਦ, ਅੰਧ-ਵਿਸ਼ਵਾਸ ਅਤੇ ਵਹਿਮ-ਭਰਮ ਸਦਕਾ ਤਕੜੇ ਹੱਥੀਂ ਲਿਆ। ਆਪ ਇਕ ਨਿਧੜਕ ਅਤੇ ਨਿਰਭੈ ਯੋਧੇ ਸਨ, ਜਿਹਨਾਂ ਅਖੌਤੀ ਧਰਮ ਅਚਾਰੀਆਂ ਵੱਲੋਂ ਮਨੁੱਖੀ ਦਮਨ ਅਤੇ ਅਪਮਾਨ ਵਿਰੁੱਧ ਰੋਹ ਭਰੀ ਆਵਾਜ਼ ਬੁਲੰਦ ਕੀਤੀ।



ਡਾ. ਜੀ. ਸੀ. ਕੌਲ
91-96432-23223

ਸ੍ਰੀਮਦ ਭਗਵਤ ਗੀਤਾ, ਮਨੂੰ ਸਿਮ੍ਰਿਤੀ ਸਮੇਤ ਹੋਰ ਅਨੇਕ ਸਿਮ੍ਰਿਤੀਆਂ ਅਤੇ ਹਿੰਦੂ ਸ਼ਾਸਤਰਾਂ ਵਿਚ ਵਰਣ ਵੰਡ ਕਾਇਮ ਕਰਕੇ ਬ੍ਰਾਹਮਣ ਨੂੰ ਸਭ ਤੋਂ ਸ੍ਰੇਸ਼ਟ ਦਰਜਾ ਪ੍ਰਦਾਨ ਕੀਤਾ ਗਿਆ, ਬੇਸ਼ੱਕ ਉਹ ਕੁਚੱਜਾ, ਕੁਲੱਛਣਾ, ਕੁਕਰਮੀ, ਕੁਰਹਿਤੀ ਅਤੇ ਕੁ-ਮਾਰਗੀ ਵੀ ਕਿਉਂ ਨਾ ਹੋਵੇ। ਹਜ਼ਾਰਾਂ ਸਾਲਾਂ ਤੋਂ ਉਸਨੂੰ ਇਹ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ। ਮੱਧਕਾਲ ਵਿਚ ਵੀ 'ਸ੍ਰੀ ਰਾਮਚਰਿਤ ਮਾਨਸ' ਦੇ ਲੇਖਕ ਵੱਲੋਂ ਬ੍ਰਾਹਮਣ ਦੀ ਇਸ ਕਥਿਤ ਉੱਚਤਾ ਉਪਰ ਪੱਕੀ ਮੋਹਰ ਲਾ ਕੇ ਉਸਦੇ ਵਿਸ਼ੇਸ਼ ਅਧਿਕਾਰਾਂ ਨੂੰ ਹਮੇਸ਼ਾ ਲਈ ਰਿਜ਼ਰਵ ਕਰ ਦਿੱਤਾ ਗਿਆ। ਸ੍ਰੀ ਤੁਲਸੀ ਦਾਸ ਲਿਖਦੇ ਹਨ:

ਪੂਜਿਏ ਵਿਪਰ ਸੀਲ ਗੁਣ ਹੀਨਾ
ਸ਼ੂਦਰ ਨ ਗੁਣ ਪ੍ਰਵਿਨਾ। (63/1)

'ਸ੍ਰੀ ਰਾਮ ਚਰਿਤ ਮਾਨਸ' ਦੇ ਲਿਖਾਰੀ ਦੀ ਇੰਨਾ ਲਿਖ ਕੇ ਵੀ ਤਸੱਲੀ ਨਹੀਂ ਹੋਈ, ਉਸਨੇ 'ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ, ਸਕਲ ਤਾੜਨ ਕੇ ਅਧਿਕਾਰੀ' ਲਿਖ ਕੇ ਸ਼ੂਦਰ ਅਤੇ ਨਾਰੀ ਦਾ ਘੋਰ ਨਿਰਾਦਰ ਵੀ ਕੀਤਾ।

ਸਤਿਗੁਰੂ ਕਬੀਰ ਜੀ ਨੂੰ ਵਰਣ-ਵਿਵਸਥਾ ਤੋਂ ਪੀੜਤ ਸਮਾਜ ਦੀ ਦੁਰਦਸ਼ਾ ਦਾ ਭਰਪੂਰ ਅਹਿਸਾਸ ਸੀ। ਸਥਾਪਤ ਵਿਵਸਥਾ ਅਧੀਨ ਕਿਉਂਕਿ ਬ੍ਰਾਹਮਣ ਨੂੰ ਸ੍ਰੇਸ਼ਟ ਦਰਜਾ ਦਿੱਤਾ ਗਿਆ ਸੀ, ਇਸ ਲਈ ਆਪ ਦੇ ਰੋਹ ਦਾ ਸਭ ਤੋਂ ਪਹਿਲਾ ਨਿਸ਼ਾਨਾ ਬ੍ਰਾਹਮਣ ਹੀ ਬਣਦਾ ਹੈ। ਆਪ ਬਿਨਾਂ ਲਾਗ ਲਪੇਟ ਤੋਂ ਸਾਫ ਅਤੇ ਸਪਸ਼ਟ ਸ਼ਬਦਾਂ ਵਿਚ ਆਪਣਾ ਤਰਕ ਪ੍ਰਸਤੁਤ ਕਰਦੇ ਹੋਏ ਬ੍ਰਾਹਮਣ ਨੂੰ ਵੰਗਾਰਦੇ ਹੋਏ ਕਹਿੰਦੇ ਹਨ:

ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ
ਤਉ ਆਨ ਬਾਟ ਕਾਹੇ ਨਹੀ ਆਇਆ।
ਤੁਮ ਕਤ ਬ੍ਰਾਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ।।
(ਆਦਿ ਗ੍ਰੰਥ ਪੰ. 324)

ਸੰਤ ਸਤਿਗੁਰੂ ਕਬੀਰ ਅਤੇ ਮਹਾਂ-ਮਾਨਵ ਸਤਿਗੁਰੂ ਰਵਿਦਾਸ ਜੀ ਮੱਧਕਾਲੀਨ ਸੰਤਮਤ ਵਿਚਾਰਧਾਰਾ ਅਤੇ ਇਨਕਲਾਬੀ ਅੰਦੋਲਨ ਦੇ ਦੋ ਅਜਿਹੇ ਅਨੁਭਵੀ ਮਾਰਗਦਰਸ਼ਕ ਸਨ, ਜਿਹਨਾਂ ਨੇ ਸਮਕਾਲੀਨ ਭਾਰਤੀ ਸਮਾਜ, ਭਾਰਤ ਦੀ ਦੁਖੀ, ਪੀੜਤ ਅਤੇ ਜ਼ੁਲਮਾਂ ਦੀ ਸ਼ਿਕਾਰ ਲਤਾੜੀ ਤੇ ਸਤਾਈ ਹੋਈ ਲੋਕਾਈ ਨੂੰ ਇਕ ਨਵਾਂ ਜੀਵਨ ਦਰਸ਼ਨ ਅਤੇ ਸੁਨੇਹਾ ਦਿੱਤਾ। ਦੋਹਾਂ ਮਹਾਂਪੁਰਸ਼ਾਂ ਨੇ ਇੱਥੋਂ ਦੀ ਨੈਤਿਕ ਵਾਗਡੋਰ ਆਪਣੇ ਹੱਥਾਂ ਵਿਚ ਲੈ ਕੇ ਪਦ-ਦਲਿਤ ਸਮਾਜ ਨੂੰ ਆਪਣੀਆਂ ਕਦਰਾਂ-ਕੀਮਤਾਂ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਪ੍ਰਤੀ ਚੇਤੰਨ ਕਰਕੇ ਪ੍ਰੋਹਿਤਵਾਦ ਤੋਂ ਮੁਕਤ ਹੋਣ ਦਾ ਨਵਾਂ ਮਾਰਗ ਦਰਸਾਇਆ। ਸਤਿਗੁਰੂ ਕਬੀਰ ਜੀ ਦਾ ਫੁਰਮਾਨ ਹੈ:

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ
ਕਉਨ ਭਲੇ ਕੋ ਮੰਦੇ।
(ਉਹੀ, ਪੰਨਾ 1349)

ਆਪ ਨੇ ਵੇਦਾਂ, ਸਿਮ੍ਰਿਤੀਆਂ ਤੇ ਸ਼ਾਸਤਰਾਂ ਦੁਆਰਾ ਸਥਾਪਤ ਵਰਣ ਆਸ਼ਰਮ ਧਰਮ ਵਿਚ ਬ੍ਰਾਹਮਣ ਦੇ ਸ੍ਰੇਸ਼ਟ ਦਰਜੇ ਨੂੰ ਵੀ ਵੰਗਾਰਿਆ। ਆਪਦਾ ਇਹ ਵਿਚਾਰ ਸ਼੍ਰਮਣ ਸੰਸਕ੍ਰਿਤੀ ਦੇ ਸੰਤਾਂ ਭਗਤਾਂ ਦੀ ਸ੍ਰੇਸ਼ਟਤਾ ਕਾਇਮ ਕਰਕੇ ਭਾਰਤੀ ਸਮਾਜ ਵਿਚ ਸਥਾਪਤ ਰੂੜ੍ਹੀਵਾਦੀ ਵਿਵਸਥਾ ਅਤੇ ਵੈਦਿਕ ਵਿਚਾਰਧਾਰਾ ਨੂੰ ਇਕ ਖੁੱਲ੍ਹਾ ਚੈਲੰਜ ਸੀ। ਆਪ ਕਹਿੰਦੇ ਹਨ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ
ਭਗਤਨ ਕਾ ਗੁਰੂ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ
ਚਾਰਹੁ ਬੇਦਹੁ ਮਾਹਿ।।
(ਉਹੀ, ਪੰਨਾ 1377)

ਸਤਿਗੁਰੂ ਕਬੀਰ ਜੀ ਨੇ ਇਸ ਪ੍ਰੰਪਰਾ ਦਾ ਵੀ ਪੁਰਜ਼ੋਰ ਖੰਡਨ ਕੀਤਾ ਕਿ ਕਿਸੇ ਵਿਸ਼ੇਸ਼ ਪ੍ਰਕਾਰ ਦਾ ਪਹਿਰਾਵਾ ਜਾਂ ਭੇਖ ਧਾਰਨ ਕਰਕੇ ਹੀ ਮੋਕਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜਿਹੇ ਵਿਅਕਤੀਆਂ ਉਪਰ ਜ਼ਬਰਦਸਤ ਕਟਾਂਖਸ਼ ਕਰਦਿਆਂ ਇਹਨਾਂ ਦੀ ਤੁਲਨਾ ਆਪ 'ਬਨਾਰਸ ਦੇ ਠੱਗਾਂ' ਨਾਲ ਕਰਦੇ ਹਨ:

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।।
ਐਸੇ ਸੰਤ ਨ ਮੋ ਕਉ ਭਾਵਹਿ।।
(ਉਹੀ, ਪੰਨਾ 476)

ਦੁਨੀਆ ਨੂੰ ਤਿਆਗ ਕੇ ਜੰਗਲਾਂ, ਪਹਾੜਾਂ ਵਿਚ ਜਾ ਕੇ ਜਪ-ਤਪ ਕਰਨ, ਨਗਨ ਫਿਰਨ, ਵਰਤ ਰੱਖਣ, ਸ਼ਰਾਧ ਕਰਨ ਅਤੇ ਪੱਥਰ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਰਗੇ ਕਰਮਾਂ ਦਾ ਖੰਡਨ ਕਰਦਿਆਂ ਸਤਿਗੁਰੂ ਕਬੀਰ ਜੀ ਨੇ 'ਜੀਵਤ ਪਿਤਰ ਨ ਮਾਨੈ ਕੋਊ ਮੂਏ ਸਰਾਧ ਕਰਾਹੀ' (ਪੰਨਾ 332) ਅਤੇ ਇਸਲਾਮ ਧਰਮ ਵਿਚ 'ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ' (ਪੰਨਾ 477) ਕਹਿ ਕੇ ਵਿਅੰਗਾਤਮਕ ਤੇ ਤਰਕਸ਼ੀਲ ਢੰਗ ਨਾਲ ਅਜਿਹੇ ਬਾਹਰਮੁਖੀ ਕਰਮਕਾਂਡ ਦਾ ਜ਼ੋਰਦਾਰ ਵਿਰੋਧ ਕੀਤਾ:

(ੳ) ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ
ਜਾ ਕੈ ਰਿਦੈ ਭਾਉ ਹੈ ਦੂਜਾ।।

(ਅ) ਨਗਨ ਫਿਰਤ ਜੌ ਪਾਈਐ ਜੋਗੁ
ਬਨ ਕਾ ਮਿਰਗੁ ਮੁਕਤਿ ਸਭੁ ਰੋਗ।। (ਪੰਨਾ 324)

ਆਪ ਦਾ ਸਪਸ਼ਟ ਫੁਰਮਾਨ ਹੈ ਕਿ ਪੱਥਰ ਦੀਆਂ ਮੂਰਤੀਆਂ ਘੜ ਕੇ, ਇਨ੍ਹਾਂ ਪੱਥਰ ਦੇ ਬੁੱਤਾਂ ਦੀ ਪੂਜਾ, ਉਪਾਸਨਾ ਕਰਨ, ਆਰਤੀਆਂ ਉਤਾਰਨ ਅਤੇ ਇਸਲਾਮ ਧਰਮ ਵਿਚ ਬਾਹਰਮੁਖੀ ਸਾਧਨਾਂ ਅਧੀਨ ਸਿਰ ਨਿਵਾਉਣ ਵਰਗੇ ਕਰਮ ਮਨੁੱਖ ਨੂੰ ਮੁਕਤ ਨਹੀਂ ਕਰ ਸਕਦੇ। ਸਤਿਗੁਰੂ ਕਬੀਰ ਜੀ ਨੇ ਸਮੁੱਚੇ ਬਾਹਰਮੁਖੀ ਕਰਮਕਾਂਡਾਂ ਦਾ ਜ਼ੋਰਦਾਰ ਖੰਡਨ ਕੀਤਾ ਹੈ। ਮੋਕਸ਼ ਪ੍ਰਾਪਤੀ ਲਈ ਤੀਰਥਾਂ ਉਪਰ ਮੱਸਿਆ, ਪੁੰਨਿਆ, ਕੁੰਭ-ਕੁੰਭੀ ਜਾਂ ਕਿਸੇ ਵਿਸ਼ੇਸ਼ ਦਿਨ ਤੇ ਕੀਤੇ ਜਾਂਦੇ ਇਸ਼ਨਾਨ ਨੂੰ 'ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ' (ਪੰਨਾ 484) ਅਤੇ ਕੇਵਲ ਧਾਰਮਿਕ ਪੁਸਤਕਾਂ ਪੜ੍ਹਨ, ਪੜ੍ਹਾਉਣ ਅਥਵਾ ਪਾਠ ਕਰਨ, ਕਰਾਉਣ ਨੂੰ 'ਬੇਦ ਪੜੇ ਪੜਿ ਪੰਡਤ ਮੂਏ' (ਪੰਨਾ 654) ਕਹਿ ਕੇ ਇਸ ਰਵਾਇਤ ਨੂੰ ਵੀ ਨਕਾਰਿਆ ਹੈ। ਆਪ ਦਾ ਕਥਨ ਹੈ ਕਿ ਜੇਕਰ ਵਾਲ ਕਟਾਉਣ, ਘੋਨ-ਮੋਨ, ਰੁੰਡ-ਮੁੰਡ ਬਣਕੇ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਫਿਰ ਸਭ ਤੋਂ ਪਹਿਲਾਂ ਭੇਡਾਂ ਨੂੰ ਹੋਣੀ ਚਾਹੀਦੀ ਹੈ:

ਮੂਡ ਮੰਡਾਏ ਜੌ ਸਿਧਿ ਪਾਈ
ਮੁਕਤੀ ਭੇਡ ਨ ਗਈਆ ਕਾਈ।। (ਪੰਨਾ 324)

ਬੁਤ ਪੂਜਿ ਪੂਜਿ ਹਿੰਦੂ ਮੂਏ
ਤੁਰਕ ਮੂਏ ਸਿਰ ਨਾਈ। (ਪੰਨਾ 654)

ਸਤਿਗੁਰੂ ਕਬੀਰ ਜੀ ਨੇ ਵੇਦ, ਸਿਮ੍ਰਿਤੀਆਂ, ਖਟ ਦਰਸ਼ਨ ਤੇ ਸਿੱਧਾਂ ਦੁਆਰਾ ਪ੍ਰਭੂ ਪ੍ਰਾਪਤੀ ਲਈ ਦਰਸਾਏ ਕਰਮਕਾਂਡ ਨੂੰ ਨਕਾਰਿਆ ਹੈ। ਆਪ ਜੀ ਦੇ ਅਨੁਸਾਰ 'ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ' (ਪੰਨਾ 1375) ਮਨੁੱਖ ਨੂੰ ਸ਼ੰਕਿਆਂ ਵਿਚ ਪਾਉਂਦੇ ਹਨ। ਫਿਰ ਕਹਿੰਦੇ ਹਨ, 'ਸਨਕ ਸਨੰਦ ਅੰਤੁ ਨਹੀ ਪਾਇਆ ਬੇਦ ਪੜੇ ਪੜਿ ਬ੍ਰਹਮੇ ਜਨਮ ਗਵਾਇਆ' (ਪੰਨਾ 478) ਅਤੇ 'ਮੈਲਾ ਬ੍ਰਹਮਾ ਮੈਲਾ ਇੰਦ ਰਵਿ ਮੈਲਾ ਮੈਲਾ ਹੈ ਚੰਦ' (ਪੰਨਾ 1158), ਅਰਥਾਤ ਆਪ ਦਾ ਸਪਸ਼ਟ ਫੁਰਮਾਨ ਸੀ ਕਿ ਵੇਦਾਂ, ਪੁਰਾਣਾਂ, ਸਿਮ੍ਰਿਤੀਆਂ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਹਿੰਦੂ ਮਿਥਿਹਾਸ ਅਨੁਸਾਰ ਜੇਕਰ ਬ੍ਰਹਮਾ, ਉਸਦੇ ਮਾਨਸ ਪੁੱਤਰ ਸਨਕ, ਸਨੰਦ ਅਤੇ ਇੰਦਰ, ਸੂਰਜ, ਚੰਦਰਮਾ ਆਦਿ ਅਖੌਤੀ ਦੇਵਤਿਆਂ ਨੇ ਬਾਹਰਮੁਖੀ ਸਾਧਨਾਂ ਵਿਚ ਫਸ ਕੇ ਆਪਣਾ ਜਨਮ ਅਜਾਈਂ ਗੁਆ ਲਿਆ ਹੈ ਤਾਂ ਇਹ ਪਾਂਡੇ-ਪ੍ਰੋਹਿਤ ਦੁਨੀਆ ਰੂਪੀ ਭਵਸਾਗਰ ਵਿਚ ਡੁੱਬਣ ਤੋਂ ਕਿਵੇਂ ਬਚ ਸਕਦੇ ਹਨ:

ਬੇਦ ਪੁਰਾਨ ਸਿਮ੍ਰਿਤਿ ਸਭ ਖੋਜੈ
ਕਹੂ ਨ ਉਬਰਨਾ।। (ਪੰਨਾ 477)

ਤੂ ਬ੍ਰਹਮਨੁ ਮੈ ਕਾਸੀ ਕ ਜੁਲਹਾ
ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ।।
ਬੇਦ ਭਰੋਸੇ ਪਾਂਡੇ ਡੂਬਿ ਮਰਹਿ ਰਹਿ।।
(ਪੰਨਾ 970)

ਆਪ ਨੇ ਸਮਕਾਲੀਨ ਮੁੱਲਾਂ-ਮੌਲਾਣਿਆਂ ਦੇ ਫੋਕਟ ਕਰਮਾਂ ਦੇ ਚਿੱਤਰ ਨੂੰ ਵੀ ਬੜੀ ਬੇਬਾਕੀ ਨਾਲ ਆਪਣੀ ਬਾਣੀ ਵਿਚ ਉਲੀਕਿਆ ਹੈ। ਜਿੱਥੇ ਆਪ ਨੇ 'ਭ੍ਰਮ ਕੈ ਭਾਇ ਭਵੈ ਭੇਖਧਾਰੀ' (ਪੰਨਾ 856) ਅਤੇ 'ਬੈਠਤ ਉਠਤ ਕੁਟਿਲਤਾ ਚਾਲਹਿ' (ਪੰਨਾ 332) ਕਹਿ ਕੇ ਹਿੰਦੂ ਪਰੋਹਿਤਵਾਦ ਨੂੰ ਨੰਗਿਆਂ ਕੀਤਾ, ਉਥੇ 'ਬੂਝੀ ਨਹੀ ਕਾਜੀ ਅੰਧਿਆਰੈ' (ਪੰਨਾ 870) ਅਤੇ 'ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ' (ਪੰਨਾ 480) ਦੀ ਵੰਗਾਰ ਪਾ ਕੇ ਮੁਸਲਮਾਨ ਕਾਜੀ ਤੇ ਮੁੱਲਾਂ-ਮੌਲਾਣਿਆਂ ਨੂੰ ਵੀ ਲੰਮੇ ਹੱਥੀਂ ਲਿਆ ਹੈ। ਸਤਿਗੁਰੂ ਕਬੀਰ ਜੀ ਦੀ ਵਿਸ਼ੇਸ਼ਤਾ ਹੈ ਕਿ ਉਹਨਾਂ ਨੇ ਹਿੰਦੂ-ਮੁਸਲਮਾਨ ਧਰਮ ਸੰਸਥਾਵਾਂ ਉਪਰ ਕਾਬਜ਼ ਬ੍ਰਾਹਮਣਾਂ ਤੇ ਮੌਲਵੀਆਂ ਵੱਲੋਂ ਫੈਲਾਏ ਦੰਭ, ਪਾਖੰਡ ਅਤੇ ਭਰਮਜਾਲ ਨੂੰ ਨਿਸੰਗ ਹੋ ਕੇ ਬਿਆਨਿਆ ਹੈ। ਆਪ ਨੇ ਵੇਲੇ ਦੇ ਮੁੱਲਾਂ-ਮੌਲਾਣਿਆਂ ਨੂੰ ਵੰਗਾਰ ਅਤੇ ਝਾੜ ਪਾਈ ਕਿ ਇਸਲਾਮ ਤਾਂ ਹਰ ਪ੍ਰਾਣੀ ਵਿਚ ਇਕੋ ਨੂਰ ਦੀ ਗੱਲ ਕਰਦਾ ਹੈ, ਪ੍ਰੰਤੂ ਰੋਜ਼ੇ ਰੱਖਣ ਉਪਰੰਤ ਆਪਣੀ ਜੀਭ ਦੇ ਚਸਕੇ ਲਈ ਬੇਵੱਸ, ਮਾਸੂਮ ਤੇ ਆਪਣੇ ਤੋਂ ਕਮਜ਼ੋਰ ਪਸ਼ੂ-ਪੰਛੀਆਂ ਨੂੰ ਹਲਾਲ ਕਰਨ ਦੀ ਕੀ ਤੁੱਕ ਹੈ। ਆਪ ਨੇ ਜ਼ੋਰ-ਜ਼ਬਰਦਸਤੀ ਨਾਲ ਜਾਨਵਰਾਂ ਨੂੰ ਬੰਨ੍ਹ ਕੇ ਹਲਾਲ ਕੀਤੇ ਜਾਣ ਦੀ ਰੀਤ ਨੂੰ ਜ਼ੁਲਮ ਕਿਹਾ ਹੈ:

ਕਬੀਰ ਜੋਰੀ ਕੀਏ ਜੁਲਮੁ ਹੈ
ਕਹਤਾ ਨਾਉ ਹਲਾਲ।(ਪੰਨਾ 1374)

ਰੋਜਾ ਧਰੈ ਮਨਾਵੈ ਅਲਹੁ
ਸੁਆਦਤਿ ਜੀਅ ਸੰਘਾਰੈ। (ਪੰਨਾ 483)

ਜਉ ਸਭ ਮਹਿ ਏਕ ਖੁਦਾਇ ਕਹਿਤ ਹੋ
ਤਉ ਕਿਉ ਮੁਰਗੀ ਮਾਰੈ।। (ਪੰਨਾ 1350)

ਦਿਲ ਮਹਿ ਕਪਟੁ ਨਿਵਾਜ ਗੁਜਾਰੈ
ਕਿਆ ਹਜ ਕਾਬੈ ਜਾਇ। (ਪੰਨਾ 1349)

ਸਤਿਗੁਰੂ ਕਬੀਰ ਜੀ ਨੇ ਮੁੱਲਾਂ-ਮੌਲਾਣਿਆਂ ਅਤੇ ਪ੍ਰੋਹਿਤਵਾਦ ਵੱਲੋਂ ਵਹਿਮ, ਭਰਮ ਅਤੇ ਅੰਧ ਵਿਸ਼ਵਾਸ ਫੈਲਾ ਕੇ ਨਿੰਜੀ ਹਿੱਤਾਂ ਲਈ ਘੜੇ ਗਏ ਫਾਰਮੂਲਿਆਂ ਨੂੰ ਮੁੱਢੋਂ ਹੀ ਨਕਾਰਿਆ ਹੈ। ਵਾਸਤਵ ਵਿਚ ਹਿੰਦੂ ਧਰਮ-ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾਂ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਮਨੂੰ ਸਿਮ੍ਰਿਤੀ ਦਾ ਸਪਸ਼ਟ ਆਦੇਸ਼ ਹੈ ਕਿ 'ਇਸ ਸੰਸਾਰ ਵਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ। ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਤੇ ਦਾਨ ਕਰਨ ਦਾ ਅਧਿਕਾਰੀ ਹੈ।' (1/100) ਦੇਵੀ-ਦੇਵਤਿਆਂ ਦੀ ਸਿਰਜਣਾ, ਦਾਨ, ਇਸ਼ਨਾਨ, ਮੂਰਤੀ ਪੂਜਾ, ਆਰਤੀ-ਸ਼ਰਾਧ ਅਥਵਾ ਪਿਤਰ ਪੂਜਾ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਬਹੁਭਾਂਤੀ ਤਿਥ-ਤਿਉਹਾਰ, ਜਾਤਾਂ-ਗੋਤਾਂ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਸਤਰ ਦਿਮਾਗ ਦੀਆਂ ਕਾਢਾਂ ਹਨ। ਮਰਦ ਪ੍ਰਧਾਨ ਸਮਾਜ ਦੀ ਪ੍ਰਭੂਸੱਤਾ ਨੂੰ ਕਾਇਮ ਰੱਖਣ ਅਤੇ ਇਸਤਰੀ ਨੂੰ ਮਾਨਸਿਕ ਤੌਰ ਤੇ ਕਮਜ਼ੋਰ 'ਤੇ ਗੁਲਾਮ ਬਣਾਈ ਰੱਖਣ ਲਈ ਵਰਤ ਰੱਖਣ ਦੀ ਪ੍ਰਥਾ ਦਾ ਆਡੰਬਰ ਰਚਿਆ ਗਿਆ ਹੈ। ਪਰ ਸਤਿਗੁਰੂ ਕਬੀਰ ਜੀ ਨੇ ਇਸਤਰੀਆਂ ਵਿਚ ਵਿਭਿੰਨ ਪ੍ਰਕਾਰ ਦੇ ਵਰਤ ਰੱਖਣ ਦਾ ਪੁਰਜ਼ੋਰ ਖੰਡਨ ਕੀਤਾ ਹੈ:

ਕਬੀਰ ਹਰਿ ਕਾ ਸਿਮਰਨ ਛਾਡਿ ਕੈ
ਅਹੋਈ ਰਾਖੈ ਨਾਰਿ।।
ਗਦਹੀ ਹੋਇ ਕੈ ਅਉਤਰੈ
ਭਾਰੁ ਸਹੈ ਮਨ ਚਾਰਿ।। (ਪੰਨਾ 1370)

ਛੋਡਹਿ ਅੰਨੁ ਕਰਹਿ ਪਾਖੰਡ
ਨਾ ਸੋਹਾਗਨਿ ਨਾ ਓਹਿ ਰੰਡ।। (ਪੰਨਾ 873)

ਆਪ ਨੇ ਸੁਚੱਜਾ ਸਮਾਜ ਸਿਰਜਣ ਦੀ ਪ੍ਰਕਿਰਿਆ ਅਧੀਨ ਮਨੁੱਖ ਨੂੰ ਸੰਵੇਦਨਸ਼ੀਲ ਹੋਣ ਦੀ ਸਿੱਖਿਆ ਦਿੱਤੀ। ਦੂਸਰੇ ਦੀ ਪੀੜਾ ਦਾ ਅਹਿਸਾਸ 'ਲਾਗੀ ਹੋਇ ਸੁ ਜਾਨੈ ਪੀਰ'' (ਪੰਨਾ 327) ਅਤੇ ਮਨੁੱਖੀ ਦੁੱਖ-ਦਰਦ ਤੇ ਪੀੜਾ ਵੰਡਾਉਣ ਦੀ ਭਾਵਨਾ ਨੂੰ 'ਲੋਗੂ ਮਰਮ ਕਹ ਜਾਨੈ ਮੋਰਾ' (ਪੰਨਾ 1158) ਕਹਿ ਕੇ ਸੰਚਾਰਿਤ ਕੀਤਾ। ਆਪ ਇਕ ਸੱਚੇ-ਸੁੱਚੇ ਕਰਮਯੋਗੀ ਸਨ। ਉਹਨਾਂ ਨੇ ਖੁਦ ਕਿਰਤ ਕੀਤੀ ਅਤੇ ਸਮਾਜ ਲਈ ਰੋਲ ਮਾਡਲ ਬਣੇ। ਆਪ ਨੇ 'ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ' (ਪੰਨਾ 479) ਦੇ ਕਥਨ ਦੁਆਰਾ ਮਨੁੱਖੀ ਸਮਾਜ ਲਈ ਸੱਚੀ-ਸੁੱਚੀ ਕਿਰਤ ਕਰਨ ਦਾ ਆਦਰਸ਼ ਸਥਾਪਤ ਕੀਤਾ।

ਸਤਿਗੁਰੂ ਕਬੀਰ ਜੀ ਨੇ ਸਮਾਨਤਾ ਆਧਾਰਿਤ ਮਾਨਵਵਾਦੀ ਭਾਰਤੀ ਸਮਾਜ ਦੀ ਸਥਾਪਤੀ ਲਈ ਸਵਾਰਥਵਾਦੀ ਅਤੇ ਪਦਾਰਥਵਾਦੀ ਰੁਚੀ ਅਧੀਨ ਦੂਸਰਿਆਂ ਉਪਰ ਜ਼ੁਲਮ ਕਰਨ ਦਾ ਵਿਰੋਧ ਕੀਤਾ। ਆਪ ਨੇ 'ਲੋਭ ਮੋਹ ਸਭ ਬੀਸਰਿ ਜਾਹੁ' (ਪੰਨਾ 343)'ਧਰਮ ਦਇਆ ਕਰ ਬਾੜੀ' (ਪੰਨਾ 969) ਅਤੇ 'ਮਨ ਮੇਰੇ ਭੂਲੇ ਕਪਟੁ ਨ ਕੀਜੈ' (ਪੰਨਾ 656), ਦਾ ਉਪਦੇਸ਼ ਦੇ ਕੇ ਸੁਚੱਜਾ ਮਨੁੱਖ ਬਣਨ ਦੀ ਪ੍ਰੇਰਨਾ ਦਿੱਤੀ। ਆਪ ਦਾ ਸਪਸ਼ਟ ਮੱਤ ਸੀ ਕਿ ਗਰੀਬਾਂ, ਨਿਮਾਣਿਆਂ, ਨਿਤਾਣਿਆਂ ਲਈ ਸੰਘਰਸ਼ ਤੇ ਯੁੱਧ ਕਰਨ ਅਤੇ ਕੁਰਬਾਨੀ ਦੇਣ ਵਾਲਾ ਮਨੁੱਖ ਹੀ ਵਾਸਤਵ ਵਿਚ ਸੂਰਬੀਰ, ਬਹਾਦਰ ਤੇ ਯੋਧਾ ਹੈ;

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ।।
ਪੁਰਜਾ ਪਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ।। (ਪੰਨਾ 1105)

ਅਜੋਕੇ ਭਾਰਤ ਸਮਾਜ ਵਿਚ ਵੀ ਪ੍ਰੋਹਿਤਵਾਦ ਅਤੇ ਰੂੜੀਵਾਦ ਨੇ ਵਹਿਮਾਂ-ਭਰਮਾਂ, ਛੱਲ-ਕਪਟ, ਅੰਧ-ਵਿਸ਼ਵਾਸਾਂ ਅਤੇ ਪਾਖੰਡਵਾਦ ਦਾ ਅਜਿਹਾ ਆਡੰਬਰ ਰਚਿਆ ਹੋਇਆ ਹੈ ਕਿ ਭਾਰਤੀ ਇਸ ਭਰਮਜਾਲ ਵਿਚ ਬੁਰੀ ਤਰ੍ਹਾਂ ਉਲਝ ਕੇ ਰਾਸ਼ਟਰੀ ਏਕਤਾ ਨੂੰ ਜਬਰਦਸਤ ਢਾਹ ਲਾ ਰਹੇ ਹਨ। ਸਤਿਗੁਰੂ ਕਬੀਰ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ ਹੈ:

ਹਮਰਾ ਝਗਰਾ ਰਹਾ ਨ ਕੋਊ
ਪੰਡਿਤ ਮੁਲਾਂ ਛਾਡੇ ਦੋਊ।। (ਪੰਨ 1159)
ਬੇਦ ਕਤੇਬ ਤੇ ਰਹਹਿ ਨਿਰਾਰਾ।।
(ਪੰਨਾ 329)

ਸਤਿਗੁਰੂ ਕਬੀਰ ਜੀ ਨੇ ਮਾਨਵ ਧਰਮ ਸਮਾਜ ਕਾਇਮ ਕਰਨ ਲਈ ਛਲ-ਕਪਟ, ਪਾਖੰਡਵਾਦ ਅਤੇ ਫਿਰਕਾਪ੍ਰਸਤੀ ਅਰਥਾਤ ਧਾਰਮਿਕ ਕੱਟੜਤਾ ਦਾ ਵਿਰੋਧ ਕੀਤਾ। ਅੱਜ ਜਦੋਂ ਤੱਤਕਾਲੀਨ ਭਾਰਤੀ ਜੀਵਨ ਵਿਚ 'ਬੈਠਤ ਉਠਤ ਕੁਟਿਲਤਾ ਚਾਲਹਿ' (ਪੰਨਾ 332) ਦੇ ਮਹਾਂਵਾਕ ਅਨੁਸਾਰ ਭ੍ਰਿਸ਼ਟਾਚਾਰ, ਬੇਈਮਾਨੀ, ਧੋਖਾ, ਠੱਗੀ, ਚਰਿੱਤਰਹੀਣਤਾ, ਅਸਹਿਣਸ਼ੀਲਤਾ ਅਤੇ ਅਨੇਕ ਪ੍ਰਕਾਰ ਦੀਆਂ ਕੁਰੀਤੀਆਂ ਹਾਵੀ ਹੋ ਰਹੀਆਂ ਹਨ, ਸਤਿਗੁਰੂ ਕਬੀਰ ਜੀ ਦੀ ਇਨਕਲਾਬੀ ਵਿਚਾਰਧਾਰਾ ਦੀ ਮਹੱਤਤਾ ਤੇ ਸਾਰਥਿਕਤਾ ਹੋਰ ਵੀ ਵੱਧ ਜਾਂਦੀ ਹੈ। ਆਪ ਜੀ ਦੁਆਰਾ ਦਰਸਾਏ ਮਾਰਗ ਉਪਰ ਵਾਸਤਵਿਕ ਰੂਪ ਵਿਚ ਚੱਲਕੇ, ਆਪ ਜੀ ਵੱਲੋਂ ਨਿਰਧਾਰਿਤ ਜੀਵਨ ਦਰਸ਼ਨ, ਜੀਵਨ ਮੁੱਲਾਂ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਅਮਲੀ ਤੌਰ 'ਤੇ ਪ੍ਰੈਕਟਿਸ ਵਿਚ ਲਿਆ ਕੇ ਹੀ ਅਸੀਂ ਇਕ ਵਧੀਆ ਖੁਸ਼ਹਾਲ ਅਤੇ ਸਮਾਨਤਾ ਆਧਾਰਿਤ ਭਾਈਚਾਰਕ ਏਕਤਾ ਵਾਲੇ ਕਲਿਆਣਕਾਰੀ ਭਾਰਤੀ ਸਮਾਜ ਦੀ ਸਥਾਪਨਾ/ਸਿਰਜਣਾ ਕਰ ਸਕਦੇ ਹਾਂ ਜੋ ਭਾਰਤੀ ਲੋਕਤੰਤਰ ਦਾ ਸਹੀ ਅਰਥਾਂ ਵਿਚ ਇਕ ਪ੍ਰਭਾਵਸ਼ਾਲੀ ਸਿਧਾਂਤਕ ਤੇ ਸਾਕਾਰ ਮਾਡਲ ਹੋਵੇਗਾ।

-----

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀਕੇਯੂ ਉਗਰਾਹਾਂ ਵੱਲੋਂ ਪੰਜਾਬ ਭਰ 'ਚ ਕੇਂਦਰ ਸਰਕਾਰ ਖ਼ਿਲਾਫ਼ ਰੋਸ ਧਰਨੇ

**ਚੰਡੀਗੜ੍ਹ (ਦਲਜੀਤ ਕੌਰ)–** ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਵੱਲੋਂ ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 14 ਜ਼ਿਲ੍ਹਿਆਂ ਵਿੱਚ 9 ਜ਼ਿਲ੍ਹਾ 10 ਤਹਿਸੀਲ ਬਲਾਕ ਅਤੇ 12 ਪੇਂਡੂ ਥਾਂਵਾਂ ਉੱਤੇ ਕੇਂਦਰ ਸਰਕਾਰ ਵਿਰੁੱਧ ਰੋਸ ਧਰਨੇ ਲਾਉਣ ਉਪਰੰਤ ਸੰਸਾਰ ਵਪਾਰ ਸੰਸਥਾ ਦੇ ਪੁਤਲੇ ਫੂਕੇ ਗਏ। ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਇਸ ਮੌਕੇ "ਭਾਰਤ ਸੰਸਾਰ ਵਪਾਰ ਸੰਸਥਾ ਵਿੱਚੋਂ ਬਾਹਰ ਆਵੇ" ਦੀ ਮੰਗ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਕੇਂਦਰੀ ਭਾਜਪਾ ਗੱਠਜੋੜ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਾਰੀਆਂ ਫਸਲਾਂ ਦੇ ਲਾਭਕਾਰੀ ਭਾਅ ਸਵਾਮੀਨਾਥਨ ਫਾਰਮੂਲਾ ਸੀ2+50% ਅਨੁਸਾਰ ਮਿਥੇ ਜਾਣ ਅਤੇ ਮੁਕੰਮਲ ਖਰੀਦ ਦੀ ਕਾਨੂੰਨੀ ਗਰੰਟੀ ਕੀਤੀ ਜਾਵੇ। ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਖੁਦਕੁਸ਼ੀਆਂ ਲਈ ਮਜਬੂਰ ਕਰ ਰਹੇ ਸੂਦਖੋਰਾਂ ਸਮੇਤ ਸਾਰੇ ਕਰਜ਼ਿਆਂ ਉੱਤੇ ਲਕੀਰ ਮਾਰੀ ਜਾਵੇ। ਬਿਜਲੀ ਖੇਤਰ ਦਾ ਨਿੱਜੀਕਰਨ ਬੰਦ ਕਰ ਕੇ ਘਰੇਲੂ ਪ੍ਰੀਪੇਡ ਸਮਾਰਟ ਮੀਟਰ ਅਤੇ ਖੇਤੀ ਮੋਟਰਾਂ ਉੱਤੇ ਮੀਟਰ ਲਾਉਣੇ ਬੰਦ ਕੀਤੇ ਜਾਣ; ਖੇਤੀ ਸਮੱਗਰੀ ਜਿਵੇਂ ਕਿ ਖਾਦਾਂ, ਬੀਜਾਂ, ਕੀਟਨਾਸ਼ਕਾਂ, ਬਿਜਲੀ, ਸਿੰਚਾਈ, ਮਸ਼ੀਨਰੀ, ਸਪੇਅਰ ਪਾਰਟਸ ਅਤੇ ਟਰੈਕਟਰਾਂ ਆਦਿ 'ਤੇ ਕੋਈ ਜੀਐਸਟੀ ਨਾ ਲਾਇਆ ਜਾਵੇ; ਖੇਤੀ ਲਾਗਤਾਂ 'ਤੇ ਸਬਸਿਡੀ ਮੁੜ ਸ਼ੁਰੂ ਕੀਤੀ ਜਾਵੇ; ਸਾਰੀਆਂ ਫਸਲਾਂ ਅਤੇ ਪਸ਼ੂ/ਪੰਛੀ ਪਾਲਣ ਲਈ ਜਨਤਕ ਖੇਤਰ ਅਧੀਨ ਪੂਰੀ ਭਰਪਾਈ ਵਾਲ਼ੀ ਬੀਮਾ ਸਕੀਮ ਲਾਗੂ ਕੀਤੀ ਜਾਵੇ ਅਤੇ ਕਾਰਪੋਰੇਟ ਪੱਖੀ ਪ੍ਰਧਾਨ ਮੰਤਰੀ ਫਸਲ




ਬੀਮਾ ਠੇਕਾ ਯੋਜਨਾ ਬੰਦ ਕੀਤੀ ਜਾਵੇ; ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਅਨਾਜ ਉਤਪਾਦਕ ਹੋਣ ਦੇ ਨਾਤੇ ਅਧਿਕਾਰ ਵਜੋਂ 60 ਸਾਲ ਦੀ ਉਮਰ ਤੋਂ 10,000 ਰੁਪਏ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ ਦਿੱਤੀ ਜਾਵੇ; ਇਤਿਹਾਸਕ ਦਿੱਲੀ ਘੋਲ਼ ਸਮੇਤ ਲਖੀਮਪੁਰ ਖੇੜੀ ਦੇ 736 ਕਿਸਾਨ ਸ਼ਹੀਦਾਂ ਦੇ ਵਾਰਸਾਂ ਨੂੰ ਢੁੱਕਵਾਂ ਮੁਆਵਜ਼ਾ ਅਤੇ ਪੱਕੀ ਸਰਕਾਰੀ ਨੌਕਰੀ ਦਿੱਤੀ ਜਾਵੇ। ਇਨ੍ਹਾਂ ਦੀ ਯਾਦ ਵਿੱਚ ਸਿੰਘੂ/ਟਿਕਰੀ ਬਾਰਡਰ 'ਤੇ ਇੱਕ ਢੁੱਕਵੀਂ ਸ਼ਹੀਦੀ ਯਾਦਗਾਰ ਬਣਾਈ ਜਾਵੇ ਅਤੇ ਇਸ ਕਿਸਾਨ ਸੰਘਰਸ਼ ਨਾਲ ਜੁੜੇ ਸਾਰੇ ਕੇਸ ਵਾਪਸ ਲਏ ਜਾਣ। ਇਸ ਤੋਂ ਇਲਾਵਾ ਖੇਤੀਬਾੜੀ ਲਈ ਵੱਖਰਾ ਕੇਂਦਰੀ ਬਜਟ ਰੱਖਣ, ਖੇਤੀਬਾੜੀ ਦਾ ਨਿਗਮੀਕਰਨ ਬੰਦ ਕਰਨ ਅਤੇ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਰੱਦ ਕਰਨ ਵਰਗੀਆਂ ਹੋਰ ਮੰਗਾਂ ਉੱਤੇ ਵੀ ਜ਼ੋਰ ਦਿੱਤਾ ਗਿਆ।

ਅੱਜ ਵੱਖ ਵੱਖ ਥਾਵਾਂ 'ਤੇ ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਹੋਰ ਮੁੱਖ ਬੁਲਾਰਿਆਂ ਵਿੱਚ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੋਂ ਇਲਾਵਾ ਸੂਬਾ ਆਗੂ ਝੰਡਾ ਸਿੰਘ ਜੇਠੂਕੇ, ਹਰਦੀਪ ਸਿੰਘ ਟੱਲੇਵਾਲ, ਜਗਤਾਰ ਸਿੰਘ ਕਾਲਾਝਾੜ, ਰੂਪ ਸਿੰਘ ਛੰਨਾਂ, ਜਨਕ ਸਿੰਘ ਭੁਟਾਲ, ਹਰਿੰਦਰ ਕੌਰ ਬਿੰਦੂ ਅਤੇ ਜ਼ਿਲ੍ਹਾ ਬਲਾਕ ਪੱਧਰੇ ਆਗੂਆਂ ਸਮੇਤ ਔਰਤ ਆਗੂ ਸ਼ਾਮਲ ਸਨ। ਬੁਲਾਰਿਆਂ ਨੇ ਐਲਾਨ ਕੀਤਾ ਕਿ ਭਾਰਤ ਨੂੰ ਪੁਲਿਸ ਰਾਜ ਬਣਾਉਣ ਅਤੇ ਲੋਕਾਂ ਦੇ ਅਸਹਿਮਤੀ ਹੱਕ ਸਣੇ ਜਥੇਬੰਦ ਵਿਰੋਧ ਨੂੰ ਕੁਚਲਣ ਲਈ ਭਾਰਤੀ ਦੰਡਾਵਲੀ ਅਤੇ ਸੀਆਰਪੀਸੀ ਦੀ ਥਾਂ ਪਾਰਲੀਮੈਂਟ ਵਿੱਚ ਬਿਨਾਂ ਕਿਸੇ ਜਮਹੂਰੀ ਪ੍ਰਕਿਰਿਆ ਤੋਂ ਪਾਸ ਕਰਕੇ ਲੋਕਾਂ 'ਤੇ ਮੜ੍ਹੇ ਜਾ ਰਹੇ 3 ਫ਼ਾਸ਼ੀਵਾਦੀ ਅਪਰਾਧਿਕ ਕਾਨੂੰਨਾਂ ਵਿਰੁੱਧ ਪੰਜਾਬ ਦੀਆਂ ਡੇਢ੍ਹ ਦਰਜਨ ਤੋਂ ਵੱਧ ਜਨਤਕ ਜਥੇਬੰਦੀਆਂ ਵੱਲੋਂ 15 ਅਗਸਤ ਵਾਲੇ ਦਿਨ ਡੀ ਸੀ ਦਫ਼ਤਰਾਂ ਅੱਗੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿੱਚ ਜਥੇਬੰਦੀ ਦੇ ਝੰਡੇ ਥੱਲੇ ਕਿਸਾਨ ਮਜ਼ਦੂਰ ਵਿਸ਼ਾਲ ਗਿਣਤੀ ਵਿੱਚ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਪੰਜਾਬ ਦੀ ਆਪ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਨਾਲ ਕੀਤੀਆਂ ਗਈਆਂ ਵਾਅਦਾ ਖਿਲਾਫੀਆਂ ਵਿਰੁੱਧ ਭਖਦੇ ਕਿਸਾਨੀ ਮਸਲਿਆਂ ਨੂੰ ਲੈ ਕੇ 27 ਤੋਂ 31 ਅਗਸਤ ਤੱਕ ਡੀ ਸੀ ਦਫ਼ਤਰਾਂ ਅੱਗੇ ਪੰਜ ਰੋਜ਼ਾ ਦਿਨੇ ਰਾਤ ਮੋਰਚੇ ਲਾਏ ਜਾਣਗੇ। ਬੁਲਾਰਿਆਂ ਵੱਲੋਂ ਪੰਜਾਬ ਦੇ ਸਮੂਹ ਕਿਸਾਨਾਂ ਮਜ਼ਦੂਰਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

## ਸੜਕਾਂ ਦੇ ਤਿੰਨ ਨੈਸ਼ਨਲ ਪ੍ਰੋਜੈਕਟ ਰੱਦ ਹੋਣਾ ਪੰਜਾਬ ਲਈ ਮੰਦਭਾਗਾ: ਅਰਵਿੰਦ ਖੰਨਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧ-ਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਵਿੱਚੋਂ ਤਿੰਨ ਕੇਂਦਰੀ ਸੜਕ ਪ੍ਰੋਜੈਕਟਾਂ



ਦਾ ਵਾਪਿਸ ਹੋਣਾ ਸੂਬੇ ਲਈ ਮੰਦਭਾਗਾ ਹੈ। ਅੱਜ ਇੱਥੇ ਇੱਕ ਜਾਰੀ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਆਪ ਸਰਕਾਰ 3264 ਕਰੋੜ ਦੇ ਪ੍ਰੋਜੈਕਟ ਲਈ ਪੰਜਾਬ ਵਿਚ ਜਮੀਨ ਮੁਹਈਆ ਕਰਵਾਉਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਇਸ ਹੱਦ ਤੱਕ ਬਦਹਾਲ ਹੋ ਚੁੱਕੀ ਹੈ, ਜਿਸਦੇ ਚਲਦੇ ਠੇਕੇਦਾਰਾਂ ਵਲੋਂ ਕੰਮ ਕਰਨ ਤੋਂ ਇਨਕਾਰ ਕਰਨ ਕਾਰਨ ਵੀ ਪੰਜਾਬ ਵਿਚ ਹਾਈਵੇ ਪ੍ਰਾਜੈਕਟਾਂ 'ਤੇ ਰੋਕ ਲੱਗਣਾ ਸਰਕਾਰ ਦੀ ਨਾਕਾਮੀ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਇਹ ਸਰਕਾਰ ਸੂਬੇ ਦੇ ਵਿਕਾਸ ਅਤੇ ਮੁਢਲੇ ਢਾਂਚੇ ਲਈ ਕਿੰਨੀ ਕੁ ਗੰਭੀਰ ਹੈ।ਉਨ੍ਹਾਂ ਕਿਹਾ ਕਿ ਮਹਿਜ਼ ਬਿਆਨਬਾਜ਼ੀ ਜਾਂ ਇਸ਼ਤਿਹਾਰਬਾਜ਼ੀ ਕਰਕੇ ਪੰਜਾਬ ਰੰਗਲਾ ਨਹੀਂ ਬਣ ਸਕਦਾ ਬਲਕਿ ਇਸ ਲਈ ਵਿਆਪਕ ਯੋਜਨਾ ਉਲੀਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਸੜਕ ਪ੍ਰੋਜੈਕਟ ਨੇਪਰੇ ਚੜ੍ਹ ਜਾਂਦੇ ਤਾਂ ਸੂਬੇ ਨੂੰ ਵੱਡਾ ਆਰਥਿਕ ਅਤੇ ਵਪਾਰਿਕ ਲਾਭ ਮਿਲਣਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਐਸ।ਸੀ। ਬੱਚਿਆਂ ਦਾ ਢਾਈ ਸੌ ਕਰੋੜ ਰੁਪਏ ਦਾ ਵਜ਼ੀਫ਼ਾ ਜਾਰੀ ਕਰਨ ਤੋਂ ਵੀ ਪਾਸਾ ਵੱਟੀ ਬੈਠੀ ਹੈ।ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਦੀ ਨੀਅਤ ਵਿੱਚ ਖੋਟ ਹੈ। ਸ਼੍ਰੀ ਖੰਨਾ ਨੇ ਕਿਹਾ ਕਿ ਮਾਨ ਸਰਕਾਰ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇੰਨ੍ਹਾਂ ਕੋਲ ਨਾ ਤਾਂ ਸਰਕਾਰ ਚਲਾਉਣ ਦਾ ਕੋਈ ਤਜ਼ਰਬਾ ਹੈ ਅਤੇ ਨਾ ਹੀ ਇੰਨ੍ਹਾਂ ਦੇ ਮਨ ਵਿੱਚ ਸੂਬੇ ਦੇ ਵਿਕਾਸ ਪ੍ਰਤੀ ਕੋਈ ਗੰਭੀਰਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਸ ਸਰਕਾਰ ਤੋਂ ਨਿਕੰਮੀ ਸਰਕਾਰ ਕੋਈ ਹੋਰ ਹੋ ਹੀ ਨਹੀਂ ਸਕਦੀ।

## ਸੰਸਦ ਮੈਂਬਰ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਾਲੀ ਆਜ਼ਾਦ ਸਮਾਜ ਪਾਰਟੀ ਨੂੰ ਪੰਜਾਬ 'ਚ ਵੱਡਾ ਹੁਲਾਰਾ

**ਬਰਨਾਲਾ, (ਦਲਜੀਤ ਕੌਰ)** ਨੰਗੀਨਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਾਲੀ ਆਜ਼ਾਦ ਸਮਾਜ ਪਾਰਟੀ ਨੂੰ ਉਸ ਸਮੇਂ ਪੰਜਾਬ ਅੰਦਰ ਵੱਡਾ ਹੁਲਾਰਾ ਮਿਲਿਆ ਜਦੋਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਸਮੇਤ ਸੂਬਾ ਸਕੱਤਰ ਹਰਵਿੰਦਰ ਸਿੰਘ ਸੇਮਾ ਸੂਬਾ ਵਿੱਤ ਸਕੱਤਰ ਮੱਖਣ ਰਾਮਗੜ੍ਹ ਜ਼ਿਲ੍ਹਾ ਬਠਿੰਡਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਰਾਮਪੁਰਾ ਜ਼ਿਲ੍ਹਾ ਮਾਨਸਾ ਦੇ ਜ਼ਿਲ੍ਹਾ ਇਸ ਸਮੇਂ ਕੈਪਟਨ ਹਰਭਜਨ ਸਿੰਘ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ



ਜ਼ਿਲ੍ਹਾ ਬਰਨਾਲਾ ਦੇ ਸ਼ਿੰਗਾਰਾ ਸਿੰਘ ਚੌਹਾਨਕੇ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਬਲਜੀਤ ਕੌਰ ਸਿੱਖਾਂ ਵਾਲੀ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੌਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਦਸੂਹਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਪ੍ਰਧਾਨ ਧੰਨਾ ਸਿੰਘ ਅੰਬੇਦ-ਕਰੀ ਜ਼ਿਲਿਆਂ ਦੇ ਆਦਿ ਆਗੂ ਅਤੇ ਸਟੂਡੈਂਟ ਪਾਵਰ ਆਫ਼ ਪੰਜਾਬ ਦੇ ਸੂਬਾ ਪ੍ਰਧਾਨ ਪ੍ਰਦੀਪ ਗੁਰੂ, ਸੂਬਾ ਸਕੱਤਰ ਗੁਰਵਿੰਦਰ ਨੰਦਗੜ੍ਹ, ਸੂਬਾ ਪ੍ਰੈੱਸ ਸਕੱਤਰ ਸੋਨੂੰ ਝੱਬਰ ਸਮੇਤ ਵੱਡੀ ਗਿਣਤੀ ਵਿੱਚ ਅਜ਼ਾਦ ਸਮਾਜ ਪਾਰਟੀ ਦੇ ਪੰਜਾਬ ਇੰਚਾਰਜ ਹਿਤੇਸ਼ ਮਾਹੀ ਦੀ ਅਗਵਾਈ ਹੇਠ ਅਜ਼ਾਦ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਸਮੇਂ ਸੰਬੋਧਨ ਕਰਦਿਆਂ ਅਜ਼ਾਦ ਸਮਾਜ ਪਾਰਟੀ ਦੇ ਇੰਚਾਰਜ ਹਿਤੇਸ਼ ਮਾਹੀ ਨੇ ਕਿਹਾ ਕਿ ਅਜ਼ਾਦ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਅਜ਼ਾਦ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਸਮੇਤ ਸਮੁੱਚੇ ਮਜ਼ਦੂਰ ਲੀਡਰਾਂ ਨੂੰ ਅਜ਼ਾਦ ਸਮਾਜ ਪਾਰਟੀ ਵਿੱਚ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਅੱਜ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂਆਂ ਦਾ ਆਜ਼ਾਦ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਰਾਜ ਅੰਦਰ ਬਹੁਜਨ ਸਮਾਜ ਦੀ ਇਨਕਲਾਬੀ ਲਹਿਰ ਨੂੰ ਵੱਡਾ ਹੁਲਾਰਾ ਮਿਲੇਗਾ।

ਇਸ ਸਮੇਂ ਸੰਬੋਧਨ ਕਰਦਿਆਂ ਭਗਵੰਤ ਸਿੰਘ ਸਮਾਓ ਨੇ ਕਿਹਾ ਕਿ ਅਸੀਂ ਚੰਦਰ ਸ਼ੇਖਰ ਆਜ਼ਾਦ ਵੱਲੋਂ ਲੰਮੇ ਸਮੇਂ ਤੋਂ ਲੜੇ ਜਾ ਰਹੇ ਖੂਨ ਡੋਲਮੇ ਸੰਘਰਸ਼ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਸਮੁੱਚੀ ਲੀਡਰਸ਼ਿਪ ਨੇ ਅਜ਼ਾਦ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਏ ਹਾਂ। ਉਹਨਾਂ ਕਿਹਾ ਕਿ ਬਹੁਜਨ ਮੁਕਤੀ ਲਹਿਰ ਨੂੰ ਤੇਜ਼ ਕਰਨ ਲਈ ਅਜ਼ਾਦ ਸਮਾਜ ਪਾਰਟੀ ਦਾ ਸਾਥ ਦੇਣਾ ਸਮੇਂ ਦੀ ਮੁੱਖ ਲੋੜ ਹੈ। ਇਸ ਸਮੇਂ ਵੱਖ-ਵੱਖ ਆਗੂਆਂ ਨੇ ਵੀ ਸੰਬੋਧਨ ਕੀਤਾ।

## .ਗਦਰੀ ਬਾਬਿਆਂ ਦੇ 33ਵੇਂ ਮੇਲੇ ਸਬੰਧੀ ਸਭਿਆਚਾਰਕ ਵਿੰਗ ਦੀ ਮੀਟਿੰਗ ’ਚ ਵਿਚਾਰਾਂ

**ਜਲੰਧਰ (ਜਸਪਾਲ ਕੁਮਾਰ)–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ



ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਅਤੇ ਇਸ ਵਿੰਗ ਨਾਲ ਜੁੜੇ ਲੇਖਕਾਂ, ਸਾਹਿਤਕਾਰਾਂ, ਕਵੀਆਂ ਰੰਗ ਕਰਮੀਆਂ, ਤਰਕਸ਼ੀਲ, ਜਮਹੂਰੀ ਅਤੇ ਲੋਕ-ਪੱਖੀ ਸੰ-ਸਥਾਵਾਂ ਦੇ ਨੁਮਾਇੰਦਿਆਂ ਨੇ ਗ਼ਦਰੀ ਬਾਬਿਆਂ ਦੇ 33ਵੇਂ ਮੇਲੇ ਦੀ ਅਗਸਤ ਮਹੀਨੇ ਤੋਂ ਹੀ ਲਾਮਬੰਦੀ, ਪ੍ਰਚਾਰ, ਪ੍ਰਬੰਧਕੀ ਅਤੇ ਕਲਾ ਕਿਰਤਾਂ ਦੀਆਂ ਤਿਆਰੀਆਂ ਸਬੰਧੀ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਪ੍ਰਭਾਵਸ਼ਾਲੀ ਮੀਟਿੰਗ ਹੋਈ।

ਮੀਟਿੰਗ ’ਚ ਵਿਚਾਰਾਂ ਹੋਈਆਂ ਕਿ ਮੁਲਕ ’ਤੇ ਬੋਲੇ ਗਏ ਚੌਤਰਫ਼ੇ ਹੱਲੇ ਨੂੰ ਮੇਲੇ ਦੀਆਂ ਬਹੁ-ਵੰ-ਨਗੀਆਂ ਰਾਹੀਂ ਸੰਬੋਧਤ ਹੋਣ, ਗ਼ਦਰ ਲਹਿਰ ਦੀ ਵਿਰਾਸਤ ਤੋਂ ਪ੍ਰੇਰਨਾ ਲੈਂਦੇ ਹੋਏ ਉੱਠਣ ਵਾਲੀਆਂ ਲੋਕ ਲਹਿਰਾਂ ਵਿੱਚੋਂ ਸਿਰਜੇ ਜਾ ਰਹੇ ਸਾਹਿਤ ਸਭਿਆਚਾਰ ਨੂੰ ਰੂਪਮਾਨ ਕਰਦੀਆਂ ਕਲਾ ਕਿਰਤਾਂ ਨੂੰ ਮੇਲੇ ਵਿੱਚ ਲਿਆਉਣ ਲਈ ਹੁਣ ਤੋਂ ਹੀ ਮਿਲਕੇ ਸਖ਼ਤ ਮਿਹਨਤ ਕੀਤੀ ਜਾਏਗੀ। ਮੇਲੇ ’ਚ ਲੱਗਣ ਵਾਲੇ ਪੁਸਤਕ ਅਤੇ ਚਿਤਰਕਲਾ ਮੇਲੇ ਸਮੇਤ ਤਕਰੀਰਾਂ, ਸੰਵਾਦ, ਕਵਿਤਾਵਾਂ, ਗੀਤ-ਸੰਗੀਤ, ਫ਼ਿਲਮ ਅਤੇ ਨਾਟਕ ਮੇਲੇ, ਕੁਇਜ਼, ਪੇਂਟਿੰਗ, ਗਾਇਨ ਮੁਕਾਬਲੇ ਆਦਿ ਉਪਰ ਹਾਜ਼ਰ ਨੁਮਾਇੰਦਿਆਂ ਨੇ ਖੁੱਲ੍ਹਕੇ ਵਿਚਾਰਾਂ ਕੀਤੀਆਂ। ਮੇਲੇ ਨੂੰ ਹੋਰ ਵੀ ਖਿੱਚ ਭਰਪੂਰ ਅਤੇ ਪ੍ਰੇਰਨਾਦਾਇਕ ਬਣਾਉਣ ਲਈ ਆਏ ਸੁਝਾਵਾਂ ਦੀ ਰੌਸ਼ਨੀ ’ਚ 17 ਅਗਸਤ ਨੂੰ ਹੋਣ ਵਾਲੀ ਬੋਰਡ ਆਫ਼ ਟਰੱਸਟ ਦੀ ਮੀਟਿੰਗ ’ਚ ਮੇਲੇ ਦੀ ਰੂਪ-ਰੇਖਾ ਨਾਲ਼ ਜੁੜਵੇਂ ਫੈਸਲੇ ਲਏ ਜਾਣਗੇ। ਅੱਜ ਦੀ ਮੀਟਿੰਗ ’ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਤੋਂ ਇਲਾਵਾ ਸਭਿਆਚਾਰਕ ਵਿੰਗ ਅਤੇ ਮੇਲੇ ਨਾਲ ਵਰ੍ਹਿਆਂ ਤੋਂ ਜੁੜੇ ਆ ਰਹੇ ਲੇਖਕ, ਕਵੀ ਸ਼ਾਮਲ ਸਨ।

## ਸੁਪਰੀਮ ਕੋਰਟ ਵੱਲੋਂ 29 ਨੂੰ ਪਹਿਲੀਂ ਵਾਰ ਲਗਾਈ ਜਾਵੇਗੀ ਸਪੈਸ਼ਲ ਲੋਕ ਅਦਾਲਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮਾਨਯੋਗ ਸੁਪਰੀਮ ਕੋਰਟ ਵੱਲੋਂ 29 ਜੁਲਾਈ, 2024 ਨੂੰ ਸਪੈਸ਼ਲ ਲੋਕ ਅਦਾਲਤ ਲਗਾਈ ਜਾ ਰਹੀ ਹੈ, ਜਿਸ ਸਬੰਧੀ, ਚੀਫ ਜੁਡੀਸ਼ੀਅਲ ਮੈਜਿਸਟੇਰਟ-ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਰਾਜ ਪਾਲ ਰਾਵਲ ਵੱਲੋਂ ਪ੍ਰੀ-ਲੋਕ ਅਦਾਲਤ ਕੰਸੀਲੀਏਸ਼ਨ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਅੱਜ ਕੀਤੀ ਮੀ-ਟਿੰਗ ਵਿਚ ਸੁਪਰੀਮ ਕੋਰਟ ਵਿੱਚ ਪੈਂਡਿੰਗ ਕੇਸਾਂ ਨਾਲ ਸਬੰਧਿਤ ਪਾਰਟੀਆਂ ਨੂੰ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਸਪੈਸ਼ਲ ਲੋਕ ਅਦਾਲਤ ਵਿਚ ਕੇਸ ਲਗਾਉਣ ਲਈ ਉਤਸ਼ਾਹਿਤ ਕੀਤਾ ਗਿਆ, ਤਾਂ ਜੋ ਪੈਂਡਿੰਗ ਕੇਸਾਂ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾ ਸਕੇ। ਇਸ ਮੀਟਿੰਗ ਵਿਚ ਲੋਕਾਂ ਨੂੰ ਸਪੈਸ਼ਲ ਲੋਕ ਅਦਾਲਤ ਵਿਚ ਕੇਸ ਲਗਾਉਣ ਦੇ ਲਾਭਾਂ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਕਿ ਇਸ ਵਿੱਚ ਕੇਸ ਲਗਾਉਣ ਨਾਲ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ। ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਪੈਸ਼ਲ ਲੋਕ ਅਦਾਲਤ ਵਿਚ ਲੱਗਣ ਵਾਲੇ ਕੇਸਾਂ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ ਕਿ ਇਸ ਵਿਚ ਲੇਬਰ ਨਾਲ ਸਬੰਧਿਤ ਮਾਮਲੇ, ਚੈੱਕ ਨਾਲ ਸੰਬੰਧਤ ਮਾਮਲੇ (138 ਐਨ।ਆਈ। ਐਕਟ), ਐਕਸੀਡੈਂਟ ਕਲੇਮ ਕੇਸ (ਮੋਟਰ ਐਕਸੀਡੈਂਟ ਕਲੇਮ), ਪਰਿਵਾਰ ਕਾਨੂੰਨ ਦੇ ਮਾਮਲੇ, ਸਰਵਿਸਜ਼ ਦੇ ਮਾਮਲੇ, ਰੈਂਟ ਸਬੰਧੀ ਮਾਮਲੇ, ਅਕਾਦਮਿਕ ਮਾਮਲੇ, ਮੇਨਟੇਨੈਂਸ ਨਾਲ ਸਬੰਧਤ ਮੁੱਦੇ, ਮੌਰਟਗੇਜ ਨਾਲ ਸਬੰਧਤ ਮਾਮਲੇ, ਖਪਤਕਾਰ ਸੁਰੱਖਿਆ ਦੇ ਮਾਮਲੇ, ਤਬਾਦਲਾ ਪਟੀਸ਼ਨਾਂ (ਦੀਵਾਨੀ ਅਤੇ ਫ਼ੌਜਦਾਰੀ), ਰਕਮ ਵਸੂਲੀ ਸਬੰਧੀ ਮਾਮਲੇ, ਜ਼ਮੀਨੀ ਵਿਵਾਦਾਂ ਨਾਲ ਸਬੰਧਤ ਮਾਮਲੇ ਅਤੇ ਹੋਰ ਸਿਵਲ ਮਾਮਲਿਆਂ ਨਾਲ ਸਬੰਧਿਤ ਕੇਸ ਲਗਾਏ ਜਾ ਸਕਦੇ ਹਨ।



ਇਸ ਤੋਂ ਇਲਾਵਾ ਉਨ੍ਹਾਂ ਸਮੇਂ-ਸਮੇਂ ‘ਤੇ ਲਗਾਈਆਂ ਜਾਣ ਵਾਲੀਆਂ ਕੌਮੀ ਲੋਕ ਅਦਾਲਤਾਂ ਸਬੰਧੀ ਵੀ ਜਾਣਕਾਰੀ ਦਿੱਤੀ ਜੋ ਕਿ ਇਕ ਸਾਲ ਵਿਚ ਚਾਰ ਵਾਰ ਲਗਾਈ ਜਾਂਦੀ ਹੈ ਅਤੇ ਅਗਲੀ ਲੋਕ ਅਦਾਲਤ 14 ਸਤੰਬਰ, 2024 ਨੂੰ ਲਗਾਈ ਜਾ ਰਹੀ ਹੈ। ਇਸ ਲੋਕ ਅਦਾਲਤ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਉਨ੍ਹਾਂ ਵੱਲੋਂ ਸਮੇਂ-ਸਮੇਂ ‘ਤੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਇਸ ਲੋਕ ਅਦਾਲਤ ਵਿਚ ਆਮ ਜਨਤਾ ਨੂੰ ਵੱਧ ਤੋਂ ਵੱਧ ਕੇਸ ਲਗਾਉਣ ਸਬੰਧੀ ਜਾਗਰੂਕ ਕੀਤਾ ਜਾ ਸਕੇ ਤਾਂ ਜੋ ਆਮ ਜਨਤਾ ਇਨ੍ਹਾਂ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕੇ। ਇਥੇ ਇਹ ਵੀ ਵਰਨਣਯੋਗ ਹੈ ਕਿ ਸਪੈਸ਼ਲ ਲੋਕ ਅਦਾਲਤ ਸੁਪਰੀਮ ਕੋਰਟ ਵੱਲੋਂ ਪਹਿਲੀ ਵਾਰ ਲਗਾਈ ਜਾ ਰਹੀ ਹੈ, ਜਿਸ ਕਾਰਨ ਇਸ ਵਿਚ ਕੇਸ ਲਗਾਉਣ ਲਈ ਲੋਕਾਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਜਾ ਰਿਹਾ ਹੈ।

# ਜ਼ਿਲ੍ਹਾ ਪਠਾਨਕੋਟ ਅੰਦਰ ਵਿਕਾਸ ਲਿਆਉਂਣ ਲਈ ਜਿਨ੍ਹਾਂ ਪ੍ਰੋਜੈਕਟਾਂ ਦੀ ਲੋੜ ਉਨ੍ਹਾਂ ਦੀ ਰਿਪੋਰਟ ਬਣਾ ਕੇ ਉਨ੍ਹਾ ਦੇ ਧਿਆਨ ਚੋਂ ਲਿਆਂਦੀ ਜਾਵੇ- ਧਾਲੀਵਾਲ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਜਿਲ੍ਹਾ ਪਠਾਨਕੋਟ ਵਿਖੇ ਵੱਖ ਵੱਖ ਵਿਭਾਗਾਂ ਅੰਦਰ ਚਲ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਵਿਸ਼ੇਸ ਤੌਰ ਤੇ ਰੀਵਿਓ ਮੀਟਿੰਗ ਕੀਤੀ ਗਈ। ਸਾਰੇ ਵਿਭਾਗਾਂ ਵੱਲੋਂ ਵਿਕਾਸ ਕਾਰਜਾਂ ਨੂੰ ਲੈ ਕੇ ਕੀਤੇ ਗਏ ਕਾਰਜ ਪ੍ਰਸੰਸਾ ਯੋਗ ਹਨ ਕੁਝ ਵਿਭਾਗਾਂ ਦੇ ਵਿਕਾਸ ਕਾਰਜ ਪਾਈਪਲਾਈਨ ਚੋਂ ਚਲ ਰਹੇ ਹਨ ਉਨ੍ਹਾਂ ਕਾਰਜਾਂ ਨੂੰ ਆਉਂਣ ਵਾਲੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਮੁਕੰਮਲ ਕੀਤਾ ਜਾਵੇਗਾ, ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਂਣ ਦਾ ਜੋ ਫੈਂਸਲਾ ਹੈ ਉਸ ਦੇ ਅਧੀਨ ਹਰੇਕ ਵਿਭਾਗ ਨੂੰ ਵਿਕਾਸ ਦੇ ਪੱਧਰ ਤੇ ਲੈ ਕੇ ਆਵਾਂਗੇ। ਇਹ ਪ੍ਰਗਟਾਵਾ ਸ। ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪ੍ਰਸਾਸਕੀ ਸੁਧਾਰ ਅਤੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਪੰਜਾਬ ਨੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿੱਚ ਵੱਖ ਵੱਖ ਵਿਭਾਗਾਂ ਵੱਲੋਂ ਚਲਾਏ ਜਾ ਰਹੇ ਵਿਕਾਸ ਕਾਰਜਾਂ ਦਾ ਰੀਵਿਓ ਕਰਦਿਆਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਅੰਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ, ਸ੍ਰੀ ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਸ੍ਰੀ ਗੋਤਮ ਮਾਨ ਸਟੇਟ ਜੁਆਇੰਟ ਸਕੱਤਰ ਆਮ ਆਦਮੀ ਪਾਰਟੀ ਪੰਜਾਬ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ), ਮੇਜਰ ਡਾ। ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਕਾਲਾ ਰਾਮ ਕਾਂਸਲ ਐਸ।ਡੀ।ਐਮ। ਧਾਰਕਲ੍ਹਾ, ਅਭਿਸੇਕ ਸਰਮਾ ਸਹਾਇਕ ਕਮਿਸਨਰ ਜਰਨਲ, ਡਾ. ਕੇ.ਡੀ. ਸਿੰਘ, ਸੁਰਿੰਦਰ ਰਾਹੀ ਪ੍ਰੈਸ ਸਕੱਤਰ ਆਮ ਆਦਮੀ ਪਾਰਟੀ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਅਤੇ ਪਾਰਟੀ ਆਹੁਦੇਦਾਰ ਵੀ ਹਾਜ਼ਰ ਸਨ।

ਮੀਟਿੰਗ ਦੋਰਾਨ ਜਾਣਕਾਰੀ ਦਿੰਦਿਆਂ ਸ. ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪ੍ਰਸਾਸਕੀ ਸੁਧਾਰ ਅਤੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਪੰਜਾਬ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਾ ਪਠਾਨਕੋਟ ਦੀ ਧਰਤੀ ਲੀਚੀ ਅਤੇ ਮੱਕੀ ਦੀ ਕਾਸਤ ਦੇ ਲਈ ਬਹੁਤ ਹੀ ਵਧੀਆ ਹੈ ਅਤੇ ਕਿਸਾਨਾਂ ਨੂੰ ਜਾਗਰੂਕ ਕਰਕੇ ਮੱਕੀ ਦੀ ਵਧੇਰੇ ਪੈਦਾਵਾਰ ਵੀ ਕੀਤੀ ਜਾ ਸਕਦੀ ਹੈ ਪਰ ਮੱਕੀ ਦੀ ਮੰਡੀ ਨਾ ਹੋਣ ਕਰਕੇ ਕਿਸਾਨਾਂ ਨੂੰ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਕਿ ਕਿਸਾਨਾਂ ਨੂੰ ਮੱਕੀ ਦਾ ਸਹੀ ਰੇਟ ਨਹੀਂ ਮਿਲ ਪਾਉਂਦਾ। ਉਨ੍ਹਾਂ ਕਿਹਾ ਕਿ ਅਗਰ ਲੀਚੀ ਦੀ ਗੱਲ ਕਰੀਏ ਤਾਂ ਪਠਾਨਕੋਟ ਦੀ ਲੀਚੀ ਇਸ ਵਾਰ ਵਿਦੇਸ ਤੱਕ ਪਹੁੰਚ ਗਈ ਹੈ ਪਹਿਲੀ ਵਾਰ 12 ਮੀਟਰਿਕ ਟਨ ਲੀਚੀ ਵਿਦੇਸ ਦੀ ਧਰਤੀ ਤੱਕ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਪਠਾਨਕੋਟ ਦੀ ਮੁੱਖ ਮੰਡੀ ਅੰਦਰ ਇੱਕ ਸੈਡ ਲੀਚੀ ਲਈ ਅਤੇ ਇੱਕ ਸੈਡ ਮੱਕੀ ਦੇ ਲਈ ਤਿਆਰ ਕੀਤੀ ਜਾਣਗੀਆਂ ਤਾਂ ਜੋ ਮੱਕੀ ਨੂੰ ਮੰਡੀ ਮਿਲ ਸਕੇ ਅਤੇਕਿਸਾਨਾਂ ਨੂੰ ਮੱਕੀ ਤੋਂ ਮੁਨਾਫਾ ਮਿਲ ਸਕੇ।

ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਹਰੇਕ ਖੇਤਰ ਅੰਦਰ ਵਿਕਾਸ ਚਾਹੁੰਦੇ ਹਨ। ਉਸ ਵਿਕਾਸ ਲਈ ਸਰਕਾਰ ਹਰੇਕ ਤਰ੍ਹਾਂ ਦੇ ਸਾਧਨ ਮੁਹੇਈਆਂ ਕਰਵਾਉਂਣ ਨੂੰ ਤਿਆਰ ਹੈ।



ਉਨ੍ਹਾਂ ਕਿਹਾ ਕਿ ਮੀਟਿੰਗ ਦੋਰਾਨ ਵਿਭਾਗੀ ਅਧਿਕਾਰੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਹੈ ਕਿ ਜਨ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਹੋਰ ਵੀ ਕੰਮ ਕੀਤੇ ਜਾ ਸਕਦੇ ਹਨ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਕਿਹਾ ਕਿ ਜਨਹਿੱਤ ਦੇ ਲਈ ਜਿਲ੍ਹਾ ਪਠਾਨਕੋਟ ਅੰਦਰ ਜੋ ਵੀ ਬਿਹਤਰ ਕਾਰਜ ਕੀਤੇ ਜਾ ਸਕਦੇ ਹਨ ਉਨ੍ਹਾਂ ਦੀ ਡਿਮਾਂਡ ਬਣਾ ਕੇ ਡਿਪਟੀ ਕਮਿਸਨਰ ਪਠਾਨਕੋਟ ਦੇ ਸਹਿਯੋਗ ਨਾਲ ਉਨ੍ਹਾਂ ਤੱਕ ਪਹੁੰਚਾਈ ਜਾਵੈ ਤਾਂ ਜੋ ਉਹ ਉਨ੍ਹਾਂ ਜਨਹਿਤ ਕਾਰਜਾਂ ਨੂੰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਧਿਆਨ ਵਿਚ ਲਿਆ ਕੇ ਜਿਲ੍ਹੇ ਅੰਦਰ ਉਹ ਵਿਕਾਸ ਕਾਰਜ ਕਰਵਾਏ ਜਾ ਸਕਣ।

ਉਨ੍ਹਾਂ ਖੇਤੀ ਬਾੜੀ ਵਿਭਾਗ ਨੂੰ ਹਦਾਇਤ ਕਰਦਿਆਂ ਕਿਹਾ ਕਿ ਪਿੰਡ ਪੱਧਰ ਤੇ ਵੱਧ ਤੋਂ ਵੱਧ ਕੈਂਪ ਲਗਾ ਕੇ ਕਿਸਾਨਾਂ ਨਾਲ ਰਾਫਤਾ ਕਾਇਮ ਕੀਤਾ ਜਾਵੈ ਅਤੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੈ ਕਿ ਝੋਨੇ ਦੀ ਫਸਲ ਘਾਤਕ ਕੀਟਨਾਸਕ ਦਵਾਈਆਂ ਤੋਂ ਦੂਰ ਰੱਖਿਆ ਜਾਵੈ ਅਤੇ ਫਸਲ ਤੇ ਉਨ੍ਹਾਂ ਦਵਾਈਆਂ ਦਾ ਹੀ ਛਿੜਕਾਅ ਕੀਤਾ ਜਾਵੈ ਜੋ ਖੇਤੀ ਬਾੜੀ ਵਿਭਾਗ ਵੱਲੋਂ ਸਿਫਾਰਿਸ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਇਸੇ ਹੀ ਤਰ੍ਹਾਂ ਲੀਚੀ ਦੀ ਫਸਲ ਤੇ ਵੀ ਉਨ੍ਹਾਂ ਦਵਾਈਆਂ ਦਾ ਹੀ ਛਿੜਕਾਅ ਕੀਤਾ ਜਾਵੈ ਜਿਨ੍ਹਾਂ ਨੂੰ ਵਿਦੇਸਾਂ ਵੱਲੋਂ ਸਿਫਾਰਸ ਕੀਤਾ ਜਾਂਦਾ ਹੈ ਅਤੇ ਫਸਲਾਂ ਤੇ ਜਿਆਦਾ ਕੀਟਨਾਸਕਾਂ ਦਾ ਪ੍ਰਯੋਗ ਨਾ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਲਗਭਗ ਸਾਰੇ ਸਕੂਲਾਂ ਦੀ ਚਾਰਦੀਵਾਰੀ ਬਣਾਈ ਗਈ ਹੈ ਬਿਲਡਿੰਗਾਂ ਦੀ ਰਿਪੇਅਰ ਕੀਤੀ ਗਈ ਹੈ ਫਰਨੀਚਰ ਅਤੇ ਪਖਾਨੇ ਵਧੀਆਂ ਬਣਾਏ ਗਏ ਹਨ। ਉਨ੍ਹਾ ਜਿਲ੍ਹਾ ਸਿੱਖਿਆ ਅਧਿਕਾਰੀ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਲ੍ਹੇ ਅੰਦਰ ਅਗਰ ਕਿਸੇ ਸਕੂਲ ਅੰਦਰ ਇਮਾਰਤ ਦੀ ਰਿਪੇਅਰ ਜਾਂ ਨਵੀਂ ਬਣਾਉਂਣੀ ਹੈ ਉਸ ਦਾ ਸਰਵੇ ਕਰਕੇ ਰਿਪੋਰਟ ਬਣਾ ਕੇ ਉਨ੍ਹਾਂ ਨੂੰ ਭੇਜੀ ਜਾਵੈ ਤਾਂ ਜੋ ਆਉਂਣ ਵਾਲੇ ਸਮੇਂ ਦੋਰਾਨ ਉਨ੍ਹਾਂ ਇਮਾਰਤਾਂ ਦਾ ਨਵਨਿਰਮਾਣ ਕੀਤਾ ਜਾਵੈ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਦੇਣ ਦੇ ਲਈ ਜਿਲ੍ਹੇ ਅੰਦਰ 25 ਆਮ ਆਦਮੀ ਕਲੀਨਿਕ ਚਲਾਏ ਜਾ ਰਹੇ ਹਨ ਅਤੇ ਪ੍ਰਤੀਦਿਨ ਭਾਰੀ ਸੰਖਿਆ ਵਿੱਚ ਲੋਕ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਲਾਭ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਿਲ੍ਹਾ ਪਠਾਨਕੋਟ ਅੰਦਰ ਨਰਸਿੰਗ ਸਟਾਫ ਦੀ ਕਮੀ ਹੈ ਅਤੇ ਉਨ੍ਹਾਂ ਵੱਲੋਂ ਸਿਹਤ ਮੰਤਰੀ ਪੰਜਾਬ ਨਾਲ ਵਿਸ਼ੇਸ ਚਰਚਾ ਕਰਕੇ ਜਿਲ੍ਹਾ ਪਠਾਨਕੋਟ ਅੰਦਰ ਨਰਸਿੰਗ ਸਟਾਫ ਦੀ ਕਮੀ ਨੂੰ ਦੂਰ ਕੀਤਾ ਜਾਵੇਗਾ। ਉਨ੍ਹਾਂ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੈ ਤਾਂ ਜੋ ਲੋਕਾਂ ਨੂੰ ਇਨ੍ਹਾਂ ਵਿਕਾਸ ਕਾਰਜਾਂ ਦਾ ਲਾਭ ਹੋਵੇ ਅਤੇ ਲੋਕ ਜਨ ਭਲਾਈ ਸਕੀਮਾਂ ਤੋਂ ਲਾਭ ਪ੍ਰਾਪਤ ਕਰ ਸਕਣ।

# ਔਰਤ ਮੁਕਤੀ ਦਾ ਚਿੰਨ੍ਹ ਸ਼ਹੀਦ ਕਿਰਨਜੀਤ ਕੌਰ ਦਾ 27ਵਾਂ ਯਾਦਗਾਰੀ ਸਮਾਗਮ

ਮਹਿਲਕਲਾਂ, (ਦਲਜੀਤ ਕੌਰ) ਔਰਤ ਮੁਕਤੀ ਦਾ ਇੱਕ ਚਿੰਨ੍ਹ ਸ਼ਹੀਦ ਕਿਰਨਜੀਤ ਕੌਰ ਦਾ 27ਵਾਂ ਯਾਦਗਾਰੀ ਸਮਾਗਮ ਦਾਣਾ ਮੰਡੀ ਮਹਿਲਕਲਾਂ ਵਿੱਚ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਤਾਦਾਦ ਵਿੱਚ ਜੁਝਾਰੂ ਮਰਦ-ਔਰਤਾਂ ਅਤੇ ਨੌਜਵਾਨਾਂ ਦੇ ਕਾਫਲੇ ਪੂਰੇ ਜੋਸ਼-ਓ-ਖਰੋਸ਼ ਨਾਲ ਸ਼ਾਮਿਲ ਹੋਏ।

ਸਮਾਗਮ ਦੀ ਸ਼ੁਰੂਆਤ ਲਖਵਿੰਦਰ ਠੀਕਰੀਵਾਲ ਦੇ ਸ਼ਰਧਾਂਜਲੀ ਗੀਤ 'ਚੜ੍ਹਨ ਵਾਲਿਓ ਹੱਕਾਂ ਦੀ ਭੇਂਟ ਉੱਤੇ...' ਨਾਲ ਹੋਈ। ਮੁੱਖ ਬੁਲਾਰੇ ਵਜੋਂ ਔਰਤ ਹੱਕਾਂ ਅਤੇ ਸਮਾਜਿਕ ਸਰੋਕਾਰਾਂ ਉੱਪਰ ਖੋਜ ਭਰਪੂਰ ਕੰਮ ਕਰਨ ਵਾਲੀ ਨਿਊਜ਼ ਕਲਿੱਕ ਦੀ ਸੀਨੀਅਰ ਜਰਨਲਿਸਟ ਭਾਸ਼ਾ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੋਦੀ ਹਕੂਮਤ ਨੇ ਜਾਬਰ ਫਿਰਕੂ ਫਾਸ਼ੀ ਅਜੰਡੇ ਤਹਿਤ ਹਰ ਤਬਕੇ ਨੂੰ ਆਪਣੀ ਮਾਰ ਹੇਠ ਲਿਆਂਦਾ ਹੋਇਆ ਹੈ। ਇਸ ਹਮਲੇ ਦੀ ਮਾਰ ਹੇਠ ਆਏ ਸਮਾਜਿਕ ਕਾਰਕੁਨ, ਬੁੱਧੀਜੀਵੀ, ਪੱਤਰਕਾਰ ਅਤੇ ਵਕੀਲ, ਸਾਲਾਂ ਤੋਂ ਜੇਲ੍ਹਾਂ ਪਿੱਛੇ ਕੈਦ ਹਨ। ਭਾਸ਼ਾ ਸਿੰਘ ਨੇ ਇੱਕ ਨਾਬਾਲਗ ਬੱਚੀ ਦੇ ਸਮੂਹਿਕ ਜਬਰ ਜਿਨਾਹ ਅਤੇ ਕਤਲ ਤੋਂ ਸ਼ੁਰੂ ਹੋਏ ਸਾਂਝੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦੀਆਂ ਔਰਤਾਂ ਨੂੰ ਸੰਗਰਾਮੀ ਮੁਬਾਰਕ ਦਿੱਤੀ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨ੍ਹਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣੀ ਅਤੇ ਮਹਿਲਕਲਾਂ ਐਕਸ਼ਨ ਕਮੇਟੀ ਦੇ ਇੱਕ ਅਹਿਮ ਆਗੂ ਦੀ ਸਜ਼ਾ ਰੱਦ ਕਰਾਉਣੀ ਸੰਭਵ ਹੀ ਨਹੀਂ ਸੀ।

ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਯਾਦਗਾਰ ਕਮੇਟੀ ਮਹਿਲਕਲਾਂ ਦੇ ਕਨਵੀਨਰ ਨਰਾਇਣ ਦੱਤ ਨੇ 27 ਸਾਲ ਤੋਂ ਔਰਤ ਮੁਕਤੀ ਦੇ ਇਸ ਘੋਲ ਵਿੱਚ ਡਟੇ ਹੋਏ ਜੁਝਾਰੂ ਕਾਫ਼ਲਿਆਂ ਦੀ ਜੈ ਜੈ ਕਾਰ ਕਰਦਿਆਂ ਉਹਨਾਂ ਨੂੰ ਇਨਕਲਾਬੀ ਸਲਾਮ ਭੇਂਟ ਕੀਤੀ ਅਤੇ ਕਿਹਾ ਕਿ ਮਹਿਲਕਲਾਂ - ਬਰਨਾਲਾ ਸਮੇਤ ਸਮੁੱਚੇ ਪੰਜਾਬ ਦੀ ਧਰਤੀ ਦੇ ਜੁਝਾਰੂ ਵਾਰਸ ਐਕਸ਼ਨ ਕਮੇਟੀ ਹੁਣ ਯਾਦਗਾਰ ਕਮੇਟੀ ਦੀ ਢਾਲ ਤੇ ਤਲਵਾਰ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ 'ਜਬਰ ਖ਼ਿਲਾਫ਼ ਸੰਘਰਸ਼ ਰਾਹੀਂ ਟਾਕਰੇ' ਦੇ ਵਿਗਿਆਨ ਨੇ ਇਤਿਹਾਸਕ ਜਿੱਤਾਂ ਜਿੱਤਣ ਰਾਹੀਂ ਨਵੀਂ ਮਿਸਾਲ ਕਾਇਮ ਕੀਤੀ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਾਬਕਾ ਵਿਦਿਆਰਥੀ ਆਗੂ ਅਤੇ ਹੁਣ ਮਜ਼ਦੂਰ ਆਗੂ ਸ਼ਰੈਆ ਘੋਸ਼ ਨੇ ਕਿਹਾ ਕਿ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਦਲਿਤ ਮਜ਼ਦੂਰ ਅਤੇ ਘੱਟ ਗਿਣਤੀ ਔਰਤਾਂ ਨੂੰ ਸਭ ਤੋਂ ਵੱਧ ਸਹਿਣੀ ਪੈ ਰਹੀ ਹੈ। ਔਰਤਾਂ ਉੱਤੇ ਜ਼ਬਰ ਦਾ ਜ਼ਿੰਮੇਵਾਰ ਲੁਟੇਰਾ ਅਤੇ ਜ਼ਾਬਰ ਰਾਜ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਔਰਤਾਂ ਦੀ ਮੁਕਤੀ ਸੰਭਵ ਨਹੀਂ ਹੈ। ਇਸ ਲਈ ਔਰਤਾਂ ਨੂੰ ਚੇਤੰਨ ਅਗਵਾਈ ਅਧੀਨ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣਾ ਹੋਵੇਗਾ।

ਇਨਕਲਾਬੀ ਕੇਂਦਰ,ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਭਾਵੇਂ ਅਸੀਂ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਖਿਲਾਫ਼ ਵੱਡੀ ਲੜਾਈ ਜਿੱਤ ਲਈ ਹੈ ਪਰ ਇਹ ਅੰਤਿਮ ਜਿੱਤ ਨਹੀਂ ਹੈ। ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ 40% ਨੁਮਾਇੰਦਿਆਂ ਦਾ ਅਪਰਾਧਿਕ (ਅਗਵਾ, ਬਲਾਤਕਾਰ, ਕਤਲ ਆਦਿ) ਪਿਛੋਕੜ ਹੈ। ਇਸੇ ਕਰਕੇ ਔਰਤਾਂ ਉੱਪਰ ਜ਼ਬਰ ਲਗਾਤਾਰ ਵਧ ਰਿਹਾ ਹੈ। ਅਜਿਹੀ ਹਾਲਤ ਵਿੱਚ ਅਸੀਂ ਆਸ ਨਹੀਂ ਕਰ ਸਕਦੇ ਕਿ ਇਹ ਲੋਕ ਔਰਤਾਂ ਉੱਤੇ ਜ਼ਬਰ ਨੂੰ ਰੋਕਣਗੇ। ਇਸ ਲਈ 'ਮਹਿਲਕਲਾਂ ਲੋਕ ਘੋਲ ਦਾ ਪੈਗਾਮ-ਜਾਰੀ ਰੱਖਣਾ ਹੈ ਸੰਗਰਾਮ' ਦੇ ਬੁਨਿਆਦੀ ਨਾਹਰੇ ਤਹਿਤ ਔਰਤ ਮੁਕਤੀ ਦੇ ਸੰਘਰਸ਼ ਵਿੱਚ ਔਰਤਾਂ ਨੂੰ ਆਗੂ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਹੋਵੇਗਾ।

ਭਾਰਤੀ ਮਾਰਕਸਵਾਦੀ ਇਨਕਲਾਬੀ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਮਹਿਲਕਲਾਂ ਦੀ ਧਰਤੀ ਦੇ ਵਾਰਸਾਂ ਵੱਲੋਂ ਸ਼ੁਰੂ ਕੀਤੀ ਸਾਂਝੇ ਸੰਘਰਸ਼ਾਂ ਦੀ ਵਿਰਾਸਤ ਦੀ ਗੂੰਜ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਵੀ ਗੂੰਜਦੀ ਰਹੀ ਹੈ। ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੋਕ ਵਿਰੋਧੀ ਨੀਤੀ ਦੀ ਚੀਰਫਾੜ ਕਰਦਿਆਂ ਕਿਹਾ ਕਿ ਰਾਜ ਗੱਦੀ ਉੱਪਰ ਕਾਬਜ਼ ਹਾਕਮ ਮੁਲਕ ਦੇ ਜਲ, ਜੰਗਲ, ਜਮੀਨ ਸਮੇਤ ਮੁਲਕ ਦੇ ਕੁਦਰਤੀ ਸ੍ਰੋਤ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਹਨ। ਮੋਦੀ ਹਕੂਮਤ ਦੀ ਇਸ ਲੋਕ ਵਿਰੋਧੀ ਨੀਤੀ ਨੂੰ ਪੁੱਠਾ ਗੇੜਾ ਦੇਣ ਲਈ ਮਹਿਲਕਲਾਂ ਵਰਗੇ ਸਾਂਝੇ ਲੋਕ ਸੰਘਰਸ਼ਾਂ ਦੀ ਵਿਰਾਸਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।



ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਅੰਮ੍ਰਿਤਪਾਲ ਕੌਰ,ਸੁਖਜੀਤ ਕੌਰ ਨੇ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀ ਜਾ ਰਹੀ ਕਿਸਾਨ ਅਤੇ ਲੋਕ ਵਿਰੋਧੀ ਨੀਤੀ ਖਿਲਾਫ ਮਹਿਲਕਲਾਂ ਦੀ ਲੋਕ ਸ਼ਕਤੀ ਤੋਂ ਪ੍ਰੇਰਨਾ ਹਾਸਲ ਕਰਕੇ ਸਾਂਝੇ ਇੱਕਜੁੱਟ ਸੰਘਰਸ਼ ਦੀ ਲੋੜ 'ਤੇ ਜੋਰ ਦਿੱਤਾ। ਮੋਦੀ ਹਕੂਮਤ ਦੇਸ਼ ਦੇ ਖੇਤੀ ਸੈਕਟਰ ਨੂੰ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਵਾਅਦਿਆਂ ਦੀ ਝੜੀ ਲਗਾਕੇ ਸੱਤਾ ਉੱਪਰ ਕਾਬਜ਼ ਹੋਈ ਸੀ। ਪਰ ਅੱਜ ਤੱਕ ਖੇਤੀ ਨੀਤੀ ਤਾਂ ਕੀ ਲਾਗੂ ਕਰਨੀ ਸੀ। ਉਲਟਾ ਬਹੁਕੌਮੀ ਬੋਸਟਨ ਕੰਸਲਟਿੰਗ ਗਰੁੱਪ ਨੂੰ 5165 ਕਰੋੜ ਰੁ. ਵਿੱਚ ਠੇਕਾ ਦੇ ਦਿੱਤਾ ਹੈ। ਪਰ ਅੱਜ ਵੀ ਮਨੀਪੁਰ ਅੰਦਰ ਵਾਪਰੀਆਂ ਸ਼ਰਮਨਾਕ ਘਟਨਾਵਾਂ ਨੇ ਵੱਡੇ ਸਵਾਲ ਖੜੇ ਕੀਤੇ ਹਨ।

ਇਨਕਲਾਬੀ ਕੇਂਦਰ, ਪੰਜਾਬ ਦੇ ਨੌਜਵਾਨ ਆਗੂ ਹਰਪ੍ਰੀਤ ਨੇ ਕਿਹਾ ਕਿ ਮਨੂੰਵਾਦੀ ਮੋਦੀ ਹਕੂਮਤ ਵੱਲੋਂ ਮਨੀਪੁਰ ਸਮੇਤ ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਔਰਤਾਂ ਨੂੰ ਜ਼ਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵੀ ਅਜਿਹਾ ਹੀ ਦ੍ਰਿਸ਼ ਫਲਸਤੀਨ ਸਮੇਤ ਹਰ ਥਾਂ ਵੇਖਿਆ ਜਾ ਸਕਦਾ ਹੈ। ਔਰਤਾਂ ਨੂੰ ਆਪਣੇ ਸੰਗਰਾਮੀ ਵਿਰਸੇ ਉੱਪਰ ਮਾਣ ਮਹਿਸੂਸ ਕਰਕੇ ਲੋਕ ਘੋਲਾਂ ਦੇ ਵਿਗਿਆਨ ਨੂੰ ਸਮਝਣਾ ਹੋਵੇਗਾ। ਔਰਤਾਂ ਦੀ ਮੁਕਤੀ ਹਰ ਕਿਸਮ ਦੀ ਗੈਰਬਰਾਬਰਤਾ ਖ਼ਤਮ ਕਰਕੇ ਨਵਾਂ ਸਮਾਜ ਸਿਰਜਣ ਨਾਲ ਹੀ ਸੰਭਵ ਹੋਵੇਗੀ। ਐਕਸ਼ਨ ਕਮੇਟੀ ਮਹਿਲਕਲਾਂ ਦੇ ਮਰਹੂਮ ਕਨਵੀਨਰ ਭਗਵੰਤ ਸਿੰਘ ਮਹਿਲਕਲਾਂ ਦੀ ਜੀਵਨ ਸਾਥਣ ਪ੍ਰੇਮਪਾਲ ਕੌਰ ਨੇ ਸ਼ਹੀਦ ਕਿਰਨਜੀਤ ਕੌਰ ਦੀ ਜੂਝ ਮਰਨ ਦੀ ਭਾਵਨਾ ਨੂੰ ਅਮਰ ਕਰਾਰ ਦਿੱਤਾ। ਹਾਸ਼ੀਏ 'ਤੇ ਧੱਕੀਆਂ ਔਰਤਾਂ ਨੂੰ ਮਹਿਲਕਲਾਂ ਦੀ ਧਰਤੀ ਨੇ ਜਥੇਬੰਦ ਹੋਣ, ਸੰਘਰਸ਼ ਕਰਨ ਤੋਂ ਅੱਗੇ ਔਰਤ ਦੀ ਮੁਕੰਮਲ ਮੁਕਤੀ ਵਾਲਾ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣ ਦੀ ਲੋੜ 'ਤੇ ਜੋਰ ਦਿੱਤਾ। ਡੀਟੀਐੱਫ ਦੇ ਸੂਬਾ ਮੀਤ ਪ੍ਰਧਾਨ ਰਾਜੀਵ ਕੁਮਾਰ ਅਤੇ ਟੀਐਸਯੂ ਦੇ ਆਗੂ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ ਨੇ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਦੀ ਨੀਤੀ ਤਹਿਤ ਸਿੱਖਿਆ, ਸਿਹਤ, ਰੇਲਵੇ, ਬਿਜਲੀਬੋਰਡ, ਕੋਇਲਾ ਖਾਣਾਂ, ਬੀਮਾ, ਬੈਂਕਾਂ ਆਦਿ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ, ਚਾਰ ਨਵੇਂ ਕਿਰਤ ਕਾਨੂੰਨਾਂ ਰਾਹੀਂ ਕਿਰਤੀਆਂ ਦੀ ਤਿੱਖੀ ਰੱਤ ਨਿਚੋੜਨ ਦੀ ਨੀਤੀ ਖ਼ਿਲਾਫ਼ ਚੱਲ ਰਹੇ ਸੰਘਰਸ਼ਾਂ ਵਿੱਚ ਵਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ ਕੀਤੀ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੂਬਾ ਆਗੂ ਧੰਨਾ ਮੱਲ ਗੋਇਲ, ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਕਾ: ਸੁਰਿੰਦਰ ਨੇ ਵਿਚਾਰ ਪੇਸ਼ ਕਰਦਿਆਂ ਜਾਬਰਾਂ ਖ਼ਿਲਾਫ਼ ਨਾਬਰੀ ਦਾ ਇਤਿਹਾਸ ਰਚਣ ਵਾਲੇ ਜੁਝਾਰੂ ਕਾਫ਼ਲਿਆਂ ਨੂੰ ਇਸ ਲੋਕ ਸੰਗਰਾਮ ਦੀ ਗਾਥਾ ਜਾਰੀ ਰੱਖਣ ਦੀ ਲੋੜ'ਤੇ ਜੋਰ ਦਿੱਤਾ।

ਭਾਸ਼ਾ ਸਿੰਘ ਅਤੇ ਸ਼੍ਰੈਆ ਘੋਸ਼ ਨੂੰ ਸ਼ਾਲ ਅਤੇ ਸਨਮਾਨ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਕਲਮ , ਕਲਾ, ਸੰਗਰਾਮਾਂ ਦੀ ਜੋਟੀ ਨੂੰ ਹੋਰ ਵੱਧ ਮਜ਼ਬੂਤ ਕਰਨ ਲਈ ਪੱਤਰਕਾਰ ਭਾਈਚਾਰੇ ਡਾਇਰੀ ਅਤੇ ਪੈੱਨ ਨਾਲ ਸਨਮਾਨਿਤ ਕੀਤਾ ਗਿਆ। ਬਰਨਾਲਾ-ਇਲਾਕੇ ਦੀ ਵਿਉਂਤਬੱਧ ਪ੍ਰਚਾਰ ਮੁਹਿੰਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਜਗਰਾਜ ਸਿੰਘ ਹਰਦਾਸਪੁਰਾ ਨੇ ਕਿਹਾ ਕਿ ਹਰ ਪਿੰਡ, ਹਰ ਗਲੀ, ਹਰ ਮੁਹੱਲੇ, ਹਰ ਵਿੱਦਿਆਕ ਅਦਾਰੇ ਸਕੂਲਾਂ/ਕਾਲਜਾਂ ਵਿੱਚੋਂ ਮਹਿਲਕਲਾਂ ਲੋਕ ਘੋਲ ਦੇ 27ਵੇਂ ਯਾਦਗਾਰੀ ਸਮਾਗਮ ਨੂੰ ਭਰਪੂਰ ਸਮਰਥਨ ਦੇਣ ਲਈ ਧੰਨਵਾਦ ਕੀਤਾ।

ਸਮੁੱਚੇ ਜੁਝਾਰੂ ਕਾਫਲਿਆਂ ਲਈ ਲੰਗਰ ਦਾ ਪ੍ਰਬੰਧ ਭਾਕਿਯੂ ਏਕਤਾ ਡਕੌਂਦਾ ਦੇ ਆਗੂਆਂ ਗੁਰਦੇਵ ਸਿੰਘ ਮਾਂਗੇਵਾਲ, ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ ਅਤੇ ਬਾਬੂ ਸਿੰਘ ਖੁੱਡੀਕਲਾਂ ਵੱਲੋਂ ਚਲਾਇਆ ਗਿਆ। ਵਲੰਟੀਅਰਾਂ ਦੀ ਜ਼ਿੰਮੇਵਾਰੀ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਕੁਲਵੀਰ ਔਲਖ ਦੀ ਅਗਵਾਈ ਵਿੱਚ ਟੀ।ਐੱਸ।ਯੂ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਸਾਥੀਆਂ ਨੇ ਬਾਖੂਬੀ ਨਿਭਾਈ। ਜਗਰਾਜ ਹਰਦਾਸਪੁਰਾ ਨੇ 27 ਸਾਲ ਦੀ ਸਾਂਝੇ ਸੰਘਰਸ਼ਾਂ ਦੀ ਲਟ-ਲਟ ਕਰਕੇ ਬਲ ਰਹੀ ਮਸ਼ਾਲ ਨੂੰ ਹੋਰ ਵੱਧ ਚੇਤੰਨ ਸਰਗਰਮੀ ਰਾਹੀਂ ਲਗਾਤਾਰ ਜਾਰੀ ਰੱਖਣ ਦੀ ਲੋੜ 'ਤੇ ਜੋਰ ਦਿੱਤਾ।

ਲੋਕ ਪੱਖੀ ਸਾਹਿਤ ਦੀਆਂ ਸਟਾਲਾਂ ਖਾਸ ਕਰ 27 ਸਾਲ ਦੇ ਮਹਿਲਕਲਾਂ ਲੋਕ ਘੋਲ ਦਾ ਸੰਗਰਾਮੀ ਸਫ਼ਰ 'ਲਾਲ ਪਰਚਮ' ਦਾ ਵਿਸ਼ੇਸ਼ ਅੰਕ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਸਟੇਜ ਦੇ ਫਰਜ਼ ਯਾਦਗਾਰ ਕਮੇਟੀ ਦੇ ਆਗੂਆਂ ਮਨਜੀਤ ਸਿੰਘ ਧਨੇਰ, ਮਲਕੀਤ ਦਸੰਘ ਵਜੀਦਕੇ ਅਤੇ ਪ੍ਰੇਮ ਕੁਮਾਰ ਨੇ ਬਾਖੂਬੀ ਨਿਭਾਏ। ਲੋਕ ਪੱਖੀ ਗੀਤ ਕਾਰਾਂ ਨੇ ਹਾਜਰੀਨ ਵਿੱਚ ਇਨਕਲਾਬੀ ਜੋਸ਼ ਭਰਿਆ। ਲੁਧਿਆਣਾ ਦੀਆਂ ਪ੍ਰਵਾਸੀ ਮਜ਼ਦੂਰ ਨੌਜਵਾਨ ਧੀਆਂ ਨੇ ਇਨਕਲਾਬੀ ਮਜ਼ਦੂਰ ਕੇਂਦਰ ਦੀ ਅਗਵਾਈ ਹੇਠ ਔਰਤਾਂ ਨਾਲ ਢੁੱਕਵੇਂ ਵਿਸ਼ੇ 'ਔਰਤ ਦੀ ਵੰਗਾਰ'' ਪੇਸ਼ ਕਰਕੇ ਨਵਾਂ ਜੋਸ਼ ਭਰ ਦਿੱਤਾ ਅਤੇ ਸਾਰਥਿਕ ਸੁਨੇਹਾ ਦਿੱਤਾ।

ਇਸ ਸਮੇਂ ਅਮਰਜੀਤ ਕੌਰ, ਕੁਲਵੰਤ ਭਦੌੜ, ਗੁਰਮੇਲ ਠੁੱਲੀਵਾਲ, ਨਿਰਮਲ ਚੁਹਾਣਕੇ, ਪਿਸ਼ੌਰਾ ਸਿੰਘ, ਪਰਮਜੀਤ ਕੌਰ ਜੋਧਪੁਰ, ਹਰਪ੍ਰੀਤ ਸਿੰਘ, ਜੱਗਾ ਸਿੰਘ ਮਹਿਲਕਲਾਂ, ਰਜਿੰਦਰਪਾਲ, ਸੁਖਵਿੰਦਰ ਸਿੰਘ, ਖੁਸ਼ਮੰਦਰਪਾਲ, ਯਾਦਵਿੰਦਰ ਠੀਕਰੀਵਾਲ, ਸਿੰਦਰ ਧੌਲ਼ਾ, ਜਗਮੀਤ ਬੱਲਮਗੜ੍ਹ, ਸੰਦੀਪ ਕੌਰ, ਤਮੰਨਾ, ਕੇਵਲਜੀਤ ਕੌਰ, ਪਰਮਜੀਤ ਕੌਰ ਮਹਿਲਕਲਾਂ, ਹਰਜਿੰਦਰ ਕੌਰ, ਮਨਜੀਤ ਕੌਰ ਸੰਧੂਕਲਾਂ, ਜੱਗਾ ਸਿੰਘ, ਸਮਸ਼ੇਰ ਸਿੰਘ ਮਹਿਲਕਲਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।

# ਚੋਣਾਂ ਜਿੱਤਣ ਤੋਂ ਬਾਅਦ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਨੇ ਵੋਟਰਾਂ ਦਾ ਕੀਤਾ ਧੰਨਵਾਦ

## ਵਾਲਮੀਕਿ ਕਮੇਟੀ ਨੇ ਧਰਮਸ਼ਾਲਾ ਲਈ ਪਖਾਨੇ, ਚਾਰਦੀਵਾਰੀ ਤੇ ਲੰਗਰ ਹਾਲ ਸਬੰਧੀ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਪਹਿਲੀ ਵਾਰ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਵਿਧਾਨ ਸਭਾ ਹਲਕੇ ਚੱਬੇਵਾਲ ਦੇ ਪਿੰਡ ਪੱਟੀ ਵਿਚ ਵੋਟਰਾਂ ਦਾ ਧੰਨਵਾਦ ਕਰਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਹੁੰਚੇ, ਜਿਥੇ ਉਨ੍ਹਾਂ ਦਾ ਪਿੰਡ ਵਾਸੀਆਂ ਵੱਲੋਂ ਬਹੁਤ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੇ ਜੋ ਮੇਰੇ 'ਤੇ ਭਰੋਸਾ ਦਿਖਾ ਕੇ ਮੈਨੂੰ ਭਾਰੀ ਬਹੁਮਤ ਨਾਲ ਲੋਕ ਸਭਾ ਦੀ ਚੋਣ ਜਿਤਾਈ ਹੈ, ਮੈਂ ਉਨ੍ਹਾਂ ਦਾ ਹਮੇਸ਼ਾ ਰਿਣੀ ਰਹਾਂਗਾ। ਸਰਪੰਚ ਸ਼ਿੰਦਰਪਾਲ ਨੇ ਸਭ ਤੋਂ ਪਹਿਲਾਂ ਲੋਕ ਸਭਾ ਮੈਂਬਰ ਦਾ ਪਿੰਡ ਪਹੁੰਚਣ 'ਤੇ ਉਨ੍ਹਾਂ ਨੂੰ ਜੀ ਆਇਆ ਆਖਿਆ ਅਤੇ ਉਨ੍ਹਾਂ ਵੱਲੋਂ ਪਿੰਡ ਵਿਚ ਹੁਣ ਤੱਕ 4 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਨਾਲ ਕਰਵਾਏ ਗਏ ਵਿਕਾਸ ਕਾਰਜਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਪਿੰਡ ਵਿਚ ਹੋਰ ਜੋ ਵਿਕਾਸ ਕਾਰਜ ਰਹਿੰਦੇ ਹਨ, ਉਨ੍ਹਾਂ ਨੂੰ ਜਲਦ ਪੂਰਾ ਕਰਵਾਉਣ ਲਈ ਬੇਨਤੀ ਕੀਤੀ। ਇਸ ਉਪਰੰਤ ਕੈਪਟਨ (ਰਿਟਾ:) ਸੋਹਣ ਲਾਲ ਨੇ ਵਾਲਮੀਕਿ ਧਰਮਸ਼ਾਲਾ ਲਈ ਪਖਾਨੇ, ਚਾਰਦੀਵਾਰੀ ਤੇ ਲੰਗਰ ਹਾਲ ਲਈ ਗ੍ਰਾਂਟ ਲਈ ਕਮੇਟੀ ਮੈਂਬਰਾਂ ਨਾਲ ਡਾ. ਰਾਜ ਕੁਮਾਰ ਨੂੰ ਮੰਗ ਪੱਤਰ ਵੀ ਦਿੱਤਾ। ਡਾ. ਰਾਜ ਕੁਮਾਰ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿਚ ਪਿੰਡ ਦੀਆਂ ਜੋ ਵੀ ਸਾਂਝੀਆਂ ਮੰਗਾਂ ਹਨ, ਉਨ੍ਹਾਂ ਨੂੰ ਜਲਦ ਪੂਰਾ ਕਰਵਾਇਆ ਜਾਵੇਗਾ। ਇਸ ਮੌਕੇ ਦੀਪਕ, ਨਿਸ਼ਾਂਤ, ਰਾਜੇਸ਼ ਕੁਮਾਰ, ਦਮਨ ਸਹੋਤਾ, ਨੰਬਰਦਾਰ ਸਤੀਸ਼ , ਪ੍ਰਧਾਨ ਬਲਵੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਗਿੰਡਾ, ਦੇਵ ਰਾਜ, ਬਲਵੀਰ ਰਾਜ, ਪਵਨਵੀਰ, ਉਪਕਾਰ ਪੱਟੀ, ਧਰਮ ਪਾਲ, ਰਣਜੀਤ ਸਿੰਘ, ਅਮਰਜੀਤ ਗਿੱਲ, ਮਨਜਿੰਦਰ ਸਿੰਘ, ਰਵਿੰਦਰਪਾਲ, ਦੀਦਾਰ ਸਿੰਘ , ਜਗਜੀਤ ਸਿੰਘ, ਸੋਢੀ ਰਾਮ, ਅਵਸ਼ਵਨੀ ਕੁਮਾਰ, ਅਸ਼ੋਕ ਕੁਮਾਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਬੱਚੇ, ਬੀਬੀਆਂ ਤੇ ਬਜ਼ੁਰਗ ਮੌਜੂਦ ਸਨ।



# ਧਰਮਬੀਰ ਬੋਧ ਬਣੇ ਅੰਬੇਡਕਰ ਸੈਨਾ ਮੂਲ ਨਿਵਾਸੀ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ

## ਸੰਜੀਵ ਦਾਣੀ ਨੂੰ ਫਗਵਾੜਾ ਸ਼ਹਿਰੀ ਤੇ ਮਨਜੀਤ ਮਾਨ ਨੂੰ ਦਿਹਾਤੀ ਪ੍ਰਧਾਨ ਐਲਾਨਿਆ



**ਫਗਵਾੜਾ 12 ਅਗਸਤ (ਬੀ.ਕੇ. ਰੱਤੂ)** ਅੰਬੇਡਕਰ ਸੈਨਾ ਮੂਲ ਨਿਵਾਸੀ ਦੀ ਵਿਸ਼ੇਸ਼ ਮੀਟਿੰਗ ਪੰਜਾਬ ਪ੍ਰਧਾਨ ਹਰਭਜਨ ਸੁਮਨ ਦੇ ਦਿਸ਼ਾ ਨਿਰਦੇਸ਼ਾ ਹੇਠ ਮੁਹੱਲਾ ਸੰਤੋਖਪੁਰਾ ਜੀ.ਟੀ. ਰੋਡ ਫਗਵਾੜਾ ਵਿਖੇ ਹੋਈ। ਮੀਟਿੰਗ ਦਾ ਮੁੱਖ ਏਜੰਡਾ ਅੰਬੇਡਕਰ ਸੈਨਾ ਦੀ ਜਿਲ੍ਹਾ ਕਪੂਰਥਲਾ ਅਤੇ ਫਗਵਾੜਾ ਇਕਾਈ ਨੂੰ ਵਿਸਥਾਰ ਦੇਣਾ ਸੀ। ਇਸ ਦੌਰਾਨ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕਰਦੇ ਹੋਏ ਧਰਮਬੀਰ ਬੋਧ ਨੂੰ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਸੰਜੀਵ ਕੁਮਾਰ ਦਾਣੀ ਨੂੰ ਫਗਵਾੜਾ ਸ਼ਹਿਰੀ ਅਤੇ ਮਨਜੀਤ ਮਾਨ ਨੂੰ ਦਿਹਾਤੀ ਪ੍ਰਧਾਨ ਐਲਾਨਿਆ ਗਿਆ। ਜਦਕਿ ਮਨੀ ਅੰਬੇਡਕਰੀ ਨੂੰ ਜਨਰਲ ਸਕੱਤਰ ਫਗਵਾੜਾ, ਬੰਟੀ ਮੋ- ਰੇਵਾਲੀਆ ਨੂੰ ਡਿਪਟੀ ਜਨਰਲ ਸਕੱਤਰ, ਕੁਲਵਿੰਦਰ ਭੁੱਲਰਾਈ ਨੂੰ ਦਿਹਾਤੀ ਸਕੱਤਰ, ਮੋਨੂੰ ਭਾਟੀਆ ਨੂੰ ਕੈਸ਼ੀਅਰ, ਦਵਿੰਦਰ ਦੀਪਾ ਨੂੰ ਜੁਆਇੰਟ ਕੈਸ਼ੀਅਰ ਅਤੇ ਦਿਨੇਸ਼ ਸੋਹਪਾਲ ਨੂੰ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ। ਨਵ-ਨਿਯੁਕਤ ਅਹੁੇਦੇਦਾਰਾਂ ਨੇ ਆਪਣੀ ਨਿ- ਯੁਕਤੀ ਲਈ ਸਮੂਹ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਸੰਭਵ ਉਪਰਾਲਾ ਕੀਤਾ ਜਾਵੇਗਾ। ਜਰੂਰੀ ਹੋਇਆ ਤਾਂ ਸੰਵਿਧਾਨ ਦੀ ਰੱਖਿਆ ਲਈ ਹਰ ਪੱਧਰ ਤੇ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਲਾਡੀ ਘੁੰਮਣਾ, ਵਿਜੇ ਪੀਪਾਰੰਗੀ, ਰਾਜ ਬਸਰਾ ਪਲਾਹੀ ਗੇਟ, ਡਾ. ਅਜੇ ਚਾਹਲ ਨਗਰ, ਕਮਲਜੀਤ ਕਾਕਾ, ਮਨਜੀਤ ਪੂਨੀ, ਸਤੀਸ਼ ਕੁਮਾਰ, ਹਰਜਿੰਦਰ ਲੱਕੀ, ਹਰਜਿੰਦਰ ਹੀਰ, ਰਾਜ ਕੁਮਾਰ, ਇੰਦਰਜੀਤ, ਨਰੇਸ਼ ਕੁਮਾਰ, ਰਵੀਨ ਆਦਿ ਹਾਜਰ ਸਨ।

# ਸਾਲ ਦੀ ਤੀਸਰੀ ਕੌਮੀ ਲੋਕ ਅਦਾਲਤ ਸਬੰਧੀ ਲੋਕਾਂ ਨੂੰ ਕੀਤਾ ਜਾ ਰਿਹਾ ਹੈ ਵੱਧ ਤੋਂ ਵੱਧ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੀ ਅਗਵਾਈ ਵਿਚ ਜ਼ਿਲ੍ਹਾ ਪੱਧਰ ਅਤੇ ਸਬ ਡਵੀਜ਼ਨ ਪੱਧਰ 'ਤੇ ਸਾਲ 2024 ਦੀ ਤੀਸਰੀ ਕੌਮੀ ਲੋਕ ਅਦਾਲਤ ਦਾ ਆਯੋਜਨ 14 ਸਤੰਬਰ 2024 ਨੂੰ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸੀ।ਜੇ।ਐਮ।-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਰਾਜ ਪਾਲ ਰਾਵਲ ਨੇ ਦੱਸਿਆ ਕਿ ਇਸ ਲੋਕ ਅਦਾਲਤ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਤਰ੍ਹਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਹਨ, ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਉਹ ਵੱਧ ਤੋਂ ਵੱਧ ਪ੍ਰੀ-ਲਿਟੀਗੇਟਿਵ ਕੇਸ ਲੋਕ ਅਦਾਲਤਾਂ ਵਿਚ ਲਗਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਣ। ਇਸ ਤੋਂ ਇਲਾਵਾ ਰੋਜ਼ਾਨਾ ਵੱਖ-ਵੱਖ ਪਿੰਡਾਂ, ਸ਼ਹਿਰਾਂ, ਸਕੂਲਾਂ ਅਤੇ ਕਾਲਜਾਂ ਵਿਚ ਸੈਮੀਨਾਰ ਲਗਵਾ ਕੇ ਲੋਕਾਂ ਨੂੰ ਲੋਕ



ਅਦਾਲਤ ਵਿਚ ਕੇਸ ਲਗਾਉਣ ਦੇ ਮਿਲਣ ਵਾਲੇ ਲਾਭਾ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਉਹ ਸਰਕਾਰ ਵੱਲੋਂ ਮਿਲਣ ਵਾਲੀ ਸਹਾਇਤਾ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ ਅਤੇ ਜਿਸ ਨਾਲ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ ਅਤੇ ਉਨ੍ਹਾਂ ਨੂੰ ਵਾਰ-ਵਾਰ ਅਦਾਲਤਾਂ ਦੇ ਚੱਕਰ ਲਗਾਉਣ ਤੋਂ ਵੀ ਛੁਟਕਾਰਾ ਮਿਲ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਸਬੰਧੀ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੀ.ਐਲ. ਵੀਆਂ ਵੱਲੋਂ ਜਨਤਕ ਥਾਵਾਂ 'ਤੇ ਬੈਨਰ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਦਾ ਲਾਭ ਲੈਣ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨ ਸਬੰਧੀ ਵੀ ਸਮੇਂ-ਸਮੇਂ 'ਤੇ ਦਿਸ਼ਾ -ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ , ਤਾਂ ਜੋ ਲੋਕ ਜਨ ਉਪਯੋਗੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਸਥਾਈ ਲੋਕ ਅਦਾਲਤ ਵਿੱਚ ਸੈਕਸ਼ਨ 22(ਬੀ) ਆਫ ਲੀਗਲ ਸਰਵਿਸਿਜ਼ ਅਥਾਰਟੀ ਐਕਟ, 1987 ਦੇ ਅਨੁਸਾਰ ਵੱਖ ਜਨ ਉਪਯੋਗੀ ਸੇਵਾਵਾਂ ਜਿਵੇਂ ਕਿ ਟਰਾਂਸਪੋਰਟ ਸੇਵਾਵਾਂ, ਡਾਕ, ਟੈਲੀਗਰਾਫ, ਟੈਲੀਫੋਨ, ਹਸਪਤਾਲ ਜਾਂ ਡਿਸਪੈਂਸਰੀ ਸੇਵਾਵਾਂ, ਬੀਮਾ ਸੇਵਾਵਾਂ, ਬੈਂਕਿੰਗ ਸੇਵਾਵਾਂ, ਸਿੱਖਿਆ ਸੇਵਾਵਾ, ਬੁਢਾਪਾ ਪੈਨਸ਼ਨ, ਸ਼ਗਨ ਸਕੀਮ ਆਦਿ ਬਾਰੇ ਕੇਸ ਲਗਾਏ ਜਾਂਦੇ ਹਨ ਅਤੇ ਉਨ੍ਹਾਂ ਦਾ ਬਹੁਤ ਘੱਟ ਸਮੇਂ ਵਿਚ ਨਿਪਟਾਰਾ ਕੀਤਾ ਜਾਂਦਾ ਹੈ, ਜਿਸ ਨਾਲ ਲੋਕਾਂ ਨੂੰ ਖੱਜਲ-ਖੁਆਰੀ ਤੋਂ ਬਚਾਇਆ ਜਾਂਦਾ ਹੈ।

ਇਥੇ ਇਹ ਵੀ ਵਰਨਣਯੋਗ ਹੈ ਕਿ ਸੀ.ਜੇ.ਐਮ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਏ ਰਾਹੀਂ ਹਰ ਤਰੀਕੇ ਨਾਲ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਕੋਈ ਵੀ ਵਿਅਕਤੀ ਲੋਕ ਅਦਾਲਤ ਦਾ ਲਾਭ ਉਠਾਉਣ ਤੋਂ ਵਾਂਝਾ ਨਾ ਰਹੇ।

# ਪੇਂਡੂ ਮਜ਼ਦੂਰ ਯੂਨੀਅਨ ਵਲੋਂ ਪਿੰਡ ਰਕਾਸਣ ਵਿੱਚ ਬਲਾਕ ਪੱਧਰੀ ਧਰਨੇ ਸੰਬੰਧੀ ਮੀਟਿੰਗ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪੈਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ 19 ਤੋਂ 26 ਅਗਸਤ ਦੇ ਸੂਬਾ ਪੱਧਰੀ ਸੱਦੇ ਤਹਿਤ ਬਲਾਕ ਪੱਧਰੀ ਧਰਨੇ ਸੰਬੰਧੀ ਪਿੰਡ ਰਕਾਸਨ ਵਿੱਚ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ ਹੈ। ਇਸ ਮੌਕੇ ਪੰਜਾਬ ਦੇ ਸੂਬਾ ਆਗੂ ਕਮਲਜੀਤ ਸਨਾਵਾ ਨੇ ਤੇ ਕਿਰਨਜੀਤ ਕੌਰਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਮਜ਼ਦੂਰਾਂ ਦੇ ਬੁਨਿਆਦੀ ਮਸਲਿਆਂ ਨੂੰ ਸਰਕਾਰ ਅੱਖੋਂ ਪਰੋਖੇ ਕਰ ਰਹੀ ਹੈ। ਉਨਾ ਕਿਹਾ ਕਿ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਆਪਣੇ ਲਾਲ ਲਕੀਰ ਦੇ ਅੰਦਰ ਆਉਦੇ ਮਕਾਨਾਂ ਦੀ ਹਾਲੇ ਤੱਕ ਰਜਿਸਟਰੀ ਨਹੀਂ ਦਿੱਤੀ ਗਈ । ਇਸ ਤੋਂ ਇਲਾਵਾ ਨਰੇਗਾ ਕੰਮ ਪੂਰਾ ਸਾਲ ਦੇਣ ਵਾਸਤੇ, ਮਜ਼ਦੂਰਾਂ ਦਿਹਾੜੀ ਵਿੱਚ ਵਾਧਾ ਕੀਤਾ ਜਾਵੇ ਤੇ ਬਿਨਾਂ ਸ਼ਰਤ ਮਾਈਕਰੋ ਫ਼ਾਈਨਾਸ ਕੰਪਨੀਆਂ ਤੋਂ ਇਲਾਵਾ ਬਾਕੀ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ ਤੇ ਲੈਂਡ ਸੀਲਿੰਗ ਐਕਟ 1972 ਨੂੰ ਲਾਗੂ ਕਰਨ ਦੀ ਗੱਲ ਵੀ ਆਖੀ ਗਈ । ਇਸ ਮੌਕੇ ਇਲਾਕਾ ਆਗੂ ਲਾਡੀ ਕੋਟ ਰਾਂਝਾ ਨੇ ਵੀ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰ ਹਰ ਮਜ਼ਦੂਰ ਨੂੰ 5-5 ਮਰਲੇ ਦੇ ਪਲਾਂਟ ਦੇਵੇ ਅਤੇ ਮਜ਼ਦੂਰਾਂ ਦੇ ਕੱਚੇ ਘਰਾਂ ਨੂੰ ਪੱਕੇ ਕਰਨ ਦੀ ਗਰਾਂਟ ਵੀ ਜਾਰੀ ਕਰੇ।



# ਪੀੜ੍ਹਤ ਦਲਿਤ ਪਰਿਵਾਰ ਦੇ ਘਰ ਪੁੱਜੀ ਪੇਂਡੂ ਮਜ਼ਦੂਰ ਯੂਨੀਅਨ ਦੀ ਟੀਮ, ਹਮਾਇਤ ਦਾ ਦਿੱਤਾ ਭਰੋਸਾ

## ਬਾਬਕ ਦਲਿਤ ਅੱਤਿਆਚਾਰ 'ਚ ਸ਼ਾਮਲ ਸਾਰੇ ਕਸੂਰਵਾਰਾਂ ਨੂੰ ਗ੍ਰਿਫ਼ਤਾਰ ਕਰਕੇ ਮਸਾਲੀ ਸਜ਼ਾਵਾਂ ਦੇਣ ਦੀ ਮੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਤਹਿਸੀਲ ਆਗੂ ਨਾਵਲ ਗਿੱਲ ਟਾਹਲੀ ਦੀ ਅਗਵਾਈ ਹੇਠ ਜਥੇਬੰਦੀ ਦੀ ਇੱਕ ਟੀਮ ਵਲੋਂ ਪਿੰਡ ਬਾਬਕ ਵਿਖੇ ਅੱਤਿਆਚਾਰ ਦਾ ਸ਼ਿਕਾਰ ਹੋਏ ਦਲਿਤ



ਪੀੜ੍ਹਤ ਪਰਿਵਾਰ ਨੂੰ ਉਹਨਾਂ ਦੇ ਘਰ ਜਾ ਕੇ ਮਿਲੀ ਅਤੇ ਘਟਨਾ ਦੀ ਸਾਰੀ ਜਾਣਕਾਰੀ ਲੈਣ ਉਪਰੰਤ ਆਗੂਆਂ ਨੇ ਜਥੇਬੰਦੀ ਵਲੋਂ ਪੀੜਤ ਪਰਿਵਾਰ ਨੂੰ ਹਰ ਪੱਖ ਤੋਂ ਹਮਾਇਤ ਦੇਣ ਦਾ ਭਰੋਸਾ ਦਿੱਤਾ। ਉਪਰੰਤ ਯੂਨੀਅਨ ਦੇ ਤਹਿਸੀਲ ਆਗੂ ਨਾਵਲ ਗਿੱਲ ਟਾਹਲੀ ਨੇ ਉੱਚ ਜਾਤੀ ਦੇ ਘੁਮੰਡੀ ਲੋਕਾਂ ਵਲੋਂ ਦਲਿਤ ਤੇ ਅੱਤਿਆਚਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸਮੁੱਚੇ ਕਸੂਰਵਾਰ ਲੋਕਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਮਿਸਾਲੀ ਸਖ਼ਤ ਸਜ਼ਾਵਾਂ ਦਿਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਬਦਲਾਅ ਵਾਲੀ ਸਰਕਾਰ ਦੇ ਰਾਜ ਵਿੱਚ ਵੀ ਦਲਿਤ ਅੱਤਿਆਚਾਰ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਉਨ੍ਹਾਂ ਕਿਹਾ ਕਿ ਅਸਲ ਵਿੱਚ ਅੱਤਿਆਚਾਰ ਕਰਨ ਵਾਲੇ ਲੋਕਾਂ ਨੂੰ ਹਾਕਮ ਧਿਰ ਦੇ ਸਿਆਸਤਦਾਨਾਂ ਨੂੰ ਸ਼ਹਿ ਪ੍ਰਾਪਤ ਹੋਣ ਕਰਕੇ ਹੀ ਅਜਿਹਾ ਵਾਪਰ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਬਕ ਅੱਤਿਆਚਾਰ ਵਿੱਚ ਵੀ ਇਹ ਸਾਹਮਣੇ ਆਇਆ ਕਿ ਬਿਨ੍ਹਾਂ ਕੋਈ ਮਿਹਨਤਾਨਾ ਦਿੱਤੇ ਵਗਾਰ ਕਰਵਾਉਣੀ ਅਤੇ ਕੰਮ ਕਰਨ ਤੋਂ ਇਨਕਾਰ ਕਰਨ 'ਤੇ 6 ਅਗਸਤ ਨੂੰ ਦਲਿਤ ਨੌਜਵਾਨ ਕਮਲਜੀਤ ਸਿੰਘ ਨੂੰ ਨੰਗਾਂ ਕਰਕੇ ਆਪਣੀ ਹਵੇਲੀ ਵਿੱਚ ਹੱਥ ਬੰਨ੍ਹ ਕੇ ਕਰੰਟ ਲਗਾਇਆ ਗਿਆ ਅਤੇ ਬੇਰਹਿਮੀ ਨਾਲ ਕੁੱਟਮਾਰ ਨਾਲ ਜਾਤ ਹੰਕਾਰੀਆਂ ਦਾ ਐਨੇ ਨਾਲ ਢਿੱਡ ਨਹੀਂ ਭਰਿਆ ਤਾਂ 8 ਅਗਸਤ ਨੂੰ ਦੇਰ ਰਾਤ ਗੁੰਡਾਗਰਦੀ ਕਰਦਿਆਂ ਉਹਨਾਂ ਦਲਿਤ ਪਰਿਵਾਰ ਦੇ ਘਰ ਅੰਦਰ ਜ਼ਬਰੀ ਦਾਖ਼ਲ ਹੋ ਕੇ ਬਾਕੀ ਪਰਿਵਾਰਿਕ ਮੈਂਬਰਾਂ ਨੂੰ ਵੀ ਕੁੱਟਮਾਰ ਕਰਕੇ ਧਮਕਾਇਆ, ਕਿ ਸਾਡਾ ਕੋਈ ਕੁੱਝ ਨਹੀਂ ਵਿਗਾੜ ਸਕਦਾ, ਸਾਡੀ ਪਹੁੰਚ ਉੱਪਰ ਤੱਕ ਹੈ, ਤੁਸੀਂ ਜੋ ਕਰਨਾ ਕਰ ਲਵੋ। ਰੌਲ਼ਾ ਪਾਉਣ 'ਤੇ ਹੀ ਉਹ ਮੌਕੇ ਤੋਂ ਦੌੜੇ। ਜਥੇਬੰਦੀ ਨੇ ਪੀੜ੍ਹਤ ਪਰਿਵਾਰ ਦੇ ਹੱਕ ਵਿੱਚ ਡਟੀਆਂ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਉਹਨਾਂ ਜਥੇਬੰਦੀਆਂ ਨੂੰ ਭਰੋਸਾ ਦਿੱਤਾ, ਕਿ ਇਸ ਮਾਮਲੇ ਵਿੱਚ ਜੋ ਵੀ ਉਹ ਸੰਘਰਸ਼ ਉਲੀਕਦੀਆਂ ਹਨ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਉਸ ਵਿੱਚ ਸ਼ਾਮਲ ਹੋਵੇਗੀ ਅਤੇ ਪੀੜ੍ਹਤ ਪਰਿਵਾਰ ਨੂੰ ਨਿਆਂ ਮਿਲਣ ਤੱਕ ਪਰਿਵਾਰ ਨਾਲ ਡੱਟ ਕੇ ਖੜੇਗੀ। ਇਸ ਮੌਕੇ ਯੂਨੀਅਨ ਦੇ ਸਥਾਨਕ ਆਗੂ ਧਰਮਿੰਦਰ ਸਿੰਘ, ਰਕੇਸ਼ ਕੁਮਾਰ ਆਦਿ ਵੀ ਹਾਜ਼ਰ ਸਨ।

# ਸਾਹਿਤ ਸਭਾ (ਰਜਿ:) ਜਲਾਲਾਬਾਦ (ਪੱ) ਦੀ ਸਲਾਨਾ ਚੋਣ ਵਿੱਚ ਗੋਪਾਲ ਬਜਾਜ ਬਣੇ ਪ੍ਰਧਾਨ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੀ ਸਾਹਿਤ ਸਭਾ (ਰਜਿ:) ਜਲਾਲਾਬਾਦ (ਪੱ) ਦੀ ਇਕ ਅਹਿਮ ਮੀਟਿੰਗ ਐਫੀਸ਼ੈਂਟ ਕਾਲਜ ਵਿੱਚ ਆਯੋਜਿਤ ਕੀਤੀ ਗਈ। ਇਹ ਮੀਟਿੰਗ ਪ੍ਰਧਾਨ ਸ਼੍ਰੀ ਸੰਤੋਖ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ। ਇਸ ਸਮੇਂ ਸਟੇਜ ਦੀ ਕਾਰਵਾਈ ਸਾਹਿਤ



ਸਭਾ ਦੀ ਜਨਰਲ ਸਕੱਤਰ ਮੈਡਮ ਮੀਨਾ ਮਹਿਰੋਕ ਨੇ ਸ਼ੁਰੂ ਕੀਤੀ।ਸਭ ਤੌਂ ਪਹਿਲਾਂ ਸਰਪ੍ਰਸਤ ਪ੍ਰਕਾਸ਼ ਦੋਸ਼ੀ ਨੇ ਸਭ ਮੈਂਬਰਜ ਸਾਹਿਬਾਨ ਜੀ ਨੂੰ ਜੀ ਆਇਆਂ ਆਖਿਆ।ਇਸ ਤੌਂ ਬਾਅਦ ਪ੍ਰਧਾਨ ਸੰਤੋਖ ਸਿੰਘ ਬਰਾੜ ਨੇ ਸਾਲ 2023-24 ਦੌਰਾਨ ਹੋਏ ਸਮਾਗਮਾਂ ਅਤੇ ਮੀਟਿੰਗਾਂ ਬਾਰੇ ਵਿਸਥਾਰ ਪੂਰਵਕ ਦੱਸਿਆ।ਸਭ ਮੈਂਬਰਜ ਸਾਹਿਬਾਨ ਨੇ ਉਹਨਾਂ ਵੱਲੋਂ ਕੀਤੇ ਕਾਰਜਾਂ ਨੂੰ ਪੂਰੀ ਤ੍ਰਾਂ ਸਲਾਹਿਆ। ਇਸ ਤੋਂ ਬਾਅਦ ਜਨਰਲ ਸਕੱਤਰ ਮੀਨਾ ਮਹਿਰੋਕ ਨੇ ਕਾਰਵਾਈ ਨੂੰ ਅੱਗੇ ਤੋਰਦੇ ਹੋਏ ਹਾਜ਼ਰ ਆਏ ਮੈਂਬਰਜ ਵਿੱਚੋ ਨਵੇਂ ਬਣੇ ਮੈਂਬਰ ਮੈਡਮ ਹਰਸ਼ਦੀਪ ਬੋਪਾਰਾਏ ਨੂੰ ਸਟੇਜ ਤੇ ਬੁਲਾਇਆ।ਮੈਡਮ ਹਰਸ਼ਦੀਪ ਨੇ ਆਪਣੀਆਂ ਦੋ ਕਵਿਤਾਵਾਂ ਪੇਸ਼ ਕੀਤੀਆਂ ਜਿਸ ਨੂੰ ਸਭ ਵੱਲੌਂ ਬਹੁਤ ਹੀ ਸਲਾਹਿਆ ਗਿਆ।ਇਸ ਉਪਰੰਤ ਸਭ ਮੈਂਬਰਜ ਵੱਲੋਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।ਇਸ ਤੋਂ ਬਾਅਦ ਸਾਲ 2024-25 ਲਈ ਸਰਬਸੰਮਤੀ ਨਾਲ ਚੋਣ ਕੀਤੀ ਗਈ ਜਿਸ ਵਿੱਚ ਪ੍ਰਧਾਨ ਸ਼੍ਰੀ ਗੋਪਾਲ ਬਜਾਜ,ਸਰਪ੍ਰਸਤ ਸੂਬਾ ਸਿੰਘ ਨੰਬਰਦਾਰ, ਜਨਰਲ ਸਕੱਤਰ ਐਡਵੋਕੇਟ ਪ੍ਰੀਤੀ ਬਬੂਟਾ,ਖਜਾਨਚੀ ਜਸਕਰਨਜੀਤ ਸਿੰਘ ਚੁਣੇ ਗਏ।ਨਵੇਂ ਆਹੁਦੇਦਾਰਾਂ ਨੂੰ ਸਭ ਵੱਲੋਂ ਹਾਰ ਪਾ ਕੇ ਉਹਨਾਂ ਨੂੰ ਵਧਾਈ ਦਿੱਤੀ ਗਈ।ਨਵੇਂ ਬਣੇ ਪ੍ਰਧਾਨ ਗੋਪਾਲ ਬਜਾਜ ਅਤੇ ਉਹਨਾਂ ਦੀ ਟੀਮ ਨੇ ਸਭ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸਭ ਮੈਂਬਰਜ ਦੇ ਸਹਿਯੋਗ ਸਦਕੇ ਸਾਹਿਤ ਸਭਾ ਨੂੰ ਹੋਰ ਵੀ ਬੁਲੰਦੀਆਂ ਤੇ ਲੈ ਕੇ ਜਾਣਗੇ। ਇਸ ਮੀਟਿੰਗ ਵਿੱਚ ਸੰਤੋਖ ਸਿੰਘ ਬਰਾੜ, ਪ੍ਰਕਾਸ਼ ਦੋਸ਼ੀ, ਮੀਨਾ ਮਹਿਰੋਕ, ਨੀਰਜ ਛਾਬੜਾ, ਨਵੇਂ ਬਣੇ ਪ੍ਰਧਾਨ ਗੋਪਾਲ ਬਜਾਜ, ਸਰਪ੍ਰਸਤ ਸੂਬਾ ਸਿੰਘ ਨੰਬਰਦਾਰ, ਜਨਰਲ ਸਕੱਤਰ ਪ੍ਰੀਤੀ ਬਬੂਟਾ, ਖਜਾਨਚੀ ਜਸਕਰਨਜੀਤ ਸਿੰਘ, ਪ੍ਰਵੇਸ਼ ਖੰਨਾ, ਕੁਲਦੀਪ ਸਿੰਘ ਬਰਾੜ, ਰੋਸ਼ਨ ਲਾਲ ਅਸੀਜਾ, ਜਸਵੰਤ ਸਿੰਘ, ਅਰਚਨਾ ਗਾਬਾ, ਹਰਸ਼ਦੀਪ ਬੋਪਾਰਾਏ, ਅਮਰੀਕ ਸਿੰਘ ਬੋਪਾਰਾਏ, ਸੁਰੇਸ਼ ਗਾਬਾ ਅਤੇ ਸੰਦੇਸ਼ ਕੁਮਾਰ ਹਾਜ਼ਰ ਸਨ।

# ਡਾ. ਹਰੀ ਸਿੰਘ ਦੁਬਈ ਵਾਲਿਆਂ ਦੀਆਂ ਸਮਾਜਿਕ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ- ਕੁਲਵੰਤ ਯੂ ਕੇ, ਅਜੇ ਗਾਹਟ ਯੂਐਸਏ

**ਵੈਨਕੂਵਰ (ਕੁਲਦੀਪ ਚੁੰਬਰ)–** ਡਾ. ਹਰੀ ਸਿੰਘ ਯੂਏਈ ਦੁਬਈ ਅਜਮਾਨ ਵਾਲਿਆਂ ਦੀਆਂ ਸਮਾਜਿਕ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ, ਕਿਉਂਕਿ ਉਹਨਾਂ ਵਲੋਂ ਕੀਤੀ ਗਈ ਮਾਨਵਤਾ ਦੀ ਸੇਵਾ ਆਪਣੇ ਆਪ ਵਿੱਚ ਅੱਜ ਇਕ ਮਿਸਾਲ ਬਣ ਚੁੱਕੀ ਹੈ। ਇਹ ਸ਼ਬਦ ਡਾ. ਹਰੀ ਸਿੰਘ ਦੇ ਪਰਮ ਮਿੱਤਰ ਗਿਆਨੀ ਕੁਲਵੰਤ ਸਿੰਘ ਚੁੰਬਰ ਯੂ ਕੇ ਅਤੇ ਅਜੇ ਗਾਹਟ ਯੂਐਸਏ ਨੇ ਉਹਨਾਂ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਕਹੇ। ਵੱਖ ਵੱਖ ਸਮੇਂ ਇਹਨਾਂ ਸਤਿਕਾਰਤ ਸ਼ਖਸ਼ੀਅਤਾਂ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ ਡਾ। ਹਰੀ ਸਿੰਘ ਨੇ ਯੂਏਈ ਦੁਬਈ ਅਜਮਾਨ ਵਿੱਚ ਦੇਸੀ ਦਵਾਈਆਂ ਦੇ ਜਰੀਏ ਮਾਨਵਤਾ ਦੀ ਜੋ ਸੇਵਾ ਕੀਤੀ, ਉਹ ਬਹੁਤ ਵੱਡੀ ਸੇਵਾ ਸੀ। ਇਸ ਦੇ ਨਾਲ ਨਾਲ ਉਹਨਾਂ ਨੇ ਇਥੇ ਰਹਿ ਕੇ ਜੋ ਪੰਜਾਬੀ ਭਾਈਚਾਰੇ ਵਿੱਚ ਆਪਸੀ ਤਾਲਮੇਲ ਉਹਨਾਂ ਦੇ ਦੁੱਖ ਸੁੱਖ ਅਤੇ ਹੋਰ ਸਮਾਜਿਕ ਗਤੀਵਿਧੀਆਂ ਨੂੰ ਪ੍ਰਫੁੱਲਤ ਕੀਤਾ, ਉਹ ਵੀ ਉਹਨਾਂ ਦੇ ਹੀ ਹਿੱਸੇ ਆਇਆ। ਇਸ ਤੋਂ ਇਲਾਵਾ ਉਹਨਾਂ ਨੇ ਪੰਜਾਬ ਵਿੱਚ ਵੀ ਸਮੇਂ ਸਮੇਂ ਜਾ ਕੇ ਬਹੁਤ ਸਾਰੀਆਂ ਸਮਾਜਿਕ ਸੇਵਾਵਾਂ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਮਾਨਵਤਾ ਦੇ ਹੱਕਾਂ ਦੀ ਗੱਲ ਕਰਦਿਆਂ ਉਹਨਾਂ ਦੀ ਸੇਵਾ ਕੀਤੀ , ਭਾਵੇਂ ਉਹ ਵੱਖ-ਵੱਖ ਲਗਾਏ ਗਏ ਕੈਂਪ ਜਾਂ ਕੋਈ ਹੋਰ ਸਮਾਜਿਕ ਕੰਮ ਸਨ, ਸਮਾਜ ਵਲੋਂ ਹਰ ਸਮੇਂ ਸਲਾਹੇ ਗਏ। ਡਾ. ਹਰੀ ਸਿੰਘ ਨੇ ਹਮੇਸ਼ਾ ਹਰ ਇਨਸਾਨ ਨਾਲ ਪਿਆਰ ਕੀਤਾ, ਜਿੱਥੇ ਉਹ ਸਮਾਜਿਕ ਸੇਵਾਵਾਂ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦੇ ਸਨ, ਉੱਥੇ ਹੀ ਉਹ ਪੰਜਾਬੀ ਸੰਗੀਤ ਜਗਤ ਵਿੱਚ ਵੀ ਆਪਣਾ ਵੱਖਰਾ ਮੁਕਾਮ ਸਥਾਪਿਤ ਕਰ ਗਏ ਸਨ, ਕਿਉਂਕਿ ਉਹਨਾਂ ਨੇ ਪੰਜਾਬੀ ਗਾਇਕੀ ਵਿੱਚ ਨਵੇਂ ਕਲਾਕਾਰਾਂ ਭਾਵ ਪੰਜਾਬੀ ਗਾਇਕਾਂ ਅਤੇ ਗਾਇਕਾਂਵਾਂ ਨੂੰ ਦੁਬਈ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਤੇ ਉਹਨਾਂ ਨੂੰ ਵੱਖ ਵੱਖ ਪੰਜਾਬੀ ਸਟੇਜਾਂ ਤੇ ਸਰੋਤਿਆਂ ਦੇ ਸਨਮੁੱਖ ਕਰਕੇ ਆਪਣਾ ਸਹਿਯੋਗ ਦੇ ਕੇ ਰੂਬਰੂ ਕੀਤਾ। ਗਿਆਨੀ ਕੁਲਵੰਤ ਸਿੰਘ ਯੂਕੇ ਨੇ ਦੱਸਿਆ ਕਿ ਡਾ. ਹਰੀ ਸਿੰਘ ਉਹਨਾਂ ਕੋਲ ਯੂਕੇ ਆਏ ਅਤੇ ਇੱਥੇ ਉਹਨਾਂ ਨੇ ਆਪਣਾ ਕੁਝ ਕੀਮਤੀ ਸਮਾਂ ਵੀ ਬਿਤਾਇਆ। ਇਸ ਤਰ੍ਹਾਂ ਅਜੇ ਗਾਹਟ ਯੂਐਸਏ ਨੇ ਦੱਸਿਆ ਕਿ ਉਹ ਯੂਐਸਏ ਅਮਰੀਕਾ ਵਿੱਚ ਵੀ ਆਉਂਦੇ ਰਹੇ, ਜਿੱਥੇ ਉਹਨਾਂ ਨੇ ਸਮਾਜਿਕ ਕੈਂਪ ਵੀ ਲਗਾ ਕੇ ਭਾਈਚਾਰੇ ਦੀ ਸੇਵਾ ਕੀਤੀ। ਉਨਾਂ ਦਾ ਇਸ ਤਰ੍ਹਾਂ ਸਰੀਰਕ ਤੌਰ ਤੇ ਸਾਡੇ ਕੋਲੋਂ ਹਮੇਸ਼ਾ ਲਈ ਵਿਛੜ ਜਾਣਾ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਇਸ ਦੁੱਖ ਦੀ ਘੜੀ ਵਿੱਚ ਉਹ ਆਪਣੇ ਵਲੋਂ ਭਾਣੇ ਵਿੱਚਪਰਿਵਾਰ ਨਾਲ ਆਪਣਾ ਗਹਿਰਾ ਦੁੱਖ ਪ੍ਰਗਟ ਕਰਦੇ ਹਨ ਅਤੇ ਡਾ। ਹਰੀ ਸਿੰਘ ਨੂੰ ਆਪਣੀ ਸੱਚੀ ਸ਼ਰਧਾਂਜਲੀ ਭੇਂਟ ਕਰਦੇ ਹਨ।





# ਸਿੱਖ ਨੈਸ਼ਨਲ ਕਾਲਜ ਬੰਗਾ ਦਾ ਨਤੀਜਾ ਸ਼ਾਨਦਾਰ ਰਿਹਾ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਐਮ।ਕਾਮ ਚੌਥੇ ਸਮੈਸਟਰ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਹੈ। ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ। ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਨੇ ਵਿਦਿਆਰਥੀ ਨਾਲ ਜਾਣਕਾਰੀ ਸਾਂਝੀ ਕਰਦਿਆਂ ਖੁਸ਼ੀ ਮਨਾਈ। ਜਸਦੀਪ ਕੌਰ ਨੇ 1732/2200 (78.7%) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਸੂਚੀ ਵਿੱਚ 5ਵਾਂ ਸਥਾਨ ਹਾਸਲ ਕੀਤਾ। ਪ੍ਰਭਦੀਪ ਕੌਰ ਦੂਜੀ 1662 (75.5%) ਡਿਸਕਸ਼ਨ (ਜ਼ਿਲੇ ਵਿੱਚ ਤੀਸਰਾ) ਮਨੀਸ਼ਾ ਤੀਜੀ 1618 (73.5%)। ਪ੍ਰਿੰਸੀਪਲ ਡਾ: ਤਰਸੇਮ ਸਿੰਘ ਭਿੰਡਰ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਭਵਿੱਖ ਵਿੱਚ ਵੀ ਅਜਿਹੇ ਸ਼ਾਨਦਾਰ ਨਤੀਜਿਆਂ ਦੀ ਆਸ ਪ੍ਰਗਟਾਈ। ਵਿਭਾਗ ਦੇ ਮੁਖੀ ਡਾ: ਕਮਲਦੀਪ ਕੌਰ ਨੇ ਵੀ ਵਿਦਿਆਰਥੀਆਂ ਦੀ ਸ਼ਾਨਦਾਰ ਕਾਰਗੁਜ਼ਾਰੀ ਲਈ ਸ਼ਲਾਘਾ ਕੀਤੀ। ਇਸ ਮੌਕੇ ਡਾ: ਦਵਿੰਦਰ ਕੌਰ, ਪ੍ਰੋ: ਰਮਨਦੀਪ ਕੌਰ, ਪ੍ਰੋ: ਮਨਰਾਜ ਕੌਰ, ਪ੍ਰੋ: ਹਰਦੀਪ ਕੌਰ, ਪ੍ਰੋ: ਪ੍ਰਿਆ ਲੱਧੜ ਅਤੇ ਪ੍ਰੋ: ਅਵਨੀਤ ਕੌਰ ਵੀ ਹਾਜ਼ਰ ਸਨ।

# ਅਜਾਦੀ ਦਿਵਸ ਮੌਕੇ ਸੰਬੰਧੀ ਰੈਡ ਕਰਾਸ ਦੀਆਂ ਗਤੀਵਿਧੀਆ ਵਾਰੇ ਜਾਣਕਾਰੀ ਸਾਂਝੀ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਭਾਰਤ ਸਰਕਾਰ (ਨਵੀਂ ਦਿੱਲੀ) ਦੇ ਦਿਸ਼ਾ-ਨਿ-ਰਦੇਸ਼ਾਂ ਅਨੁਸਾਰ ਮਾਨਯੋਗ ਡਿਪਟੀ ਕਮਿਸ਼ਨਰ -ਕਮ-ਪ੍ਰਧਾਨ, ਨਸ਼ਾ ਮੁਕਤ ਭਾਰਤ ਅਭਿਆਨ, ਸ਼ਹੀਦ ਭਗਤ ਸਿੰਘ ਨਗਰ ਦੀ ਅਗਵਾਈ ਹੇਠ ਅਤੇ ਸ. ਸ਼ਿਵ ਦੁਲਾਰ ਸਿੰਘ ਢਿੱਲੋਂ (ਰਿਟਾ. ਆਈ.ਏ.ਐਸ.), ਸਕੱਤਰ ਇੰਡੀਅਨ ਰੈਡ ਕਰਾਸ ਸੋਸਾਇਟੀ, ਪੰਜਾਬ ਰਾਜ ਸ਼ਾਖਾ, ਚੰਡੀਗੜ੍ਹ ਵੱਲੋਂ 78ਵੇਂ ਸੁਤੰਤਰਤਾ ਦਿਵਸ ਮੌਕੇ ਕਰਵਾਈ ਜਾ ਰਹੀ ਪਹਿਲੀ ਗਤੀਵਿਧੀ ਦੋਆਬਾ ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਐਸ।ਬੀ।ਐਸ। ਨਗਰ ਵਿਖੇ ਵੱਡੀ ਗਿਣਤੀ ਵਿੱਚ ਹਾਜ਼ਰ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਆਲੇ-ਦੁਆਲੇ ਨੂੰ ਨਸ਼ਾ ਮੁਕਤ ਰੱਖਣ ਦੀ ਸਹੁੰ ਚੁੱਕੀ। ਪ੍ਰੋਗਰਾਮ ਦੀ ਪ੍ਰਧਾਨਗੀ ਸ਼. ਪਰਵਿੰਦਰ ਸਿੰਘ ਰਾਣਾ ਪ੍ਰਿੰਸੀਪਲ ਵਲੋਂ ਕੀਤੀ ਗਈ। ਇਸ ਮੌਕੇ ਚਮਨ ਸਿੰਘ ਪ੍ਰੋਜੈਕਟ ਡਾਇਰੈਕਟਰ, ਰੈੱਡ ਕਰਾਸ ਨਵਾਂਸ਼ਹਿਰ ਨੇ ਕਿਹਾ ਕਿ ਅਸੀਂ ਆਪਣੇ ਜ਼ਿਲ੍ਹੇ, ਆਪਣੇ ਸੂਬੇ ਨੂੰ ਆਪਣੇ ਦੇਸ਼ ਨੂੰ ਨਸ਼ਾ ਮੁਕਤ ਬਣਾਉਣ ਲਈ ਪੂਰੀ ਕੋਸ਼ਿਸ਼ ਕਰਾਂਗੇ। ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ ਅਤੇ 10 ਅਗਸਤ ਤੋਂ 15 ਅਗਸਤ ਤੱਕ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ਿਆ ਮੁਕਤ ਭਾਰਤ ਅਭਿਆਨ ਦੀ ਸ਼ੁਰੂਆਤ 15 ਅਗਸਤ, 2020 ਨੂੰ ਕੀਤੀ ਗਈ ਸੀ। ਇਸ ਸਾਲ ਦਾ ਵਿਸ਼ਾ ਹੈ "ਭਾਰਤ ਵਿਕਾਸ ਕਾ ਮੰਤਰ, ਭਾਰਤ ਹੋ ਨਸ਼ੇ ਸੇ ਸਵਤੰਤਰ"।



ਸ: ਪਰਵਿੰਦਰ ਸਿੰਘ ਰਾਣਾ ਪ੍ਰਿੰਸੀਪਲ ਨੇ ਵੀ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ। ਸ: ਜਸਕਰਨ ਸਿੰਘ ਸਕੂਲ ਸਟਾਫ਼ ਮੈਂਬਰ ਨੇ ਬਤੌਰ ਸਕੱਤਰ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ ਅਤੇ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਸਟਾਫ਼, ਵਿਦਿਆਰਥੀ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਵੀ ਹਾਜ਼ਰ ਸਨ।

# ਗਾਇਕ ਫਿਰੋਜ਼ ਖਾਨ ਪ੍ਰੋਗਰਾਮ ਡਗਾ ਢੋਲ ਤੇ ਵਿੱਚ ਧਾਰਮਿਕ ਗੀਤ ਅਰਦਾਸ ਨਾਲ ਲਗਵਾਉਣਗੇ ਹਾਜਰੀ -ਸੀਟੂ ਬਾਈ

**ਫਗਵਾੜਾ (ਬੀ.ਕੇ. ਰੱਤੂ) ਅੰਤਰ –** ਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਪ੍ਰਾਪਤ ਗਾਇਕ ਫਿਰੋਜ਼ ਖਾਨ ਰਾਜਾ ਸਾਹਿਬ ਜੀ ਦੀ ਮਹਿਮਾ ਦਾ ਗੁਣਗਾਨ ਕਰਦਾ ਧਾਰਮਿਕ ਗੀਤ ਅਰਦਾਸ ਨਾਲ ਭਾਗ ਫਿਲਮ ਪ੍ਰੋਡਕਸ਼ਨ ਅਤੇ ਨਿਰਮਾਤਾ ਸੀਟੂ ਬਾਈ ਦੀ ਪੇਸ਼ਕਸ਼ ਹੇਠ ਮੰਗਲਵਾਰ ਨੂੰ ਰਾਤ 8.30 ਵਜੇ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ ਡਗਾ ਢੋਲ ਤੇ ਵਿੱਚ ਆਪਣੀ ਹਾਜ਼ਰੀ ਲਗਵਾਉਣਗੇ। ਰਾਜਾ ਸਾਹਿਬ ਜੀ ਦੀ ਮਹਿਮਾ ਦਾ ਗੁਣਗਾਨ ਕਰ ਰਹੇ ਧਾਰਮਿਕ ਗੀਤ ਅਰਦਾਸ ਨੂੰ ਬ੍ਰਾਉਨ ਮੁੰਡੇ ਪ੍ਰੋਡਕਸ਼ਨ ਦੇ ਬੈਨਰ ਹੇਠ ਪ੍ਰੋਡਿਊਸਰ ਚੰਦਰ ਮੋਹਨ ਵਲੋਂ ਵਰਲਡ ਵਾਈਡ ਸੋਸ਼ਲ ਸਾਈਟਾਂ ਤੇ ਰਿਲੀਜ ਕੀਤਾ ਗਿਆ ਹੈ। ਗਾਇਕ ਫਿਰੋਜ਼ ਖਾਨ ਦੇ ਇਸ ਗੀਤ ਨੂੰ ਸਾਂਝ ਸ਼ੰਮੀ ਨੇ ਕਲਮਬੱਧ ਕੀਤਾ ਹੈ। ਇਸ ਦਾ ਸੰਗੀਤ ਅਮਰ ਦਾ ਮਿਊਜ਼ਿਕ ਮਿਰਰ ਨੇ ਬਹੁਤ ਹੀ ਵਧੀਆ ਤਿਆਰ ਕੀਤਾ ਹੈ। ਰਾਜਾ ਸਾਹਿਬ ਜੀ ਦੇ ਦਰਬਾਰ ਵਿੱਚ ਸੁਖਜਿੰਦਰ ਵਿਰਦੀ ਨੇ ਇਸ ਧਾਰਮਿਕ ਗੀਤ ਦੀ ਵੀਡੀਓ ਦਾ ਫਿਲਮਾਂਕਣ ਕੀਤਾ ਹੈ ਪੂਰੀ ਟੀਮ ਦੀ ਕੀਤੀ ਮਿਹਨਤ ਸਦਕਾ ਇਹ ਤਿਆਰ ਹੋਇਆ ਧਾਰਮਿਕ ਗੀਤ ਅਰਦਾਸ ਸਰੋਤਿਆਂ ਵਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ।



# ਆਧੁਨਿਕ ਤਕਨੀਕ ਤੇ ਇਲਾਜ ਗਰਭਵਤੀ ਔਰਤਾਂ ਵਿੱਚ ਪ੍ਰੀ-ਐਕਲੈਂਪਸੀਆ ਨੂੰ ਰੋਕ ਸਕਦਾ ਹੈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਆਧੁਨਿਕ ਤਕਨੀਕ ਅਤੇ ਅਡਵਾਂਸ ਇਲਾਜ ਨਾਲ ਗਰਭਵਤੀ ਔਰਤਾਂ ਵਿੱਚ ਪ੍ਰੀ-ਐਕਲੈਂਪਸੀਆ ਨੂੰ ਰੋਕਿਆ ਜਾ ਸਕਦਾ ਹੈ। ਪ੍ਰਸੂਤੀ ਮਾਹਰਕਿਸੇ ਵੀ ਵਿਗਾੜ ਦਾ ਨਿਦਾਨ ਕਰਨ ਲਈ ਨਾ ਸਿਰਫ਼ ਇੱਕ ਰੇਡੀਓਲੋਜਿਸਟ ਦੀ ਤਰ੍ਹਾਂ ਅਲਟਰਾਸਾਊਂਡ ਕਰ ਸਕਦੇ ਹਨ, ਸਗੋਂ ਇਹਨਾਂ ਸਥਿਤੀਆਂ ਨੂੰ ਰੋਕ ਅਤੇ ਪ੍ਰਬੰਧਨ ਵੀ ਕਰ ਸਕਦੇ ਹਨ। ਇਸ ਦੇ ਨਤੀਜੇ ਵਜੋਂ ਮਦਰਹੁੱਡ ਫਿਟਲ ਮੈਡੀਸਨ ਸੈਂਟਰ ਵਿੱਚ ਇੱਕ ਛੱਤ ਹੇਠ ਵਧੇਰੇ ਵਿਆਪਕ ਅਤੇ ਤਾਲਮੇਲ ਵਾਲੀ ਦੇਖਭਾਲ ਮਿਲਦੀ ਹੈ। ਸੈਂਟਰ ਦੇ ਮਾਹਰਾਂ ਦੀ ਟੀਮ ਨੇ ਖੇਤਰ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਦੇ ਤਜਰਬੇ ਵਾਲੀ ਪ੍ਰਸੂਤੀ ਮਾਹਰ ਡਾ। ਪੂਨਮ ਗਰਗ ਦੀ ਅਗਵਾਈ ਹੇਠ ਆਧੁਨਿਕ ਤਕਨੀਕ ਅਤੇ ਅਡਵਾਂਸ ਇਲਾਜ ਦੁਆਰਾ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਵਿੱਚ ਪ੍ਰੀ-ਐਕਲੈਂਪਸੀਆ ਨੂੰ ਸਫਲਤਾ-ਪੂਰਵਕ ਰੋਕਿਆ ਹੈ । ਨਤੀਜੇ ਵਜੋਂ ਮਾਂ ਅਤੇ ਨਵਜੰਮੇ ਬੱਚੇ ਵਿੱਚ ਜਟਿਲਤਾਵਾਂ ਨੂੰ ਰੋਕਿਆ ਗਿਆ ਹੈ। ਪ੍ਰੀ-ਐਕਲੈਂਪਸੀਆ ਇੱਕ ਬਹੁ-ਸਿਸਟਮ ਬਿਮਾਰੀ ਹੈ ਜੋ ਲਗਭਗ 10 ਪ੍ਰਤੀਸ਼ਤ ਗਰਭਵਤੀ ਔਰਤਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਜਣੇਪੇ ਦੀ ਬਿਮਾਰੀ ਦਾ ਕਾਰਨ ਬਣਦਾ ਹੈ ਜਿਵੇਂ ਕਿ ਦੌਰੇ, ਮਲਟੀਆਰਗਨ ਅਸਫਲਤਾ, ਲਗਾਤਾਰ ਹਾਈਪਰਟੈਨਸ਼ਨ, ਇਸਕੇਮਿਕ ਦਿਲ ਦੀ ਬਿਮਾਰੀ ਅਤੇ ਬ੍ਰੇਨ ਸਟ੍ਰੋਕ।

ਪ੍ਰੀ-ਐਕਲੈਂਪਸੀਆ ਵਾਲੀਆਂ ਮਾਵਾਂ ਤੋਂ ਪੈਦਾ ਹੋਏ ਬੱਚਿਆਂ ਵਿੱਚ ਸਮੇਂ ਤੋਂ ਪਹਿਲਾਂ ਜਨਮ, ਘੱਟ ਜਨਮ ਵਜ਼ਨ, ਦਮ ਘੁੱਟਣ ਦਾ ਜੋਖਮ ਹੁੰਦਾ ਹੈ, ਅਤੇ ਬਾਅਦ ਵਿੱਚ ਦਿਲ ਦੀ ਬਿਮਾਰੀ ਅਤੇ ਸ਼ੂਗਰ ਦਾ ਵਿਕਾਸ ਹੋ ਸਕਦਾ ਹੈ। ਡਾ. ਪੂਨਮ ਗਰਗ ਨੇ ਦੱਸਿਆ ਕਿ ਉਨ੍ਹਾਂ ਨੇ 500 ਦੇ ਕਰੀਬ ਗਰਭਵਤੀ ਔਰਤਾਂ ਦੀ ਉਨ੍ਹਾਂ ਦੇ ਪੁਰਾਣੇ ਪ੍ਰਸੂਤੀ ਇਤਿਹਾਸ, ਹਾਈਪਰਟੈਨਸ਼ਨ, ਮੋਟਾਪਾ, ਸ਼ੂਗਰ, ਸਿਗਰਟਨੋਸ਼ੀ ਆਦਿ ਦੇ ਆਧਾਰ 'ਤੇ ਜਾਂਚ ਕੀਤੀ ਅਤੇ ਫਿਰ ਆਧੁਨਿਕ ਅਲਟਰਾਸੋਨੋਗ੍ਰਾਫੀ ਰਾਹੀਂ ਉਨ੍ਹਾਂ ਦੇ ਖ਼ਤਰੇ ਦੀ ਗਣਨਾ ਕੀਤੀ। ਲਗਭਗ 40 ਉੱਚ ਜੋਖਮ ਵਾਲੀਆਂ ਔਰਤਾਂ ਦੀ ਪਛਾਣ ਕੀਤੀ ਗਈ ਅਤੇ ਉਨ੍ਹਾਂ ਨੂੰ ਢੁਕਵੀਂ ਦਵਾਈ ਦਿੱਤੀ ਗਈ ਅਤੇ ਜੀਵਨਸ਼ੈਲੀ ਵਿੱਚ ਬਦਲਾਅ ਕਰਨ ਦੀ ਸਲਾਹ ਦਿੱਤੀ ਗਈ। ਦਖਲਅੰਦਾਜ਼ੀ ਨੇ 40 ਵਿੱਚੋਂ 38 ਔਰਤਾਂ ਨੂੰ ਪ੍ਰੀ-ਐਕਲੈਂਪਸੀਆ ਵਿਕਸਤ ਕਰਨ ਤੋਂ ਰੋਕਿਆ, ਉਹਨਾਂ ਨੂੰ ਅਤੇ ਉਹਨਾਂ ਦੇ ਬੱਚਿਆਂ ਨੂੰ ਕਈ ਜਟਿਲਤਾਵਾਂ ਦੇ ਜੋਖਮ ਤੋਂ ਬਚਾਇਆ ਗਿਆ ਹੈ।




# ਬਾਰਾਤੀਆਂ ਦੀ ਇਨੋਵਾ ਗੱਡੀ ਖੱਡ ਦੇ ਪਾਣੀ 'ਚ ਰੁੜ ਗਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਗੜ੍ਹਸ਼ੰਕਰ ਨੇੜੇ ਵੱਡਾ ਹਾਦਸਾ, ਬਾਰਾਤੀਆਂ ਨਾਲ ਭਰੀ ਇਨੋਵਾ ਗੱਡੀ ਖੱਡ 'ਚ ਡਿੱਗਣ ਕਾਰਨ ਪਾਣੀ 'ਚ ਰੁੜੀ ਗਈ। ਜਿਸ ਨਾਲ ਗੱਡੀ ਵਿੱਚ ਸਵਾਰ 11 ਬਰਾਤੀਆਂ ਵਿੱਚੋਂ 6 ਦੀਆਂ ਲਾਸ਼ਾਂ ਮਿਲਣ ਗਈਆਂ ਤੇ 5 ਲੋਕਾਂ ਦੀ ਭਾਲ ਸਰਗਰਮੀ ਨਾਲ ਕੀਤੀ ਜਾ ਰਹੀ ਸੀ। ਗੜ੍ਹਸ਼ੰਕਰ ਤਹਿਸੀਲ ਦੇ ਪਹਾੜੀ ਪਿੰਡ ਜੇਜੋਂ ਦੀ ਖੱਡ ਵਿੱਚ ਆਏ ਮੀਂਹ ਦੇ ਪਾਣੀ ਵਿਚ ਹਿਮਾਚਲ ਪ੍ਰਦੇਸ਼ ਦੇ ਦੇਹਰਾ ਪਿੰਡ ਤੋਂ ਵਿਆਹ ਜਾ ਰਹੇ ਬਰਾਤੀਆਂ ਦੀ ਇਨੋਵਾ ਗੱਡੀ ਰੁੜ ਗਈ। ਉਕਤ ਗੱਡੀ ਵਿਚ ਕਰੀਬ 11 ਲੋਕ ਸਵਾਰ ਸਨ, ਜਿਨ੍ਹਾਂ ਵਿਚੋਂ 6 ਲੋਕਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਅਤੇ 4 ਦੀ ਭਾਲ ਜਾਰੀ ਹੈ। ਇਸ ਦੇ ਨਾਲ ਹੀ ਇਕ ਵਿਅਕਤੀ ਨੂੰ ਉਥੇ ਖੜ੍ਹੇ ਲੋਕਾਂ ਵੱਲੋਂ ਬਚਾ ਲਿਆ ਗਿਆ ਹੈ।

ਗੱਡੀ ਵਿਚੋਂ ਕੱਢੇ ਵਿਅਕਤੀ ਦੀਪਕ ਭਾਟੀਆ ਪੁੱਤਰ ਸੁਰਜੀਤ ਭਾਟੀਆ ਵਾਸੀ ਦੇਹਰਾ, ਨੇੜੇ ਮਹਿਤਪੁਰ ਜ਼ਿਲ੍ਹਾ ਊਨਾ ਹਿਮਚਲ ਪ੍ਰਦੇਸ਼ ਤੋਂ ਕਿਰਾਏ ਦੀ ਗੱਡੀ ਕਰਕੇ ਨਵਾਂਸ਼ਹਿਰ ਵਿਖੇ ਵਿਆਹ ਵਿੱਚ ਸ਼ਾਮਲ ਹੋਣ ਜਾ ਰਹੇ ਸਨ। ਉਸ ਨੇ ਦੱਸਿਆ ਕਿ ਇਸ ਗੱਡੀ ਵਿੱਚ ਉਸ ਦਾ ਪਿਤਾ ਸੁਰਜੀਤ ਸਿੰਘ, ਮਾਂ ਪਰਮਜੀਤ ਕੌਰ, ਚਾਚਾ ਸਰੂਪ ਚੰਦ, ਚਾਚੀ ਬਿੰਦਰ, ਮਾਸੀ ਸ਼ਨੂੰ, ਭਾਵਨਾ 19, ਅੰਕੂ 20, ਹਰਸ਼ਿਤ 12 ਅਤੇ ਡਰਾਈਵਰ ਸਨ। ਦੱਸਿਆ ਜਾ ਰਿਹਾ ਕਿ ਸਾਰੇ ਇਕੋ ਹੀ ਪਰਿਵਾਰ ਮੈਂਬਰ ਸਨ।



# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ "ਏਕ ਪੇੜ ਮਾਂ ਕੇ ਨਾਮ" ਮੁਹਿੰਮ ਦਾ ਆਵਾਜ ਕੀਤਾ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦੇ ਐਨ. ਐਸ. ਐਸ. ਯੂਨਿਟ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਵਾਤਾਵਰਨ ਸ਼ੁੱਧਤਾ ਅਤੇ ਸਾਂਭ-ਸੰਭਾਲ਼ ਲਈ "ਏਕ ਪੇੜ ਮਾਂ ਕੇ ਨਾਮ" ਅਭਿਆਨ ਤਹਿਤ ਰੁੱਖ ਲਗਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਵਲੰਟੀਅਰਾਂ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਪੌਦੇ ਲਗਾਏ ਗਏ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਕਿਹਾ ਕਿ ਰੁੱਖਾਂ ਤੇ ਮਾਵਾਂ ਦੀ ਜ਼ਿੰਦਗੀ 'ਚ ਖ਼ਾਸ ਅਹਿਮੀਅਤ ਹੈ। ਮਾਂ ਜਿੱਥੇ ਸਾਨੂੰ ਜਨਮ ਦਿੰਦੀ ਹੈ ਉੱਥੇ ਰੁੱਖ ਸਾਨੂੰ ਜੀਵਨ ਬਖ਼ਸ਼ਦੇ ਹਨ। ਸੋ, ਸਾਨੂੰ ਸਭ ਨੂੰ ਆਪਣੀ ਮਾਂ ਦੇ ਨਾਂ 'ਤੇ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਾਉਣਾ ਚਾਹੀਦਾ ਹੈ। ਇਸ ਮੌਕੇ ਐਨ ਐਸ ਐਸ ਅਫ਼ਸਰ ਪ੍ਰੋ. ਵਿਪਨ ਅਤੇ ਡਾ. ਨਿਰਮਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਪਰਵਰਿਸ਼ ਲਈ ਪ੍ਰੇਰਿਤ ਕੀਤਾ ਤੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਇਸ ਮੁਹਿੰਮ ਨੂੰ ਅੱਗੇ ਤੋਰਦਿਆਂ ਅਨੇਕਾਂ ਪੌਦੇ ਕਾਲਜ ਕੈਂਪਸ, ਗਰਾਂਊਂਡ ਤੇ ਕਾਲਜ ਦੇ ਆਲ਼ੇ ਦੁਆਲ਼ੇ ਲਗਾਏ ਜਾਣਗੇ। ਇਸ ਮੌਕੇ ਪ੍ਰੋ। ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

# ਇਨਸਾਫ਼ ਦਿਵਾਉਣ ਲਈ ਅੰਬੇਡਕਰ ਸੈਨਾ ਵਲੋਂ ਡੀਐਸਪੀ ਦਫ਼ਤਰ ਦਾ ਘਿਰਾਓ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਬੀਤੇਂ ਦਿਨੀਂ ਦਸੂਹਾ ਦੇ ਪਿੰਡ ਮੀਰਪੁਰ ਵਿਖੇ ਛੁੱਟੀ ਲੈਕੇ ਆਏ ਫ਼ੌਜੀ ਹਰਭਜਨ ਸਿੰਘ ਦੇ ਘਰ ਤੇ ਹਮਲਾ ਕਰਕੇ ਉਸਨੂੰ ਜ਼ਖ਼ਮੀ ਕਰ ਦਿੱਤਾ ਸੀ ਉਸਦੇ ਮੁਕੱਦਮੇ ਵਿੱਚ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਹੋਣ ਕਾਰਨ ਅੰਬੇਡਕਰ ਸੈਨਾ ਆਫ਼ ਇੰਡੀਆ ਦੀ ਪੰਜਾਬ ਇਕਾਈ ਦੇ ਜਨਰਲ ਸਕੱਤਰ ਕੁਲਵੰਤ ਭੂੰਨੋਂ ਦੀ ਅਗਵਾਈ ਵਿੱਚ ਡੀਐਸਪੀ ਦਫ਼ਤਰ ਦਸੂਹਾ ਦਾ ਘਿਰਾਓ ਕੀਤਾ ਗਿਆ। ਜਿਸ ਵਿੱਚ ਨੌਜਵਾਨ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਉਚੇਚੇ ਤੌਰ ਪੁੱਜੇ ਅਤੇ ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਅੰਦਰ ਕੋਈ ਸੁੱਰਖਿਅਤ ਨਹੀਂ ਹੈ ਜੇਕਰ ਬਾਰਡਰ ਤੇ ਦੇਸ਼ ਦੀ ਰਾਖੀ ਕਰਨ ਵਾਲੇ ਫ਼ੌਜੀ ਜਵਾਨ ਸੁਰੱਖਿਅਤ ਨਹੀਂ ਤਾਂ ਆਮ ਲੋਕ ਕਿਥੋਂ ਸੁਰੱਖਿਅਤ ਹੋਣਗੇ। ਉਨ੍ਹਾਂ ਅੱਗੇ ਕਿਹਾ ਕਿ ਫੌਜੀ ਹਰਭਜਨ ਸਿੰਘ ਮੀਰਪੁਰ ਦੇ ਮੁਕੱਦਮੇ ਵਿਚ ਧਰਾਵਾਂ ਸਹੀ ਨਾ ਲੱਗਣਾ ਅਤੇ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਹੋ ਸਕਣਾ ਕਿਤੇ ਨਾ ਕਿਤੇ ਪ੍ਰਸ਼ਾਸਨ ਦੀ ਨਾਕਾਮੀ ਤੇ ਢਿੱਲ ਮੱਠ ਨੂੰ ਸਪੱਸ਼ਟ ਰੂਪ ਵਿੱਚ ਦਰਸਾਉਂਦਾ ਕਿ ਉਹ ਇਕ ਫੌਜੀ ਜਵਾਨ ਨੂੰ ਇਨਸਾਫ਼ ਦਿਵਾਉਣ ਲਈ ਸੁਹਿਰਦ ਨਹੀਂ ਹਨ। ਉਨ੍ਹਾਂ ਕਿਹਾ ਕਿ ਜੇਕਰ ਦੋਸ਼ੀਆਂ ਖਿਲਾਫ਼ ਸਖ਼ਤ ਧਰਾਵਾਂ ਤਹਿਤ ਕਾਰਵਾਈ ਕਰਕੇ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਮਜ਼ਬੂਰਨ ਜੱਥੇਬੰਦੀਆਂ ਨੂੰ ਤਿੱਖਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਅੰਮ੍ਰਿਤਪਾਲ ਭੌਂਸਲੇ ਨੇ ਅੱਗੇ ਕਿਹਾ ਦੋਸ਼ੀਆਂ ਖਿਲਾਫ਼ ਐਸ। ਸੀ।, ਐਸ. ਟੀ. ਐਕਟ ਤਹਿਤ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਹੋ ਸਕਿਆ। ਇਸ ਮੌਕੇ ਡੀਐਸਪੀ ਜਗਦੀਸ਼ ਅੱਤਰੀ ਮੌਕੇ ਤੇ ਹਾਜ਼ਰ ਨਹੀਂ ਸਨ ਤਾਂ ਐਸ.ਐਚ.ਓ. ਦਸੂਹਾ ਹਰਪ੍ਰੇਮ ਸਿੰਘ ਨੇ ਆਗੂਆਂ ਨੂੰ ਐਸ ਪੀ ਸ੍ਰੀ ਸਰਬਜੀਤ ਸਿੰਘ ਬਾਹੀਆ ਦੇ ਕਹਿਣ ਤੇ ਭਰੋਸਾ ਦਿੱਤਾ ਕਿ 2 ਦਿਨਾਂ ਵਿੱਚ ਵਾਧਾ ਜ਼ੁਰਮ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਘਿਰਾਓ ਕਰਨ ਸਮੇਂ ਵਿਸ਼ਵਾਸ ਦਿਵਾਉਣ ਕਰਕੇ ਆਗੂਆਂ ਵਲੋਂ 2 ਦਿਨਾਂ ਦਾ ਅਲਟੀਮੇਟਮ ਦੇ ਕੇ ਇਕ ਮੈਮੋਰੰਡਮ ਐਸ ਐਸ ਪੀ ਹੁਸ਼ਿਆਰਪੁਰ ਦੇ ਨਾਂ ਐਸ ਐਚ ਓ ਦਸੂਹਾ ਨੂੰ ਸੌਂਪਿਆ ਗਿਆ। ਇਸ ਮੌਕੇ ਹਰਜਿੰਦਰ ਸਿੰਘ, ਸੁਖਦੇਵ ਸਿੰਘ, ਲਾਲਾ ਦਾਤਾ, ਬਲਵਿੰਦਰ ਮਰਵਾਹਾ, ਗਣੇਸ਼ ਕੁਮਾਰ, ਬਿੰਦੂ ਭੰਗਾਲਾ, ਗੋਪੀ ਹਾਜੀਪੁਰ, ਬੌਬੀ ਖੁੱਡਾ, ਸੁਖਜਿੰਦਰ ਮੁਕੇਰੀਆਂ, ਦੀਪਾ ਰੀਲਾ, ਹਨੀ ਮਾਹਿਲਪੁਰ, ਨਵਜੋਤ ਜੀਣਪੁਰ, ਰੋਬਿਨ ਪੈਸਰਾ, ਪੰਕਜ ਅਟੱਲਗੜ੍ਹ, ਸੂਰਜ ਠੱਕਰਵਾਲ, ਦਵਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਸਿੱਖਿਆ ਦਾ ਇਨਸਾਨ ਦੇ ਜੀਵਨ ਅੰਦਰ ਵਿਸ਼ੇਸ਼ ਮਹੱਤਵ - ਸਮਾਜ ਸੇਵੀ ਬਲਰਾਮ ਚੌਧਰੀ



**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਸਿੱਖਿਆ ਦਾ ਇਨਸਾਨ ਦੇ ਜੀਵਨ ਅੰਦਰ ਵਿਸ਼ੇਸ਼ ਮਹੱਤਵ ਹੈ, ਸਿੱਖਿਆ ਤੋਂ ਬਿਨ੍ਹਾ ਇਨਸਾਨ ਜਾ ਜੀਵਨ ਅਧੂਰਾ ਹੈ। ਇਹ ਵਿਚਾਰ ਬਲਰਾਮ ਚੌਧਰੀ ਉਰਫ ਬਬਲੂ ਮੈਨੇਜਿੰਗ ਡਾਇਰੈਕਟਰ ਨੈਸ਼ਨਲ ਵਾਈਡ ਐਜੂਕੇਸ਼ਨ ਸਰਵਿਸ ਟੋਰਾਂਟੋ ਕੈਨੇਡਾ ਨੇ ਆਪਣੇ ਜਨਮ ਦਿਨ ਤੇ ਸਰਕਾਰੀ ਪ੍ਰਾਇਮਰੀ ਸਕੂਲ ਮੰਗੂਪੁਰ ਵਿਖੇ ਪ੍ਰਾਇਮਰੀ ਅਤੇ ਮਿਡਲ ਸਕੂਲ ਦੇ ਪ੍ਰਬੰਧਕਾਂ ਨੂੰ ਫਰਨੀਚਰ (ਭਾਵ -44 ਕੁਰਸੀਆਂ) ਭੇਂਟ ਕਰਨ ਸਮੇਂ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਸਕੂਲ ਸਭ ਤੋਂ ਵੱਡਾ ਮੰਦਿਰ ਹੈ। ਇਸ ਕਰਕੇ ਸਾਨੂੰ ਦਾਨ ਦੇਣ ਸਮੇਂ ਸਕੂਲ ਨੂੰ ਪਹਿਲ ਦੇਣੀ ਚਾਹੀਦੀ ਹੈ। ਕਿਉਂਕਿ ਇਹਨਾਂ ਸਕੂਲਾਂ ਵਿੱਚ ਪੜ੍ਹ ਕੇ ਅੱਜ ਅਸੀਂ ਦੇਸ਼-ਵਿਦੇਸ਼ ਵਿੱਚ ਭਾਰਤ ਦੇਸ਼ ਦਾ ਨਾਮ ਚਮਕਾ ਰਹੇ ਹਾਂ। ਇਸ ਮੌਕੇ ਉਹਨਾਂ ਕਿਹਾ ਕਿ ਸਕੂਲ ਪ੍ਰਬੰਧਕ ਬਿਨ੍ਹਾ ਝਿਜਕ ਸਕੂਲ ਦੀ ਕਿਸੇ ਵੀ ਜਰੂਰਤ ਨੂੰ ਸਾਡੇ ਧਿਆਨ ਵਿੱਚ ਲਿਆਉਣ ਸਾਡਾ ਪਰਿਵਾਰ ਦਾ ਉਪਰਾਲਾ ਹੋਵੇਗਾ ਕਿ ਜਿੰਨਾ ਵੀ ਹੋ ਸਕਿਆ। ਅਸੀਂ ਉਸ ਜਰੂਰਤ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰਾਂਗੇ। ਇਸ ਮੌਕੇ ਸ਼੍ਰੀ ਨਰਿੰਦਰ ਸਿੰਘ ਹੈਡ ਟੀਚਰ ਨੇ ਸ਼੍ਰੀ ਬਲਰਾਮ ਚੌਧਰੀ ਉਰਫ ਬਬਲੂ ਕੈਨੇਡਾ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਬਬਲੂ ਜੀ ਸਕੂਲ ਦੀ ਹਰ ਜਰੂਰਤ ਨੂੰ ਪੂਰਾ ਕਰਨ ਲਈ ਹਮੇਸ਼ਾਂ ਦ੍ਰਿੜ ਰਹਿੰਦੇ ਹਨ। ਗੁਰੂ ਮਹਾਰਾਜ ਇਹਨਾਂ ਨੂੰ ਇਸੇ ਤਰ੍ਹਾਂ ਸਮਾਜ ਸੇਵੀ ਕਾਰਜ ਕਰਨ ਦੀ ਹਿੰਮਤ ਬਖਸ਼ਦੇ ਰਹਿਣ ਅਤੇ ਇਹਨਾਂ ਦੀ ਉਮਰ ਲੰਬੀ ਹੋਵੇ। ਇਸ ਮੌਕੇ ਸ਼੍ਰੀ ਸੁਭਾਸ਼ ਚੰਦਰ, ਬਲਵਿੰਦਰ ਕੁਮਾਰ ਝੰਡੂਪੁਰ, ਮਾਸਟਰ ਕੁਲਦੀਪ ਕੁਮਾਰ, ਰਾਹੁਲ ਚੌਧਰੀ, ਰਿੰਪੀ ਰਾਣੀ, ਵਿਜੈ ਕੁਮਾਰ, ਸੋਹਣ ਲਾਲ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਅਮਰਜੀਤ, ਮਨੀਸ਼ਾ ਮੰਗੂਪੁਰ, ਰੀਨਾ ਰਾਣੀ ਤੇ ਆਸ਼ਾ ਰਾਣੀ ਆਦਿ ਵੀ ਹਾਜ਼ਰ ਸਨ।

# ਕਨਵੈਨਸ਼ਨ ਅਤੇ ਮੁਜਾਹਰਾ ਕਰਕੇ ਦਿੱਤੀ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜਮਹੂਰੀ ਅਧਿਕਾਰ ਸਭਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਜਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਪ੍ਰਮਾਣੂ ਬੰਬਾਂ ਨਾਲ ਮਾਰੇ ਗਏ ਲੱਖਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਜੰਗਾਂ ਦੇ ਵਿਰੋਧ ਵਿਚ ਕਨਵੈਨਸ਼ਨ ਅਤੇ ਮੁਜਾਹਰਾ ਕੀਤਾ ਗਿਆ। ਸੱਭ ਤੋਂ ਪਹਿਲਾਂ ਪ੍ਰਮਾਣੂ ਬੰਬਾਂ ਨਾਲ ਮਾਰੇ ਗਏ ਮ੍ਰਿਤਕਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਸਥਾਨਕ ਬੱਸ ਅੱਡਾ ਵਿਖੇ ਕੀਤੀ ਗਈ, ਇਸ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਆਰ ਐਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਦਲਜੀਤ ਸਿੰਘ ਐਡਵੋਕੇਟ, ਬੂਟਾ ਸਿੰਘ ਮਹਿਮੂਦ ਪੁਰ ਅਤੇ ਸਭਾ ਦੇ ਜਿਲ੍ਹਾ ਸਕੱਤਰ ਜਸਬੀਰ ਦੀਪ ਨੇ ਕਿਹਾ ਕਿ ਅਮਰੀਕਾ ਵਲੋਂ 6 ਅਗਸਤ 1945 ਨੂੰ ਜਪਾਨੀ ਸ਼ਹਿਰ ਹੀਰੋਸ਼ੀਮਾ ਅਤੇ 9 ਅਗਸਤ ਨੂੰ ਨਾਗਾਸਾਕੀ ਉੱਤੇ ਪ੍ਰਮਾਣੂ ਬੰਬ ਸੁੱਟਕੇ ਭਿਆਨਕ ਤਬਾਹੀ ਮਚਾਈ ਗਈ ਸੀ, ਜਿਹਨਾਂ ਵਿਚ 1,99,000 ਲੋਕ ਮਾਰੇ ਗਏ ਸਨ ਅਤੇ ਲੱਖਾਂ ਲੋਕ ਜਖਮੀ ਹੋਏ ਸਨ। ਇਹ ਇਤਿਹਾਸ ਵਿਚ ਅਮਰੀਕਨ ਸਾਮਰਾਜ ਵਲੋਂ ਕੀਤੀ ਗਈ ਸੱਭ ਤੋਂ ਵੱਡੀ ਅਤੇ ਭਿਆਨਕ ਤਬਾਹੀ ਹੈ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਕਈ ਦੇਸ਼ਾਂ ਕੋਲ ਵੱਡੀ ਗਿਣਤੀ ਵਿਚ ਪ੍ਰਮਾਣੂ ਹਥਿਆਰ ਮੌਜੂਦ ਹਨ, ਜੋ ਸਰਬਨਾਸ਼ ਕਰ ਸਕਦੇ ਹਨ। ਤਾਜਾ ਹਾਲਾਤਾਂ ਤੋਂ ਪਤਾ ਲੱਗਦਾ ਹੈ, ਕਿ ਦੂਨੀਆਂ ਤੀਸਰੇ ਸੰਸਾਰ ਯੁੱਧ ਦੀਆਂ ਬਰੂਹਾਂ ਉੱਤੇ ਖੜੀ ਹੈ।ਇਸਰਾਇਲ ਫਲਸਤੀਨੀਆਂ ਨੂੰ ਬੰਬਾਂ ਅਤੇ ਮਿਜ਼ਾਇਲਾਂ ਦਾ ਖਾਜਾ ਬਣਾ ਰਿਹਾ ਹੈ। ਜਿਸਦੀ ਪਿੱਠ ਉੱਤੇ ਅਮਰੀਕਨ ਸਾਮਰਾਜ ਦੀ ਅਗਵਾਈ ਵਾਲਾ ਸਾਮਰਾਜਵਾਦੀਆਂ ਦਾ ਫੌਜੀ ਗੱਠਜੋੜ ਨਾਟੋ ਖੜਾ ਹੈ। ਇਸਰਾਇਲ ਆਮ ਫਲਸਤੀਨੀਆਂ ਦੇ ਕਤਲ ਕਰ ਰਿਹਾ ਹੈ, ਸਕੂਲਾਂ, ਹਸਪਤਾਲਾਂ, ਸ਼ਰਨਾਰਥੀ ਕੈਂਪਾਂ ਅਤੇ ਘਰਾਂ ਨੂੰ ਤਬਾਹ ਕਰ ਰਿਹਾ ਹੈ।ਸੰਯੁਕਤ ਰਾਸ਼ਟਰ ਮਹਾ ਸਭਾ ਵਿਚ ਫਲਸਤੀਨੀਆਂ ਦੇ ਦਰਦ ਨੂੰ ਦੂਰ ਕਰਨ ਦੀ ਸਮਰੱਥਾ ਨਜਰ ਨਹੀਂ ਆਉਂਦੀ। ਦੂਜੇ ਪਾਸੇ ਰੂਸ-ਯੂਕਰੇਨ ਜੰਗ ਅਣਗਿਣਤ ਲੋਕਾਂ ਦੀਆਂ ਜਾਨਾਂ ਲੈ ਚੁੱਕਾ ਹੈ। ਇਹਨਾਂ ਯੁੱਧਾਂ ਦਾ ਸਾਰੇ ਸੰਸਾਰ ਉੱਤੇ ਖਾਸਕਰ ਮਿਹਨਤਕਸ਼ ਜਨਤਾ ਉੱਤੇ ਬਹੁਤ ਹੀ ਦੂਰ-ਪ੍ਰਭਾਵ ਪੈ ਰਿਹਾ ਹੈ। ਲੋਕ ਮਰ ਰਹੇ ਹਨ ਅਤੇ ਸਾਮਰਾਜੀ ਤਾਕਤਾਂ ਆਪਣੇ ਹਥਿਆਰ ਵੇਚਕੇ ਮੁਨਾਫ਼ਾ ਕਮਾ ਰਹੀਆਂ ਹਨ। ਸਾਨੂੰ ਇਹਨਾਂ ਜੰਗਾਂ ਵਿਰੁੱਧ ਆਵਾਜ਼ ਚੁੱਕਣੀ ਚਾਹੀਦੀ ਹੈ। 'ਸਾਮਰਾਜਵਾਦ ਅਤੇ ਜੰਗਾਂ' ਵਿਸ਼ੇ ਉੱਤੇ ਕੀਤੀ ਗਈ ਇਸ ਕਨਵੈਨਸ਼ਨ ਦੀ ਪ੍ਰਧਾਨਗੀ ਸਭਾ ਦੇ ਜਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ, ਗੁਰਬਖਸ਼ ਕੌਰ ਸੰਘਾ, ਦਲਜੀਤ ਸਿੰਘ ਐਡਵੋਕੇਟ, ਪ੍ਰਿੰਸੀਪਲ ਇਕਬਾਲ ਸਿੰਘ ਅਤੇ ਸੁਰਿੰਦਰ ਸਿੰਘ ਬੈਂਸ ਨੇ ਕੀਤੀ। ਇਸ ਮੌਕੇ ਸਭਾ ਦੇ ਜਿਲ੍ਹਾ ਮੀਤ ਪ੍ਰਧਾਨ ਗੁਰਨੇਕ ਸਿੰਘ, ਨਰਿੰਦਰ ਸਿੰਘ ਉੜਾਪੜ, ਗੁਰਦਿਆਲ ਸਿੰਘ ਮਹਿੰਦੀਪੁਰ, ਪ੍ਰਵੀਨ ਕੁਮਾਰ ਨਿਰਾਲਾ, ਹਰੇ ਰਾਮ, ਹਰਪਾਲ ਸਿੰਘ ਜਗਤਪੁਰ, ਭੁਪਿੰਦਰ ਸਿੰਘ ਵੜੈਚ, ਜਸਵੰਤ ਖੱਟਕੜ, ਕਸ਼ਮੀਰੀ ਲਾਲ, ਸਰਬਜੀਤ ਮੰਗੂਵਾਲ, ਰੁਪਿੰਦਰ ਕੌਰ ਦੁਰਗਾ ਪੁਰ, ਜੈਸਮੀਨ ਨਵਾਂਸਹਿਰ, ਨਰਿੰਦਰਜੀਤ ਕੌਰ ਖੱਟਕੜ ਤੇ ਰਣਜੀਤ ਕੌਰ ਮਹਿਮੂਦ ਪੁਰ ਆਦਿ ਹਾਜਰ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ 'ਛੋਟੇ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਪੌਸ਼ਟਿਕ ਆਹਾਰ' ਸੰਬੰਧੀ ਸਿਖਲਾਈ ਕੋਰਸ ਆਯੋਜਿਤ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਛੋਟੇ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਪੌਸ਼ਟਿਕ ਆਹਾਰ ਵਿਸ਼ੇ 'ਤੇ ਆਂਗਣਵਾੜੀ ਵਰਕਰਾਂ ਅਤੇ ਸੁਪਰਵਾਈਜ਼ਰਾਂ ਲਈ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਕੈਂਪ ਦੌਰਾਨ ਕੇ.ਵੀ.ਕੇ., ਸ਼ਹੀਦ ਭਗਤ ਸਿੰਘ ਨਗਰ ਤੋਂ ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਡਾ. ਰਜਿੰਦਰ ਕੌਰ ਨੇ ਸਿਹਤਮੰਦ ਜੀਵਨ ਸ਼ੈਲੀ ਲਈ ਬੱਚਿਆਂ ਅਤੇ ਗਰਭਵਤੀ/ਦੁੱਧ ਪਿਲਾਉਣ ਵਾਲੀਆਂ ਔਰਤਾਂ ਲਈ ਪੌਸ਼ਟਿਕ ਪਕਵਾਨਾਂ ਦੀ ਤਿਆਰੀ ਦੀ ਮਹੱਤਤਾ ਬਾਰੇ ਚਰਚਾ ਕੀਤੀ। ਉਹਨਾਂ ਨੇ ਗਰਭ ਅਵਸਥਾ ਦੌਰਾਨ ਪੌਸ਼ਟਿਕ ਤੱਤਾਂ ਦੇ ਸੇਵਨ ਦੇ ਉਚਿਤ ਅਨੁਪਾਤ ਅਤੇ ਸੁਮੇਲ ਵਿੱਚ ਪੌਸ਼ਟਿਕ ਭੋਜਨ ਦੀ ਵਰਤੋਂ ਦੇ ਫਾਇਦਿਆਂ ਬਾਰੇ ਵੀ ਦੱਸਿਆ।

ਇਸ ਦੇ ਨਾਲ ਹੀ ਉਨ੍ਹਾਂ ਨੇ ਸੁਹੰਜਨਾਂ ਦੇ ਪੱਤਿਆਂ ਦੀ ਮਹੱਤਤਾ ਬਾਰੇ ਦੱਸਿਆ, ਜੋ ਕਿ ਪੇਟ ਦੀ ਚੰਗੀ ਸਿਹਤ ਲਈ ਔਸ਼ਧੀ ਗੁਣ ਰੱਖਦੇ ਹਨ। ਇਸ ਪ੍ਰੋਗਰਾਮ ਦੌਰਾਨ ਹੋਰ ਪਕਵਾਨਾਂ ਜਿਵੇਂ ਸੋਇਆਬੀਨ-ਕਣਕ ਦੇ ਪੌਸ਼ਟਿਕ ਲੱਡੂ, ਸੱਤੂ ਪਰਾਂਠਾ ਵੀ ਵਰਕਰਾਂ ਨਾਲ ਸਾਂਝੇ ਕੀਤੇ ਗਏ, ਜੋ ਕਿ ਲੋਹੇ ਅਤੇ ਫੋਲਿਕ ਐਸਿਡ ਨਾਲ ਭਰਪੂਰ ਹੁੰਦੇ ਹਨ ਅਤੇ ਜੋ ਸਿਹਤਮੰਦ ਗਰਭ ਅਵਸਥਾ ਅਤੇ ਦੁੱਧ ਚੁੰਘਾਉਣ ਅਵਸਥਾ ਲਈ ਮਾਂ ਨੂੰ ਤਿਆਰ ਕਰਦੇ ਹਨ।

ਪ੍ਰੋਗਰਾਮ ਦੇ ਅੰਤ ਵਿੱਚ ਡੈਮੋਨਸਟਰੇਟਰ (ਗ੍ਰਹਿ ਵਿਗਿਆਨ), ਸ਼੍ਰੀਮਤੀ ਰੇਨੂੰ ਬਾਲਾ, ਨੇ ਕੇ.ਵੀ.ਕ.। ਵਿਖੇ ਇਸ ਸਿਖਲਾਈ ਕੈਂਪ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਸਟਾਫ ਦਾ ਧੰਨਵਾਦ ਕੀਤਾ।

# ਸ. ਹਰਭਜਨ ਸਿੰਘ ਰਠੋਰ ਦੇ ਹੋਣਹਾਰ ਸਪੁੱਤਰ ਅਜਮੇਰ ਸਿੰਘ ਮੁਸਾਫਿਰ ਨੂੰ ਵਿਸ਼ਵ ਸਿੱਖ ਰਾਜਪੂਤ ਭਾਈਚਾਰਾ ਸਭਾ (ਸੰਸਥਾ) ਇੰਗਲੈਂਡ ਇਕਾਈ ਦਾ ਪ੍ਰਧਾਨ ਨਾਮਜਦ ਕੀਤਾ ਗਿਆ

**ਵੈਨਕੂਵਰਾ- (ਕੁਲਦੀਪ ਚੁੰਬਰ)-** ਵਿਸ਼ਵ ਸਿੱਖ ਰਾਜਪੂਤ ਭਾਈਚਾਰਾ ਸਭਾ ਦੇ ਸਤਿਕਾਰਤ ਆਗੂ ਸ। ਗੁਰਮੇਲ ਸਿੰਘ ਪਹਿਲਵਾਨ ਨੇ ਇਕ ਬਿਆਨ ਵਿੱਚ ਕਿਹਾ ਕਿ ਨੌਜਵਾਨ ਆਗੂ ਅਜਮੇਰ ਸਿੰਘ ਮੁਸਾਫਿਰ ਦੀ ਅਗਾਂਹਵਧੂ ਸੋਚ ਅਤੇ ਦੂਰ-ਦਰਿਸ਼ਟੀ ਨੂੰ ਦੇਖ ਕੇ ਇਹ ਫੈਸਲਾ ਲਿਆ ਗਿਆ ਹੈ। ਸਾਨੂੰ ਆਸ ਹੈ ਕਿ ਆਪਣੀ ਸੋਚ ਅਤੇ ਅਗਵਾਹੀ ਨਾਲ ਅਜਮੇਰ ਸਿੰਘ ਮੁਸਾਫਿਰ ਵਿਸ਼ਵ ਸਿੱਖ ਰਾਜਪੂਤ ਭਾਈਚਾਰਾ ਸਭਾ ਨੂੰ ਹੋਰ ਵੀ ਬੁਲੰਦੀਆਂ ਤੱਕ ਲੈ ਕੇ ਜਾਣਗੇ। ਅਜਮੇਰ ਸਿੰਘ ਮੁਸਾਫਿਰ 2008 ਤੋਂ ਇੰਗਲੈਂਡ ਦੇ ਲੈਸਟਰ ਸ਼ਹਿਰ ਦੇ ਵਸਨੀਕ ਹਨ।



ਅਜਮੇਰ ਸਿੰਘ ਮੁਸਾਫਿਰ ਸਾਰੇ ਰਾਜਪੂਤ ਭਾਈਚਾਰੇ ਨੂੰ ਇਕ ਲੜੀ ਵਿੱਚ ਪਰੋ ਕੇ, ਅਪਣੇ ਸਭਿਆਚਾਰ ਤੇ ਮਾਣ ਕਰਨ ਦਾ ਸੁਪਨਾ ਲੈ ਕੇ ਅੱਗੇ ਆਏ ਹਨ । ਵਿਸ਼ਵ ਭਾਈਚਾਰੇ ਵਿੱਚ ਭਰਾਤਰੀ ਪਿਆਰ ਅਤੇ ਸਦਭਾਵਨਾ ਨੂੰ ਪ੍ਰਚਾਰਨਾ ਉਨ੍ਹਾਂ ਦਾ ਮੁੱਖ ਟੀਚਾ ਹਵੇਗਾ। ਸ। ਗੁਰਮੇਲ ਸਿੰਘ ਪਹਿਲਵਾਨ ਨੇ ਆਪਣੀ ਗ਼ਲਬਾਤ ਨੂੰ ਜ਼ਾਰੀ ਰੱਖਦਿਆਂ ਕਿਹਾ ਕਿ ਸਾਡੀ ਸੰਸਥਾ ਨੂੰ ਆਸ ਹੈ ਕਿ ਨੌਜਵਾਨ ਆਗੂ ਅਜਮੇਰ ਸਿੰਘ ਮੁਸਾਫਿਰ, ਰਾਜਪੂਤ ਭਾਈਚਾਰੇ ਵਿੱਚ ਏਕਤਾ, ਪਿਆਰ ਤੇ ਇਤਫ਼ਾਕ ਦੇ ਨਾਲ-ਨਾਲ ਸਾਡੇ ਮਹਾਨ ਵਿਰਸੇ ਨੂੰ ਵੀ ਨਵੀਆਂ ਬੁਲੰ-ਦੀਆਂ ਤੱਕ ਪਹੁਚਾਣ ਦੀ ਕੋਸ਼ਿਸ਼ ਕਰਨਗੇ।

# ਐਸਕੇਐਮ ਨੇ ਵਿਨੇਸ਼ ਫੋਗਾਟ ਨਾਲ ਉਸ ਦੀ ਪ੍ਰੀਖਿਆ ਦੀ ਘੜੀ ਵਿੱਚ ਡੂੰਘੀ ਏਕਤਾ ਦਾ ਪ੍ਰਗਟਾਵਾ ਕੀਤਾ

**ਚੰਡੀਗੜ੍ਹ/ਨਵੀਂ ਦਿੱਲੀ, (ਦਲਜੀਤ ਕੌਰ)-** ਸੰਯੁਕਤ ਕਿਸਾਨ ਮੋਰਚੇ ਨੇ ਵਿਨੇਸ਼ ਫੋਗਾਟ ਦੇ ਅਯੋਗ ਠਹਿਰਾਏ ਜਾਣ 'ਤੇ ਡੂੰਘੀ ਨਿਰਾਸ਼ਾ ਪ੍ਰਗਟ ਕੀਤੀ ਹੈ, ਜਿਸ ਨੇ ਪੈਰਿਸ ਓਲੰਪਿਕ ਦੇ ਕੁਸ਼ਤੀ ਮੁਕਾ-ਬਲੇ ਦੇ ਫਾਈਨਲ ਵਿੱਚ ਬਹਾਦਰੀ ਨਾਲ ਲੜਿਆ ਸੀ। ਐਸਕੇਐਮ ਉਸਨੂੰ ਸਿਲਵਰ ਮੈਡਲ ਦੇਣ ਦੀ ਉਸਦੀ ਅਪੀਲ ਦਾ ਸਮਰਥਨ ਕਰਦਾ ਹੈ।

ਐਸਕੇਐਮ ਨੇ ਇਸ ਪੂਰੇ ਘਟਨਾਕ੍ਰਮ ਲਈ ਭਾਰਤੀ ਓਲੰਪਿਕ ਸੰਘ ਅਤੇ ਭਾਰਤ ਸਰਕਾਰ ਦੇ ਰਵੱਈਏ ਦੀ ਵੀ ਨਿੰਦਾ ਕੀਤੀ ਹੈ। ਵਿਨੇਸ਼ ਫੋਗਾਟ ਦੇ ਸ਼ੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਚੱਲ ਰਹੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਕੁਸ਼ਤੀ ਮਹਾਸੰਘ ਅਤੇ ਭਾਰਤੀ ਓਲੰਪਿਕ ਸੰਘ ਦੇ ਕਈ ਅਧਿਕਾਰੀ ਉਸ ਨੂੰ ਓਲੰਪਿਕ 'ਚ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ। ਦੇਸ਼ ਦੇ ਲੋਕ ਇਹ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਕੇਂਦਰ ਸਰਕਾਰ ਦੇ ਚਹੇਤੇ ਭਾਜਪਾ ਦੇ ਤਤਕਾਲੀ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਜਿਨਸੀ ਸ਼ੋਸ਼ਣ ਵਿਰੁੱਧ ਆਵਾਜ਼ ਉਠਾਉਣ ਵਾਲੀ ਵਿਨੇਸ਼ ਫੋਗਾਟ ਪਹਿਲਾਂ ਹੀ ਮੋਦੀ ਸਰਕਾਰ ਦੀਆਂ ਅੱਖਾਂ ਵਿਚ ਕੰਡਾ ਬਣ ਚੁੱਕੀ ਸੀ। ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀ ਵਿਨੇਸ਼ ਫੋਗਾਟ ਦੇ ਕੁਸ਼ਤੀ ਤੋਂ ਸੰਨਿਆਸ ਲੈਣ ਦੇ ਫੈਸਲੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਐਸਕੇਐਮ ਨੇ ਉਨ੍ਹਾਂ ਨੂੰ ਦੇਸ਼ ਦੀ ਮਹਾਨ ਖਿਡਾਰਨ ਦੱਸਿਆ। ਐਸਕੇਐਮ ਅਜ਼ਮਾਇਸ਼ ਦੀ ਘੜੀ ਵਿੱਚ ਵਿਨੇਸ਼ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਭਾਵੇਂ ਵਿਨੇਸ਼ ਨੂੰ ਓਲੰਪਿਕ ਸੰਘ ਵੱਲੋਂ ਅਯੋਗ ਕਰਾਰ ਦਿੱਤਾ ਗਿਆ ਸੀ ਪਰ ਭਾਰਤ ਦੇ ਲੋਕਾਂ ਦੇ ਦਿਲਾਂ ਵਿੱਚ ਓਲੰਪਿਕ ਸੋਨ ਤਮਗਾ ਜੇਤੂ ਵਜੋਂ ਕੋਈ ਵੀ ਉਸ ਦੀ ਥਾਂ ਨਹੀਂ ਲੈ ਸਕਦਾ।




# ਮਹਿਲਾ ਸਸ਼ਕਤੀਕਰਨ ਸਬੰਧੀ ਸੱਤਵੇਂ ਹਫ਼ਤੇ ਦੀ ਜਾਗਰੂਕਤਾ ਮੁਹਿੰਮ ਅਧੀਨ ਸੈਮੀਨਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਮਹਿਲਾ ਸਸ਼ਕਤੀਕਰਨ ਦੇ ਤਹਿਤ ਇਸਤਰੀ ਤੇ ਬਾਲ ਵਿਕਾਸ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਅਧੀਨ 'ਹੱਬ ਫ਼ਾਰ ਇੰਪਾਵਰਮੈਂਟ ਆਫ ਵੂਮੈਨ' ਵੱਲੋਂ ਔਰਤਾਂ ਦੇ ਕੇਂਦਰਿਤ ਮੁੱਦਿਆਂ 'ਤੇ ਜਾਗਰੂਕਤਾ ਅਤੇ ਪਹੁੰਚ ਵਧਾਉਣ ਲਈ 100 ਦਿਨਾ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜੋ ਪੂਰੇ ਭਾਰਤ ਵਿਚ 21 ਜੂਨ 2024 ਤੋਂ 4 ਅਕਤੂਬਰ 2024 ਤੱਕ ਚਲਾਈ ਜਾ ਰਹੀ ਹੈ। ਇਸ ਤਹਿਤ ਸੱਤਵੇਂ ਹਫ਼ਤੇ ਦੀ ਜਾਗਰੂਕਤਾ ਮੁਹਿੰਮ ਅਧੀਨ ਜ਼ਿਲ੍ਹਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ ਹਰਦੀਪ ਕੌਰ ਦੀ ਅਗਵਾਈ ਹੇਠ ਸਰਕਲ (ਅਲਾਹਾਬਾਦ, ਚੱਬੇਵਾਲ) ਬਲਾਕ ਹੁਸ਼ਿਆਰਪੁਰ-2 ਵਿਚ ਜਾ-ਗਰੂਕਤਾ ਕੈਂਪ ਲਗਾਈਆ ਗਿਆ। ਇਸ ਜਾਗਰੂਕਤਾ ਕੈਂਪ ਵਿਚ ਬਲਾਕ ਹੁਸ਼ਿਆਰਪੁਰ-2 ਦੀਆਂ ਆਂਗਨਵਾੜੀ ਵਰਕਰਾਂ ਨੂੰ ਜਾਗਰੂਕ ਕੀਤਾ ਗਿਆ। ਇਸ ਜਾਗਰੂਕਤਾ ਕੈਂਪ ਵਿਚ ਆਂਗਨਵਾੜੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕੋਆਰਡੀਨੇਟਰ ਗੁਰਵਿੰਦਰ ਸਿੰਘ ਅਤੇ ਸਪੈਸ਼ਲ ਫਾਇਨੈਂਸ਼ੀਅਲ ਲਿਟਰੇਸੀ ਕਿਰਨਦੀਪ ਕੌਰ ਵੱਲੋਂ ਮਿਸ਼ਨ ਸ਼ਕਤੀ, ਮਹਿਲਾ ਹੈਲਪ ਲਾਈਨ ਨੰਬਰ 181, 1091, ਸਖੀ ਵਨ ਸਟਾਪ ਸੈਂਟਰ, ਲਿੰਗ ਸੰਵੇਦਨਸ਼ੀਲਤਾ, ਬੇਟੀ ਬਚਾਓ ਬੇਟੀ ਪੜ੍ਹਾਓ, ਘਰੇਲੂ ਹਿੰਸਾ ਐਕਟ ਅਤੇ ਔਰਤਾਂ ਦੇ ਅਧਿਕਾਰਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ । ਉਨ੍ਹਾਂ ਔਰਤਾਂ ਲਈ ਵਨ ਸਟਾਪ ਸੈਂਟਰ ਹੁਸ਼ਿਆਰਪੁਰ ਵਿਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਿਵੇਂ ਕਿ ਮੈਡੀਕਲ ਸਹਾਇਤਾ, ਮੁਫ਼ਤ ਕਾਨੂੰਨੀ ਸਹਾਇਤਾ, ਪੁਲਿਸ ਸਹਾਇਤਾ, ਕਾਊਂਸਲਿੰਗ ਸਰਵਿਸਜ਼ ਅਤੇ ਪੰਜ ਦਿਨਾਂ ਦੀ ਅਸਥਾਈ ਰਿਹਾਇਸ਼ ਆਦਿ ਦੀ ਸਰਕਲ (ਅਲਾਹਾਬਾਦ, ਚੱਬੇਵਾਲ) ਨੂੰ ਜਾਣਕਾਰੀ ਦਿੱਤੀ ਗਈ । ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਅਤੇ ਪਾਲਣਾ ਸਕੀਮ ਬਾਰੇ ਵੀ ਦੱਸਿਆ ਗਿਆ।






# ਨਿਊਯਾਰਕ ਵਿੱਚ ਪ੍ਰਸਿੱਧ ਗੀਤਕਾਰ ਮੰਗਲ ਹਠੂਰ ਦਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ

**ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬ ਦੇ ਸਿਰਮੌਰ ਅਤੇ ਪ੍ਰਸਿੱਧ ਗੀਤਕਾਰ ਮੰਗਲ ਹਠੂਰ ਜਿਨ੍ਹਾਂ ਨੇ ਸਮੇਂ ਸਮੇਂ ਪੰਜਾਬੀ ਸਾਹਿਤ ਦੀ ਝੋਲੀ ਸਰੋਤਿਆਂ ਦਾ ਪਿਆਰ ਖੱਟਣ ਦੇ ਲਈ ਆਪਣੇ ਨਵੇਂ ਨਿਵੇਕਲੇ ਗੀਤ ਪਾਏ ਹਨ, ਉਹ ਅੱਜਕੱਲ ਅਮਰੀਕਾ ਦੇ ਟੂਰ ਤੇ ਆਪਣੇ ਗੀਤਾਂ ਦੇ ਗੁਲਦਸਤੇ ਨਾਲ ਟੂਰ ਪ੍ਰੋਗਰਾਮ ਤੇ ਆਏ ਹੋਏ ਹਨ । ਉਨਾਂ ਦਾ ਵਿਸ਼ੇਸ਼ ਪ੍ਰੋਗਰਾਮ ਯੂਐਸਏ ਨਿਊਯਾਰਕ ਦੇ 'ਸਪਾਈਸ ਵਿਲੇਜ' ਰੈਸਟੋਰੈਂਟ ਵਿੱਚ ਕਰਵਾਇਆ ਗਿਆ। ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬੀ ਸਰੋਤਿਆਂ, ਚਹੇਤਿਆਂ ਕਲਾਕਾਰਾਂ ਸਾਹਿਤ ਪ੍ਰੇਮੀਆਂ ਤੇ ਹੋਰ ਇਸ ਖੇਤਰ ਦੀਆਂ ਪ੍ਰਸਿੱਧ ਸ਼ਖਸ਼ੀਅਤਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕਰਕੇ ਮੰਗਲ ਹਠੂਰ ਦੀ ਕਲਮ ਤੋਂ ਨਿਕਲੇ ਨਵੇਂ ਨਵੇਂ ਗੀਤਾਂ ਸ਼ੇਅਰਾਂ ਬੋਲਾਂ ਨੂੰ ਸੰਗੀਤਕ ਅੰਦਾਜ਼ ਵਿੱਚ ਸੁਣ ਕੇ ਵੱਡੀ ਦਾਦ ਦਿੱਤੀ।ਸ਼ਇਰੋ ਸ਼ਾਇਰੀ ਦੀ ਇਹ ਮਹਿਫ਼ਲ ਰਾਤ ਦੇਰ ਤੱਕ ਚੱਲੀ । ਪ੍ਰੋਗਰਾਮ ਵਿੱਚ "ਟਿਕਾਣਾ ਕੋਈ ਨਾ" ਕਿਤਾਬ ਵੀ ਰੂਬਰੂ ਕੀਤੀ ਗਈ। ਮਹਿਫ਼ਲ ਵਿੱਚ ਹੋਰ ਨਵੇਂ ਕਲਾਕਾਰਾਂ ਨੇ ਵੀ ਕਾਫੀ ਰੰਗ ਬੰਨ੍ਹਿਆਂ।

ਇਸ ਵਿਸ਼ੇਸ਼ ਸੰਗੀਤਕ ਮਹਿਫਲ ਲਈ ਰਣਜੀਤ ਸ਼ਾਹਕੋਟ, ਨਰੇਸ਼ ਕੁਮਾਰ ਜੀ, ਵਿਸ਼ਲ ਜੀ, ਸਰਬਜੀਤ ਸਿੰਘ ,ਸਰਬਜੀਤ ਸਿੰਘ ਸਾਬੀ, ਲਾਖਾ ਕਰਨਾਣਾ, ਹਰਮਨਜੀਤ ਕੰਗ, ਨਵਦੀਪ ਸਿੰਘ ਗਰੈਵਿਟੀ, ਸਾਬੀ ਲਾਖਾ ਅਤੇ ਆਏ ਹੋਏ ਸਾਰੇ ਸੱਜਣਾਂ ਦਾ ਪ੍ਰਸਿੱਧ ਗੀਤਕਾਰ ਮੰਗਲ ਹਠੂਰ ਵਲੋਂ ਧੰਨਵਾਦ ਕੀਤਾ ਗਿਆ।





****

# ਲੋਕ ਸਾਹਿਤ ਸੰਗਮ ਦੇ ਸਾਵਣ ਕਵੀ ਦਰਬਾਰ ਵਿਚ ਸਾਹਿਤਕਾਰਾਂ ਨੇ ਰੰਗ ਬੰਨਿਆ

**ਰਾਜਪੁਰਾ (ਡਾ ਗੁਰਵਿੰਦਰ ਅਮਨ)** ਲੋਕ ਸਾਹਿਤ ਸੰਗਮ (ਰਾਜਿ) ਰਾਜਪੁਰਾ ਦਾ ਸਾਵਣ ਨੂੰ ਸਮਰਪਿੱਤ ਸਾਵਣ ਕਵੀ ਦਰਬਾਰ ਰੋਟਰੀ ਭਵਨ ਵਿਖੇ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਵਿਚ ਕਵੀਆਂ ਨੇ ਰੰਗ ਬੰਨਿਆ। ਸਭਾ ਦਾ ਆਗਾਜ ਕਰਮ ਸਿੰਘ ਹਕੀਰ ਨੇ ਆਪਨੇ ਗੀਤ ' ਕਠੀਆਂ ਹੋ ਆਈਆਂ ਮੁਟਿਆਰਾਂ ,ਅੰਬਰ ਚੋ ਜਿਓਂ ਕੂੰਜਾਂ ਦੀਆਂਡਾਰਾਂ 'ਸੁਣਾਕੇ ਕੀਤਾ। ਰਣਜੀਤ ਸਿੰਘ ਫਤਿਹਗੜ੍ਹ ਸਾਹਿਬ ਨੇ 'ਮਿਹਰ ਖ਼ੁਦਾ ਦੀ ਹੋਈ ਸਾਵਣ ਆਇਆ ' ਸੁਣਾਕੇ ਰੰਗ ਬੰਨਿਆ। ਹਰਪਾਲ ਸਿੰਘ ਪਾਲ ਨੇ ਅਮਨ ਨੂੰ ਮੁਖਾਤਿਵ ਸ਼ੇਅਰ ਸੁਣਾਏ। ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਨੇ ਬੁਲੰਦ ਆਵਾਜ਼ ਵਿਚ ਤੀਆਂ ਦੀ ਬੋਲੀਆਂ ਪਾਕੇ ਮਾਹੌਲ ਖੁਸ਼ ਗਵਾਰ ਕਰ ਦਿੱਤਾ। ਕਰਮ ਸਿੰਘ ਟਿਵਾਣਾ ਹਿੰਦੂ ਸਿੱਖ ਏਕਤਾ ਤੇ ਗੀਤ ਸੁਣਾਇਆ। ਤਾਰਾ ਸਿੰਘ ਮੱਠਿਆੜਾਂ ਨੇ ਬੁਲੰਦ ਆਵਾਜ਼ ਵਿਚ ਧਾਰਮਿਕ ਗੀਤ ਸੁਣਾਇਆ। ਮਨਜੀਤ ਸਿੰਘ ਨਾਗਰਾ ਨੇ ਹਿੰਦੀ ਗੀਤ ਸੁਣਾਇਆ। ਅਰਸ਼ਪ੍ਰੀਤ ਕੌਰ ਨੇ 'ਕਿਥੋਂ ਚੱਲੇ ਕਿਥੋਂ ਲੰਘੇ ਕਿੱਥੇ ਆਣ ਖਲੋਤੇ ਹਾਂ।




ਪੰਜਾਬੀ ਯੂਨੀਵਰਸਿਟੀ ਦੇ ਵਿੱਦਿਆਰਥੀ ਹਰਿ ਸ਼ੁਬੇਗ ਸਿੰਘ ਦੀ ਕਵਿਤਾ ਕਾਬਲੇ ਤਾਰੀਫ਼ ਸੀ। ਗ਼ਜ਼ਲਗੋ ਅਵਤਾਰ ਸਿੰਘ ਪੁਆਰ ਨੇ 'ਮਿਨਤਾਂ ਕਰ ਕਰ ਹਾਰੇ ਸਾਉਣ ਦੀਆਂ ,ਪਰ ਤਾਂ ਵੀ ਨਾ ਲੱਗੀਆਂ ਝੜੀਆਂ ਸਾਉਣ ਦੀਆਂ' ਲੋਕ ਗੀਤਕਾਰ ਸੁਰਿੰਦਰ ਸਿੰਘ ਸੋਹਣਾ ਰਾਜੇਮਾਰੀਆ ਨੇ 'ਵਾਅਦੇ ਸਾਡੇ ਨਾਲ ਕੀਤੇ , ਮੌਜਾਂ ਹੋਰ ਨਾਲ ਨੀ 'ਅਤੇ ਸਾਉਣ ਦਾ ਮਹੀਨਾ ਆਜਾ ਬੂੰਦਾਂ ਪੈਂਦੀਆਂ 'ਸੁਣਾਕੇ ਗਰਮੀ ਵਿਚ ਕਲੇਜਾ ਠਾਰ ਦਿਤਾ। ਬਲਦੇਵ ਸਿੰਘ ਖੁਰਾਣਾ ਨੇ ਵੱਖਰੇ ਅੰਦਾਜ਼ ਵਿਚ ਕਾਲੇ ਕੁੱਤੇ ਕਰਮਾਂ ਵਾਲੇ ਹੁੰਦੇ ਹਨ ਸੁਣਾਕੇ ਹਾਸਿਆਂ ਦਾ ਮਾਹੌਲ ਸਿਰਜਿਆ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ 'ਚੰਗੀ ਮੰਮੀ' ਕਹਾਣੀ ਸੁਣਾਕੇ ਮਾਹੌਲ ਸਿਰਜਿਆ। ਅੰਤ ਵਿਚ ਕਵੀਆਂ ਦੀ ਰਚਨਾਵਾਂ ਬਾਰੇ ਭਰਪੂਰ ਸਮੀਖਿਆ ਕੀਤੀ।

# ਜ਼ਿਲ੍ਹੇ ਅੰਦਰ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਲਈ ਮਹੀਨੇ ਦੇ ਆਖਰੀ ਸ਼ਨੀਵਾਰ ਨੂੰ 'ਬੈਗ ਫਰੀ ਸਕੂਲ' ਦਿਵਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਰਾਜੀਵ ਵਰਮਾ ਨੇ ਪਹਿਲ ਪ੍ਰੋਜੈਕਟ ਅਧੀਨ ਸਿੱਖਿਆ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੇ ਕੰਮਾਂ ਦੀ ਸਮੀਖਿਆ ਕੀਤੀ।



ਮੀਟਿੰਗ ਵਿੱਚ ਸਿੱਖਿਆ ਵਿਭਾਗ ਦੇ ਅਧਿਕ-ਾਰੀਆਂ ਨੇ ਦੱਸਿਆ ਕਿ ਸੈਲਫ ਹੈਲਪ ਗਰੁੱਪਜ਼ ਨੂੰ 8,588 ਵਰ-ਦੀਆਂ ਬਣਾਉਣ ਲਈ ਦਿੱਤੀਆਂ ਸਨ, ਜਿਸ ਦਾ ਲਾਭ ਜ਼ਿਲ੍ਹੇ ਵਿੱਚ ਪ੍ਰਾਇਮਰੀ ਪੱਧਰ ਦੇ 744 ਸਕੂਲਾਂ ਵਿੱਚ SC/ST/BPL ਸ਼੍ਰੇਣੀਆਂ, ਆਮ ਅਤੇ ਭਛ ਵਿਦਿਆਰਥੀਆਂ ਨੂੰ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ, Mambhaild iMtihla ਪਹਿਲਕਦਮੀ ਨੇ 950 ਵੱਖ-ਵੱਖ-ਅਯੋਗ ਵਿਦਿਆਰਥੀਆਂ ਲਈ ਸਮੁੱਚੀ ਸਿੱਖਿਆ ਨੂੰ ਯਕੀਨੀ ਬਣਾਇਆ ਹੈ, ਜਿਸ ਵਿੱਚ ਸਮਰਪਿਤ ਸਰੋਤ ਕਮਰੇ ਅਤੇ ਵਿਸ਼ੇਸ਼ ਅਧਿਆਪਕ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਸਕੂਲਾਂ ਵਿੱਚ ਮਿਲ ਰਹੇ ਮੀਡ-ਡੇ-ਮੀਲ ਤਹਿਤ ਜਾਣਕਾਰੀ ਹਾਸਲ ਕੀਤੀ।

ਇਸ ਤੋਂ ਇਲਾਵਾ, ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਰਾਜੀਵ ਵਰਮਾ ਨੇ ਇੱਕ ਨਵੀਂ ਪਹਿਲਕਦਮੀ ਦਾ ਐਲਾਨ ਕੀਤਾ, "ਹੈਪੀ ਸ਼ਨੀਵਾਰ" ਨੂੰ ਆਉਣ ਵਾਲੇ ਅਕਾਦਮਿਕ ਸੈਸ਼ਨ 2024-25 ਵਿੱਚ ਪੇਸ਼ ਕੀਤਾ ਜਾਵੇਗਾ। ਅਗਲੇ ਸੈਸ਼ਨ ਦੀ ਸ਼ੁਰੂਆਤ ਤੋਂ, ਜ਼ਿਲ੍ਹੇ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ 1 ਤੋਂ 5ਵੀਂ ਜਮਾਤ ਦੇ ਵਿਦਿਆਰਥੀਆਂ ਲਈ ਹਰ ਮਹੀਨੇ ਦੇ ਆਖਰੀ ਸ਼ਨੀਵਾਰ ਨੂੰ 'ਬੈਗ ਫਰੀ ਸਕੂਲ' ਦਿਵਸ ਮਨਾਉਣਗੇ। ਇਸ ਪਹਿਲਕਦਮੀ ਦਾ ਉਦੇਸ਼ ਸਿੱਖਣ ਲਈ ਵਧੇਰੇ ਦਿਲਚਸਪ ਅਤੇ ਅਨੰਦਮਈ ਮਾਹੌਲ ਪੈਦਾ ਕਰਨਾ ਹੈ। ਤਣਾਅ, ਅਤੇ ਸਮੁੱਚੀ ਤੰਦਰੁਸਤੀ ਨੂੰ ਉਤਸ਼ਾਹਿਤ ਕਰਦਾ ਹੈ।

'ਬੈਗ ਫ੍ਰੀ ਸਕੂਲ' ਦਿਵਸ 'ਤੇ, ਵਿਦਿਆਰਥੀ ਵੱਖ-ਵੱਖ ਮਨੋਰੰਜਕ ਅਤੇ ਵਿਦਿਅਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ, ਜਿਸ ਵਿੱਚ ਅੰਦਰੂਨੀ ਅਤੇ ਬਾਹਰੀ ਖੇਡਾਂ, ਸੱਭਿਆਚਾਰਕ ਪ੍ਰੋਗਰਾਮ, ਸੰਗੀਤ ਸੈਸ਼ਨ, ਵਾਤਾਵਰਣ ਸਿੱਖਿਆ ਲਈ ਪਾਰਕ ਦੇ ਦੌਰੇ ਅਤੇ ਇੰਟਰਐਕਟਿਵ ਸੈਸ਼ਨਾਂ ਰਾਹੀਂ ਸਮਾਜਿਕ ਜਾਗਰੂਕਤਾ ਸਿੱਖਿਆ ਸ਼ਾਮਲ ਹਨ। ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਸਕੂਲ ਨੂੰ ਖੁਸ਼ਹਾਲੀ ਅਤੇ ਸੰਪੂਰਨ ਵਿਕਾਸ ਦੇ ਸਥਾਨ ਵਜੋਂ ਦੇਖਿਆ ਜਾਵੇ, ਚੰਗੇ-ਗੋਲੇ ਵਿਅਕਤੀਆਂ ਦਾ ਪਾਲਣ ਪੋਸ਼ਣ ਕਰਨਾ ਜੋ ਸਰੀਰਕ ਤੌਰ 'ਤੇ ਸਰਗਰਮ, ਸੱਭਿਆਚਾਰਕ ਤੌਰ 'ਤੇ ਜਾਗਰੂਕ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਹਨ। ਇਹ ਪ੍ਰੋਜੈਕਟ ਜ਼ਿਲ੍ਹਾ ਸਿੱਖਿਆ ਵਿਭਾਗ, ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ), ਅਤੇ ਗੁਡ ਗਵਰਨੈਂਸ ਫੈਲੋ ਅਸਮਿਤਾ ਪਰਮਾਰ ਦੇ ਤਾਲਮੇਲ ਵਿੱਚ ਤਿਆਰ ਕੀਤਾ ਗਿਆ ਸੀ।

# ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਬੇਕਸੂਰੇ ਕਦੋਂ ਤੱਕ?



ਗੁਰਮੀਤ ਪਲਾਹੀ
91-98158-02070

ਪਿਛਲੇ ਕੁਝ ਵਰ੍ਹਿਆਂ ਤੋਂ ਆਮਦਨ ਕਰ ਵਿਭਾਗ, ਭਾਰਤ ਦੀ ਈ.ਡੀ.(ਇਨਫੋਰਸਮੈਂਟ ਡੀਪਾਰਟਮੈਂਟ), ਸੀ.ਬੀ.ਆਈ.(ਸੈਂਟਰਲ ਬੋਰਡ ਆਫ਼ ਇਨਵੈਸਟੀਗੇਸ਼ਨ) ਵਲੋਂ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਦੇ ਖਿਲਾਫ਼ ਸ਼ਕੰਜਾ ਕੱਸਣ ਦੇ ਨਾਂਅ 'ਤੇ ਜਿਸ ਤਰ੍ਹਾਂ ਅੰਧਾ-ਧੁੰਦ ਛਾਪੇ ਮਾਰੇ ਗਏ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਉਸ ਸਬੰਧੀ ਇਹਨਾ ਏਜੰਸੀਆਂ ਉਤੇ ਦੋਸ਼ ਲਗਦੇ ਰਹੇ ਹਨ ਕਿ ਉਹ ਕੇਂਦਰੀ ਹਾਕਮਾਂ ਦੇ ਇਸ਼ਾਰਿਆਂ ਉਤੇ ਉਹਨਾ ਦੀਆਂ ਸਿਆਸੀ ਇਛਾਵਾਂ ਪੂਰੀਆਂ ਕਰਨ ਹਿੱਤ ਇਹ ਸਭ ਕੁਝ ਕਰ ਰਹੇ ਹਨ। ਇਹ ਏਜੰਸੀਆਂ ਵਿਰੋਧੀ ਨੇਤਾਵਾਂ ਨੂੰ ਜਾਂ ਕਥਿਤ ਦੋਸ਼ੀਆਂ ਨੂੰ ਜਮਾਨਤ ਨਾ ਮਿਲੇ ਇਸ ਲਈ ਜਾਣਬੁਝ ਕੇ ਤਕਨੀਕੀ ਅੜਚਣਾ ਪੈਦਾ ਕਰਕੇ ਅਦਾਲਤ ਨੂੰ ਜਮਾਨਤ ਦੇਣ ਤੋਂ ਰੋਕਦੀਆਂ ਦੇਖੀਆਂ ਜਾਂਦੀਆਂ ਹਨ। ਸਿੱਟੇ ਵਜੋਂ ਵਿਅਕਤੀ ਲੰਮਾਂ ਸਮਾਂ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਰਹਿਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ।

ਉਦਾਹਰਨ ਵਜੋਂ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆਂ ਦਾ ਕੇਸ ਲੈ ਲਵੋ। ਉਸਨੂੰ ਬਿਨ੍ਹਾਂ ਜਮਾਨਤ 17 ਮਹੀਨੇ ਜੇਲ੍ਹ 'ਚ ਰਹਿਣਾ ਪਿਆ। ਇਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੇ ਆਖ਼ਿਰ ਜਮਾਨਤ ਦਿੱਤੀ ਹੈ, ਹਾਲਾਂਕਿ ਇਹ ਸ਼ਰਤਾਂ ਤਹਿਤ ਹੈ। ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਨਸੀਹਤ ਕੀਤੀ ਹੈ ਕਿ ਜਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ(ਛੋਟ)। ਕਿਸੇ ਦੀ ਜਮਾਨਤ ਸਜ਼ਾ ਦੇ ਤੌਰ 'ਤੇ ਟਾਲੀ ਨਹੀਂ ਜਾਣੀ ਚਾਹੀਦੀ। ਪਰ ਹੇਠਲੀਆਂ ਅਦਾਲਤਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੀਆਂ।

ਸਿਸੋਦੀਆਂ ਹੇਠਲੀ ਅਦਾਲਤ ਤੋਂ ਜ਼ਿਲਾ ਅਦਾਲਤ, ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਪੁੱਜੇ। ਪਰ ਕੀ ਸਧਾਰਨ ਆਦਮੀ ਆਪਣੀ ਜਮਾਨਤ ਕਰਾਉਣ ਲਈ ਇੰਨੇ ਯਤਨ ਕਰ ਸਕਦਾ ਹੈ? ਕੀ ਉਹ ਇੰਨੀਆਂ ਅਦਾਲਤਾਂ 'ਚ ਜਾ ਸਕਦਾ ਹੈ? ਕੀ ਇੰਨੇ ਯਤਨ ਜੁੱਟਾ ਸਕਦਾ ਹੈ, ਜੋ ਸਿਸੋਦੀਆਂ ਜਾਂ ਉਸਦੀ ਪਾਰਟੀ ਨੇ ਜੁਟਾਏ ?ਸਿਸੋਦੀਆਂ ਜਿਹੜਾ ਲੋਕਾਂ ਵਲੋਂ ਚੁਣਿਆ ਨੁਮਾਇੰਦਾ ਸੀ, ਵਰਗਾ ਜ਼ੁੰਮੇਵਾਰ ਵਿਅਕਤੀ ਜੇਲ੍ਹ ਵਿੱਚ ਰਹਿਣ ਲਈ ਮਜ਼ਬੂਰ ਹੋਇਆ। ਜੇਕਰ ਉਸਦਾ ਕੇਸ ਅਦਾਲਤ ਵਿੱਚ ਨਿਪਟਾਉਣ ਉਪਰੰਤ ਉਸਨੂੰ ਸਜ਼ਾ ਨਹੀਂ ਹੁੰਦੀ ਤਾਂ ਇਹ 17 ਮਹੀਨੇ ਜੋ ਉਸਨੇ ਜੇਲ੍ਹ ਵਿੱਚ ਕੱਟੇ ਹਨ, ਉਸਦਾ ਹਿਸਾਬ ਕੌਣ ਦੇਵੇਗਾ? ਲੱਖਾਂ ਵਿਅਕਤੀ ਅੱਜ ਭਾਰਤੀ ਜੇਲ੍ਹਾਂ 'ਚ ਸੜ ਰਹੇ ਹਨ। ਬਿਨ੍ਹਾਂ ਸਜ਼ਾ ਤੋਂ ਸਜ਼ਾ ਭੁਗਤ ਰਹੇ ਹਨ।

ਦਿੱਲੀ ਆਬਕਾਰੀ ਮਾਮਲੇ ਵਿੱਚ ਸਤੇਂਦਰ ਜੈਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਹਨ। ਜਮਾਨਤ ਦੀ ਉਡੀਕ ਕਰ ਰਹੇ ਹਨ। ਸੰਸਦ ਮੈਂਬਰ ਸੰਜੇ ਸਿੰਘ ਵੀ ਜ਼ੇਲ੍ਹ 'ਚ ਡੱਕੇ ਗਏ। ਭਾਰਤੀ ਸੈਨਾ ਦੀ ਜ਼ਮੀਨ ਘੁਟਾਲੇ 'ਚ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਵੀ ਪੰਜ ਮਹੀਨੇ ਜੇਲ੍ਹ 'ਚ ਧੱਕਿਆ, ਰੱਖਿਆ ਗਿਆ। ਹੁਣ ਉਹ ਜਮਾਨਤ 'ਤੇ ਹੈ।

ਬੇਸ਼ਕ ਜਮਾਨਤ ਦੇਣ ਦਾ ਭਾਵ ਇਹ ਨਹੀਂ ਕਿ ਵਿਅਕਤੀ ਦੋਸ਼ ਮੁਕਤ ਹੋ ਗਿਆ ਹੈ। ਪਰ ਬਿਨ੍ਹਾਂ ਕਾਰਨ ਜੇਲ੍ਹ 'ਚ ਕਿਸੇ ਨੂੰ ਵੀ ਬੰਦ ਰੱਖਣਾ ਕਤੱਈ ਵੀ ਜਾਇਜ਼ ਨਹੀਂ, ਸਿਰਫ਼ ਇਸ ਸ਼ੱਕ ਦੀ ਵਜਹ ਕਾਰਨ ਕਿ ਇਸ ਨੇ ਦੋਸ਼ ਕੀਤਾ ਹੈ। ਇਸ ਤਰ੍ਹਾਂ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਬੰਦ ਰੱਖਣਾ ਜੇਲ੍ਹ ਸਜ਼ਾ ਦੇਣ ਦੇ ਤੁਲ ਹੈ। ਕੀ ਇਸ ਨੂੰ ਜਾਇਜ਼ ਮੰਨਿਆ ਜਾਏਗਾ?

ਇਸ ਸਬੰਧ ਵਿੱਚ ਸੂਬਿਆਂ ਦੀ ਪੁਲਿਸ, ਵਿਜੀਲੈਂਸ, ਕੇਂਦਰ ਦੀਆਂ ਏਜੰਸੀਆਂ ਈ।ਡੀ।, ਸੀ.ਬੀ.ਆਈ., ਆਮਦਨ ਕਰ ਵਿਭਾਗ ਆਦਿ ਬਿਨ੍ਹਾਂ ਵਜਹ ਲੋਕਾਂ ਨੂੰ ਜੇਲ੍ਹੀਂ ਡੱਕਣ ਦੇ ਜ਼ੁੰਮੇਵਾਰ ਤਾਂ ਗਿਣੇ ਹੀ ਜਾਂਦੇ ਹਨ, ਪਰ ਅਦਾਲਤਾਂ ਵੀ ਜ਼ੁੰਮੇਵਾਰ ਹਨ, ਕਿਉਂਕਿ ਅਦਾਲਤਾਂ 'ਚ ਕੇਸ ਲੰਮੇ ਸਮੇਂ ਤੋਂ ਅਟਕੇ ਰਹਿੰਦੇ ਹਨ।

ਪੇਸ਼ੀ-ਦਰ-ਪੇਸ਼ੀ ਹੋਈ ਜਾਂਦੀ ਹੈ। ਕਦੇ ਕਾਗਜ਼ ਪੂਰੇ ਨਹੀਂ ਹੁੰਦੇ। ਦੋਸ਼ ਘੜੇ ਨਹੀਂ ਜਾਂਦੇ। ਗਵਾਹ ਪੂਰੇ ਨਹੀਂ ਹੁੰਦੇ। ਫਿਰ ਗਵਾਹ ਮੁੱਕਰ ਜਾਂਦੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਵਿਅਕਤੀ ਨੂੰ ਜੇਲ੍ਹਾਂ 'ਚ ਡੱਕੀ ਰੱਖਣ ਦਾ ਕਾਰਨ ਬਣਦਾ ਜਾਂਦਾ ਹੈ। ਜਿਥੇ ਇਹ ਹਾਕਮਾਂ ਲਈ ਆਪਣੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦਾ ਹਥਿਆਰ ਹੈ, ਉਥੇ ਪਿੰਡਾਂ, ਸ਼ਹਿਰਾਂ 'ਚ ਆਪਣੇ ਵਿਰੋਧੀਆਂ ਨੂੰ ਪੈਸੇ ਦੇ ਜ਼ੋਰ 'ਤੇ ਪ੍ਰੇਸ਼ਾਨ ਕਰਨ ਦਾ ਹਥਿਆਰ ਵੀ ਬਣਿਆ ਹੋਇਆ ਹੈ।



2023 ਦੇ ਅੰਕੜਿਆਂ ਅਨੁਸਾਰ 5,73,000 ਲੋਕ, ਭਾਰਤੀ ਜੇਲ੍ਹਾਂ ਵਿੱਚ ਹਨ। 2022 ਦੇ ਅੰਕੜੇ ਦੱਸਦੇ ਹਨ ਕਿ ਇਹਨਾ ਵਿਚੋਂ 75 ਫ਼ੀਸਦੀ ਤੋਂ ਵੱਧ ਲੋਕ ਕੇਸ ਭੁਗਤ ਰਹੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਵੱਖ-ਵੱਖ ਜੇਲ੍ਹਾਂ ਵਿੱਚ ਵੱਖੋ-ਵੱਖਰੇ ਸੂਬਿਆਂ 'ਚ 5 ਸਾਲ ਤੋਂ ਵੱਧ ਸਮੇਂ ਤੋਂ 11,448 ਲੋਕ ਜੇਲ੍ਹਾਂ 'ਚ ਬੰਦ ਹਨ, ਜਿਹਨਾ ਦੇ ਕੇਸ ਲਟਕੇ ਹੋਏ ਹਨ ਜਾਂ ਜਿਹਨਾ 'ਤੇ ਦੋਸ਼ ਪੱਤਰ ਹੀ ਜਾਰੀ ਨਹੀਂ ਹੋਏ। 3 ਤੋਂ 5 ਸਾਲ ਤੋਂ ਜੇਲ੍ਹਾਂ 'ਚ ਬੰਦ ਇਹੋ ਜਿਹੇ ਵਿਅਕਤੀਆਂ ਦੀ ਗਿਣਤੀ 25,869 ਹੈ ਅਤੇ 2 ਤੋਂ 3 ਸਾਲ ਦੇ ਸਮੇਂ ਤੱਕ 33,980 ਅਤੇ 1 ਤੋਂ 2 ਸਾਲ ਦੇ ਸਮੇਂ ਤੱਕ 63502 ਵਿਅਕਤੀ ਜੇਲ੍ਹਾਂ 'ਚ ਬੰਦ ਹਨ। ਇਹ ਜੇਲ੍ਹਾਂ 'ਚ ਬੰਦ ਲੋਕ ਸਜ਼ਾ ਵਾਲੇ ਕੈਦੀ ਨਹੀਂ। ਸਿਰਫ਼ ਜੇਲ੍ਹਾਂ 'ਚ ਬੈਠਾਏ ਹੋਏ ਉਹ ਲੋਕ ਹਨ, ਜਿਹਨਾ ਦੇ ਕੇਸ ਅਦਾਲਤਾਂ 'ਚ ਲਟਕੇ ਹੋਏ ਹਨ।

ਜੂਨ 2024 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਕੇਸ ਲਟਕੇ ਹੋਏ ਹਨ ਅਤੇ ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੈ ਕਿ ਅਠਾਰਾਂ ਲੱਖ ਕੇਸ ਭਾਰਤੀ ਅਦਾਲਤਾਂ ਫੌਜਦਾਰੀ, ਜ਼ਮੀਨੀ ਆਦਿ ਕੇਸ ਪਿਛਲੇ 30 ਸਾਲਾਂ ਤੋਂ ਫ਼ੈਸਲਿਆਂ ਦੀ ਉਡੀਕ ਵਿੱਚ ਹਨ।

2018 ਦੇ ਨੀਤੀ ਆਯੋਗ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਡੀਆਂ ਅਦਾਲਤਾਂ 'ਚ ਜਿੰਨੇ ਕੇਸ ਲੰਬਿਤ ਪਏ ਹਨ, ਉਹਨਾ ਨੂੰ ਜੇਕਰ ਹੁਣ ਵੀ ਰਫ਼ਤਾਰ ਨਾਲ ਨਿਪਟਾਇਆ ਜਾਂਦਾ ਹੈ ਤਾਂ ਇਸ ਤੇ 324 ਸਾਲ ਲੱਗਣਗੇ। ਅਦਾਲਤਾਂ 'ਚ ਦੇਰੀ ਹੋਣ ਨਾਲ ਪੀੜਤ ਅਤੇ ਦੋਸ਼ੀ ਦੋਨੋਂ ਨਿਆਂ ਤੋਂ ਵਿਰਵੇ ਰਹਿੰਦੇ ਹਨ। ਅਪ੍ਰੈਲ 2022 ਵਿੱਚ ਬਿਹਾਰ ਰਾਜ ਦੀ ਇੱਕ ਅਦਾਲਤ ਨੇ 28 ਸਾਲ ਜੇਲ੍ਹ ਵਿੱਚ ਕੱਟਣ ਤੋਂ ਬਾਅਦ, ਸਬੂਤਾਂ ਦੇ ਨਾ ਮਿਲਣ ਕਾਰਨ ਇੱਕ ਦੋਸ਼ੀ ਨੂੰ ਬਰੀ ਕਰ ਦਿੱਤਾ। ਉਹ 28 ਸਾਲ ਦੀ ਉਮਰ 'ਚ ਜੇਲ੍ਹ ਗਿਆ ਤੇ ਬਰੀ ਹੋਣ ਵੇਲੇ ਉਸਦੀ ਉਮਰ 56 ਸਾਲ ਹੋ ਗਈ। 28 ਸਾਲ ਦਾ ਹਿਸਾਬ ਕੌਣ ਦੇਵੇਗਾ?

ਇਹਨਾ ਅਦਾਲਤੀ ਕੇਸਾਂ ਵਿੱਚ ਉਹ ਫੌਜਦਾਰੀ ਕੇਸ ਵੀ ਸ਼ਾਮਲ ਹਨ, ਜਿਹੜੇ ਦੇਸ਼ ਦੇ ਕਾਨੂੰਨ ਘੜਿਆਂ ਭਾਵ ਮੈਂਬਰ ਪਾਰਲੀਮੈਂਟ, ਵਿਧਾਨ ਸਭਾਵਾਂ ਉਤੇ ਵੀ ਦਰਜ਼ ਹਨ, ਭਾਵੇਂ ਕਿ ਦੇਸ਼ ਦੀ ਸੁਪਰੀਮ ਕੋਰਟ ਇਹਨਾ ਕੇਸਾਂ ਦੇ ਨਿਪਟਾਰੇ ਲਈ ਕਈ ਵੇਰ ਹੇਠਲੀਆਂ ਅਦਾਲਤਾਂ ਨੂੰ ਆਦੇਸ਼ ਦੇ ਚੁੱਕੀ ਹੈ। ਉਹਨਾ ਵਿਚੋਂ ਬਹੁਤੇ ਜਮਾਨਤਾਂ 'ਤੇ ਹਨ।

ਜੇਲ੍ਹਾਂ ਵਿੱਚ ਬੰਦ ਸਿਆਸੀ ਨੇਤਾਵਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਦੇ ਕੇਸਾਂ ਦੇ ਨਿਪਟਾਰੇ ਕਰਨ ਲਈ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ। ਕਈ ਬੁੱਧੀਜੀਵੀਆਂ ਨੂੰ ਲੰਮਾਂ ਸਮਾਂ ਜੇਲ੍ਹ 'ਚ ਰੱਖਕੇ ਜਮਾਨਤਾਂ ਦਿੱਤੀਆਂ ਗਈਆਂ, ਕਈਆਂ ਤੇ ਝੂਠੇ ਕੇਸ ਪਾਏ ਗਏ। ਭਾਸ਼ਨਾਂ ਦੇ ਅਧਾਰ 'ਤੇ ਪ੍ਰਸਿੱਧ ਲੇਖਿਕਾ ਅਰੁਨਧਤੀ ਰਾਏ ਅਤੇ ਪ੍ਰੋ: ਸ਼ੇਖ ਸ਼ੌਕਤ ਹੁਸੈਨ ਖਿਲਾਫ਼ ਦਰਜ ਕੀਤੇ 2010 ਦੇ ਕੇਸ ਵਿੱਚ ਯੂ।ਏ।ਪੀ।ਏ। ਦੀਆਂ ਧਾਰਵਾਂ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਨਰਮਦਾ ਡੈਮ ਦੇ ਉਜਾੜੇ ਅਤੇ ਆਦਿਵਾਸੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਸਮਾਜਿਕ ਕਾਰਕੁਨ ਮੇਧਾ ਪਾਟੇਕਰ 'ਤੇ ਪਹਿਲੀ ਜੁਲਾਈ 2024 ਨੂੰ 23 ਸਾਲ ਪੁਰਾਣੀ ਸ਼ਿਕਾਇਤ ਨੂੰ ਅਧਾਰ ਬਣਾ ਕੇ ਕੋਈ ਸਬੂਤ ਪੇਸ਼ ਕੀਤੇ ਬਗੈਰ 5 ਮਹੀਨੇ ਸਜ਼ਾ ਤੇ 10 ਲੱਖ ਰੁਪਏ ਜ਼ੁਰਮਾਨਾ ਕਰਕੇ ਮਾਣਹਾਨੀ ਕੇਸ ਨੂੰ ਫੌਜ਼ਦਾਰੀ ਜ਼ੁਰਮ ਬਨਾਉਣ ਵੱਲ ਕਦਮ ਪੁੱਟ ਲਿਆ ਗਿਆ। ਇਸ ਕਿਸਮ ਦਾ ਵਰਤਾਰਾ ਸਿਆਸੀ ਵਿਰੋਧੀਆਂ, ਸਮਾਜਿਕ ਕਾਰਕੁੰਨਾਂ (ਜੋ ਹਾਕਮ ਧਿਰ ਦੀ ਭੈੜੀਆਂ ਨੀਤੀਆਂ ਦਾ ਪਾਜ ਉਭਾਰਦੇ ਹਨ), ਦੀ ਆਵਾਜ਼ ਬੰਦ ਕਰਨ ਲਈ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀ ਜੋ ਤਿੰਨ ਫੌਕਦਾਰੀ ਕਾਨੂੰਨ ਪਾਸ ਹੋਏ ਹਨ, ਉਹ ਦੇਸ਼ ਵਿੱਚ ਪਹਿਲੀ ਜੁਲਾਈ ਤੋਂ ਲਾਗੂ ਹੋਏ ਹਨ। ਇਹ ਨਵੇਂ ਫੌਜਦਾਰੀ ਕਾਨੂੰਨ ਇਨਸਾਫ ਦੇ ਪ੍ਰਬੰਧ ਵਿੱਚ ਪੁਲਿਸ ਦੇ ਅਧਿਕਾਰਾਂ ਵਿੱਚ ਅਥਾਹ ਵਾਧਾ ਕਰਦੇ ਹਨ। ਇਸ ਨਾਲ ਪੁਲਿਸ ਰਾਜ ਵਧੇਗਾ। ਪੁਲਿਸ ਰਾਹੀਂ ਹਾਕਮ 'ਦੇਸ਼ ਧ੍ਰੋਹ' ਦੇ ਮੁਕੱਦਮੇ ਦਰਜ਼ ਕਰਨਗੇ। ਕਿਸਾਨਾਂ ਮਜ਼ਦੂਰਾਂ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਵਲੋਂ ਹੜਤਾਲਾਂ, ਸੜਕਾਂ ਤੇ ਰੇਲਾਂ ਰੋਕਣੀਆਂ ਆਦਿ ਦੀਆਂ ਕਾਰਵਾਈਆਂ ਨੂੰ ਸਖਤੀ ਨਾਲ ਦਬਾਉਣ ਦੀ ਤਾਕਤ ਪੁਲਿਸ ਕੋਲ ਵਧੇਰੇ ਹੋ ਜਾਏਗੀ। ਵਧੇਰੇ ਲੋਕ ਜੇਲ੍ਹੀਂ ਡੱਕੇ ਜਾਣਗੇ। ਪੁਲਿਸ ਹਿਰਾਸਤ ਜਿਹੜੀ ਪਹਿਲਾਂ ਸਿਰਫ਼ 15 ਦਿਨ ਹੁੰਦੀ ਸੀ ਤੇ ਬਾਅਦ 'ਚ ਉਸਨੂੰ ਅਦਾਲਤੀ ਹਿਰਾਸਤ ਭੇਜਣ ਜਾਂ ਜਮਾਨਤ ਮਿਲਣ ਦਾ ਪ੍ਰਵਾਧਾਨ ਹੁੰਦਾ ਸੀ, ਉਹ ਸੱਤ ਸਾਲਾਂ ਦੀ ਸਜ਼ਾ ਵਾਲੇ ਜ਼ੁਰਮਾਂ ਵਿੱਚ 60 ਦਿਨ ਅਤੇ ਇਸ ਤੋਂ ਵੱਧ ਵਾਲੇ ਜ਼ੁਰਮਾਂ ਵਿੱਚ 90 ਦਿਨ ਤੱਕ ਵਧਾ ਦਿੱਤੀ ਗਈ। ਪੁਲਿਸ ਹਿਰਾਸਤ ਮਿਲਣ 'ਤੇ ਜਮਾਨਤ ਰੱਦ ਹੋਣਾ ਵੀ ਇਕ ਆਮ ਜਿਹੀ ਗੱਲ ਬਣ ਜਾਵੇਗੀ।

ਇਸ ਸਭ ਕੁਝ ਦਾ ਸਿੱਟਾ ਇਹ ਨਿਕਲੇਗਾ ਕਿ ਵਧੇਰੇ ਵਿਅਕਤੀ, ਬਿਨ੍ਹਾਂ ਸਜ਼ਾ ਤੋਂ ਜਮਾਨਤ ਦੇ ਸਮੇਂ 'ਚ ਬੇਲੋੜੀ ਸਜ਼ਾ ਭੁਗਤਣਗੇ ਅਤੇ ਸਿਆਸੀ ਸਾਜਿਸ਼ਾਂ ਦਾ ਸ਼ਿਕਾਰ ਹੋਕੇ ਰਹਿ ਜਾਣਗੇ। ਸਿੱਟੇ ਵਜੋਂ ਲੋਕਾਂ 'ਚ ਰੋਹ ਪੈਦਾ ਹੋਏਗਾ। ਸਿਆਸੀ ਸ਼ਰੀਕੇਵਾਜੀ ਵਧੇਗੀ।

ਭਾਰਤੀ ਇਨਸਾਫ਼ ਦਾ ਸਿਸਟਮ ਸਿਆਸੀ ਲੋਕਾਂ ਦੀ ਖ਼ੁਦਗਰਜ਼ੀ ਨਾਲ ਚਰਮਰਾ ਗਿਆ ਹੈ। ਇਹ ਕੁਦਰਤੀ ਇਨਸਾਫ ਦੇ ਮਾਪਦੰਡਾਂ ਤੋਂ ਦੂਰ ਚਲੇ ਗਿਆ ਹੈ। ਜਮਹੂਰੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗਕੇ ਹਕੂਮਤ ਕਰਨ ਦੀ ਪ੍ਰਵਿਰਤੀ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵੱਲ ਕਦਮ ਵਧਾਏ ਹਨ। ਲੋਕਾਂ ਦੀਆਂ ਆਸਥਾਵਾਂ ਜਾਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜਦੋਂ ਹਾਕਮ ਪ੍ਰਗਟਾਵੇ ਦੀ ਆਜ਼ਾਦੀ ਉਤੇ ਸੱਟ ਮਾਰਦਾ ਹੈ ਤਾਂ ਉਹ ਪਹਿਲਾਂ ਲੇਖਕਾਂ, ਬੁੱਧੀਜੀਵੀਆਂ ਅਤੇ ਫਿਰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਸਥਾਪਤੀ ਦੇ ਹਰ ਤਰ੍ਹਾਂ ਦੇ ਵਿਰੋਧ ਦੀ ਨੀਤੀ, ਹਾਕਮ ਧਿਰ ਦੀਆਂ ਡਿਕਟੇਟਰਾਨਾ ਰੁਚੀਆਂ ਦੀ ਪ੍ਰਤੀਕ ਬਣਦੀ ਹੈ। ਤਦੇ ਲੋਕ ਉਸਦੇ ਤਸ਼ੱਦਦ, ਜ਼ੁਲਮ ਦਾ ਸ਼ਿਕਾਰ ਬਣਦੇ ਹਨ, ਜੇਲ੍ਹੀਂ ਡੱਕੇ ਜਾਂਦੇ ਹਨ। ਪੁਲਿਸ ਪ੍ਰਾਸ਼ਾਸ਼ਨ ਦੇ ਧੱਕੇ ਦਾ ਸ਼ਿਕਾਰ ਹੁੰਦੇ ਹਨ। ਇਨਸਾਫ ਦਾ ਤਕਾਜ਼ਾ ਹੈ ਕਿ ਹਰ ਸ਼ਹਿਰੀ ਨੂੰ ਇਨਸਾਫ਼ ਮਿਲੇ। ਦੋਸ਼ੀ ਨੂੰ ਸਜ਼ਾ ਮਿਲੇ। ਬੇਦੋਸ਼ੇ ਬਿਨ੍ਹਾਂ ਵਜਹ ਜੇਲ੍ਹੀਂ ਨਾ ਡੱਕੇ ਜਾਣ।

# ਬਲਦੇਵ ਰਾਜ ਕੋਮਲ ਦਾ ਗ਼ਜ਼ਲ ਸੰਗ੍ਰਹਿ " ਦੀਵਾ ਬਲ਼ਦਾ ਰਿਹਾ" ਚੇਤਨਾ ਤੇ ਅਨੰਦ ਦੀ ਅੰਤਰ ਯਾਤਰਾ ਹੈ - ਪ੍ਰਿੰਸੀਪਲ ਗੁਰਮੀਤ ਪਲਾਹੀ

**ਫਗਵਾੜਾ 12 ਅਗਸਤ (ਬੀ.ਕੇ. ਰੱਤੂ)** ਸਕੇਪ ਸਾਹਿਤਕ ਸੰਸਥਾ ਫਗਵਾੜਾ ਵੱਲੋਂ ਬਲੱਡ ਬੈਂਕ ਹਰਗੋਬਿੰਦ ਨਗਰ ਵਿਖੇ ਸ਼ਾਇਰ ਬਲਦੇਵ ਰਾਜ ਕੋਮਲ ਨੂੰ ਸਰੋਤਿਆਂ ਦੇ ਰੂ-ਬ-ਰੂ ਕਰਵਾਇਆ ਗਿਆ ਅਤੇ ਉਹਨਾਂ ਦੇ ਗ਼ਜ਼ਲ ਸੰਗ੍ਰਹਿ "ਦੀਵਾ ਬਲ਼ਦਾ ਰਿਹਾ" 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਲਹਿੰਦੇ ਪੰਜਾਬ ਦੇ ਸ਼ਾਇਰ ਜ਼ਫ਼ਰ ਅਵਾਨ ਦਾ ਗ਼ਜ਼ਲ ਸੰਗ੍ਰਹਿ "ਧੀ ਜੋ ਹੋਈ" ਅਤੇ ਅਸ਼ੋਕ ਟਾਂਡੀ ਦਾ ਕਹਾਣੀ ਸੰਗ੍ਰਹਿ "ਗੋਜ਼ਲਿਆਂ ਵਾਲਾ ਖੂਹ" ਵੀ ਲੋਕ ਅਰਪਣ ਕੀਤੇ ਗਏ। ਪ੍ਰਧਾਨਗੀ ਮੰਡਲ ਵਿੱਚ ਸਕੇਪ ਸਾਹਿਤਕ ਸੰਸਥਾ ਦੇ ਸਰਪ੍ਰਸਤ ਪ੍ਰਿੰ. ਗੁਰਮੀਤ ਸਿੰਘ ਪਲਾਹੀ,ਪ੍ਰਧਾਨ ਕਲਮੇਸ਼ ਸੰਧੂ,ਅੰਤਰ- ਰਾਸ਼ਟਰੀ ਸਾਈਕਲਿਸਟ ਜਗਦੀਪ ਸਿੰਘ ਕਾਹਲੋਂ, ਖਿਡਾਰੀ ਬਖਸ਼ੀਸ਼ ਸਿੰਘ ਅਤੇ ਕਹਾਣੀਕਾਰ ਅਸ਼ੋਕ ਟਾਂਡੀ ਜੀ ਸ਼ਾਮਲ ਸਨ।



ਪ੍ਰੋਗਰਾਮ ਦੀ ਸ਼ੁਰੂਆਤ ਬਲਦੇਵ ਰਾਜ ਕੋਮਲ ਨੇ ਆਪਣੀਆਂ ਗ਼ਜ਼ਲਾਂ ਦੇ ਉਮਦਾ ਸ਼ਿਅਰ ਸੁਣਾ ਕੇ ਕੀਤੀ। ਉਹਨਾਂ ਗੱਲਬਾਤ ਕਰਦਿਆਂ ਆਪਣੇ ਨਿੱਜੀ ਜੀਵਨ ,ਸਾਹਿਤਕ ਸਫ਼ਰ ਅਤੇ ਕਿਤਾਬ "ਦੀਵਾ ਬਲ਼ਦਾ ਰਿਹਾ" ਬਾਰੇ ਰੌਚਕ ਯਾਦਾਂ ਸਾਂਝੀਆਂ ਕੀਤੀਆਂ। ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਬਲਦੇਵ ਰਾਜ ਕੋਮਲ ਦੇ ਗ਼ਜ਼ਲ ਸੰਗ੍ਰਹਿ ਬਾਰੇ ਬੋਲਦਿਆਂ ਕਿਹਾ ਕਿ "ਦੀਵਾ ਬਲ਼ਦਾ ਰਿਹਾ" ਚੇਤਨਾ,ਅਨੰਦ ਦੀ ਅੰਤਰ ਯਾਤਰਾ ਹੈ। ਬਲਦੇਵ ਰਾਜ ਕੋਮਲ ਦੀਆਂ ਗ਼ਜ਼ਲਾਂ ਉਸਦੇ ਜੀਵਨ ਅਨੁਭਵ ਵਿੱਚੋਂ ਉਪਜੀਆਂ ਗ਼ਜ਼ਲਾਂ ਹਨ ਹਨ।ਉਸ ਦਾ ਹਰ ਸ਼ਿਅਰ ਨਵੀਂ ਗੱਲ ਕਰਦਾ ਹੈ, ਚਾਨਣ ਖਿਲਾਰਦਾ ਹੈ।

ਉਸ ਦੇ ਸ਼ਿਅਰ ਮਨੁੱਖ ਨੂੰ ਵੱਡੇ ਸੁਪਨਿਆਂ ਨਾਲ਼ ਜੋੜਨ ਦੀ ਕੋਸ਼ਸ਼ ਹਨ। ਉਸ ਲਈ ਲਿਖਣਾ ਇੱਕ "ਤਲਾਸ਼" ਹੈ ਅਤੇ ਉਸਦੇ ਸ਼ਿਅਰ ਰੋਸ਼ਨੀ ਦੀ ਭਾਲ ਵਿੱਚ ਕੀਤੀ ਗਈ "ਉਦਾਸੀ"। ਪ੍ਰੋਫ਼ੈਸਰ ਇੰਦਰਜੀਤ ਸਿੰਘ ਵਾਸੂ ਨੇ ਬਲਦੇਵ ਰਾਜ ਕੋਮਲ ਬਾਰੇ ਕਿਹਾ ਕਿ ਉਹਨਾਂ ਦੀ ਕਿਤਾਬ ਵਿਚ ਸਮਾਜ ਦੀ ਵੈਰਾਨਗੀ ਦਾ ਮਾਹੌਲ ਹੈ, ਸੁੰਨੀ-ਸੁੰਨੀ ਪਿਆਰ ਵਿਹੂਣੀ ਜ਼ਿੰਦਗੀ ਹੈ, ਅਸੰਤੁਸ਼ਟੀ ਦਾ ਬੜਾ ਪ੍ਰਭਾਵ ਹੈ, ਬੇਵਫ਼ਾਈ ਹੈ, ਸਮਾਜ ਵਿੱਚ ਧੋਖਾ ਹੈ, ਫ਼ਰੇਬ ਹੈ।ਕੋਮਲ ,ਕੋਮਲ ਅਤੇ ਸੰਵੇਦਨਸ਼ੀਲ ਹੀ ਨਹੀਂ,ਫ਼ੌਲਾਦੀ ਸੁਭਾਅ ਵਾਲ਼ਾ ਵੀ ਹੈ। ਉਘੇ ਕਹਾਣੀਕਾਰ ਰਵਿੰਦਰ ਚੋਟ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਸਤਕ ਦਾ ਨਾਂ "ਦੀਵਾ ਬਲ਼ਦਾ ਰਿਹਾ" ਹੀ ਸਾਨੂੰ ਰੋਸ਼ਨੀ ਵੱਲ ਲੈ ਜਾਂਦਾ ਹੈ, ਕਿਉਂਕਿ ਦੀਵੇ ਦਾ ਧਰਮ ਹੈ ਕਿ ਉਹ ਹਨ੍ਹੇਰਾ ਦੂਰ ਕਰੇ। ਉਸ ਦੀ ਹਰ ਗ਼ਜ਼ਲ, ਨਜ਼ਮ ਵਿੱਚੋਂ ਰੋਸ਼ਨੀ ਦੀ ਲਕੀਰ ਸਾਫ਼ ਨਜ਼ਰ ਆਉਂਦੀ ਹੈ। ਉਹ ਹਮੇਸ਼ਾ ਸਕਾਰਾਤਮਕ ਊਰਜਾ ਵੱਲ ਲੈ ਜਾਂਦਾ ਹੈ। ਉਹ ਹਨ੍ਹੇਰੇ ਵਿੱਚੋਂ ਨੂਰ ਲੱਭਣ ਦੀ ਗੱਲ ਕਰਦਾ ਹੈ। ਹਰ ਦੁੱਖ, ਕਸ਼ਟ, ਕਲੇਸ਼ ਵਿੱਚੋਂ ਹੌਸਲੇ ਨਾ਼ਲ ਨਿਕਲਣ ਦੀ ਗੱਲ ਕਰਦਾ ਹੈ। ਕਿਤਾਬ " ਦੀਵਾ ਬਲ਼ਦਾ ਰਿਹਾ" ਬਾਰੇ ਬੋਲਦਿਆਂ ਗੁਰਨਾਮ ਬਾਵਾ ਨੇ ਕਿਹਾ ਕਿ ਕੋਮਲ ਜੀ ਦੀਆਂ ਗ਼ਜ਼ਲਾਂ ਪੜ੍ਹ ਕੇ ਪਾਠਕ "ਵਾਹ - ਵਾਹ" ਕਹੇ ਬਿਨਾਂ ਨਹੀਂ ਰਹਿ ਨਹੀਂ ਸਕਦੇ। ਜਗਦੀਪ ਸਿੰਘ ਕਾਹਲੋਂ ਨੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਾਹਿਤ ਅਤੇ ਖੇਡਾਂ ਦੇ ਨਾ਼ਲ ਜੋੜਨ ਦਾ ਸੱਦਾ ਦਿੱਤਾ ਤਾਂ ਕਿ ਉਹ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਰਹਿ ਕੇ ਚੰਗੇ ਇਨਸਾਨ ਅਤੇ ਚੰਗੇ ਨਾਗਰਿਕ ਬਣ ਕੇ ਦੇਸ ਦੀ ਉੱਨਤੀ ਵਿੱਚ ਯੋਗਦਾਨ ਪਾਉਣ ਦੇ ਸਮਰੱਥ ਬਣ ਸਕਣ। ਅਸ਼ੋਕ ਟਾਂਡੀ ਜੀ ਨੇ ਆਪਣੀ ਕਿਤਾਬ "ਗੋਜ਼ਲਿਆਂ ਵਾ਼ਲਾ ਖੂਹ" ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਕਿਤਾਬ ਵਿੱਚੋਂ ਆਪਣੀ ਪਸੰਦੀਦਾ ਕਹਾਣੀ ਵੀ ਸਰੋਤਿਆਂ ਨਾ਼ਲ ਸਾਂਝੀ ਕੀਤੀ। ਇਸ ਉਪਰੰਤ ਬੱਚੀਆਂ ਗੁਰਲੀਨ ਬੰਗੜ ਅਤੇ ਪ੍ਰਭਲੀਨ ਕੌਰ ਨੇ ਆਪਣੀਆਂ ਕਵਿਤਾਵਾਂ ਦੀ ਸਾਂਝ ਸਰੋਤਿਆਂ ਨਾ਼ਲ ਪਈ।ਅੰਤ ਵਿੱਚ ਸੰਸਥਾ ਪ੍ਰਧਾਨ ਕਲਮੇਸ਼ ਸੰਧੂ ਨੇ ਜ਼ਫ਼ਰ ਅਵਾਨ ਨੂੰ ਉਹਨਾਂ ਦੀ ਕਿਤਾਬ "ਧੀ ਜੋ ਹੋਈ" ਅਤੇ ਅਸ਼ੋਕ ਟਾਂਡੀ ਜੀ ਨੂੰ ਉਹਨਾਂ ਦੀ ਪੁਸਤਕ "ਗੋਜ਼ਲਿਆਂ ਵਾ਼ਲਾ ਖੂਹ" ਰਿਲੀਜ਼ ਹੋਣ ਦੀ ਮੁਬਾਰਕਬਾਦ ਦਿੱਤੀ।ਮੁੱਖ ਮਹਿਮਾਨ ਜਗਦੀਪ ਸਿੰਘ ਕਾਹਲੋਂ, ਬਖਸ਼ੀਸ਼ ਸਿੰਘ ਅਤੇ ਹਾਜ਼ਰ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਟ ਸੰਚਾਲਨ ਦੀ ਜ਼ਿੰਮੇਵਾਰੀ ਪਰਵਿੰਦਰਜੀਤ ਸਿੰਘ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਜੱਸੀ ਧਰੌੜ ਸਾਹਨੇਵਾਲ, ਗੁਰਮੀਤ ਸਿੰਘ ਘਣਗਸ,ਹਰਚਰਨ ਭਾਰਤੀ, ਓਮ ਪ੍ਰਕਾਸ਼ ਸੰਦਲ, ਨਿਰਵੈਰ ਸਿੰਘ ਨੰਦਾ, ਮੋਨਿਕਾ ਬੇਦੀ, ਸੋਢੀ ਸੱਤੋਵਾਲੀ, ਬਲਵੀਰ ਕੌਰ ਬੱਬੂ ਸੈਣੀ, ਅਸ਼ੋਕ ਟਾਂਡੀ, ਸੋਹਣ ਸਹਿਜਲ, ਕੈਪਟਨ ਦਵਿੰਦਰ ਸਿੰਘ ਜੱਸਲ, ਅਜ਼ਾਦ, ਲਸ਼ਕਰ ਢੰਡਵਾੜਵੀ, ਦਲਜੀਤ ਮਹਿਮੀ ਕਰਤਾਰਪੁਰ, ਜਸਵਿੰਦਰ ਕੌਰ ਫਗਵਾੜਾ, ਹਰਜਿੰਦਰ ਸਿੰਘ ਨਿਆਣਾ, ਸੁਖਵਿੰਦਰ ਕੌਰ ਸੁੱਖ, ਪ੍ਰੀਤ ਕੌਰ ਪ੍ਰੀਤੀ, ਸਾਹਿਬਾ ਜੀਟਨ ਕੌਰ, ਰਵਿੰਦਰ ਚੋਟ, ਕਰਮਜੀਤ ਸਿੰਘ ਸੰਧੂ, ਡਾ. ਇੰਦਰਜੀਤ ਸਿੰਘ ਵਾਸੂ, ਹਰਬੰਸ ਸਿੰਘ, ਅਰਵਿੰਦ, ਸਿਮਰਤ ਕੌਰ, ਪ੍ਰਭਲੀਨ ਕੌਰ, ਅਸ਼ੋਕ ਸ਼ਰਮਾ, ਮਨਦੀਪ ਸਿੰਘ, ਸਿਮਰਤ ਕੌਰ, ਮੋਨਿਕਾ ਬੇਦੀ, ਸਾਹਿਬਾ ਜੀਟਨ ਕੌਰ, ਗੁਰਨਾਮ ਬਾਵਾ, ਦਲਜੀਤ ਕੌਰ, ਸੋਨਿਕਾ ਰਾਣੀ, ਗੁਰਲੀਨ ਬੰਗੜ, ਆਦਿ ਹਾਜ਼ਰ ਸਨ।

# ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ

ਗਿਆਨ ਸਿੰਘ ਡਾ. *, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

* ਸਾਬਕਾ ਪ੍ਰੋਫ਼ੈਸਰ, ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ (99156-82196)

ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ (ਮਾਝਾ, ਦੁਆਬਾ ਅਤੇ ਮਾਲਵਾ) ਤੋਂ ਇਕੱਤਰ ਕੀਤੇ ਮੁੱਢਲੇ ਅੰਕੜਿਆਂ 'ਤੇ ਅਧਾਰਿਤ ਇਹ ਖੋਜ ਅਧਿਐਨ ਇਹ ਖੁਲਾਸਾ ਕਰਦਾ ਹੈ ਕਿ ਸਰਵੇਖਣ ਕੀਤੇ ਕੁਝ ਪਰਿਵਾਰਾਂ ਵਿਚੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਗਏ ਕੁੱਲ ਪਰਿਵਾਰਾਂ ਵਿਚੋਂ 15.73 ਅਤੇ 15.79 ਪ੍ਰਤੀਸ਼ਤ ਪੂਰੇ ਪਰਿਵਾਰ ਹੀ ਦੂਸਰੇ ਦੇਸ਼ਾਂ ਵਿਚ ਪਰਵਾਸ ਕਰ ਗਏ ਹਨ।

ਇਸ ਖੋਜ ਅਧਿਐਨ ਨੇ ਉਜਾਗਰ ਕੀਤਾ ਕਿ ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ ਤੋਂ ਕੌਮਾਂਤਰੀ ਪਰਵਾਸ ਪੁਰਸ਼ ਅਤੇ ਜਰਨਲ ਜਾਤੀ ਪ੍ਰਧਾਨ ਅਤੇ ਨੌਜਵਾਨ-ਕੇਂਦਰਿਤ ਹੈ। ਬਹੁਤੇ ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ। ਬੇਰੁਜ਼ਗਾਰੀ, ਵਿਦੇਸ਼ਾਂ ਵਿਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ ਅਤੇ ਸਾਥੀਆਂ ਦਾ ਦਬਾਅ, ਸੂਬੇ ਦੀ ਵਿਗੜਦੀ ਸਮਾਜਕ-ਆਰਥਿਕ ਸਥਿਤੀ ਅਤੇ ਹੋਰ ਸਮਾਜਕ ਮੁੱਦੇ ਜਿਵੇਂ ਕਿ ਸੂਬੇ ਵਿਚ ਨਸ਼ਾਖੋਰੀ ਅਤੇ ਵਧ ਰਹੇ ਅਪਰਾਧ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਇਸ ਤਰ੍ਹਾਂ ਇਹ ਖੋਜ ਅਧਿਐਨ ਮੁੱਖ ਤੌਰ 'ਤੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਨਤੀਜੇ ਵਜੋਂ 'ਬੌਧਿਕ ਹੂੰਝਾ', 'ਪੂੰਜੀ ਹੂੰਝਾ', ਅਤੇ 'ਜਨਸੰਖਿਆ ਲਾਭਅੰਸ਼ ਦੇ ਨੁਕਸਾਨ' ਅਤੇ ਕੁਝ ਹੋਰ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ।

ਆਮ ਬੋਲੀ ਵਿਚ ਪਰਵਾਸ 'ਲੋਕਾਂ ਦੀ ਹਲਚਲ' ਹੈ, ਪਰ ਅਸਲ ਵਿਚ ਇਹ ਰਣਨੀਤਕ ਤੌਰ 'ਤੇ ਸੋਚਿਆ ਸਮਝਿਆ ਯੋਜਨਾਬੱਧ ਪਰਵਾਸ ਹੈ ਜੋ ਪਰਿਵਾਰ ਦੇ ਮੈਂਬਰਾਂ ਦੀ ਵਿੱਤੀ ਹਾਲਤ ਅਤੇ ਸਮਾਜਕ ਭਲਾਈ ਵਰਗੇ ਕਾਰਕਾਂ ਤੋਂ ਪ੍ਰੇਰਿਤ ਹੁੰਦਾ ਹੈ। ਅੱਜ ਤਕ ਹੋਇਆ ਜ਼ਿਆਦਾਤਰ ਪਰਵਾਸ ਆਮ ਤੌਰ 'ਤੇ ਬਿਹਤਰ ਆਰਥਿਕ ਮੌਕਿਆਂ ਦੀ ਭਾਲ ਲਈ ਘੱਟ ਵਿਕਸਤ ਖੇਤਰਾਂ ਤੋਂ ਵਧੇਰੇ ਵਿਕਸਤ ਖੇਤਰਾਂ ਵੱਲ ਹੋਇਆ ਹੈ। ਇਸ ਨੂੰ ਮਜ਼ਦੂਰ ਪਰਵਾਸ ਵਜੋਂ ਦੇਖਿਆ ਜਾ ਸਕਦਾ ਹੈ ਜੋ ਕਿ ਇਕ ਤਰਕਸ਼ੀਲ ਤੌਰ 'ਤੇ ਪ੍ਰੇਰਿਤ ਆਰਥਿਕ ਰਣਨੀਤੀ ਹੈ, ਜਿਸ ਦੀ ਵਰਤੋਂ ਪਰਿਵਾਰ ਦੁਆਰਾ ਆਮਦਨ ਦੇ ਪ੍ਰਵਾਹ ਨੂੰ ਵਧਾ ਕੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਆਰਥਿਕ ਭਲਾਈ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਂਦੀ ਹੈ (ਕੌਰ, 2020)। ਕੌਮਾਂਤਰੀ ਪਰਵਾਸ ਤੇਜ਼ੀ ਨਾਲ ਆਮ ਵਰਤਾਰਾ ਬਣ ਗਿਆ ਹੈ। ਲੱਖਾਂ ਲੋਕ ਵਿਦੇਸ਼ਾਂ ਵਿਚ ਬਿਹਤਰ ਮੌਕਿਆਂ ਦੀ ਭਾਲ ਵਿਚ ਆਪਣੇ ਦੇਸ਼ ਛੱਡ ਰਹੇ ਹਨ। ਇਹ ਰੁਝਾਨ ਭਾਰਤ ਵਿਚ ਵਿਸ਼ੇਸ਼ ਤੌਰ ਉੱਤੇ ਧਿਆਨ ਦੇਣ ਯੋਗ ਹੈ ਜਿੱਥੇ ਆਰਥਿਕ ਵਿਕਾਸ ਅਤੇ ਉਦਾਰੀਕਰਨ ਨੇ ਹੁਨਰ ਅਤੇ ਸਰੋਤਾਂ ਵਾਲੇ ਲੋਕਾਂ ਲਈ ਵਿਦੇਸ਼ਾਂ ਦੇ ਫ਼ਾਇਦੇ ਉਠਾਉਣ ਦੇ ਨਵੇਂ ਮੌਕੇ ਪੈਦਾ ਕੀਤੇ ਹਨ। ਭਾਰਤ ਦੇ ਉਹਨਾਂ ਖੇਤਰਾਂ ਵਿਚੋਂ ਪੰਜਾਬ ਇਕ ਹੈ ਜਿਸ ਵਿਚ ਹਾਲ ਹੀ ਦੇ ਸਾਲਾਂ ਵਿਚ ਕੌਮਾਂਤਰੀ ਪਰਵਾਸ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ (ਗੁਪਤਾ ਅਤੇ ਹੋਰ, 2023)।

ਪੰਜਾਬ ਤੋਂ ਪਰਵਾਸ ਦਾ ਇਕ ਨਿਯਮਤ ਪੈਟਰਨ 1849 ਵਿਚ ਬਰਤਾਨਵੀ ਸਾਮਰਾਜ ਦੇ ਅਧੀਨ ਪੰਜਾਬ ਦੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਸਿੱਖਾਂ ਨੂੰ ਭਾਰਤੀ ਫੌਜ ਵਿਚ ਸ਼ਾਮਲ ਕਰਨ ਨਾਲ ਸ਼ੁਰੂ ਹੋਇਆ। ਸਿੱਖ ਸਿਪਾਹੀਆਂ ਨੂੰ ਬਰਤਾਨਵੀ ਸਾਮਰਾਜ ਦੇ ਅਧੀਨ ਦੂਰ-ਦੁਰਾਡੇ ਥਾਵਾਂ ਉੱਤੇ ਭੇਜਿਆ ਗਿਆ। ਵਿਦੇਸ਼ਾਂ ਤੋਂ ਪਰਤੇ ਸਿਪਾਹੀਆਂ ਨੇ ਵਿਦੇਸ਼ੀ ਧਰਤੀਆਂ ਬਾਰੇ ਕਹਾਣੀਆਂ ਅਤੇ ਆਪਣੇ ਸਫ਼ਰਨਾਮੇ ਲਿਖੇ ਜਿਸ ਨੇ ਉੱਦਮੀ ਅਤੇ ਜੋਸ਼ੀਲੇ ਨੌਜਵਾਨਾਂ ਨੂੰ ਆਪਣੀ ਕਿਸਮਤ ਅਜ਼ਮਾਉਣ ਲਈ ਬ੍ਰਿਟਿਸ਼ ਬਸਤੀਆਂ ਵਿਚ ਜਾਣ ਲਈ ਪ੍ਰੇਰਿਤ ਕੀਤਾ ਅਤੇ ਇਸ ਤਰ੍ਹਾਂ ਪੰਜਾਬ ਤੋਂ ਵਿਦੇਸ਼ੀ ਪਰਵਾਸ ਦੀ ਗਾਥਾ ਸ਼ੁਰੂ ਹੋਈ (ਭਵਰਾ, 2013)।

ਪੰਜਾਬ, ਭਾਰਤ ਦਾ ਮੋਹਰੀ ਖੇਤੀਬਾੜੀ ਸੂਬਾ ਹੋਣ ਦੇ ਨਾਲ ਨਾਲ ਵਿਦੇਸ਼ਾਂ ਵਿਚ ਰਹਿੰਦੇ ਇਕ ਵੱਡੇ ਹਿੱਸੇ ਭਾਰਤੀਆਂ ਦਾ ਘਰ ਵੀ ਹੈ। ਆਪਣੇ ਸੂਬੇ ਦੇ ਲੋਕਾਂ ਨੂੰ ਵਿਦੇਸ਼ ਭੇਜਣ ਦੇ ਮਾਮਲੇ ਵਿਚ ਪੰਜਾਬ ਕੇਰਲਾ ਤੋਂ ਬਾਅਦ ਦੂਜੇ ਨੰਬਰ ਉੱਤੇ ਹੈ (ਦਿ ਟ੍ਰਿਬਿਊਨ, 2019)। ਪੰਜਾਬ, ਪੰਜਾਬੀ ਸਮਾਜ ਦੇ ਜੀਵਨ ਵਿਚ ਪ੍ਰਚਲਿਤ ਪਰਵਾਸ ਦਾ ਜਿਉਂਦਾ ਜਾਗਦਾ ਸਬੂਤ ਹੈ (ਨੰਦਾ ਅਤੇ ਵੇਰੋਨ, 2015)। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਗਾਤਾਰ ਵਧ ਰਿਹਾ ਹੈ ਅਤੇ ਇਹ ਭਾਰਤ ਦੇ ਚੋਟੀ ਦੇ ਸੂਬਿਆਂ ਵਿਚੋਂ ਇਕ ਹੈ ਜਿੱਥੋਂ ਵੱਡੇ ਪੱਧਰ ਉੱਤੇ ਪਰਵਾਸ ਹੋਇਆ ਹੈ। ਪੰਜਾਬ ਵਿਚ, ਕੌਮਾਂਤਰੀ ਪਰਵਾਸ ਦੁਆਬੇ ਤੋਂ ਸ਼ੁਰੂ ਹੋਇਆ ਅਤੇ 1880 ਦੇ ਦਹਾਕੇ ਤੋਂ ਪੰਜਾਬੀ ਬਿਹਤਰ ਮੌਕਿਆਂ ਦੀ ਭਾਲ ਵਿਚ ਵਿਦੇਸ਼ਾਂ ਵਿਚ ਪਰਵਾਸ ਕਰ ਰਹੇ ਹਨ (ਵਢੇਰਾ ਅਤੇ ਪੂਨੀਆ, 2018)। ਵਿਦੇਸ਼ ਮੰਤਰਾਲੇ ਦੀ ਸਾਲਾਨਾ ਰਿਪੋਰਟ (2018-19) ਅਨੁਸਾਰ ਸਾਲ 2018 ਕੌਮਾਂਤਰੀ ਪਰਵਾਸ ਵਿਚ ਪੰਜਾਬ ਦਾ ਹਿੱਸਾ 6 ਪ੍ਰਤੀਸ਼ਤ ਸੀ।

ਕੈਨੇਡਾ, ਯੂਰਪ, ਯੂ.ਐੱਸ.ਏ. ਅਤੇ ਯੂ.ਕੇ. ਭਾਰਤੀਆਂ ਲਈ ਵੱਡੇ ਪੱਧਰ ਉੱਤੇ ਪਸੰਦੀਦਾ ਟਿਕਾਣੇ ਹਨ। ਪੰਜਾਬੀ ਇਹਨਾਂ ਸਥਾਨਾਂ ਵੱਲ ਨੂੰ ਜਾਣ ਲਈ ਪਾਗਲ ਹੋਏ ਪਏ ਹਨ। ਜਦੋਂ ਗ਼ੈਰ-ਨਿਵਾਸੀ ਭਾਰਤੀ (ਐਨ.ਆਰ.ਆਈਜ਼.) ਪੰਜਾਬ ਆਉਂਦੇ ਅਤੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਇਹ ਲੋਕੀ ਵੀ ਇਹਨਾਂ ਦੇਸ਼ਾਂ ਵਿਚ ਜਾਣ ਦਾ ਮਨ ਬਣਾ ਲੈਂਦੇ ਹਨ। ਹਾਲਾਂਕਿ, ਇਹ ਧਿਆਨ ਦੇਣ ਯੋਗ ਹੈ ਕਿ ਯੂ.ਕੇ. ਅਤੇ ਦੁਨੀਆਂ ਦੇ ਕਈ ਹੋਰ ਹਿੱਸਿਆਂ ਵਿਚ ਪੰਜਾਬੀਆਂ ਦਾ ਇਕ ਮਹੱਤਵਪੂਰਨ ਹਿੱਸਾ ਰਹਿੰਦਾ ਹੈ। ਖਾੜੀ ਦੇਸ਼ਾਂ ਵਿਚ 33 ਪ੍ਰਤੀਸ਼ਤ ਭਾਰਤੀ ਪਰਵਾਸੀਆਂ ਦਾ ਹਿੱਸਾ ਪੰਜਾਬੀ ਹਨ, ਜਦੋਂ ਕਿ ਕੈਨੇਡਾ ਅਤੇ ਅਮਰੀਕਾ ਵਿਚ ਪੰਜਾਬੀਆਂ ਦਾ ਪ੍ਰਤੀਸ਼ਤ ਕ੍ਰਮਵਾਰ 20 ਅਤੇ 11 ਹੈ। ਯੂ.ਕੇ. ਵਿਚ ਦੁਨੀਆ ਭਰ ਵਿਚ ਰਹਿੰਦੇ ਸਾਰੇ ਪੰਜਾਬੀਆਂ ਦਾ 0.6 ਪ੍ਰਤੀਸ਼ਤ ਹਿੱਸਾ ਹੈ ਜੋ ਇਹ ਦਰਸਾਉਂਦਾ ਹੈ ਕਿ ਪੰਜਾਬੀ ਕਈ ਦੇਸ਼ਾਂ ਵਿਚ ਫੈਲੇ ਹੋਏ ਹਨ (ਚੰਦਾ ਅਤੇ ਘੋਸ਼, 2012)।

**ਸਾਰਨੀ 1: ਖੇਤਰ-ਵਾਰ ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ**

| ਵਿਵਰਨ | ਮਾਝਾ | ਦੁਆਬਾ | ਮਾਲਵਾ |
|---|---|---|---|
| ਸਰਵੇਖਣ ਕੀਤੇ ਗਏ ਪਰਿਵਾਰਾਂ ਦੀ ਗਿਣਤੀ | 358 | 947 | 1292 |
| ਪਰਵਾਸੀਆਂ ਦੀ ਗਿਣਤੀ | 362 | 1023 | 1403 |
| ਇੱਕੱਲੇ ਪਰਵਾਸੀ ਵਾਲੇ ਪਰਿਵਾਰਾਂ ਦੀ ਗਿਣਤੀ | 354 | 612 | 831 |
| | (98.88) | (64.63) | (64.32) |
| ਦੋ ਪਰਵਾਸੀਆਂ ਵਾਲੇ ਪਰਿਵਾਰਾਂ ਦੀ ਗਿਣਤੀ | 4 | 148 | 209 |
| | (1.12) | (15.63) | (16.18) |
| ਤਿੰਨ ਪਰਵਾਸੀਆਂ ਵਾਲੇ ਪਰਿਵਾਰਾਂ ਦੀ ਗਿਣਤੀ | 0 | 37 | 38 |
| | (0.00) | (3.91) | (2.94) |
| ਚਾਰ ਪਰਵਾਸੀਆਂ ਵਾਲੇ ਪਰਿਵਾਰਾਂ ਦੀ ਗਿਣਤੀ | 0 | 1 | 10 |
| | (0.00) | (0.11) | (0.77) |
| ਉਹਨਾਂ ਪਰਿਵਾਰਾਂ ਦੀ ਗਿਣਤੀ ਜਿਹਨਾਂ ਦੇ | 0 | 149 | 204 |
| ਸਾਰੇ ਵਿਅਕਤੀ ਪਰਵਾਸ ਕਰ ਗਏ | (0.00) | (15.73) | (15.79) |

ਸਰੋਤ: ਫੀਲਡ ਸਰਵੇਖਣ, 2022
ਨੋਟ: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤੀਸ਼ਤਤਾ ਨੂੰ ਦਰਸਾਉਂਦੇ ਹਨ।

ਪੰਜਾਬ ਦੇ ਨੌਜਵਾਨਾਂ ਵਿਚ ਸਟੱਡੀ-ਵੀਜ਼ੇ ਦੇ ਆਧਾਰ 'ਤੇ ਵਿਦੇਸ਼ਾਂ ਵਿਚ ਵੱਸਣ ਦਾ ਰੁਝਾਨ ਵਧ ਰਿਹਾ ਹੈ। ਕਈ ਪਿੰਡਾਂ ਵਿਚ ਤਾਂ ਵਿਦੇਸ਼ਾਂ ਵਿਚ ਪਰਵਾਸ ਨੂੰ ਚੰਗੀ ਹੈਸੀਅਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅੱਜਕੱਲ੍ਹ ਤਾਂ 12ਵੀਂ ਜਮਾਤ ਦੇ ਪਾਸ ਵਿਦਿਆਰਥੀ ਵੀ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਨ ਨੂੰ ਤਰਜੀਹ ਦਿੰਦੇ ਹਨ। ਉਹ ਵਿਦੇਸ਼ਾਂ ਵਿਚ ਆਧੁਨਿਕ ਜੀਵਨ ਸ਼ੈਲੀ ਤੋਂ ਮੋਹਿਤ ਹਨ। ਬਹੁਤੇ ਵਿਦਿਆਰਥੀ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਾਈ ਨੂੰ ਉੱਨਤ ਦੇਸ਼ਾਂ ਵਿਚ ਸਥਾਈ ਪਰਵਾਸ ਲਈ ਇਕ ਜ਼ਰੀਆ ਮੰਨਦੇ ਹਨ (ਕੌਰ, 2019)। ਇਸ ਮੌਜੂਦਾ ਅਧਿਐਨ ਵਿਚ ਪੇਂਡੂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ ਅਤੇ ਮਾਲਵਾ ਤੋਂ ਕੌਮਾਂਤਰੀ ਪਰਵਾਸ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇਕ ਯਤਨ ਕੀਤਾ ਗਿਆ ਹੈ।

### ਖੋਜ ਵਿਧੀ

ਮੌਜੂਦਾ ਅਧਿਐਨ ਬਹੁ-ਪੱਧਰੀ ਦਰਜਾਬੰਦੀ ਬੇਤਰਤੀਬੀ ਨਮੂਨਾ (Multi-stage Stratified Random Sampling) ਤਕਨੀਕ ਉੱਤੇ ਅਧਾਰਿਤ ਹੈ। ਇਸ ਅਧਿਐਨ ਦੇ ਉਦੇਸ਼ ਲਈ, ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ, ਅਤੇ ਮਾਲਵਾ- ਦੇ ਅੱਧੇ ਜ਼ਿਲ੍ਹੇ ਗ਼ੈਰ-ਵਿਵਸਥਾ ਢੰਗ (rAndomly) ਨਾਲ ਚੁਣੇ ਗਏ ਹਨ। ਮਾਝੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ- ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਚੁਣਿਆ ਗਿਆ। ਦੋਆਬੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਮਾਲਵੇ ਦੇ 15 ਜ਼ਿਲ੍ਹਿਆਂ ਵਿਚੋਂ ਅੱਠ ਜ਼ਿਲ੍ਹੇ- ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ।

ਅਗਲੇ ਪੜਾਅ ਉੱਤੇ, ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿਚੋਂ ਇਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ (ਰਘਨਦੋਮਲੇ) ਨਾਲ ਚੁਣਿਆ ਗਿਆ। ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਹਨਾਂ ਵਿਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਸਨ। ਚੁਣੇ ਗਏ ਪਿੰਡਾਂ ਵਿਚੋਂ, 1951 ਤੋਂ 2021 ਦੇ ਸਮੇਂ ਦੌਰਾਨ ਉਹਨਾਂ ਸਾਰੇ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ ਹੈ ਜਿਹਨਾਂ ਦਾ ਕੋਈ ਨਾ ਕੋਈ ਵਿਅਕਤੀ ਦੂਸਰੇ ਦੇਸ਼ਾਂ ਵਿਚ ਗਿਆ ਹੈ। ਅਜਿਹੇ ਪਰਿਵਾਰ ਮਾਝੇ ਵਿਚ 358, ਦੁਆਬੇ ਵਿਚ 947 ਅਤੇ ਮਾਲਵੇ ਵਿਚ 1292 ਪਾਏ ਗਏ। ਇਸ ਤਰ੍ਹਾਂ, ਪੇਂਡੂ ਪੰਜਾਬ ਵਿਚ ਕੁੱਲ 2597 ਅਜਿਹੇ ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ। ਇੰਟਰਵਿਊ ਵਿਧੀ ਦੁਆਰਾ ਪ੍ਰਸ਼ਨਾਵਲੀ-ਕਮ-ਸ਼ਡਿਊਲ ਰਾਹੀਂ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਲੋੜੀਂਦੇ ਮੁੱਢਲੇ ਅੰਕੜੇ ਇਕੱਠੇ ਕੀਤੇ ਗਏ। ਮੌਜੂਦਾ ਅਧਿਐਨ ਲਈ ਪ੍ਰਾਪਤ ਜਾਣਕਾਰੀ ਨੂੰ ਸਾਰਨੀਆਂ ਰਾਹੀਂ ਦਰਸਾਇਆ ਗਿਆ ਹੈ। ਇਹਨਾਂ ਸਾਰਨੀਆਂ ਵਿਚ ਸਬੰਧਿਤ ਦਰਾਂ ਦੇ ਔਸਤ ਮੁੱਲ ਅਤੇ ਅਨੁਪਾਤਿਕ ਮੁੱਲ ਦਰਸਾਏ ਗਏ ਹਨ। ਅਧਿਐਨ ਦੇ ਨਤੀਜੇ ਖੜ੍ਹਵੀਆਂ ਕਤਾਰਾਂ ਅਤੇ ਰੇਖਾ ਚਿੱਤਰਾਂ ਦੁਆਰਾ ਪ੍ਰਦਰਸ਼ਿਤ ਕੀਤੇ ਗਏ ਹਨ।

**ਸਾਰਨੀ 2: ਖੇਤਰ-ਵਾਰ ਪਰਵਾਸੀਆਂ ਦਾ ਸਮਾਜਿਕ-ਆਰਥਿਕ ਪਿਛੋਕੜ**

| ਵਿਵਰਨ | ਮਾਝਾ | ਦੁਆਬਾ | ਮਾਲਵਾ |
|---|---|---|---|
| **ਸ਼੍ਰੇਣੀ** | | | |
| ਜਨਰਲ | 303 (83.70) | 648 (63.34) | 1127 (80.33) |
| ਅਨੁਸੂਚਿਤ ਜਾਤੀਆਂ | 42 (11.60) | 232 (22.68) | 157 (11.19) |
| ਪੱਛੜੀਆਂ ਸ਼੍ਰੇਣੀਆਂ | 17 (4.70) | 143 (13.98) | 119 (8.48) |
| ਕੁੱਲ | 362 (100.00) | 1023 (100.00) | 1403 (100.00) |
| **ਪਰਿਵਾਰਾਂ ਦੀ ਕਿਸਮ** | | | |
| ਸਾਂਝੇ ਪਰਿਵਾਰ | 72 (19.89) | 166 (16.23) | 389 (27.73) |
| ਇੱਕਹਿਰੇ ਪਰਿਵਾਰ | 290 (80.11) | 857 (83.77) | 1014 (72.27) |
| ਕੁੱਲ | 362 (100.00) | 1023 (100.00) | 1403 (100.00) |
| **ਲਿੰਗ ਆਧਾਰਿਤ ਵੰਡ** | | | |
| ਮਰਦ | 310 (85.64) | 905 (88.47) | 942 (67.14) |
| ਔਰਤ | 52 (14.36) | 118 (11.53) | 461 (32.86) |
| ਕੁੱਲ | 362 (100.00) | 1023 (100.00) | 1403 (100.00) |
| **ਵਿੱਦਿਅਕ ਯੋਗਤਾ** | | | |
| ਅਨਪੜ੍ਹ | 0 (0.00) | 6 (0.59) | 16 (1.14) |
| ਪ੍ਰਾਇਮਰੀ | 0 (0.00) | 22 (2.15) | 28 (2.00) |
| ਮਿਡਲ | 0 (0.00) | 25 (2.44) | 36 (2.57) |
| ਮੈਟ੍ਰਿਕ | 11 (3.04) | 157 (15.35) | 124 (8.84) |
| ਸੀਨੀਅਰ ਸੈਕੰਡਰੀ | 254 (70.17) | 676 (66.08) | 856 (61.01) |
| ਡਿਪਲੋਮਾ | 29 (8.01) | 1 (0.10) | 12 (0.85) |
| ਗ੍ਰੈਜੂਏਸ਼ਨ | 60 (16.57) | 107 (10.45) | 251 (17.89) |
| ਪੋਸਟ-ਗ੍ਰੈਜੂਏਸ਼ਨ | 8 (2.21) | 28 (2.74) | 69 (4.92) |
| ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. | 0 (0.00) | 1 (0.10) | 11 (0.78) |
| ਕੁੱਲ | 362 (100.00) | 1023 (100.00) | 1403 (100.00) |
| **ਉਮਰ (ਸਾਲਾਂ ਵਿੱਚ)** | | | |
| 15 ਤੋਂ ਘੱਟ | 1 (0.28) | 0 (0.00) | 6 (0.43) |
| 15-20 | 238 (65.75) | 353 (34.51) | 511 (36.42) |
| 20-25 | 63 (17.40) | 290 (28.35) | 381 (27.16) |
| 25-30 | 17 (4.70) | 191 (18.67) | 304 (21.67) |
| 30-35 | 5 (1.37) | 86 (8.40) | 96 (6.83) |
| 35-40 | 22 (6.08) | 50 (4.89) | 44 (3.14) |
| 40-45 | 8 (2.21) | 23 (2.25) | 22 (1.57) |
| 45 ਜਾਂ ਵੱਧ | 8 (2.21) | 30 (2.93) | 39 (2.78) |
| ਕੁੱਲ | 362 (100.00) | 1023 (100.00) | 1403 (100.00) |
| **ਫਾਰਮ ਦਾ ਆਕਾਰ (ਏਕੜਾਂ ਵਿੱਚ)** | | | |
| ਭੂਮੀਹੀਣ | 121 (33.43) | 269 (26.30) | 215 (15.32) |
| 2.50 ਤੱਕ | 110 (30.39) | 192 (18.77) | 200 (14.26) |
| 2.51-5.00 | 97 (26.80) | 329 (32.16) | 377 (26.87) |
| 5.01-7.50 | 12 (3.31) | 97 (9.48) | 141 (10.05) |
| 7.51-10.00 | 13 (3.59) | 79 (7.72) | 214 (15.25) |
| 10.00 ਤੋਂ ਵੱਧ | 9 (2.48) | 57 (5.57) | 256 (18.25) |
| ਕੁੱਲ | 362 (100.00) | 1023 (100.00) | 1403 (100.00) |

ਸਰੋਤ: ਫੀਲਡ ਸਰਵੇਖਣ, 2022
ਨੋਟ: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

### ਨਤੀਜੇ ਅਤੇ ਚਰਚਾ

ਸਾਰਨੀ 1 ਖੇਤਰ-ਵਾਰ ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲਗਦਾ ਹੈ ਕਿ 1951 ਤੋਂ 2021 ਦੌਰਾਨ ਵਿਦੇਸ਼ਾਂ ਵਿਚ ਪਰਵਾਸ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਮਾਝੇ ਵਿਚ 358, ਦੁਆਬੇ ਵਿਚ 947, ਅਤੇ ਮਾਲਵੇ ਵਿਚ 1292 ਪਾਈ ਗਈ। ਇਹਨਾਂ ਪਰਿਵਾਰਾਂ ਵਿਚੋਂ ਪਰਵਾਸ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਕ੍ਰਮਵਾਰ 362, 1023, ਅਤੇ 1403 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਘਰਾਂ ਤੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਮਾਲਵੇ ਤੋਂ ਕੌਮਾਂਤਰੀ ਪਰਵਾਸ ਤੇਜ਼ੀ ਨਾਲ ਵਧ ਰਿਹਾ ਹੈ, ਜਿੱਥੇ ਬਹੁਤ ਵੱਡੀ ਗਿਣਤੀ ਵਿਚ ਲੋਕ ਜੀਵਨ ਦੇ ਬਿਹਤਰ ਮਿਆਰ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿਚ ਵੱਸਣਾ ਚਾਹੁੰਦੇ ਹਨ (ਵਢੇਰਾ ਅਤੇ ਪੂਨੀਆ, 2018)।

ਇਸ ਸਾਰਨੀ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਮਾਝੇ ਵਿਚ ਬਹੁ-ਗਿਣਤੀ ਪਰਿਵਾਰਾਂ (98.88 ਪ੍ਰਤੀਸ਼ਤ) ਵਿਚ ਇਕੱਲੇ ਵਿਅਕਤੀ ਅਤੇ ਬਾਕੀ 1.12 ਪ੍ਰਤੀਸ਼ਤ ਪਰਿਵਾਰਾਂ ਵਿਚ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਦੁਆਬੇ ਵਿਚ ਦੋ-ਤਿਹਾਈ ਤੋਂ ਥੋੜ੍ਹੇ ਘੱਟ ਪਰਿਵਾਰਾਂ (64.63 ਪ੍ਰਤਿਸ਼ਤ) ਵਿਚ ਇੱਕਲੇ ਵਿਅਕਤੀ, 15.63 ਪ੍ਰਤੀਸ਼ਤ ਪਰਿਵਾਰਾਂ ਵਿਚ ਦੋ ਵਿਅਕਤੀਆਂ, 3.91 ਪ੍ਰਤੀਸ਼ਤ ਵਿਚ ਤਿੰਨ ਵਿਅਕਤੀਆਂ, ਅਤੇ ਬਾਕੀ 0.11 ਪ੍ਰਤੀਸ਼ਤ ਵਿਚ ਚਾਰ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਵਿਚ 64.32 ਪ੍ਰਤੀਸ਼ਤ ਪਰਿਵਾਰਾਂ ਵਿਚ ਇੱਕਲੇ ਵਿਅਕਤੀ ਅਤੇ ਬਾਕੀ 35.68 ਪ੍ਰਤੀਸ਼ਤ ਪਰਿਵਾਰਾਂ ਵਿਚ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਮਾਲਵੇ ਵਿਚ ਜਿਹਨਾਂ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਉਹਨਾਂ ਦਾ ਪ੍ਰਤੀਸ਼ਤ 16.18 ਪਾਇਆ ਗਿਆ, ਜਦੋਂ ਕਿ 2.94 ਪ੍ਰਤੀਸ਼ਤ ਪਰਿਵਾਰਾਂ ਵਿਚ ਤਿੰਨ ਵਿਅਕਤੀ ਕੌਮਾਂਤਰੀ ਪਰਵਾਸੀ ਸਨ ਅਤੇ ਕੁਝ ਪਰਿਵਾਰਾਂ (0.77 ਪ੍ਰਤਿਸ਼ਤ) ਵਿਚ ਚਾਰ ਵਿਅਕਤੀ ਕੌਮਾਂਤਰੀ

(ਬਾਕੀ ਅਗਲੇ ਸਫੇ 'ਤੇ)

# ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ

(ਸਫਾ 21 ਦੀ ਬਾਕੀ)

ਪਰਵਾਸੀ ਪਾਏ ਗਏ। ਇਸ ਤੋਂ ਇਲਾਵਾ, ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਕੁੱਲ ਪਰਿਵਾਰਾਂ ਵਿਚੋਂ ਕ੍ਰਮਵਾਰ 15.73 ਅਤੇ 15.79 ਪ੍ਰਤੀਸ਼ਤ ਪੂਰੇ ਪਰਿਵਾਰਾਂ ਹੀ ਦੂਸਰੇ ਦੇਸ਼ਾਂ ਵਿਚ ਪਰਵਾਸ ਕਰ ਗਏ।

ਸਾਰਨੀ 2 ਦੇ ਅੰਕੜੇ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਕੌਮਾਂਤਰੀ ਪਰਵਾਸੀਆਂ ਦੇ ਸਮਾਜਕ ਆਰਥਿਕ ਪਿਛੋਕੜ ਨੂੰ ਉਜਾਗਰ ਕਰਦੇ ਹਨ। ਭਾਵੇਂ ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸਬੰਧ ਨਹੀਂ ਹੈ, ਪਰ ਇਹ ਅਸਿੱਧੇ ਤੌਰ ਉੱਤੇ ਇਕ ਦੂਜੇ ਨਾਲ਼ ਜੁੜੇ ਹੋਏ ਹਨ। ਪਰਵਾਸ ਉੱਪਰ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿਚੋਂ ਪੈਦਾ ਹੁੰਦਾ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ, 83.70 ਪ੍ਰਤੀਸ਼ਤ ਜਨਰਲ ਵਰਗ ਨਾਲ਼ ਸਬੰਧਿਤ ਸਨ, ਜਦੋਂ ਕਿ 11.60 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਅਤੇ ਬਾਕੀ 4.70 ਪ੍ਰਤੀਸ਼ਤ ਪੱਛੜੀਆਂ ਸ਼੍ਰੇਣੀਆਂ ਨਾਲ਼ ਸਬੰਧਿਤ ਸਨ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿਚੋਂ, 63.34, 22.68, ਅਤੇ 13.98 ਪ੍ਰਤੀਸ਼ਤ ਕ੍ਰਮਵਾਰ ਜਨਰਲ, ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਨਾਲ਼ ਸਬੰਧਿਤ ਸਨ। ਮਾਲਵੇ ਵਿਚ ਜਨਰਲ, ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਪਰਵਾਸੀਆਂ ਦੀ ਪ੍ਰਤਿਸ਼ਤਤਾ ਕ੍ਰਮਵਾਰ 80.33, 11.19, ਅਤੇ 8.48 ਸੀ। ਇਸ ਤਰ੍ਹਾਂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਜਨਰਲ ਜਾਤੀ ਨਾਲ਼ ਸਬੰਧਿਤ ਸਨ, ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਦਾ ਕ੍ਰਮ ਆਉਂਦਾ ਸੀ। ਫੀਲਡ ਸਰਵੇਖਣ ਤੋਂ ਇਹ ਦੇਖਿਆ ਗਿਆ ਕਿ ਪੇਂਡੂ ਪੰਜਾਬ ਤੋਂ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ-ਮਾਝਾ, ਦੁਆਬਾ, ਅਤੇ ਮਾਲਵਾ ਵਿਚ ਜੱਟ ਜਾਤੀ ਨਾਲ਼ ਸਬੰਧਿਤ ਸਨ। ਕੈਨੇਡਾ ਵਿਚ ਪੰਜਾਬੀਆਂ ਬਾਰੇ ਜੱਜ (2012) ਦੁਆਰਾ ਕੀਤੇ ਗਏ ਇਕ ਹੋਰ ਅਧਿਐਨ ਦੁਆਰਾ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਸਰਵੇਖਣ ਕੀਤੇ ਗਏ 40 ਪੰਜਾਬੀਆਂ ਵਿਚੋਂ 31 ਜੱਟ ਸਿੱਖ ਜਾਤੀ ਨਾਲ਼ ਸਬੰਧਿਤ ਸਨ।

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਇਹ ਵਿਸ਼ੇਸ਼ਤਾ ਭਾਵੇਂ ਸ਼ਹਿਰੀ ਖੇਤਰਾਂ ਵਿਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਪੇਂਡੂ ਖੇਤਰਾਂ ਵਿਚ ਬਰਕਰਾਰ ਹਨ। ਪੰਜਾਬ ਆਪਣੀ ਖੇਤੀਬਾੜੀ ਸਦਕਾ ਵਿਆਪਕ ਤੌਰ 'ਤੇ ਖੁਸ਼ਹਾਲ ਹੋਇਆ ਜਿਸ ਨੇ ਪੇਂਡੂ ਖੇਤਰਾਂ ਵਿਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ। ਹਾਲਾਂਕਿ, ਸਮਾਜਕ-ਆਰਥਿਕ ਜ਼ਰੂਰਤਾਂ ਵਿਚ ਤਬਦੀਲੀ ਦੇ ਨਾਲ਼ ਜ਼ਮੀਨੀ ਵੰਡ ਹੋਈ ਅਤੇ ਇਕਹਿਰੇ ਪਰਿਵਾਰ ਪ੍ਰਣਾਲੀ ਪੇਂਡੂ ਖੇਤਰਾਂ ਵਿਚ ਵੀ ਜ਼ੋਰ ਫੜ ਰਹੀ ਹੈ। ਮੌਜੂਦਾ ਅਧਿਐਨ ਵਿਚ ਜ਼ਿਆਦਾਤਰ ਪਰਵਾਸੀ ਜਿਵੇਂ ਦੁਆਬੇ ਦੇ 83.77, ਮਾਝੇ ਦੇ 8.11, ਅਤੇ ਮਾਲਵੇ ਦੇ 72.27 ਪ੍ਰਤੀਸ਼ਤ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ, ਜਦੋਂ ਕਿ ਬਾਕੀ 16.23, 19.89 ਅਤੇ 27.73 ਪ੍ਰਤੀਸ਼ਤ ਕ੍ਰਮਵਾਰ ਦੁਆਬੇ, ਮਾਝੇ, ਅਤੇ ਮਾਲਵੇ ਵਿਚ ਸਾਂਝੇ ਪਰਿਵਾਰ ਪ੍ਰਣਾਲੀ ਨਾਲ਼ ਸਬੰਧਿਤ ਸਨ।

ਪਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ, 85.64 ਪ੍ਰਤੀਸ਼ਤ ਮਰਦ ਅਤੇ ਬਾਕੀ 14.36 ਪ੍ਰਤੀਸ਼ਤ ਔਰਤਾਂ ਸਨ। ਦੁਆਬੇ ਵਿਚ ਮਰਦ ਅਤੇ ਔਰਤ ਪਰਵਾਸੀਆਂ ਦੀ ਪ੍ਰਤਿਸ਼ਤਤਾ ਕ੍ਰਮਵਾਰ 88.47 ਅਤੇ 11.53 ਸੀ। ਮਾਲਵੇ ਵਿਚ ਇਹ ਪ੍ਰਤਿਸ਼ਤਤਾ 67.14 ਅਤੇ 32.86 ਪਾਈ ਗਈ। ਪਰਵਾਸ ਵਿਚ ਮਰਦਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਸਮਕਾਲੀ ਸੰਸਾਰ ਵਿਚ ਦੋਨਾਂ ਲਿੰਗਾਂ ਲਈ ਲਗਭਗ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਪਰ ਫਿਰ ਵੀ ਮਰਦਾਂ ਨੂੰ ਆਪਣੇ ਪਰਿਵਾਰ ਦੇ ਲਈ ਰੋਜ਼ੀ-ਰੋਟੀ ਕਮਾਉਣ ਦਾ ਜ਼ਰੀਆ ਮੰਨਿਆ ਜਾਂਦਾ ਹੈ ਅਤੇ ਉਸ ਉੱਤੇ ਆਪਣੇ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਹੁੰਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਕੁੱਲ ਸਰਵੇਖਣ ਕੀਤੀ ਪਰਵਾਸੀ ਆਬਾਦੀ ਵਿਚ ਔਰਤਾਂ ਦਾ ਵੀ ਮਹੱਤਵਪੂਰਨ ਅਨੁਪਾਤ ਹੈ। ਪੰਜਾਬ ਤੋਂ ਔਰਤਾਂ ਦਾ ਕੌਮਾਂਤਰੀ ਪਰਵਾਸ ਮੁੱਖ ਤੌਰ ਉੱਤੇ ਵਿਆਹ ਕੇਂਦਰਿਤ ਰਿਹਾ ਹੈ ਜਿੱਥੇ ਲੜਕੀਆਂ ਇਕ ਜੀਵਨ ਸਾਥੀ ਦੇ ਰੂਪ ਵਿਚ ਕੌਮਾਂਤਰੀ ਸਥਾਨਾਂ ਉੱਤੇ ਜਾਂਦੀਆਂ ਸਨ। ਉਂਝ, ਅਜੋਕੇ ਪੰਜਾਬ ਵਿਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਵਿਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ਼ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਹਨਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਹਨਾਂ ਦੇ ਵਿਆਹ ਤੋਂ ਬਾਅਦ, ਉਹ ਆਪਣੀ ਨੂੰਹ ਦੀ ਕੌਮਾਂਤਰੀ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਬੁਲਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ਼ ਉਹ ਮੰਜ਼ਿਲ ਵਾਲ਼ੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇੱਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਂਦੀਆਂ ਹਨ।

ਸਿੱਖਿਆ ਅਤੇ ਪਰਵਾਸ ਦਾ ਇਕ ਦੂਜੇ ਨਾਲ਼ ਇਕ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪਰਵਾਸ ਵਾਲ਼ੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ (ਬ੍ਰਾਊਨ, 2017)। ਉੱਚ ਸਿੱਖਿਆ ਪ੍ਰਾਪਤ ਲੋਕਾਂ ਦੇ ਪਰਵਾਸ ਨੂੰ ਅਕਸਰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਵਧੀਆ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ ਅਤੇ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿਚ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਜਾਪਾਨ, ਅਤੇ ਯੂ.ਕੇ. ਵਰਗੇ ਵਿਕਸਤ ਦੇਸ਼ਾਂ ਵਿਚ 'ਬੌਧਿਕ ਹੂੰਝਾ' ਸ਼੍ਰੇਣੀ ਦੇ ਪਰਵਾਸ ਦੇ ਸਬੰਧ ਵਿਚ ਅੱਜ ਭਾਰਤ ਲਗਭਗ ਸਿਖਰ

(ਬਾਕੀ ਅਗਲੇ ਸਫੇ 'ਤੇ)

**ਸਾਰਨੀ 3: ਖੇਤਰ-ਵਾਰ ਕੌਮਾਂਤਰੀ ਪਰਵਾਸ ਵਾਲ਼ੇ ਦੇਸ਼ਾਂ ਦਾ ਵੇਰਵਾ**

| ਦੇਸ਼ ਦਾ ਨਾਂ | ਮਾਝਾ | ਦੁਆਬਾ | ਮਾਲਵਾ |
|---|---|---|---|
| ਕੈਨੇਡਾ | 76 | 273 | 719 |
| ਆਸਟਰੇਲੀਆ | 67 | 43 | 171 |
| ਯੂ.ਏ.ਈ. | 28 | 154 | 108 |
| ਯੂ.ਕੇ. | 36 | 121 | 72 |
| ਯੂ.ਐੱਸ.ਏ. | 34 | 114 | 67 |
| ਇਟਲੀ | 1 | 90 | 40 |
| ਨਿਊਜ਼ੀਲੈਂਡ | 12 | 43 | 37 |
| ਕਤਰ | 38 | 19 | 11 |
| ਬਹਿਰੀਨ | 47 | 11 | 9 |
| ਜਰਮਨੀ | 9 | 27 | 21 |
| ਮਲੇਸ਼ੀਆ | 13 | 6 | 34 |
| ਫਿਲੀਪੀਨਜ਼ | 0 | 16 | 33 |
| ਸਪੇਨ | 1 | 24 | 11 |
| ਕੁਵੈਤ | 0 | 28 | 4 |
| ਪੁਰਤਗਾਲ | 0 | 17 | 13 |
| ਸਊਦੀ ਅਰਬ | 0 | 3 | 16 |
| ਫਰਾਂਸ | 0 | 8 | 6 |
| ਸਾਈਪ੍ਰਸ | 0 | 5 | 8 |
| ਸਿੰਗਾਪੁਰ | 0 | 3 | 10 |
| ਗ੍ਰੀਸ | 0 | 10 | 0 |
| ਲੇਬਨਾਨ | 0 | 0 | 7 |
| ਮੈਕਸੀਕੋ | 0 | 4 | 0 |
| ਜਾਰਡਨ | 0 | 0 | 3 |
| ਸਵੀਡਨ | 0 | 3 | 0 |
| ਪੋਲੈਂਡ | 0 | 1 | 1 |
| ਦੱਖਣੀ ਅਫਰੀਕਾ | 0 | 0 | 2 |
| ਕੁੱਲ | 362 | 1023 | 1403 |


**ਸਰੋਤ:** ਫੀਲਡ ਸਰਵੇਖਣ, 2022

**ਸਾਰਨੀ 4: ਖੇਤਰ-ਵਾਰ ਪਰਵਾਸ ਦੇ ਸਾਲ ਅਨੁਸਾਰ ਪਰਵਾਸੀਆਂ ਦੀ ਵੰਡ**

| ਪਰਵਾਸ ਦਾ ਸਾਲ | ਮਾਝਾ | ਦੁਆਬਾ | ਮਾਲਵਾ |
|---|---|---|---|
| 2021 | 51 (14.09) | 100 (9.78) | 224 (15.97) |
| 2020 | 25 (6.91) | 28 (2.74) | 96 (6.84) |
| 2019 | 157 (43.37) | 102 (9.97) | 204 (14.54) |
| 2018 | 66 (18.23) | 133 (13.00) | 190 (13.54) |
| 2017 | 11 (3.04) | 102 (9.97) | 162 (11.55) |
| 2016 | 37 (10.21) | 66 (6.45) | 91 (6.49) |
| 2015 | 11 (3.04) | 91 (8.90) | 68 (4.85) |
| 2014 | 3 (0.83) | 47 (4.59) | 61 (4.35) |
| 2013 | 0 (0.00) | 22 (2.15) | 16 (1.14) |
| 2012 | 1 (0.28) | 59 (5.77) | 45 (3.21) |
| 2011 | 0 (0.00) | 14 (1.37) | 29 (2.07) |
| 2010 | 0 (0.00) | 73 (7.14) | 34 (2.42) |
| 2009 | 0 (0.00) | 7 (0.68) | 33 (2.35) |
| 2008 | 0 (0.00) | 31 (3.03) | 27 (1.92) |
| 2007 | 0 (0.00) | 18 (1.76) | 22 (1.57) |
| 2006 | 0 (0.00) | 5 (0.49) | 11 (0.78) |
| 2005 | 0 (0.00) | 24 (2.35) | 10 (0.71) |
| 2004 | 0 (0.00) | 4 (0.39) | 7 (0.50) |
| 2003 | 0 (0.00) | 4 (0.39) | 7 (0.50) |
| 2002 | 0 (0.00) | 17 (1.66) | 10 (0.71) |
| 2001 | 0 (0.00) | 1 (0.10) | 4 (0.29) |
| 2000 ਜਾਂ ਪਹਿਲਾਂ | 0 (0.00) | 75 (7.32) | 52 (3.70) |
| ਕੁੱਲ | 362 (100.00) | 1023 (100.00) | 1403 (100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

**ਚਿੱਤਰ 1: ਖੇਤਰ-ਵਾਰ ਪਰਵਾਸ ਦੇ ਸਾਲ ਅਨੁਸਾਰ ਪਰਵਾਸੀਆਂ ਦੀ ਵੰਡ**




**ਸਰੋਤ:** ਸਾਰਨੀ 4 ਉੱਤੇ ਅਧਾਰਿਤ।

# ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ

**(ਸਫਾ 22 ਦੀ ਬਾਕੀ)**

ਉੱਤੇ ਹੈ।

ਭਾਰਤੀ ਰਾਜਨੀਤੀ ਵਿਚ 'ਬੌਧਿਕ ਹੂੰਝਾ' ਸਿਆਸਤਦਾਨਾਂ ਜਾਂ ਨੌਕਰਸ਼ਾਹੀ ਲਈ ਓਨਾ ਚਿੰਤਾ ਦਾ ਕਾਰਨ ਨਹੀਂ ਜਾਪਦਾ ਜਿੰਨਾ ਇਹ ਉੱਨੀ ਸੌ ਸੱਤਰਵਿਆਂ ਦੇ ਦਹਾਕੇ ਵਿਚ ਹੁੰਦਾ ਸੀ (ਖਦਰੀਆ, 2002)। ਵਿਦੇਸ਼ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿਚੋਂ, 70.17 ਪ੍ਰਤੀਸ਼ਤ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਤਕਰੀਬਨ 16 ਪ੍ਰਤੀਸ਼ਤ ਨੇ ਆਪਣੀ ਗ੍ਰੈਜੁਏਸ਼ਨ, ਜਦੋਂ ਕਿ 8.01 ਪ੍ਰਤੀਸ਼ਤ ਨੇ ਡਿਪਲੋਮਾ ਅਤੇ 3.04 ਪ੍ਰਤੀਸ਼ਤ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (2.21 ਪ੍ਰਤਿਸ਼ਤ) ਕੋਲ਼ ਪਰਵਾਸ ਦੇ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ, ਲਗਭਗ ਦੋ-ਤਿਹਾਈ (64.08 ਪ੍ਰਤਿਸ਼ਤ) ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਵਿਚ ਪਰਵਾਸ ਕਰ ਗਏ। 15.35 ਪ੍ਰਤੀਸ਼ਤ ਨੇ ਮੈਟ੍ਰਿਕ ਅਤੇ 10.47 ਪ੍ਰਤੀਸ਼ਤ ਨੇ ਆਪਣੀ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਪਰਵਾਸ ਦੇ ਸਮੇਂ 2.74 ਪ੍ਰਤੀਸ਼ਤ ਕੋਲ਼ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿਚੋਂ, 61.01 ਪ੍ਰਤੀਸ਼ਤ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਵਿਦੇਸ਼ਾਂ ਵਿਚ ਪਰਵਾਸ ਕਰਨ ਸਮੇਂ 18 ਪ੍ਰਤੀਸ਼ਤ ਤੋਂ ਥੋੜ੍ਹਾ ਵੱਧ ਪਰਵਾਸੀਆਂ ਕੋਲ਼ ਗ੍ਰੈਜੂਏਸ਼ਨ ਅਤੇ 8.84 ਪ੍ਰਤੀਸ਼ਤ ਕੋਲ਼ ਮੈਟ੍ਰਿਕ ਦੀ ਡਿਗਰੀ ਸੀ।

ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (4.92 ਪ੍ਰਤਿਸ਼ਤ) ਕੋਲ਼ ਪਰਵਾਸ ਦੇ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲ਼ੇ ਲੋਕ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇਕ ਬਿਹਤਰ ਵਿਕਲਪ ਸਮਝਦੇ ਹਨ। ਇਸ ਤੋਂ ਇਲਾਵਾ, ਪਰਵਾਸੀਆਂ ਦੇ ਬਹੁਤ ਥੋੜ੍ਹੇ ਜਿਹੇ ਅਨੁਪਾਤ ਕੋਲ਼ ਪਰਵਾਸ ਦੇ ਸਮੇਂ ਡਿਪਲੋਮਾ ਜਾਂ ਨਰਸਿੰਗ/ ਜੀ.ਐੱਨ.ਐੱਮ./ ਬੀ.ਡੀ.ਐੱਸ. ਦੀ ਡਿਗਰੀ ਸੀ। ਏਥੇ ਇਹ ਧਿਆਨ ਦੇਣ ਯੋਗ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲ਼ੇ ਪਰਵਾਸੀ ਜਾਂ ਤਾਂ ਬਜ਼ੁਰਗ ਸਨ ਜਿਹਨਾਂ ਨੇ ਆਪਣੇ ਪਰਿਵਾਰਾਂ ਸਮੇਤ ਪਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਹਨਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸ਼ਾਂ ਵਿਚ ਪਰਵਾਸ ਕੀਤਾ।

ਉਮਰ ਅਤੇ ਪਰਵਾਸ ਵਿਚ ਗੂੜ੍ਹਾ ਸਬੰਧ ਹੈ ਕਿਉਂਕਿ ਪਰਵਾਸ ਦਾ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿਚ ਇਸ ਲਈ ਹੈ ਕਿਉਂਕਿ ਪਰਵਾਸ ਇਕ ਜੋਖਮ ਭਰਿਆ ਕਦਮ ਹੈ ਜਿਸ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ। ਪੰਜਾਬ ਵਿਚ ਨੌਜਵਾਨ ਇਹਨਾਂ ਚੁਣੌਤੀਆਂ ਨੂੰ ਸਹਿਣ ਕਰਨ ਅਤੇ ਪਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲ਼ੇ ਮੌਕਿਆਂ ਦਾ ਲਾਭ ਲੈਣ ਲਈ ਵਿਦੇਸ਼ਜਾਣ ਲਈ ਕਾਹਲ਼ੇ ਪਏ ਹੋਏ ਹਨ। ਪਰਵਾਸ ਕਰਨ ਵੇਲ਼ੇ ਬਹੁ-ਗਿਣਤੀ ਪਰਵਾਸੀ ਜਿਵੇਂ ਮਾਝੇ ਵਿਚ 87.85 ਪ੍ਰਤੀਸ਼ਤ, ਮਾਲਵਾ ਵਿਚ 85.25 ਪ੍ਰਤੀਸ਼ਤ, ਅਤੇ ਦੁਆਬੇ ਵਿਚ 81.53 ਪ੍ਰਤੀਸ਼ਤ 15 ਤੋਂ 30 ਸਾਲ ਦੀ ਉਮਰ ਸਮੂਹ ਨਾਲ਼ ਸੰਬੰਧਿਤ ਸਨ। ਜਨਸੰਖਿਕ ਲਾਭਅੰਸ਼ ਆਰਥਿਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਆਮ ਤੌਰ 'ਤੇ ਪਰਵਾਸ ਅਤੇ ਖ਼ਾਸ ਤੌਰ 'ਤੇ ਕੌਮਾਂਤਰੀ ਪਰਵਾਸ ਇਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। 15 ਤੋਂ 30 ਸਾਲ ਦੀ ਉਮਰ ਵਰਗ ਦੇ ਵਿਅਕਤੀਆਂ ਦਾ ਵਿਦੇਸ਼ਾਂ ਵਿਚ ਪਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਕ ਲਾਭ ਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਵੱਲ ਇਸ਼ਾਰਾ ਕਰਦਾ ਹੈ। ਮੌਜੂਦਾ ਅਧਿਐਨ ਦਾ ਇਹ ਖੋਜ ਨਤੀਜਾ ਸਮਿਤਾ ਬਹਿਲ (2017) ਦੁਆਰਾ ਕੀਤੇ ਗਏ ਇਕ ਹੋਰ ਖੋਜ ਅਧਿਐਨ ਨਾਲ਼ ਮੇਲ ਖਾਂਦਾ ਹੈ ਜਿਸ ਤੋਂ ਪਤਾ ਲੱਗਿਆ ਹੈ ਕਿ ਪਰਵਾਸ ਦੇ ਸਮੇਂ ਲਗਭਗ 78 ਪ੍ਰਤੀਸ਼ਤ ਪਰਵਾਸੀ 30 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ। ਛੋਟੀ ਉਮਰ ਵਿਚ ਨੌਜਵਾਨਾਂ ਦਾ ਵਿਦੇਸ਼ਾਂ ਵਿਚ ਪਰਵਾਸ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨੌਜਵਾਨ ਕੌਮਾਂਤਰੀ ਬਾਜ਼ਾਰਾਂ ਵਿਚ ਲੰਮੇ ਸਮੇਂ ਲਈ ਕੰਮ ਕਰ ਸਕਦੇ ਹਨ। ਕੌਮਾਂਤਰੀ ਬਾਜ਼ਾਰ ਅਕੁਸ਼ਲ ਨੌਜਵਾਨਾਂ ਨੂੰ ਆਸਾਨੀ ਨਾਲ਼ ਨੌਕਰੀ ਦੇ ਮੌਕੇ ਪ੍ਰਦਾਨ ਕਰ ਕੇ ਬਹੁਤ ਵਾਰ ਉਹਨਾਂ ਦਾ ਸ਼ੋਸ਼ਣ ਕਰਦਾ ਹੈ। ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਇਕ ਹੋਰ ਅਧਿਐਨ ਵੀ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੌਜਵਾਨ ਪੀੜ੍ਹੀ ਦਾ ਪਰਵਾਸ ਮਨੁੱਖੀ ਸਰੋਤਾਂ ਦਾ ਇਕ ਵੱਡਾ ਨੁਕਸਾਨ ਹੈ, ਜਿਸ ਦਾ ਸਿੱਧਾ ਲਾਭ ਉਹਨਾਂ ਦੇਸ਼ਾਂ ਨੂੰ ਹੁੰਦਾ ਹੈ ਜਿਹਨਾਂ ਨੇ ਉਹਨਾਂ ਨੂੰ ਸਿੱਖਿਅਤ ਕਰਨ ਦੀ ਕੀਮਤ ਨਹੀਂ ਦਿੱਤੀ ਹੁੰਦੀ। ਕਿਸੇ ਵੀ ਦੇਸ਼ ਦੇ ਨੌਜਵਾਨ ਸਭ ਤੋਂ ਮੁੱਲਵਾਨ ਸਰੋਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਪੜ੍ਹਾਈ ਅਤੇ ਸਿਖਲਾਈ ਉੱਤੇ ਸਮਾਂ ਅਤੇ ਹੋਰ ਪਦਾਰਥਕ ਲਾਗਤ ਪੈਂਦੀ ਹੈ, ਪਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਉਹਨਾਂ ਨੂੰ ਵਿਦੇਸ਼ ਜਾਣਾ ਪੈਂਦਾ ਹੈ (ਦੋਦਾਨੀ ਅਤੇ ਲੈਪੋਰਟੇ, 2005)।

ਸਾਰਨੀ 2 ਵਿਚ ਦਿੱਤੇ ਗਏ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਮਾਝੇ ਦੇ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ, ਇਕ-ਤਿਹਾਈ ਤੋਂ ਥੋੜ੍ਹਾ ਵੱਧ (33.43 ਪ੍ਰਤਿਸ਼ਤ) ਪਰਿਵਾਰ ਭੂਮੀਹੀਣ ਸਨ। ਤਕਰੀਬਨ 30 ਪ੍ਰਤੀਸ਼ਤ ਪਰਿਵਾਰਾਂ ਕੋਲ਼ 2.50 ਏਕੜ ਤਕ ਜ਼ਮੀਨ ਸੀ। ਇਸ ਤੋਂ ਬਾਅਦ 26.80, 3.59, 3.31, ਅਤੇ 2.48 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਦਾ ਨੰਬਰ ਆਉਂਦਾ ਹੈ, ਜਿਹਨਾਂ ਕੋਲ਼ ਕ੍ਰਮਵਾਰ 2.51 ਤੋਂ 5.00 ਏਕੜ, 7.51 ਤੋਂ 10.00 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਦੁਆਬੇ ਦੇ ਕੁੱਲ ਪਰਿਵਾਰਾਂ ਵਿਚੋਂ, ਸਭ ਤੋਂ ਵੱਧ ਪਰਿਵਾਰਾਂ (32.16 ਪ੍ਰਤਿਸ਼ਤ) ਕੋਲ਼ 2.51 ਤੋਂ 5.00 ਏਕੜ ਤਕ ਜ਼ਮੀਨੀ ਜਾਇਦਾਦ ਸੀ। ਲਗਭਗ 18 ਪ੍ਰਤੀਸ਼ਤ ਪਰਿਵਾਰਾਂ ਕੋਲ਼ 2.50 ਏਕੜ ਤਕ ਜ਼ਮੀਨ ਸੀ। ਇਸ ਤੋਂ ਬਾਅਦ 9.48, 7.72, ਅਤੇ 5.57 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਕੋਲ਼ ਕ੍ਰਮਵਾਰ 5.01 ਤੋਂ 7.50 ਏਕੜ, 7.51 ਤੋਂ 10.00 ਏਕੜ, 10 ਏਕੜ ਤੋਂ ਵੱਧ ਦੀ ਜ਼ਮੀਨ ਸੀ। ਕੁੱਲ ਪਰਿਵਾਰਾਂ ਵਿਚੋਂ 26.30 ਪ੍ਰਤੀਸ਼ਤ ਪਰਵਾਸੀਆਂ ਕੋਲ਼ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ ਪਰਿਵਾਰਾਂ ਵਿੱਚੋਂ, ਸਭ ਤੋਂ ਵੱਧ ਪਰਿਵਾਰਾਂ (26.87 ਪ੍ਰਤਿਸ਼ਤ) ਕੋਲ਼ 2.51 ਤੋਂ 5.00 ਏਕੜ ਤਕ ਦੀ ਜ਼ਮੀਨ ਸੀ। ਇਸ ਤੋਂ ਬਾਅਦ 18.25, 15.25, 14.26, ਅਤੇ 10.05 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਕੋਲ਼ ਕ੍ਰਮਵਾਰ 10 ਏਕੜ ਤੋਂ ਵੱਧ, 7.51 ਤੋਂ 10.00 ਏਕੜ, 2.50 ਏਕੜ ਤਕ, 5.01 ਤੋਂ 7.50 ਏਕੜ ਦੇ ਦਾਇਰੇ ਵਿਚ ਜ਼ਮੀਨਾਂ ਸਨ। ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ 15.32 ਪ੍ਰਤੀਸ਼ਤ ਭੂਮੀਹੀਣ ਪਾਏ ਗਏ।

ਸਾਰਨੀ 3 ਪੇਂਡੂ ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਦੇ ਮੰਜ਼ਿਲ ਵਾਲ਼ੇ ਦੇਸ਼ਾਂ ਬਾਰੇ ਜਾਣਕਾਰੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਮੰਜ਼ਿਲ ਵਾਲ਼ੇ ਦੇਸ਼ਾਂ ਦੀ ਸੂਚੀ ਬਹੁਤ ਲੰਮੀ ਹੈ। ਪਰ ਮਾਝੇ ਵਿਚ ਕੌਮਾਂਤਰੀ ਪਰਵਾਸੀਆਂ ਦੁਆਰਾ ਸਭ ਤੋਂ ਜ਼ਿਆਦਾ ਤਰਜੀਹ ਵਾਲ਼ੇ ਦੇਸ਼ਕੈਨੇਡਾ, ਆਸਟਰੇਲੀਆ, ਬਹਿਰੀਨ, ਕਤਰ, ਯੂ.ਕੇ., ਯੂ.ਐੱਸ.ਏ., ਅਤੇ ਯੂ.ਏ.ਈ. ਸਨ ਜਿੱਥੇ ਮਾਝੇ ਦੇ ਸਰਵੇਖਣ ਕੀਤੇ ਗਏ ਪਰਿਵਾਰਾਂ ਵਿਚੋਂ ਕ੍ਰਮਵਾਰ 76, 67, 47, 38, 36, 34, ਅਤੇ 28 ਵਿਅਕਤੀਆਂ ਨੇ ਪਰਵਾਸ ਕੀਤਾ।

ਦੁਆਬੇ ਵਿਚ ਜ਼ਿਆਦਾਤਰ ਪਰਵਾਸੀ ਅਰਥਾਤ 273 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲ਼ੇ ਦੇਸ਼ ਵਜੋਂ ਤਰਜ਼ੀਹ ਦਿੱਤੀ, ਜਿਸ ਤੋਂ ਬਾਅਦ 154, 121, 114, 90, 43, 43, 28, 27, ਅਤੇ 24 ਵਿਅਕਤੀਆਂ ਕ੍ਰਮਵਾਰ ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਅਸਟਰੇਲੀਆ, ਨਿਊਜ਼ੀਲੈਂਡ, ਕੁਵੈਤ, ਜਰਮਨੀ, ਅਤੇ ਸਪੇਨ ਗਏ। ਇਸੇ ਤਰ੍ਹਾਂ ਮਾਲਵੇ ਵਿਚ ਕੌਮਾਂਤਰੀ ਪਰਵਾਸੀਆਂ ਲਈ ਪੰਸਦੀਦਾ ਦੇਸ਼ ਕੈਨੇਡਾ, ਅਸਟਰੇਲੀਆ, ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਨਿਊਜ਼ੀਲੈਂਡ, ਮਲੇਸ਼ੀਆ, ਅਤੇ ਫਿਲੀਪੀਨਜ਼ ਸਨ, ਜਿੱਥੇ ਕ੍ਰਮਵਾਰ 719, 171, 108, 72, 67, 40, 37, 34, ਅਤੇ 33 ਵਿਅਕਤੀਆਂ ਨੇ ਪਰਵਾਸ ਕੀਤਾ। ਮੌਜੂਦਾ ਖੋਜ ਅਧਿਐਨ ਦਾ ਇਹ ਨਤੀਜਾ ਇਕ ਹੋਰ ਖੋਜ ਅਧਿਐਨ (ਕਪੂਰੀਆ ਅਤੇ ਬੀਰਵਾਲ, 2017) ਨਾਲ਼ ਮੇਲ ਖਾਂਦਾ ਹੈ ਜੋ ਦਰਸਾਉਂਦਾ ਹੈ ਕਿ ਪੰਜਾਬ ਤੋਂ ਪਰਵਾਸ ਜ਼ਿਆਦਾਤਰ ਪੱਛਮ ਦੇ ਵਿਕਸਿਤ ਦੇਸ਼ਾਂ ਵੱਲ ਹੋ ਰਿਹਾ ਹੈ। ਵਿਕਸਿਤ ਦੇਸ਼ਾਂ ਵਿਚੋਂ ਕੈਨੇਡੀਅਨ ਸਰਕਾਰ ਪਰਵਾਸੀਆਂ ਨੂੰ ਪੱਕੀ ਨਿਵਾਸਤਾ ਪ੍ਰਦਾਨ ਕਰਨ ਵਿਚ ਸਭ ਤੋਂ ਵੱਧ ਉਦਾਰ ਹੈ ਅਤੇ ਉਸ ਨੇ ਕੌਮਾਂਤਰੀ ਵਿਦਿਆਰਥੀਆਂ ਲਈ 200 ਦੇ ਕਰੀਬ ਕਾਲਜ ਖੋਲ੍ਹੇ ਹਨ, ਪੰਜਾਬੀ ਨੌਜਵਾਨ ਇਸ ਮੌਕੇ ਦਾ ਪੂਰਾ ਫ਼ਾਇਦਾ ਉੱਠਾ ਰਹੇ ਹਨ। ਇਸ ਸਾਲ ਸੂਬੇ ਦੇ ਲਗਭਗ 1.25 ਲੱਖ ਵਿਦਿਆਰਥੀਆਂ ਨੇ ਸਿੱਖਿਆ ਲਈ ਕੈਨੇਡਾ ਪਰਵਾਸ ਕੀਤਾ ਅਤੇ ਸਿਰਫ਼ 25 ਹਜ਼ਾਰ ਨੇ ਅਸਟਰੇਲੀਆ ਦੀ ਚੋਣ ਕੀਤੀ, ਜਦੋਂ ਕਿ ਨਿਊਜ਼ੀਲੈਂਡ, ਯੂ.ਐੱਸ.ਏ., ਅਤੇ ਯੂ.ਕੇ. ਨੇ ਇਸ ਸੰਬੰਧੀ ਕਾਨੂੰਨ ਅਤੇ ਨੀਤੀਆਂ ਬਹੁਤ ਸਖ਼ਤ ਕਰ ਲਈਆਂ ਹਨ (ਦਿ ਟ੍ਰਿਬਿਊਨ, 2018)।

ਸਾਰਨੀ 4 ਅਤੇ ਚਿੱਤਰ 1 ਤੋਂ ਇਹ ਪਤਾ ਲੱਗਦਾ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿਚੋਂ, 43.37 ਪ੍ਰਤੀਸ਼ਤ ਨੇ 2019, 18.23 ਪ੍ਰਤੀਸ਼ਤ ਨੇ 2018, 14.09 ਪ੍ਰਤੀਸ਼ਤ ਨੇ 2021, 10.21 ਪ੍ਰਤੀਸ਼ਤ ਨੇ 2016, 6.91

**(ਬਾਕੀ ਅਗਲੇ ਸਫੇ 'ਤੇ)**

**ਸਾਰਨੀ 7: ਖੇਤਰ-ਵਾਰ ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤ**

| ਕ੍ਰਮ ਅੰਕ | ਪ੍ਰਭਾਵਿਤ ਕਰਨ ਵਾਲ਼ੇ ਤੱਤ | ਮਾਝਾ | ਦੁਆਬਾ | ਮਾਲਵਾ |
|---|---|---|---|---|
| (ੳ) | ਧੱਕਣ ਵਾਲ਼ੇ ਕਾਰਕ | | | |
| 1. | ਬੇਰੁਜ਼ਗਾਰੀ | 101 (27.90) | 935 (91.40) | 1193 (85.03) |
| 2. | ਸਾਥੀਆਂ ਦਾ ਦਬਾਅ | 118 (32.60) | 192 (18.77) | 276 (19.67) |
| 3. | ਨਸ਼ਾਖੋਰੀ ਤੋਂ ਬਚਣਾ | 89 (24.59) | 46 (4.50) | 203 (14.47) |
| 4. | ਵਿਗੜਦੀਆਂ ਸਮਾਜਿਕ-ਆਰਥਿਕ ਸਥਿਤੀਆਂ | 113 (31.22) | 160 (15.64) | 234 (16.68) |
| 5. | ਵਧ ਰਹੇ ਅਪਰਾਧ | 43 (11.88) | 12 (1.17) | 39 (2.78) |
| (ਅ) | ਖਿੱਚਣ ਵਾਲ਼ੇ ਕਾਰਕ | | | |
| 1. | ਵਧੇਰੇ ਕਮਾਈ ਕਰਨ ਦੀ ਇੱਛਾ | 245 (67.68) | 815 (79.67) | 876 (62.44) |
| 2. | ਦੂਜੇ ਦੇਸ਼ਾਂ ਵਿਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ | 300 (82.87) | 756 (73.90) | 898 (64.01) |
| 3. | ਪਰਿਵਾਰਕ ਪਰਵਾਸ/ਵਿਆਹ | 54 (14.92) | 89 (8.70) | 153 (10.91) |
| 4. | ਉੱਚ-ਸਿੱਖਿਆ ਪ੍ਰਾਪਤ ਕਰਨਾ | 136 (37.57) | 292 (28.54) | 233 (16.61) |

**ਸਰੋਤ:** ਫੀਲਡ ਸਰਵੇਖਣ, 2022

**ਨੋਟ:** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

**ਸਾਰਨੀ 8: ਖੇਤਰ-ਵਾਰ ਪਰਵਾਸ ਲਈ ਕੀਤੇ ਖ਼ਰਚਿਆਂ ਦਾ ਵੇਰਵਾ**

| ਖੇਤਰ | ਖ਼ਰਚ (ਲੱਖ, ਰੁਪਇਆਂ ਵਿੱਚ) | ਵੀਜ਼ੇ ਦੀ ਕਿਸਮ | | | | | ਗ਼ੈਰ-ਕਾਨੂੰਨੀ ਢੰਗ | ਕੁੱਲ |
|---|---|---|---|---|---|---|---|---|
| | | ਪੜ੍ਹਾਈ | ਵਰਕ | ਸਪਾਊਸ | ਵਿਜ਼ਟਰ | ਪਰਿਵਾਰ/ਖ਼ੂਨ ਨਾਲ਼ ਸੰਬੰਧਿਤ | | |
| ਮਾਝਾ | 5 ਤੋਂ ਘੱਟ | 0 (0.00) | 45 (35.16) | 0 (0.00) | 0 (0.00) | 0 (0.00) | 0 (0.00) | 45 (12.43) |
| | 5-10 | 0 (0.00) | 71 (55.47) | 1 (12.50) | 0 (0.00) | 16 (100.00) | 0 (0.00) | 88 (24.31) |
| | 10-15 | 22 (10.48) | 6 (4.69) | 0 (0.00) | 0 (0.00) | 0 (0.00) | 0 (0.00) | 28 (7.73) |
| | 15-20 | 87 (41.43) | 3 (2.34) | 2 (25.00) | 0 (0.00) | 0 (0.00) | 0 (0.00) | 92 (25.41) |
| | 20-25 | 85 (40.48) | 1 (0.78) | 5 (62.50) | 0 (0.00) | 0 (0.00) | 0 (0.00) | 91 (25.14) |
| | 25-30 | 15 (7.14) | 2 (1.56) | 0 (0.00) | 0 (0.00) | 0 (0.00) | 0 (0.00) | 17 (4.70) |
| | 30 ਜਾਂ ਵੱਧ | 1 (0.47) | 0 (0.00) | 0 (0.00) | 0 (0.00) | 0 (0.00) | 0 (0.00) | 1 (0.28) |
| | **ਕੁੱਲ** | **210 (100.00)** | **128 (100.00)** | **8 (100.00)** | **0 (0.00)** | **16 (100.00)** | **0 (0.00)** | **362 (100.00)** |
| ਦੁਆਬਾ | 5 ਤੋਂ ਘੱਟ | 5 (1.17) | 276 (59.23) | 13 (41.94) | 16 (29.09) | 2 (15.38) | 7 (21.87) | 319 (31.18) |
| | 5-10 | 20 (4.69) | 117 (25.11) | 9 (29.03) | 16 (29.09) | 11 (84.62) | 3 (9.38) | 176 (17.20) |
| | 10-15 | 84 (19.72) | 40 (8.58) | 5 (16.13) | 6 (10.91) | 0 (0.00) | 5 (15.63) | 140 (13.69) |
| | 15-20 | 170 (39.91) | 31 (6.65) | 3 (9.68) | 5 (9.09) | 0 (0.00) | 1 (3.13) | 210 (20.53) |
| | 20-25 | 105 (24.65) | 2 (0.43) | 0 (0.00) | 3 (5.45) | 0 (0.00) | 2 (6.25) | 112 (10.95) |
| | 25-30 | 19 (4.46) | 0 (0.00) | 1 (3.22) | 5 (9.09) | 0 (0.00) | 7 (21.87) | 32 (3.13) |
| | 30 ਜਾਂ ਵੱਧ | 23 (5.40) | 0 (0.00) | 0 (0.00) | 4 (7.28) | 0 (0.00) | 7 (21.87) | 34 (3.32) |
| | **ਕੁੱਲ** | **426 (100.00)** | **466 (100.00)** | **31 (100.00)** | **55 (100.00)** | **13 (100.00)** | **32 (100.00)** | **1023 (100.00)** |
| ਮਾਲਵਾ | 5 ਤੋਂ ਘੱਟ | 7 (0.83) | 181 (50.00) | 32 (30.48) | 21 (37.50) | 9 (33.33) | 0 (0.00) | 250 (17.82) |
| | 5-10 | 20 (2.37) | 92 (25.41) | 33 (31.43) | 23 (41.07) | 16 (59.26) | 2 (22.22) | 186 (13.26) |
| | 10-15 | 88 (10.43) | 47 (12.98) | 10 (9.52) | 4 (7.14) | 2 (7.41) | 1 (11.11) | 152 (10.83) |
| | 15-20 | 350 (41.47) | 41 (11.33) | 15 (14.29) | 3 (5.36) | 0 (0.00) | 2 (22.22) | 411 (29.29) |
| | 20-25 | 277 (32.82) | 1 (0.28) | 5 (4.76) | 2 (3.57) | 0 (0.00) | 1 (11.11) | 286 (20.38) |
| | 25-30 | 65 (7.70) | 0 (0.00) | 1 (0.95) | 1 (1.79) | 0 (0.00) | 0 (0.00) | 67 (4.78) |
| | 30 ਜਾਂ ਵੱਧ | 37 (4.38) | 0 (0.00) | 9 (8.57) | 2 (3.57) | 0 (0.00) | 3 (33.34) | 51 (3.64) |
| | **ਕੁੱਲ** | **844 (100.00)** | **362 (100.00)** | **105 (100.00)** | **56 (100.00)** | **27 (100.00)** | **9 (100.00)** | **1403 (100.00)** |

**ਸਰੋਤ:** ਫੀਲਡ ਸਰਵੇਖਣ, 2022

**ਨੋਟ:** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

# ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ

(ਸਫਾ 23 ਦੀ ਬਾਕੀ)

ਪ੍ਰਤੀਸ਼ਤ ਨੇ 2020, ਅਤੇ 5 ਪ੍ਰਤੀਸ਼ਤ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ ਜਦੋਂ ਕਿ ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿਚੋਂ, 13.00 ਪ੍ਰਤੀਸ਼ਤ ਵਿਅਕਤੀਆਂ ਨੇ 2018 ਵਿਚ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ। ਇਸ ਤੋਂ ਬਾਅਦ, 9.97 ਪ੍ਰਤੀਸ਼ਤ ਨੇ ਹਰੇਕ ਸਾਲ 2019 ਅਤੇ 2017, 9.78 ਪ੍ਰਤੀਸ਼ਤ ਨੇ 2021, 8.90 ਪ੍ਰਤੀਸ਼ਤ ਨੇ 2015, 7.14 ਪ੍ਰਤੀਸ਼ਤ ਨੇ 2010, 6.45 ਪ੍ਰਤੀਸ਼ਤ ਨੇ 2016, 5.77 ਪ੍ਰਤੀਸ਼ਤ ਨੇ 2012 ਅਤੇ 5 ਪ੍ਰਤੀਸ਼ਤ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਵਿਦੇਸ਼ਾਂ ਵਿਚ ਪਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿਚੋਂ, 2021 ਵਿਚ 15.97 ਪ੍ਰਤੀਸ਼ਤ, 2019 ਵਿਚ 14.54 ਪ੍ਰਤੀਸ਼ਤ, 2018 ਵਿਚ 13.54 ਪ੍ਰਤੀਸ਼ਤ, 2017 ਵਿਚ 11.55 ਪ੍ਰਤੀਸ਼ਤ, 2020 ਵਿਚ 6.84 ਪ੍ਰਤੀਸ਼ਤ, 2016 ਵਿਚ 6.49 ਪ੍ਰਤੀਸ਼ਤ, ਅਤੇ ਹੋਰ ਸਾਲਾਂ ਵਿਚ 5 ਪ੍ਰਤੀਸ਼ਤ ਤੋਂ ਘੱਟ ਵਿਅਕਤੀ ਵਿਦੇਸ਼ਾਂ ਵਿਚ ਗਏ।

ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿਚ ਪਰਵਾਸ ਦੀ ਪ੍ਰਕਿਰਿਆ ਵਿਚ 2014 ਤੋਂ ਬਾਅਦ ਤੇਜ਼ੀ ਆਈ ਹੈ। ਵਿਦਿਆਰਥੀਆਂ ਲਈ ਕੈਨੇਡੀਅਨ ਵੀਜ਼ਾ ਦੀ ਸਹੂਲਤ ਦੇਣ ਵਿਚ ਲੱਗੇ ਟਰੈਵਲ ਏਜੰਟਾਂ ਨੇ ਖੁਲਾਸਾ ਕੀਤਾ ਕਿ 2016 ਤੋਂ ਬਾਅਦ ਕੌਮਾਂਤਰੀ ਪਰਵਾਸ ਵਿਚ ਬਹੁਤ ਤੇਜ਼ੀ ਆਈ ਹੈ, ਜਦੋਂ ਪੰਜਾਬ ਤੋਂ ਲਗਭਗ 75,000 ਵਿਦਿਆਰਥੀ ਕੈਨੇਡਾ ਦੇਸ਼ ਗਏ ਸਨ (ਦਿ ਟ੍ਰਿਬਿਊਨ, 2018)। 2020 ਦੌਰਾਨ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸ਼ਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਨੂੰ ਹੌਲੀ ਕੀਤਾ ਜੋ ਮੁੜ ਤੇਜ਼ੀ ਫੜ ਰਹੀ ਹੈ।

ਵਿਦੇਸ਼ਾਂ ਵਿਚ ਪਰਵਾਸ ਦੀ ਕੋਸ਼ਿਸ਼ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਢੰਗਾਂ ਦੁਆਰਾ ਕੀਤੀ ਜਾਂਦੀ ਹੈ। ਜਿੱਥੇ ਕਾਨੂੰਨੀ ਢੰਗ ਵਿਚ ਵਧੇਰੇ ਸਮਾਂ ਲੱਗਦਾ ਹੈ, ਪਰ ਇਸ ਵਿਚ ਜਿੱਥੇ ਘੱਟ ਜੋਖਮ ਹੁੰਦਾ ਹੈ, ਉੱਥੇ ਦੂਜੇ ਪਾਸੇ ਗ਼ੈਰਕਨੂੰਨੀ ਪਰਵਾਸ ਦੂਜੇ ਦੇਸ਼ ਦੀ ਪ੍ਰਬੰਧਕੀ ਅਤੇ ਕਾਨੂੰਨੀ ਵਿਵਸਥਾ ਨੂੰ ਤੋੜ ਕੇ ਉਸ ਦੇਸ਼ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਹੈ, ਜੋ ਇਕ ਬਹੁਤ ਹੀ ਜੌਖਮ ਭਰਪੂਰ ਮਾਮਲਾ ਹੈ। ਅਧਿਐਨ ਦੇ ਸਕਾਰਾਤਮਕ ਪਹਿਲੂਆਂ ਵਿਚੋਂ ਇਕ ਇਹ ਹੈ ਕਿ ਪੰਜਾਬ ਦੇ ਤਿੰਨਾਂ ਭੂਗੋਲਿਕ ਖੇਤਰਾਂ ਵਿਚ ਜ਼ਿਆਦਾਤਰ ਮਾਮਲਿਆਂ ਵਿਚ ਪਰਵਾਸ ਕਾਨੂੰਨੀ ਢੰਗ ਨਾਲ਼ ਹੋਇਆ ਹੈ (ਸਾਰਨੀ 5)। ਮਾਝੇ ਦੇ ਕੁੱਲ 362 ਪਰਵਾਸੀਆਂ ਨੇ ਕਾਨੂੰਨੀ ਢੰਗ ਨਾਲ਼ ਵਿਦੇਸ਼ਾਂ ਵਿਚ ਪ੍ਰਵੇਸ਼ ਕੀਤਾ।

ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿਚੋਂ 991 ਕਾਨੂੰਨੀ ਢੰਗ ਅਤੇ ਬਾਕੀ 32 ਗ਼ੈਰ-ਕਨੂੰਨੀ ਢੰਗ ਨਾਲ਼ ਵਿਦੇਸ਼ ਗਏ। ਇਸ ਖੇਤਰ ਦੇ ਪਰਵਾਸੀਆਂ ਦੀ ਕਾਨੂੰਨੀ ਅਤੇ ਗ਼ੈਰ-ਕਨੂੰਨੀ ਢੰਗ ਨਾਲ਼ ਵਿਦੇਸ਼ ਜਾਣ ਦੀ ਕ੍ਰਮਵਾਰ ਪ੍ਰਤਿਸ਼ਤਤਾ 96.87 ਅਤੇ 3.13 ਬਣਦੀ ਹੈ। ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿਚੋਂ, 1394 (99.36 ਪ੍ਰਤਿਸ਼ਤ) ਨੇ ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਕਾਨੂੰਨੀ ਢੰਗ ਅਤੇ ਬਾਕੀ ਦੇ 9 (0.64 ਪ੍ਰਤੀਸ਼ਤ) ਨੇ ਗ਼ੈਰਕਾਨੂੰਨੀ ਢੰਗ ਅਪਣਾਇਆ। ਯੂ.ਐੱਨ.ਓ.ਡੀ.ਸੀ. (2009) ਦੀ ਇਕ ਰਿਪੋਰਟ ਵੀ ਇਹ ਖੁਲਾਸਾ ਕਰਦੀ ਹੈ ਕਿ ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਜਿਆਦਾਤਰ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸ਼ਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੌੜ ਅਤੇ ਸਕਸੈਨਾ (2005) ਨੇ ਆਪਣੇ ਇਕ ਖੋਜ ਅਧਿਐਨ ਵਿਚ ਵੀ ਇਸੇ ਤਰ੍ਹਾਂ ਦਾ ਨਤੀਜਾ ਸਾਹਮਣੇ ਲਿਆਂਦਾ ਹੈ ਕਿ ਜਿੱਥੇ ਭਰਤੀ ਏਜੰਟਾਂ ਜਾਂ ਰੋਜ਼ਗਾਰਦਾਤਾਵਾਂ ਨੇ ਪਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਪਾਇਆ ਹੈ, ਉੱਥੇ ਪਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ।

ਸਾਰਨੀ 6 ਅਤੇ ਚਿੱਤਰ 2 ਦਰਸਾਉਂਦਾ ਹੈ ਕਿ ਮਾਝੇ ਦੇ ਪੇਂਡੂ ਇਲਾਕਿਆਂ ਵਿਚੋਂ ਕਾਨੂੰਨੀ ਢੰਗ ਨਾਲ਼ ਕੌਮਾਂਤਰੀ ਪਰਵਾਸ ਕਰਨ ਵਾਲ਼ੇ ਵਿਅਕਤੀਆਂ ਵਿਚੋਂ, ਅੱਧੇ ਤੋਂ ਵੱਧ (58.01 ਪ੍ਰਤੀਸ਼ਤ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ 'ਤੇ ਵਿਦੇਸ਼ਾਂ ਵਿਚ ਪ੍ਰਵੇਸ਼ ਕੀਤਾ, ਜਦੋਂ ਕਿ ਇਕ-ਤਿਹਾਈ ਤੋਂ ਥੋੜ੍ਹਾ ਵੱਧ (35.36 ਪ੍ਰਤੀਸ਼ਤ) ਵਿਅਕਤੀ ਵਰਕ ਵੀਜ਼ੇ 'ਤੇ ਵਿਦੇਸ਼ਾਂ ਵਿਚ ਗਏ। ਇਸ ਤੋਂ ਇਲਾਵਾ, 4.42 ਪ੍ਰਤੀਸ਼ਤ ਵਿਅਕਤੀਆਂ ਦੇ ਕੋਲ਼ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ਼ ਸਬੰਧਿਤ ਕਿਸਮ ਦਾ ਵੀਜ਼ਾ ਸੀ। ਸਿਰਫ਼ 2.21 ਪ੍ਰਤੀਸ਼ਤ ਵਿਅਕਤੀ ਸਪਾਊਸ ਵੀਜ਼ੇ 'ਤੇ ਵਿਦੇਸ਼ਾਂ ਵਿਚ ਗਏ। ਦੁਆਬੇ ਵਿਚ, ਸਭ ਤੋਂ ਵੱਧ ਪ੍ਰਤੀਸ਼ਤ (47.02 ਪ੍ਰਤਿਸ਼ਤ) ਵਿਅਕਤੀਆਂ ਨੇ ਵਰਕ ਵੀਜ਼ੇ 'ਤੇ ਵਿਦੇਸ਼ਾਂ ਵਿਚ ਪ੍ਰਵੇਸ਼ ਕੀਤਾ, ਜਦੋਂ ਕਿ ਤਕਰੀਬਨ 43 ਪ੍ਰਤੀਸ਼ਤ ਦੇ ਕੋਲ ਵਿਦੇਸ਼ਾਂ ਜਾਣ ਲਈ ਪੜ੍ਹਾਈ ਵੀਜ਼ੇ ਸੀ। ਇਸ ਤੋਂ ਇਲਾਵਾ, 5.55 ਪ੍ਰਤੀਸ਼ਤ ਵਿਅਕਤੀ ਵਿਜ਼ਟਰ ਵੀਜ਼ੇ 'ਤੇ, ਜਦੋਂ ਕਿ 3.13 ਪ੍ਰਤੀਸ਼ਤ ਵਿਅਕਤੀਆਂ ਨੇ ਸਪਾਊਸ ਵੀਜ਼ੇ 'ਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਸਿਰਫ਼ 1.31 ਪ੍ਰਤੀਸ਼ਤ ਵਿਅਕਤੀਆਂ ਦੇ ਕੋਲ਼ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ਼ ਸਬੰਧਿਤ ਕਿਸਮ ਦਾ ਵੀਜ਼ਾ ਸੀ। ਲਗਭਗ ਅਜਿਹਾ ਹੀ ਰੁਝਾਨ ਮਾਲਵੇ ਵਿਚ ਵੀ ਦੇਖਣ ਨੂੰ ਮਿਲਿਆ ਹੈ। ਇਸ ਖੇਤਰ ਵਿਚ, ਬਹੁ-ਗਿਣਤੀ ਵਿਅਕਤੀ (60.55 ਪ੍ਰਤਿਸ਼ਤ) ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ, ਜਦੋਂ ਕਿ ਇਕ-ਚੌਥਾਈ ਤੋਂ ਥੋੜ੍ਹਾ ਵੱਧ (25.97 ਪ੍ਰਤਿਸ਼ਤ) ਵਿਅਕਤੀਆਂ ਨੇ ਵਰਕ ਵੀਜ਼ੇ 'ਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਇਸ ਤੋਂ ਇਲਾਵਾ 7.53 ਪ੍ਰਤੀਸ਼ਤ ਪਰਵਾਸੀਆਂ ਕੋਲ ਸਪਾਊਸ ਵੀਜ਼ਾ ਸੀ, ਜਦੋਂ ਕਿ 4.02 ਪ੍ਰਤੀਸ਼ਤ ਵਿਜ਼ਟਰ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ। ਸਿਰਫ਼ 1.93 ਪ੍ਰਤੀਸ਼ਤ ਪਰਵਾਸੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ਼ ਸਬੰਧਿਤ ਕਿਸਮ ਦਾ ਵੀਜ਼ਾ ਸੀ।

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਬਹੁਤ ਸਾਰੇ ਤੱਤ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਇਕ ਤੱਤ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਕੌਮਾਂਤਰੀ ਪਰਵਾਸ ਕਰਨ ਦਾ ਫ਼ੈਸਲਾ ਇਕ ਸਖ਼ਤ ਕਦਮ ਹੈ ਕਿਉਂਕਿ ਇਸ ਕਿਸਮ ਦੇ ਪਰਵਾਸ ਵਿਚ ਬਹੁਤ ਜ਼ਿਆਦਾ ਜੌਖਮ ਦੇ ਨਾਲ-ਨਾਲ ਵੱਧ ਲਾਭ ਵੀ ਸ਼ਾਮਿਲ ਹੁੰਦੇ ਹਨ। ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤਾਂ ਨੂੰ ਧੱਕਣ ਵਾਲ਼ੇ ਅਤੇ ਖਿੱਚਣ ਵਾਲ਼ੇ ਤੱਤਾਂ ਵਿਚ ਵੰਡਿਆ ਜਾ ਸਕਦਾ ਹੈ। ਧੱਕਣ ਵਾਲ਼ੇ ਤੱਤ ਉਹ ਹੁੰਦੇ ਹਨ ਜੋ ਕਿਸੇ ਵਿਅਕਤੀ ਨੂੰ, ਵੱਖ-ਵੱਖ ਕਾਰਨਾਂ ਕਰ ਕੇ, ਆਪਣਾ ਮੂਲ ਸਥਾਨ ਛੱਡਣ ਅਤੇ ਕਿਸੇ ਹੋਰ ਥਾਂ ਜਾਣ ਲਈ ਮਜਬੂਰ ਕਰਦੇ ਹਨ। ਦੂਜੇ ਪਾਸੇ, ਖਿੱਚਣ ਵਾਲ਼ੇ ਤੱਤ ਉਹਨਾਂ ਕਾਰਕਾਂ ਨੂੰ ਦਰਸਾਉਂਦੇ ਹਨ ਜੋ ਲੋਕਾਂ ਨੂੰ ਇਕ ਨਵੇਂ ਖੇਤਰ ਵਿਚ ਜਾਣ ਲਈ ਆਕਰਸ਼ਿਤ ਕਰਦੇ ਹਨ (ਕੈਂਥ, 2010)। ਧੱਕਣ ਵਾਲ਼ੇ ਕਾਰਕਾਂ ਵਿਚ ਵਧਦੀ ਬੇਰੋਜ਼ਗਾਰੀ, ਸਾਥੀਆਂ ਦਾ ਦਬਾਅ, ਸਮਾਜਕ-ਆਰਥਿਕ ਸਥਿਤੀਆਂ ਦਾ ਵਿਗੜਨਾ, ਅਤੇ ਸਮਾਜਕ ਮੁੱਦੇ ਜਿਵੇਂ ਕਿ ਨਸ਼ਾਖੋਰੀ ਜਾਂ ਵਧ ਰਹੇ ਅਪਰਾਧ ਆਦਿ ਸ਼ਾਮਿਲ ਹਨ। ਦੂਜੇ ਦੇਸ਼ ਵੀ ਕਈ ਖਿੱਚ ਦੇ ਕਾਰਕ ਪੈਦਾ ਕਰਦੇ ਹਨ ਜਿਵੇਂ ਕਿ ਵਧੇਰੇ ਕਮਾਈ ਕਰਨ ਦੀ ਇੱਛਾ, ਬਿਹਤਰ ਵਿੱਦਿਅਕ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ, ਵਿਦੇਸ਼ਾਂ ਦੀਆਂ ਵਧੀਆ ਪ੍ਰਸ਼ਾਸਕੀ ਸਹੂਲਤਾਂ, ਪਰਿਵਾਰਕ ਪਰਵਾਸ/ਵਿਆਹ ਆਦਿ। ਜਦੋਂ ਪਰਵਾਸੀਆਂ ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਹੇਠਾਂ ਦਿੱਤੇ ਕਾਰਨਾਂ ਬਾਰੇ ਦੱਸਿਆ (ਸਾਰਨੀ 7): ਦੁਆਬੇ ਦੇ 91.40, ਮਾਲਵੇ ਦੇ 85.03, ਅਤੇ ਮਾਝੇ ਦੇ 27.90 ਪ੍ਰਤੀਸ਼ਤ ਪਰਵਾਸੀਆਂ ਦੇ ਸਬੰਧ ਵਿਚ, ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।

* ਮਾਝੇ ਦੇ ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ 32.60 ਪ੍ਰਤੀਸ਼ਤ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ਼ ਗਏ। ਮਾਲਵਾ ਅਤੇ ਦੁਆਬੇ ਵਿਚ ਕ੍ਰਮਵਾਰ 19.67 ਅਤੇ 18.77 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਇਹੀ ਕਾਰਨ ਦੱਸਿਆ।
* ਮਾਝੇ ਦੇ 24.59, ਮਾਲਵੇ ਦੇ 14.47, ਅਤੇ ਦੁਆਬੇ ਦੇ 4.50 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ।
* ਸੂਬੇ ਦੀਆਂ ਵਿਗੜਦੀਆਂ ਹੋਈਆਂ ਸਮਾਜਕ-ਆਰਥਿਕ ਹਾਲਤਾਂ ਨੇ ਮਾਝਾ, ਮਾਲਵਾ, ਅਤੇ ਦੁਆਬਾ ਦੇ ਕ੍ਰਮਵਾਰ 31.22, 16.68, ਅਤੇ 15.64 ਪ੍ਰਤੀਸ਼ਤ ਵਿਅਕਤੀਆਂ ਨੂੰ ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਮਜਬੂਰ ਕੀਤਾ।
* ਸੂਬੇ ਵਿਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਮਾਝੇ ਦੇ 11.88, ਮਾਲਵੇ ਦੇ 2.78, ਅਤੇ ਦੁਆਬੇ ਦੇ 1.17 ਪ੍ਰਤਿਸ਼ਤ ਵਿਅਕਤੀਆਂ ਨੇ ਵਿਦੇਸ਼ਾਂ ਵਿਚ ਜਾਣਾ ਬਿਹਤਰ ਸਮਝਿਆ।
* ਦੁਆਬੇ ਦੇ 79.67, ਮਾਝੇ ਦੇ 67.68, ਅਤੇ ਮਾਲਵੇ ਦੇ 62.44 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਹਨਾਂ ਨੂੰ ਵਿਦੇਸ਼ਾਂ ਵਿਚ ਪਰਵਾਸ ਲਈ ਪ੍ਰੇਰਿਤ ਕੀਤਾ।
* ਵਿਦੇਸ਼ਾਂ ਵਿਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝਾ, ਦੁਆਬਾ, ਅਤੇ ਮਾਲਵਾ ਦੇ ਕ੍ਰਮਵਾਰ 82.57, 73.90, ਅਤੇ 64.01 ਪ੍ਰਤੀਸ਼ਤ ਪੇਂਡੂ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ।
* ਮਾਝੇ ਦੇ 14.92, ਮਾਲਵੇ ਦੇ 10.91, ਅਤੇ ਦੁਆਬੇ ਦੇ 8.70 ਪ੍ਰਤੀਸ਼ਤ ਲੋਕਾਂ ਦੇ ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸ਼ਾਂ ਵਿਚ ਵੱਸ ਜਾਣਾ ਸੀ।
* ਮਾਝਾ, ਦੁਆਬਾ, ਅਤੇ ਮਾਲਵਾ ਦੇ ਕ੍ਰਮਵਾਰ 37.57, 28.54, ਅਤੇ 16.61 ਪ੍ਰਤੀਸ਼ਤ ਵਿਅਕਤੀਆਂ ਨੇ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿਚ ਪਰਵਾਸ ਕੀਤਾ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਬੇਰੁਜ਼ਗਾਰੀ, ਵਿਦੇਸ਼ਾਂ ਵਿਚ ਬਿਹਤਰ ਰਹਿਣ ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਅਤੇ ਸਾਥੀਆਂ ਦਾ ਦਬਾਅ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਅਧਿਐਨ ਦੀ ਇਹ ਖੋਜ ਇਕ ਹੋਰ ਖੋਜ ਅਧਿਐਨ (ਕੌਰ ਅਤੇ ਬਰਾੜ, 2020) ਦੀ ਪੁਸ਼ਟੀ ਕਰਦੀ ਹੈ ਜੋ ਦਰਸਾਉਂਦੀ ਹੈ ਕਿ ਰਾਜ ਤੋਂ ਪਰਵਾਸ, ਖ਼ਾਸ ਕਰ ਕੇ ਕਿਸਾਨੀ ਪਰਿਵਾਰਾਂ ਤੋਂ ਵੱਧ ਰਿਹਾ ਹੈ। ਇਸ ਲਈ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਈ ਵਿਦੇਸ਼ਾਂ ਵਿਚ ਉੱਚ ਸਿੱਖਿਆ ਦੀ ਪ੍ਰਾਪਤੀ, ਰਾਜ ਵਿਚ ਰੁਜ਼ਗਾਰ ਦੇ ਸੀਮਤ ਮੌਕੇ, ਨੌਜਵਾਨਾਂ ਦੀਆਂ ਵਧਦੀਆਂ ਆਸ਼ਾਵਾਂ, ਉਦਾਰ ਜੀਵਨ ਸ਼ੈਲੀ ਦੀ ਵਧੇਰੇ ਸਵੀਕਾਰਤਾ, ਆਰਥਿਕ ਗਤੀਵਿਧੀਆਂ ਦਾ ਆਧੁਨਿਕੀਕਰਨ, ਅਤੇ ਇਮੀਗ੍ਰੇਸ਼ਨ ਨੈੱਟਵਰਕ ਦੀ ਤੀਬਰਤਾ ਆਦਿ ਵਰਗੇ ਮਹੱਤਵਪੂਰਨ ਕਾਰਕ ਜ਼ਿੰਮੇਵਾਰ ਹਨ।

ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਦੇ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਅੰਕੜੇ ਸਾਰਨੀ 8 ਵਿਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਮਾਝੇ ਵਿਚ ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ 25.41 ਪ੍ਰਤੀਸ਼ਤ ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਤਕਰੀਬਨ ਇੰਨੇ ਹੀ ਪ੍ਰਤੀਸ਼ਤ ਪਰਵਾਸੀਆਂ (25.14 ਪ੍ਰਤੀਸ਼ਤ) ਨੇ ਪਰਵਾਸ ਲਈ 20 ਤੋਂ 25 ਲੱਖ ਰੁਪਏ ਅਤੇ 24.31 ਪ੍ਰਤੀਸ਼ਤ ਪਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆਂ ਦੇ ਇਕ ਮਹੱਤਵਪੂਰਨ ਹਿੱਸੇ (12.43 ਪ੍ਰਤੀਸ਼ਤ) ਨੇ ਕੌਮਾਂਤਰੀ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤਾ। ਇਸ ਤੋਂ ਬਾਅਦ 7.73, ਅਤੇ 4.70 ਪ੍ਰਤੀਸ਼ਤ ਪਰਵਾਸੀਆਂ ਦਾ ਕ੍ਰਮ ਆਉਂਦਾ ਹੈ ਜਿਹਨਾਂ ਨੇ ਵਿਦੇਸ਼ਾਂ ਵਿਚ ਜਾਣ ਲਈ ਕ੍ਰਮਵਾਰ 10 ਤੋਂ 15; ਅਤੇ 25 ਤੋਂ 30 ਲੱਖ ਰੁਪਏ ਖ਼ਰਚੇ। ਸਿਰਫ਼ 0.28 ਪ੍ਰਤੀਸ਼ਤ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ਼ ਗਏ। ਦੁਆਬੇ ਵਿਚ ਪਰਵਾਸੀਆਂ ਦੇ ਲਗਭਗ ਇਕ-ਤਿਹਾਈ ਭਾਗ (31.18 ਪ੍ਰਤੀਸ਼ਤ) ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ, ਜਦੋਂ ਕਿ 17.20 ਪ੍ਰਤੀਸ਼ਤ 5 ਤੋਂ 10 ਲੱਖ ਰੁਪਏ ਖ਼ਰਚ ਕੇ ਵਿਦੇਸ਼ ਗਏ। ਪਰਵਾਸੀਆਂ ਦੇ 13.69 ਪ੍ਰਤੀਸ਼ਤ ਨੇ ਕੌਮਾਂਤਰੀ ਪਰਵਾਸ ਲਈ 10 ਤੋਂ 15; 20.53 ਪ੍ਰਤੀਸ਼ਤ ਨੇ 15 ਤੋਂ 20; ਅਤੇ 10.95 ਪ੍ਰਤੀਸ਼ਤ ਨੇ 20 ਤੋਂ 25 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆਂ ਦੇ ਇਕ ਛੋਟੇ ਜਿਹੇ ਹਿੱਸੇ 3.13 ਪ੍ਰਤੀਸ਼ਤ ਨੇ ਕੌਮਾਂਤਰੀ ਪਰਵਾਸ ਲਈ 25 ਤੋਂ 30 ਲੱਖ ਰੁਪਏ ਅਤੇ 3.32 ਪ੍ਰਤੀਸ਼ਤ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ। ਮਾਲਵੇ ਵਿਚ, ਪਰਵਾਸੀਆਂ ਦੇ ਸਭ ਤੋਂ ਵੱਧ ਹਿੱਸੇ (29.29 ਪ੍ਰਤੀਸ਼ਤ) ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਇਸ ਤੋਂ ਬਾਅਦ 20.38 ਪ੍ਰਤੀਸ਼ਤ ਪਰਵਾਸੀਆਂ ਨੇ ਵਿਦੇਸ਼ ਜਾਣ ਲਈ 20 ਤੋਂ 25 ਲੱਖ ਅਤੇ 17.82 ਪ੍ਰਤੀਸ਼ਤ ਨੇ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਇਲਾਵਾ, 13.26 ਪ੍ਰਤੀਸ਼ਤ ਪਰਵਾਸੀਆਂ ਨੇ ਵਿਦੇਸ਼ਾਂ ਲਈ 5 ਤੋਂ 10 ਲੱਖ ਰੁਪਏ, 10.83 ਪ੍ਰਤੀਸ਼ਤ ਨੇ 10 ਤੋਂ 15 ਲੱਖ ਰੁਪਏ, 4.78 ਪ੍ਰਤੀਸ਼ਤ ਨੇ 25 ਤੋਂ 30 ਲੱਖ ਰੁਪਏ, ਅਤੇ 3.64 ਪ੍ਰਤੀਸ਼ਤ ਨੇ 30 ਲੱਖ ਅਤੇ ਵੱਧ ਰੁਪਏ ਖ਼ਰਚੇ।

| ਸਾਰਨੀ 10: ਖੇਤਰ-ਵਾਰ ਕੌਮਾਂਤਰੀ ਪਰਵਾਸੀਆਂ ਦੁਆਰਾ ਆਪਣੇ ਪਰਿਵਾਰਾਂ ਨੂੰ ਭੇਜੇ ਧਨ ਦਾ ਵੇਰਵਾ | | | |
|---|---|---|---|
| **ੳ) ਕੀ ਪਰਿਵਾਰਾਂ ਨੂੰ ਕੋਈ ਧਨ ਪ੍ਰਾਪਤ ਹੋਇਆ ?** | **ਮਾਝਾ** | **ਦੁਆਬਾ** | **ਮਾਲਵਾ** |
| ਹਾਂ | 170 (46.96) | 838 (81.92) | 763 (54.38) |
| ਨਹੀਂ | 192 (53.04) | 185 (18.08) | 640 (45.62) |
| **ਕੁੱਲ** | 362 (100.00) | 1023 (100.00) | 1403 (100.00) |
| **ਅ) ਪਰਵਾਸੀਆਂ ਦੀ ਰਕਮ ਅਨੁਸਾਰ ਵੰਡ (ਰੁਪਇਆਂ ਵਿੱਚ)** | **ਮਾਝਾ** | **ਦੁਆਬਾ** | **ਮਾਲਵਾ** |
| 1,00,000 ਤੋਂ ਘੱਟ | 6 (3.53) | 12 (1.43) | 31 (4.06) |
| 1,00.000-2,00,000 | 8 (4.71) | 86 (10.26) | 45 (5.90) |
| 2,00,000-3,00,000 | 12 (7.06) | 219 (26.14) | 131 (17.17) |
| 3,00,000 - 4,00,000 | 19 (11.18) | 214 (25.54) | 117 (15.33) |
| 4,00,000-5,00,000 | 42 (24.71) | 65 (7.76) | 109 (14.29) |
| 5,00,000-6,00,000 | 21 (12.35) | 125 (14.92) | 109 (14.29) |
| 6,00,000-7,00,000 | 24 (14.12) | 12 (1.43) | 25 (3.28) |
| 7,00,000-8,00,000 | 4 (2.35) | 11 (1.31) | 13 (1.70) |
| 8,00,000-9,00,000 | 4 (2.35) | 8 (0.95) | 14 (1.83) |
| 9,00,000-10,00,000 | 20 (11.76) | 2 (0.24) | 3 (0.39) |
| 10,00,000 ਅਤੇ ਵੱਧ | 10 (5.88) | 84 (10.02) | 166 (21.76) |
| **ਕੁੱਲ** | 170 (100.00) | 838 (100.00) | 763 (100.00) |

**ਸਰੋਤ : ਫੀਲਡ ਸਰਵੇਖਣ, 2022**

**ਨੋਟ : ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।**

ਪੜ੍ਹਾਈ ਵੀਜ਼ਾ ਦੇ ਸਬੰਧ ਵਿੱਚ, ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ ਮਾਲਵੇ ਦੇ 41.47, ਮਾਝੇ ਦੇ 41.43, ਅਤੇ ਦੁਆਬੇ 39.91 ਪ੍ਰਤੀਸ਼ਤ ਨੇ ਕੌਮਾਂਤਰੀ ਪਰਵਾਸ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਦਿ ਟ੍ਰਿਬਿਊਨ (2018) ਵਿਚ ਪ੍ਰਕਾਸ਼ਿਤ ਇਕ ਰਿਪੋਰਟ ਅਨੁਸਾਰ ਪੜ੍ਹਾਈ ਵੀਜ਼ਾ ਉੱਤੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿਚ ਪੜ੍ਹਾਈ ਦੇ ਪਹਿਲੇ ਸਾਲ ਲਈ ਔਸਤਨ 15 ਤੋਂ 22 ਲੱਖ ਰੁਪਏ ਦੀ ਲਾਗਤ ਆਉਂਦੀ ਹੈ।

ਬਾਹਰ ਜਾਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਨਾਲ਼ ਗੁਣਾ ਕਰਨ ਉੱਤੇ ਇਹ ਤਕਰੀਬਨ 27,000 ਕਰੋੜ ਰੁਪਏ ਬਣਦੀ ਹੈ ਜੋ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ। ਵਰਕ ਵੀਜ਼ੇ ਦੇ ਸਬੰਧ ਵਿਚ, ਦੁਆਬਾ ਅਤੇ ਮਾਲਵਾ ਵਿਚ ਪਰਵਾਸੀਆਂ ਦਾ ਵਧੇਰੇ ਹਿੱਸਾ ਅਰਥਾਤ ਦੁਆਬੇ ਦੇ 59.23 ਅਤੇ ਮਾਲਵੇ ਦੇ 50.00 ਪ੍ਰਤੀਸ਼ਤ ਨੇ 5 ਲੱਖ ਰੁਪਏ ਤੋਂ ਘੱਟ ਖ਼ਰਚ ਕੇ ਵਿਦੇਸ਼ ਗਏ, ਜਦੋਂ ਕਿ ਮਾਝੇ ਦੇ 55.47 ਪ੍ਰਤੀਸ਼ਤ ਨੇ ਵਿਦੇਸ਼ ਜਾਣ ਲਈ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਸਪਾਊਸ ਕਿਸਮ ਦੇ ਵੀਜ਼ੇ ਦੇ ਸਬੰਧ ਵਿੱਚ, ਮਾਝੇ ਦੇ ਜ਼ਿਆਦਾਤਰ ਪਰਵਾਸੀਆਂ (62.50 ਪ੍ਰਤਿਸ਼ਤ) ਨੇ ਕੌਮਾਂਤਰੀ ਪਰਵਾਸ ਲਈ 20 ਤੋਂ 25 ਲੱਖ ਰੁਪਏ ਖ਼ਰਚ ਕੀਤੇ, ਜਦੋਂ ਕਿ ਦੁਆਬੇ ਵਿਚ ਪਰਵਾਸੀਆਂ ਦੇ ਵਧੇਰੇ ਹਿੱਸੇ (41.94 ਪ੍ਰਤਿਸ਼ਤ) ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚੇ। ਮਾਲਵਾ ਦੇ 31.43 ਪ੍ਰਤੀਸ਼ਤ ਪਰਵਾਸੀਆਂ ਨੇ ਸਪਾਊਸ ਵੀਜ਼ੇ ਉੱਤੇ ਵਿਦੇਸ਼ ਜਾਣ ਲਈ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ।

ਇਸੇ ਤਰ੍ਹਾਂ ਜਿਹਨਾਂ ਪਰਵਾਸੀਆਂ ਕੋਲ਼ ਵਿਜ਼ਟਰ ਜਾਂ ਪਰਿਵਾਰ/ਖ਼ੂਨ ਨਾਲ਼ ਸਬੰਧਿਤ ਵੀਜ਼ਾ ਸੀ, ਉਹਨਾਂ ਦੇ ਵਧੇਰੇ ਹਿੱਸੇ ਨੇ ਕੌਮਾਂਤਰੀ ਪਰਵਾਸ ਲਈ ਮਾਲਵਾ ਅਤੇ ਦੁਆਬਾ ਵਿਚ 10 ਲੱਖ ਰੁਪਏ ਖ਼ਰਚੇ। ਮਾਝੇ ਵਿਚ ਪਰਿਵਾਰ/ਖ਼ੂਨ ਨਾਲ਼ ਸੰਬੰਧਿਤ ਵੀਜ਼ੇ 'ਤੇ ਵਿਦੇਸ਼ ਜਾਣ ਵਾਲ਼ੇ ਸਾਰੇ ਪਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਇਸ ਤੋਂ ਇਲਾਵਾ, ਗ਼ੈਰ-ਕਾਨੂੰਨੀ ਢੰਗ ਨਾਲ਼ ਵਿਦੇਸ਼ਾਂ ਵਿਚ ਦਾਖ਼ਲ ਹੋਣ ਵਾਲ਼ੇ ਜਿਆਦਾਤਰ ਅਰਥਾਤ ਮਾਲਵੇ ਦੇ 33.34 ਪ੍ਰਤੀਸ਼ਤ ਅਤੇ ਦੁਆਬੇ ਦੇ 21.87 ਪ੍ਰਤੀਸ਼ਤ ਪਰਵਾਸੀਆਂ ਨੇ 30 ਲੱਖ ਰੁਪਏ ਜਾਂ ਇਸ ਤੋਂ ਵੱਧ ਖ਼ਰਚ ਕੀਤੇ।

ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਦੇ ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦੀ ਜਾਣਕਾਰੀ ਸਾਰਨੀ 9 ਵਿਚ ਦਿੱਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਮਾਝੇ ਵਿਚ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਸਭ ਤੋਂ ਵੱਧ ਭਾਵ 1370580.11 ਰੁਪਏ ਖ਼ਰਚ ਕੀਤੇ। ਮਾਲਵੇ ਵਿਚ ਇਹ ਰਕਮ 1229132.92 ਰੁਪਏ ਅਤੇ ਦੁਆਬੇ ਵਿਚ 1095777.13 ਰੁਪਏ ਬਣਦੀ ਹੈ। ਇਹ ਰਕਮ ਵਿਦਿਆਰਥੀ ਵਰਗ ਦੇ ਸਬੰਧ ਵਿਚ ਮਾਝੇ, ਮਾਲਵੇ, ਅਤੇ ਦੁਆਬੇ ਲਈ ਕ੍ਰਮਵਾਰ 1914285.71, 1892831.75, ਅਤੇ 1761619.72 ਰੁਪਏ ਆਂਕੀ ਗਈ। ਦੂਜੇ ਪਾਸੇ ਗ਼ੈਰਵਿਦਿਆਰਥੀ ਵਰਗ ਲਈ ਔਸਤਨ ਇਹ ਰਕਮ ਮਾਲਵਾ, ਦੁਆਬਾ, ਅਤੇ ਮਾਝਾ ਲਈ ਕ੍ਰਮਵਾਰ 709069.77, 620653.27, ਅਤੇ 619407.89 ਰੁਪਏ ਬਣਦੀ ਹੈ।

ਜਿੱਥੋਂ ਤਕ ਵੱਖ-ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦਾ ਸਬੰਧ ਹੈ, ਕੁੱਲ ਖ਼ਰਚੇ ਦਾ ਜ਼ਿਆਦਾ ਹਿੱਸਾ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ। ਇਸ ਸਰੋਤ ਨੇ ਦੁਆਬਾ,

(ਬਾਕੀ ਅਗਲੇ ਸਫੇ 'ਤੇ)

# ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ

(ਸਫਾ 24 ਦੀ ਬਾਕੀ)

ਮਾਲਵਾ, ਅਤੇ ਮਾਝੇ ਵਿਚ ਕ੍ਰਮਵਾਰ ਕੁੱਲ ਖ਼ਰਚ ਦਾ 43.38, 40.10, ਅਤੇ 29.34 ਪ੍ਰਤੀਸ਼ਤ ਦਾ ਯੋਗਦਾਨ ਪਾਇਆ । ਕਦੇ-ਕਦਾਈਂ ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ ਪਲਾਟ/ ਗਹਿਣੇ/ ਵਾਹਨ/ ਜਾਨਵਰ/ਖੇਤੀਬਾੜੀ ਮਸ਼ੀਨਰੀ ਵੇਚਣੀ ਪਈ । ਇਸ ਸਰੋਤ ਨੇ ਮਾਝੇ ਵਿਚ ਪਰਵਾਸ ਦੇ ਕੁੱਲ ਖ਼ਰਚੇ ਦਾ 21.97 ਪ੍ਰਤੀਸ਼ਤ ਯੋਗਦਾਨ ਪਾਇਆ । ਮਾਲਵੇ ਵਿਚ ਇਹ 20.04 ਪ੍ਰਤੀਸ਼ਤ ਅਤੇ ਦੁਆਬੇ ਵਿਚ 19.67 ਪ੍ਰਤੀਸ਼ਤ ਸੀ । ਮੌਜੂਦਾ ਖੋਜ ਅਧਿਐਨ ਦਾ ਇਕ ਮਹੱਤਵਪੂਰਨ ਨਤੀਜਾ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੇ ਬੱਚੇ ਵੀ ਗੁਆ ਰਹੇ ਹਨ ਅਤੇ ਆਪਣੀਆਂ ਜ਼ਮੀਨਾਂ ਵੀ। ਇਹ ਦੇਖਿਆ ਗਿਆ ਹੈ ਕਿ ਮਾਝਾ, ਮਾਲਵਾ, ਅਤੇ ਦੁਆਬਾ ਵਿਚ ਪਰਵਾਸੀਆਂ ਨੇ ਕੁੱਲ ਖ਼ਰਚੇ ਦਾ ਕ੍ਰਮਵਾਰ 25.09, 15.86, ਅਤੇ 14.27 ਪ੍ਰਤੀਸ਼ਤ ਦਾ ਪ੍ਰਬੰਧ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕੀਤਾ। ਮੌਜੂਦਾ ਅਧਿਐਨ ਅੱਗੇ ਇਹ ਖੁਲਾਸਾ ਕਰਦਾ ਹੈ ਕਿ ਪਰਵਾਸੀਆਂ ਨੇ ਇਸ ਮੰਤਵ ਲਈ ਆੜ੍ਹਤੀਆਂ ਤੋਂ ਵੀ ਕਰਜ਼ਾ ਲਿਆ ਜੋ ਮਾਝਾ, ਮਾਲਵਾ, ਅਤੇ ਦੁਆਬਾ ਵਿਚ ਕ੍ਰਮਵਾਰ ਕੁੱਲ ਖ਼ਰਚੇ ਦਾ ਕ੍ਰਮਵਾਰ 10.38, 8.78, ਅਤੇ 5.97 ਪ੍ਰਤੀਸ਼ਤ ਹਿੱਸਾ ਬਣਦਾ ਹੈ । ਇੱਥੇ ਇਹ ਵਰਣਨਯੋਗ ਹੈ ਕਿ ਪਰਵਾਸੀਆਂ ਦੇ ਰਿਸ਼ਤੇਦਾਰ ਅਤੇ ਇੱਥੋਂ ਤਕ ਕਿ ਹੋਣ ਵਾਲ਼ੇ ਸਹੁਰੇ ਪਰਿਵਾਰ ਵੀ ਉਹਨਾਂ ਦੇ ਪਰਵਾਸ ਦਾ ਖ਼ਰਚਾ ਚੁੱਕਦੇ ਹਨ । ਅੰਕੜੇ ਦਰਸਾਉਂਦੇ ਹਨ ਕਿ ਪਰਵਾਸ ਦੀ ਕੁੱਲ ਲਾਗਤ ਵਿਚ ਰਿਸ਼ਤੇਦਾਰਾਂ ਦਾ ਯੋਗਦਾਨ ਦੁਆਬੇ ਵਿਚ ਸਭ ਤੋਂ ਵੱਧ ਭਾਵ 12.56 ਪ੍ਰਤੀਸ਼ਤ ਅਤੇ ਮਾਝੇ ਵਿਚ ਸਭ ਤੋਂ ਘੱਟ ਭਾਵ 10.86 ਪ੍ਰਤੀਸ਼ਤ ਸੀ। ਮਾਲਵੇ ਵਿਚ ਇਹ 11.10 ਪ੍ਰਤੀਸ਼ਤ ਸੀ। ਜਿੱਥੋਂ ਤਕ ਹੋਣ ਵਾਲ਼ੇ ਸਹੁਰੇ ਪਰਿਵਾਰਾਂ ਦੁਆਰਾ ਦਿੱਤੀ ਵਿੱਤੀ ਸਹਾਇਤਾ ਦਾ ਸਬੰਧ ਹੈ, ਪਰਵਾਸੀਆਂ ਨੇ ਇਹਨਾਂ ਪਰਿਵਾਰਾਂ ਤੋਂ ਮਾਲਵੇ, ਦੁਆਬੇ, ਅਤੇ ਮਾਝੇ ਵਿਚ ਕੁੱਲ ਲਾਗਤ ਦੇ ਕ੍ਰਮਵਾਰ 2.19, 1.33, ਅਤੇ 0.71 ਪ੍ਰਤੀਸ਼ਤ ਰਕਮ ਫੜੀ। ਪਰਵਾਸ ਦੇ ਕੁੱਲ ਖ਼ਰਚੇ ਦਾ ਸਿਰ/2.21, 1.28, ਅਤੇ 1.11 ਪ੍ਰਤੀਸ਼ਤ ਹਿੱਸਾ ਕ੍ਰਮਵਾਰ ਦੁਆਬਾ, ਮਾਲਵਾ, ਅਤੇ ਮਾਝੇ ਵਿਚ ਪਹਿਲਾਂ ਤੋਂ ਗਏ ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜੇ ਗਏ ਧਨ ਤੋਂ ਆਇਆ। ਪਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ ਕਿਸਾਨਾਂ ਤੋਂ ਕੀਤੇ ਕੁੱਲ ਖ਼ਰਚੇ ਦਾ ਮਾਲਵੇ ਵਿਚ 0.65, ਦੁਆਬੇ ਵਿਚ 0.61, ਅਤੇ ਮਾਝੇ ਵਿਚ 0.44 ਪ੍ਰਤੀਸ਼ਤ ਕਰਜ਼ ਲਿਆ। ਧਿਆਨ ਯੋਗ ਹੈ ਕਿ ਵੱਡੇ ਕਿਸਾਨ ਪਰਵਾਸੀਆਂ ਉੱਤੇ ਕਰਜ਼ਾ ਚੜ੍ਹਾ ਕੇ ਉਹਨਾਂ ਦੀਆਂ ਜ਼ਮੀਨਾਂ ਖ਼ਰੀਦਣ ਉੱਤੇ ਨਜ਼ਰ ਰੱਖਦੇ ਹਨ। ਜਿੱਥੋਂ ਤਕ ਵਿਦਿਆਰਥੀ ਅਤੇ ਗ਼ੈਰ-ਵਿਦਿਆਰਥੀ ਸ਼੍ਰੇਣੀਆਂ ਵਿਚ ਫੰਡਾਂ ਦੇ ਵੱਖ ਵੱਖ ਸਰੋਤਾਂ ਦਾ ਸਬੰਧ ਹੈ, ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਲਗਭਗ ਇਕੋ ਜਿਹਾ ਹੀ ਪੈਟਰਨ ਦੇਖਿਆ ਗਿਆ।

ਅਸੀਂ ਸਾਰੇ ਇਸ ਤੱਤ ਤੋਂ ਭਲੀ-ਭਾਂਤੀ ਜਾਣੂ ਹਾਂ ਕਿ ਪਰਵਾਸੀ ਕਾਮੇ ਆਪਣੇ ਮੇਜ਼ਬਾਨ ਅਤੇ ਘਰੇਲੂ ਦੇਸ਼ਾਂ ਦੇ ਆਰਥਿਕ ਅਤੇ ਸਮਾਜਕ ਵਿਕਾਸ ਵਿਚ ਵੱਡਾ ਯੋਗਦਾਨ ਪਾਉਂਦੇ ਹਨ (ਸਸੀਕੁਮਾਰ ਅਤੇ ਹੁਸੈਨ, 2008)।

ਇਹਨਾਂ ਮਨੁੱਖੀ ਵਸੀਲਿਆਂ ਦੇ ਕੌਮਾਂਤਰੀ ਪਰਵਾਸ ਦਾ ਫੌਰੀ ਲਾਭ ਪੇਂਡੂ ਪਰਿਵਾਰਾਂ ਨੂੰ ਪ੍ਰਾਪਤ ਹੋਣ ਵਾਲ਼ਾ ਕੌਮਾਂਤਰੀ ਪੈਸਾ (ਰੈਮਿਟੈਂਸ) ਹੈ। ਇਹ ਵੱਡੀ ਰਕਮ ਘਰੇਲੂ ਆਰਥਿਕਤਾ ਨੂੰ ਕਾਫੀ ਹੱਦ ਤਕ ਪ੍ਰਭਾਵਿਤ ਕਰਦੀ ਹੈ (ਬਹਿਲ, 2017)। ਕੁਝ ਕੌਮਾਂਤਰੀ ਪਰਵਾਸੀ ਆਪਣੇ ਬਚੇ ਹੋਏ ਪੈਸੇ ਨੂੰ ਪਰਿਵਾਰਾਂ ਦੀ ਸਮੁੱਚੀ ਬਿਹਤਰੀ ਲਈ ਆਪਣੇ ਜੱਦੀ ਸਥਾਨਾਂ ਨੂੰ ਭੇਜਦੇ ਹਨ । ਪ੍ਰਾਪਤ ਕੀਤੇ ਗਏ ਅਜਿਹੇ ਪੈਸੇ ਅਕਸਰ ਗ਼ਰੀਬੀ, ਆਰਥਿਕ ਤੰਗੀਆਂ ਨੂੰ ਦੂਰ ਕਰਨ ਜਾਂ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਰਤੇ ਜਾਂਦੇ ਹਨ (ਕੌਰ, 2020)। ਪਰਵਾਸ ਉਹਨਾਂ ਪਰਿਵਾਰਾਂ ਲਈ ਸੁਖਾਵਾਂ ਹੁੰਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸ਼ਾਂ ਵਿਚ ਕੰਮ ਕਰ ਕੇ ਇੱਕਠੇ ਕੀਤੇ ਧਨ ਵਿਚੋਂ ਕੁੱਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ । ਇਸ ਵਿਚ ਮੂਲ ਦੇਸ਼ ਵਿਚ ਪਰਵਾਸੀਆਂ ਦੁਆਰਾ ਕੀਤੇ ਗਏ ਨਿਵੇਸ਼, ਜਮ੍ਹਾਂ ਰਾਸ਼ੀ, ਅਤੇ ਦਾਨ ਵੀ ਸ਼ਾਮਲ ਹੋ ਸਕਦੇ ਹਨ (ਓ.ਐੱਸ.ਸੀ.ਈ., ਆਈ.ਓ.ਐੱਮ., ਆਈ.ਐੱਲ.ਓ., 2006)। ਸਾਰਨੀ 10 ਦਰਸਾਉਂਦੀ ਹੈ ਕਿ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤਿਸ਼ਤਤਾ (81.92 ਪ੍ਰਤੀਸ਼ਤ) ਨੇ ਦੁਆਬੇ ਵਿਚ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ, ਇਸ ਤੋਂ ਬਾਅਦ ਮਾਲਵਾ ਵਿਚ 54.38 ਪ੍ਰਤੀਸ਼ਤ ਅਤੇ ਮਾਝੇ ਵਿਚ 46.96 ਪ੍ਰਤੀਸ਼ਤ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ।

ਇਸ ਦਾ ਮਤਲਬ ਇਹ ਹੈ ਕਿ ਮਾਝੇ ਵਿਚ 53.04, ਮਾਲਵੇ ਵਿਚ 45.62, ਅਤੇ ਦੁਆਬੇ ਵਿਚ 18.08 ਪ੍ਰਤੀਸ਼ਤ ਪਰਿਵਾਰਾਂ ਨੂੰ ਕੋਈ ਵੀ ਰਕਮ ਰੈਮਿਟੈਂਸ ਵਜੋਂ ਨਹੀਂ ਮਿਲੀ। ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ ਕੁੱਲ ਪਰਵਾਸੀਆਂ ਵਿਚੋਂ ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਜਿਆਦਾਤਰ ਪਰਵਾਸੀਆਂ ਅਰਥਾਤ ਦੁਆਬੇ ਦੇ 71.13 ਪ੍ਰਤੀਸ਼ਤ, ਮਾਲਵਾ ਦੇ 56.75 ਪ੍ਰਤੀਸ਼ਤ ਅਤੇ ਮਾਝੇ ਦੇ 51.19 ਪ੍ਰਤੀਸ਼ਤ ਨੇ ਆਪਣੇ ਪਰਿਵਾਰਾਂ ਨੂੰ 5 ਲੱਖ ਰੁਪਏ ਤਕ ਭੇਜੇ । ਮਾਲਵਾ, ਦੁਆਬਾ, ਅਤੇ ਮਾਝਾ ਦੇ ਕੁੱਲ ਪਰਵਾਸੀਆਂ ਵਿਚੋਂ, ਕ੍ਰਮਵਾਰ 21.76, 10.02, ਅਤੇ 5.88 ਪ੍ਰਤੀਸ਼ਤ ਨੇ ਆਪਣੇ ਪਰਿਵਾਰਾਂ ਨੂੰ 10 ਲੱਖ ਰੁਪਏ ਜਾਂ ਇਸ ਤੋਂ ਵੱਧ ਭੇਜੇ । ਫੀਲਡ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਇਹ ਪਰਵਾਸੀ ਮੁੱਖ ਤੌਰ 'ਤੇ ਉਹ ਹਨ ਜੋ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਵਿਦੇਸ਼ਾਂ ਵਿਚ ਪਰਵਾਸ ਕਰ ਗਏ ਸਨ ਅਤੇ ਵਿਦੇਸ਼ਾਂ ਵਿਚ ਚੰਗੀ ਤਰ੍ਹਾਂ ਵੱਸੇ ਹੋਏ ਹਨ।

ਸਾਰਨੀਆਂ 9 ਅਤੇ 10 ਇਕ ਪਰੇਸ਼ਾਨ ਕਰਨ ਵਾਲ਼ੇ ਤੱਥ ਨੂੰ ਉਜਾਗਰ ਕਰਦੀਆਂ ਹਨ ਕਿ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ 'ਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ । ਲਗਭਗ ਇਕ ਦਹਾਕਾ ਪਹਿਲਾਂ, ਇਹ ਰੁਝਾਨ ਸੀ ਕਿ ਵਿਅਕਤੀ ਜਾਂ ਵਿਦਿਆਰਥੀ ਵਿਦੇਸ਼ਾਂ ਵਿਚ ਜਾਂਦੇ ਸਨ, ਕੁਝ ਦਿਨਾਂ ਵਿਚ ਹੀ ਕੰਮ ਮਿਲ ਜਾਂਦਾ ਸੀ, ਅਤੇ ਉਹ ਆਪਣੇ ਪਰਿਵਾਰਾਂ ਨੂੰ ਪੈਸੇ ਵਾਪਸ ਭੇਜਣੇ ਸ਼ੁਰੂ ਕਰ ਦਿੰਦੇ ਸਨ । ਪਰ ਹੁਣ ਰੁਝਾਨ ਬਦਲ ਗਿਆ ਹੈ। ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਹਰ ਸਾਲ ਮੋਟੀਆਂ ਰਕਮਾਂ ਖ਼ਰਚ ਕੇ ਵਿਦੇਸ਼ ਜਾ ਰਹੇ ਹਨ । ਉਹਨਾਂ ਨੂੰ ਕੰਮ ਲੱਭਣ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ ਤੋਂ ਇਲਾਵਾ, ਵਿਦੇਸ਼ਾਂ ਵਿਚ ਰਹਿਣ-ਸਹਿਣ ਦੀਆਂ ਲਾਗਤਾਂ ਵਿਚ ਬਹੁਤ ਵਾਧਾ ਹੋ ਗਿਆ ਹੈ । ਇਸ ਲਈ ਅੱਜਕੱਲ੍ਹ ਵਿਦੇਸ਼ਾਂ ਖ਼ਾਸ ਕਰ ਕੇ ਕੈਨੇਡਾ ਅਤੇ ਅਸਟਰੇਲੀਆ ਵਿਚ ਆਪਣਾ ਗੁਜ਼ਾਰਾ ਕਰਨਾ ਬਹੁਤ ਔਖਾ ਹੋ ਗਿਆ ਹੈ । ਕੈਨੇਡਾ ਅਤੇ ਅਸਟਰੇਲੀਆ ਵਿਚ ਕੁਝ ਗੁਰਦੁਆਰੇ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਅਤੇ ਪਨਾਹ ਪ੍ਰਦਾਨ ਕਰ ਰਹੇ ਹਨ (ਸਿੰਘ, 2019)।

ਅਜਿਹੀ ਸਥਿਤੀ ਵਿਚ ਜਿੱਥੇ ਵਿਦਿਆਰਥੀ ਅਤੇ ਹੋਰ ਪਰਵਾਸੀ ਆਪਣੇ ਪਰਿਵਾਰਾਂ ਨੂੰ ਪੈਸੇ ਵਾਪਸ ਭੇਜਣ ਵਿਚ ਅਸਮਰੱਥ ਹਨ, ਸਗੋਂ ਉੱਥੇ ਆਪਣੇ ਮਾਪਿਆਂ ਨੂੰ ਹੋਰ ਪੈਸੇ ਭੇਜਣ ਲਈ ਮਜ਼ਬੂਰ ਕਰ ਰਹੇ ਹਨ। ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਪੈਸੇ ਭੇਜਣ ਕਰ ਕੇ, ਮਾਝੇ ਵਿਚ 90 ਪ੍ਰਤੀਸ਼ਤ ਤੋਂ ਵੱਧ, ਮਾਲਵੇ ਵਿਚ 63.79 ਪ੍ਰਤੀਸ਼ਤ ਅਤੇ ਦੁਆਬਾ ਵਿਚ 60.12 ਪ੍ਰਤੀਸ਼ਤ ਪਰਿਵਾਰਾਂ ਨੇ ਦੱਸਿਆ ਕਿ ਉਹ ਕਰਜ਼ੇ ਹੇਠ ਹਨ (ਸਾਰਨੀ 11) । ਕਰਜ਼ਈ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪ੍ਰਤਿਸ਼ਤ, ਅਰਥਾਤ ਮਾਝੇ ਵਿਚ 38.67 ਪ੍ਰਤਿਸ਼ਤ, ਦੁਆਬੇ ਵਿਚ 26.78 ਪ੍ਰਤਿਸ਼ਤ ਅਤੇ ਮਾਲਵੇ ਵਿਚ 20.17 ਪ੍ਰਤਿਸ਼ਤ 5 ਲੱਖ ਰੁਪਏ ਤਕ ਦੇ ਕਰਜ਼ੇ ਹੇਠ ਸਨ । ਮਾਝੇ, ਮਾਲਵੇ, ਅਤੇ ਦੁਆਬੇ ਦੇ ਹੋਰ ਕ੍ਰਮਵਾਰ 21.82, 19.67, ਅਤੇ 17.11 ਪ੍ਰਤੀਸ਼ਤ ਪਰਿਵਾਰਾਂ ਉੱਤੇ 5 ਤੋਂ 10 ਲੱਖ ਰੁਪਏ ਕਰਜ਼ ਸੀ।

ਮਾਝੇ, ਮਾਲਵੇ, ਅਤੇ ਦੁਆਬੇ ਦੇ ਕ੍ਰਮਵਾਰ 20.99, 15.40, ਅਤੇ 11.53 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਦੇ ਸਿਰ 10 ਤੋਂ 15 ਲੱਖ ਰੁਪਏ ਦਾ ਕਰਜ਼ਾ ਸੀ। ਮਾਝੇ ਵਿਚ 8 ਪ੍ਰਤੀਸ਼ਤ ਤੋਂ ਵੱਧ, ਮਾਲਵੇ ਵਿਚ 6.49 ਪ੍ਰਤੀਸ਼ਤ ਅਤੇ ਦੁਆਬੇ ਵਿਚ 3.81 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰ 15 ਅਤੇ 20 ਲੱਖ ਰੁਪਏ ਦੇ ਕਰਜ਼ਈ ਸਨ। ਇਸ ਤੋਂ ਇਲਾਵਾ, ਮਾਲਵੇ ਵਿਚ 2.07 ਪ੍ਰਤੀਸ਼ਤ, ਦੁਆਬੇ ਵਿਚ 0.88 ਪ੍ਰਤੀਸ਼ਤ ਅਤੇ ਮਾਝੇ ਵਿਚ 0.55 ਪ੍ਰਤੀਸ਼ਤ ਪਰਿਵਾਰਾਂ ਨੇ ਦੱਸਿਆ ਕਿ ਉਹਨਾਂ ਉੱਤੇ 20 ਲੱਖ ਜਾਂ ਇਸ ਤੋਂ ਵੱਧ ਰੁਪਏ ਦਾ ਕਰਜ਼ਾ ਸੀ।

**ਸਾਰਨੀ 10: ਖੇਤਰ-ਵਾਰ ਕੌਮਾਂਤਰੀ ਪਰਵਾਸੀਆਂ ਦੁਆਰਾ ਆਪਣੇ ਪਰਿਵਾਰਾਂ ਨੂੰ ਭੇਜੇ ਧਨ ਦਾ ਵੇਰਵਾ**

| ੳ) ਕੀ ਪਰਿਵਾਰਾਂ ਨੂੰ ਕੋਈ ਧਨ ਪ੍ਰਾਪਤ ਹੋਇਆ ? | ਮਾਝਾ | ਦੁਆਬਾ | ਮਾਲਵਾ |
|---|---|---|---|
| ਹਾਂ | 170 (46.96) | 838 (81.92) | 763 (54.38) |
| ਨਹੀਂ | 192 (53.04) | 185 (18.08) | 640 (45.62) |
| **ਕੁੱਲ** | 362 (100.00) | 1023 (100.00) | 1403 (100.00) |
| **ਅ) ਪਰਵਾਸੀਆਂ ਦੀ ਰਕਮ ਅਨੁਸਾਰ ਵੰਡ (ਰੁਪਇਆਂ ਵਿੱਚ)** | **ਮਾਝਾ** | **ਦੁਆਬਾ** | **ਮਾਲਵਾ** |
| 1,00,000 ਤੋਂ ਘੱਟ | 6 (3.53) | 12 (1.43) | 31 (4.06) |
| 1,00.000-2,00,000 | 8 (4.71) | 86 (10.26) | 45 (5.90) |
| 2,00,000-3,00,000 | 12 (7.06) | 219 (26.14) | 131 (17.17) |
| 3,00,000 - 4,00,000 | 19 (11.18) | 214 (25.54) | 117 (15.33) |
| 4,00,000-5,00,000 | 42 (24.71) | 65 (7.76) | 109 (14.29) |
| 5,00,000-6,00,000 | 21 (12.35) | 125 (14.92) | 109 (14.29) |
| 6,00,000-7,00,000 | 24 (14.12) | 12 (1.43) | 25 (3.28) |
| 7,00,000-8,00,000 | 4 (2.35) | 11 (1.31) | 13 (1.70) |
| 8,00,000-9,00,000 | 4 (2.35) | 8 (0.95) | 14 (1.83) |
| 9,00,000-10,00,000 | 20 (11.76) | 2 (0.24) | 3 (0.39) |
| 10,00,000 ਅਤੇ ਵੱਧ | 10 (5.88) | 84 (10.02) | 166 (21.76) |
| **ਕੁੱਲ** | 170 (100.00) | 838 (100.00) | 763 (100.00) |

**ਸਰੋਤ : ਫੀਲਡ ਸਰਵੇਖਣ, 2022**
**ਨੋਟ : ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।**

**ਸਾਰਨੀ 11: ਖੇਤਰ-ਵਾਰ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਸਿਰ ਕਰਜ਼ੇ ਦਾ ਭਾਰ**

| ਰਕਮ (ਲੱਖ ਰੁਪਇਆਂ ਵਿੱਚ) | ਮਾਝਾ | ਦੁਆਬਾ | ਮਾਲਵਾ |
|---|---|---|---|
| ਸਿਫਰ | 36 (9.94) | 408 (39.88) | 508 (36.21) |
| 5 ਤੋਂ ਘੱਟ | 140 (38.67) | 274 (26.78) | 283 (20.17) |
| 5-10 | 79 (21.82) | 175 (17.11) | 276 (19.67) |
| 10-15 | 76 (20.99) | 118 (11.53) | 216 (15.40) |
| 15-20 | 29 (8.01) | 39 (3.81) | 91 (6.49) |
| 20 ਜਾਂ ਵੱਧ | 2 (0.55) | 9 (0.88) | 29 (2.07) |
| **ਕੁੱਲ** | 362 (100.00) | 1023 (100.00) | 1403 (100.00) |

**ਸਰੋਤ: ਫੀਲਡ ਸਰਵੇਖਣ, 2022**
**ਨੋਟ: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।**

### ਸਿੱਟੇ ਅਤੇ ਨੀਤੀਗਤ ਸੁਝਾਅ

ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਦੇ ਪੇਂਡੂ ਇਲਾਕਿਆਂ ਵਿਚ ਕੀਤੇ ਗਏ ਫੀਲਡ ਸਰਵੇਖਣ ਦੇ ਮਹੱਤਵਪੂਰਨ ਨਤੀਜੇ ਅਤੇ ਉਹਨਾਂ ਨਾਲ਼ ਸਬੰਧਿਤ ਨੀਤੀਗਤ ਸੁਝਾਅ ਹੇਠ ਲਿਖੇ ਲਿਖੇ ਅਨੁਸਾਰ ਹਨ:

* ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਕੌਮਾਂਤਰੀ ਪਰਵਾਸ ਕਰਨ ਵਾਲ਼ੇ ਜ਼ਿਆਦਾਤਰ ਵਿਅਕਤੀਆਂ ਜਿਵੇਂ ਮਾਝਾ ਦੇ 87.85 ਪ੍ਰਤੀਸ਼ਤ, ਮਾਲਵਾ ਦੇ 85.25 ਪ੍ਰਤੀਸ਼ਤ ਅਤੇ ਦੁਆਬਾ ਦੇ 81.53 ਪ੍ਰਤੀਸ਼ਤ ਦੀ ਉਮਰ 15 ਤੋਂ 30 ਸਾਲ ਦੇ ਦਰਮਿਆਨ ਸੀ । ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ । ਬਹੁਤੇ ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ । ਇੱਥੋਂ ਤਕ ਕਿ ਉੱਚ-ਵਿੱਦਿਅਕ ਪੱਧਰ ਵਾਲ਼ੇ ਵਿਅਕਤੀ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇਕ ਬਿਹਤਰ ਵਿਕਲਪ ਸਮਝਦੇ ਹਨ ।

ਇਸ ਤਰ੍ਹਾਂ, ਮੌਜੂਦਾ ਖੋਜ ਅਧਿਐਨ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਨਤੀਜੇ ਵਜੋਂ 'ਬੌਧਿਕ ਹੂੰਝਾ'' ਅਤੇ 'ਜਨਸੰਖਿਆ ਲਾਭ ਅੰਸ਼ ਦੇ ਨੁਕਸਾਨ' ਦੀ ਸਮੱਸਿਆ ਨੂੰ ਉਜਾਗਰ ਕਰਦਾ ਹੈ । ਦੁਆਬੇ ਦੇ 91.40, ਮਾਲਵੇ ਦੇ 85.03, ਅਤੇ ਮਾਝੇ ਦੇ 27.90 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ । ਮੌਜੂਦਾ ਖੋਜ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਮਾਝੇ ਵਿਚ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਸਭ ਤੋਂ ਵੱਧ ਭਾਵ 1370580.11 ਰੁਪਏ ਖ਼ਰਚ ਕੀਤੇ । ਮਾਲਵੇ ਵਿਚ ਇਹ ਰਕਮ 1229132.92 ਰੁਪਏ ਅਤੇ ਦੁਆਬੇ ਵਿਚ 1095777.13 ਰੁਪਏ ਬਣਦੀ ਹੈ। ਇਹ ਰਕਮ ਵਿਦਿਆਰਥੀ ਵਰਗ ਦੇ ਸਬੰਧ ਵਿਚ ਮਾਝੇ, ਮਾਲਵੇ, ਅਤੇ ਦੁਆਬੇ ਲਈ ਕ੍ਰਮਵਾਰ 1914285.71, 1892831.75, ਅਤੇ 1761619.72 ਆਂਕੀ ਗਈ ।

ਦੂਜੇ ਪਾਸੇ ਗ਼ੈਰ-ਵਿਦਿਆਰਥੀ ਵਰਗ ਲਈ ਔਸਤਨ ਇਹ ਰਕਮ ਮਾਲਵਾ, ਦੁਆਬਾ, ਅਤੇ ਮਾਝਾ ਲਈ ਕ੍ਰਮਵਾਰ 709069.77, 620653.27, ਅਤੇ 619407.89 ਰੁਪਏ ਬਣਦੀ ਹੈ । ਇਸ ਤੋਂ ਇਲਾਵਾ, ਪਰਵਾਸ ਦੇ ਕੁੱਲ ਖ਼ਰਚਿਆਂ ਦਾ ਜ਼ਿਆਦਾਤਰ ਹਿੱਸਾ ਪਰਵਾਸੀਆਂ ਦੀ ਪਰਿਵਾਰਕ ਬੱਚਤ ਤੋਂ ਆਇਆ ਹੈ। ਕਦੇ ਕਦਾਈਂ ਪਰਵਾਸੀਆਂ ਨੂੰ ਵਿਦੇਸ਼ ਜਾਣ ਵਾਸਤੇ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ ਗਹਿਣੇ/ਵਾਹਨ/ਜਾਨਵਰ/ ਖੇਤੀਬਾੜੀ ਮਸ਼ੀਨਰੀ ਵੇਚਣੀ ਪੈਂਦੀ ਹੈ । ਮੌਜੂਦਾ ਖੋਜ ਅਧਿਐਨ ਦਾ ਇਕ ਮਹੱਤਵਪੂਰਨ ਨਤੀਜਾ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੇ ਬੱਚੇ ਵੀ ਗੁਆ ਰਹੇ ਹਨ ਅਤੇ ਆਪਣੀਆਂ ਜ਼ਮੀਨਾਂ ਵੀ । ਮੌਜੂਦਾ ਖੋਜ ਅਧਿਐਨ ਤੋਂ ਸਾਹਮਣੇ ਆਇਆ ਕਿ ਮਾਝੇ ਵਿਚ 53.04, ਮਾਲਵੇ ਵਿਚ 45.62, ਅਤੇ ਦੁਆਬੇ ਵਿਚ 18.08 ਪ੍ਰਤੀਸ਼ਤ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਕੋਈ ਵੀ ਰਕਮ (ਰੈਮਿਟੈਂਸ) ਨਹੀਂ ਭੇਜੀ । ਉਹਨਾਂ ਕੁੱਲ ਪਰਵਾਸੀਆਂ ਵਿਚੋਂ ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ, ਜ਼ਿਆਦਾਤਰ ਪਰਵਾਸੀਆਂ ਅਰਥਾਤ ਦੁਆਬੇ ਦੇ 71.13 ਪ੍ਰਤੀਸ਼ਤ, ਮਾਲਵਾ ਦੇ 56.75 ਪ੍ਰਤੀਸ਼ਤ ਅਤੇ ਮਾਝੇ ਦੇ 51.19 ਪ੍ਰਤੀਸ਼ਤ ਨੇ 5 ਲੱਖ ਰੁਪਏ ਤਕ ਭੇਜੇ ਸਨ । ਇਸ ਤਰ੍ਹਾਂ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ 'ਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ । ਪੇਂਡੂ ਪੰਜਾਬ ਤੋਂ ਹੋ ਰਿਹਾ ਕੌਮਾਂਤਰੀ ਪਰਵਾਸ ਵਿਚ ਸਿਰ/ 'ਪੂੰਜੀ ਹੂੰਝਾ' (Capital Drain) ਹੀ ਨਹੀਂ, ਸਗੋਂ ਇਸ ਵਿਚ 'ਬੌਧਿਕ ਹੂੰਝਾ' (Brain Drain) ਅਤੇ 'ਜਨਸੰਖਿਅਕ ਲਾਭ ਅੰਸ਼ ਦਾ ਨੁਕਸਾਨ' (Üoss oz DemogrAphic Dividend) ਵੀ ਸ਼ਾਮਿਲ ਹਨ । ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹਨਾਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਰੁਜ਼ਗਾਰ ਦੇ ਢੁੱਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜਬੂਰੀ ਵੱਸ ਵਿਦੇਸ਼ ਨਾ ਭੇਜਣਾ ਪਵੇ।

* ਮੌਜੂਦਾ ਖੋਜ ਅਧਿਐਨ ਇਕ ਸੁਝਾਅ ਉਹਨਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੰਦਾ ਹੈ ਜੋ ਆਪਣੀ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ, ਜੇਕਰ ਉਹ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਆਪਣੀ ਉੱਚ ਸਿੱਖਿਆ ਦੀ ਡਿਗਰੀ ਪ੍ਰਾਪਤ ਕਰਨ ਦੇ ਚਾਹਵਾਨ ਹਨ ਤਾਂ ਉਹਨਾਂ ਨੂੰ ਕੁਝ ਵਿਦੇਸ਼ੀ ਯੂਨੀਵਰਸਿਟੀਆਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲ਼ੀ ਸਕਾਲਰਸ਼ਿਪ ਲਈ ਆਪਣੇ ਆਪ ਨੂੰ ਤਿਆਰ ਕਰ ਕੇ ਵਿਦੇਸ਼ ਜਾਣਾ ਚਾਹੀਦਾ ਹੈ।

(ਬਾਕੀ ਅਗਲੇ ਸਫੇ 'ਤੇ)

# 15 ਅਗਸਤ ਲਈ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਇਸ ਸਾਲ ਅਜ਼ਾਦੀ ਦਿਵਸ 15 ਅਗਸਤ ਤੇ ਭਾਰਤ ਆਪਣੀ ਆਜ਼ਾਦੀ ਦੇ 77 ਸਾਲ ਪੂਰੇ ਕਰ ਰਿਹਾ ਹੈ। ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜਾਂ ਕੋਲ ਅਤੇ ਇਸਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ ਜਿਸਤੋਂ ਬਾਦ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ। ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦੀ ਮਿਲਣ ਨੂੰ ਲੱਗਭੱਗ 200 ਸਾਲ ਲੱਗ ਗਏ। ਭਾਰਤ ਦੀ ਆਜ਼ਾਦੀ ਲਈ ਅਣਗਿਣਤ ਦੇਸ਼ਭਗਤਾਂ ਨੇ ਆਪਣੀਆਂ ਜਾਨਾਂ ਦਿੱਤੀਆਂ। ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦੀ ਤਾਂ ਦਿੱਤੀ ਪਰ ਧਰਮ ਦੇ ਆਧਾਰ ਤੇ ਭਾਰਤ ਅਤੇ ਪਾਕਿਸਤਾਨ ਦੀ ਵੰਡ ਕਰਕੇ ਦਿਤੀ। ਦੋਹਾਂ ਦੇਸ਼ਾਂ ਵਿਚ ਹਿੰਸਕ ਦੰਗੇ ਹੋਏ ਅਤੇ ਫਿਰਕੂ ਹਿੰਸਾ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਜਿਨ੍ਹਾਂ ਵਿੱਚ ਵੱਡੇ ਪੱਧਰ ਤੇ ਜਾਨ-ਮਾਲ ਦਾ ਨੁਕਸਾਨ ਹੋਇਆ ਸੀ। ਇਤਿਹਾਸ ਵਿੱਚ ਕਦੇ ਵੀ ਕਿਸੇ ਵੀ ਮੁਲਕ ਦੀ ਵੰਡ ਕਾਰਨ ਇੰਨੀ ਵੱਡੀ ਗਿਣਤੀ ਵਿੱਚ ਲੋਕ ਨਹੀਂ ਉਜੜੇ ਹਨ। ਇਹ ਗਿਣਤੀ 1.45 ਕਰੋੜ ਦੇ ਕਰੀਬ ਸੀ। ਭਾਰਤ ਦੀ 1951 ਦੀ ਮਰਦਮਸ਼ੁਮਾਰੀ ਅਨੁਸਾਰ ਲੱਗਭੱਗ 72,49,000 ਹਿੰਦੂ ਅਤੇ ਸਿੱਖ ਪਾਕਿਸਤਾਨ ਛੱਡ ਕੇ ਭਾਰਤ ਚਲੇ ਗਏ ਅਤੇ ਲੱਗਭੱਗ 72,26,000 ਮੁਸਲਮਾਨ ਭਾਰਤ ਛੱਡ ਕੇ ਪਾਕਿਸਤਾਨ ਚਲੇ ਗਏ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹਰ ਸਾਲ ਵਾਂਗ ਵੱਡੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਰਾਸਟਰੀ ਝੰਡਾ ਤਿਰੰਗਾ ਲਹਿਰਾਇਆ ਜਾਵੇਗਾ ਵੱਡੇ ਵੱਡੇ ਰਾਜਨੇਤਾ ਅਤੇ ਅਧਿਕਾਰੀ ਲੋਕਾਂ ਨੂੰ ਅਜ਼ਾਦੀ ਦੇ ਮਹੱਤਵ ਅਤੇ ਅਜ਼ਾਦੀ ਤੋਂ ਬਾਦ ਹੋਏ ਵਿਕਾਸ ਸਬੰਧੀ ਲੰਬੇ ਲੰਬੇ ਭਾਸ਼ਣ ਦੇਣਗੇ। ਇਸ ਸਾਲ 15 ਅਗਸਤ, 2023 ਨੂੰ ਭਾਰਤ ਆਪਣੀ ਆਜ਼ਾਦੀ ਦੇ 76 ਸਾਲ ਪੂਰੇ ਹੋਣ ਤੇ ਮਾਣ ਨਾਲ ਆਪਣਾ 77ਵਾਂ ਸੁਤੰਤਰਤਾ ਦਿਵਸ ਮਨਾ ਰਿਹਾ ਹੈ। ਇਸ ਸਾਲ ਦੇ ਜਸ਼ਨ ਦਾ ਮੁੱਖ ਵਿਸ਼ਾਵਸਤੂ "ਰਾਸ਼ਟਰ ਪਹਿਲਾਂ, ਹਮੇਸ਼ਾ ਸਭ ਤੋਂ ਪਹਿਲਾਂ" ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਘਰ ਤਿਰੰਗਾ ਮੁਹਿੰਮ ਦੀ ਸ਼ੁਰੂਆਤ ਵੀ ਕੀਤੀ ਹੈ ਜਿਸ ਵਿੱਚ ਲੋਕਾਂ ਨੂੰ ਆਜ਼ਾਦੀ ਦਿਵਸ 15 ਅਗਸਤ, 2023 ਨੂੰ ਝੰਡਾ ਲਹਿਰਾਉਣ ਦੀ ਰਸਮ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ ਹੈ। "ਹਰ ਘਰ ਤਿਰੰਗਾ" ਪ੍ਰਧਾਨ ਮੰਤਰੀ ਦੁਆਰਾ ਸ਼ੁਰੂ ਕੀਤੀ ਗਈ ਇੱਕ ਮੁਹਿੰਮ ਹੈ। ਇਹ ਮੁਹਿੰਮ ਲੋਕਾਂ ਨੂੰ ਸੁਤੰਤਰਤਾ ਦਿਵਸ 15 ਅਗਸਤ, 2023 ਤੇ ਆਪਣੇ ਘਰਾਂ ਤੇ ਮਾਣ ਨਾਲ ਭਾਰਤੀ ਝੰਡਾ ਲਹਿਰਾਉਣ ਦੀ ਅਪੀਲ ਕਰਦੀ ਹੈ। ਇਹ ਦੇਸ਼ ਲਈ ਪਿਆਰ ਦਿਖਾਉਣ ਅਤੇ ਸਾਡੀ ਆਜ਼ਾਦੀ ਦਾ ਜਸ਼ਨ ਮਨਾਉਣ ਦਾ ਇੱਕ ਤਰੀਕਾ ਹੈ। ਇਹ ਮੁਹਿੰਮ ਸਾਨੂੰ ਯਾਦ ਦਿਵਾਉਂਦੀ ਹੈ ਕਿ ਹਰ ਘਰ ਸਾਡੀ ਏਕਤਾ ਅਤੇ ਦੇਸ਼ ਭਗਤੀ ਦਾ ਪ੍ਰਤੀਕ ਹੋ ਸਕਦਾ ਹੈ। ਬੇਸ਼ੱਕ ਦੇਸ ਨੂੰ ਅਜ਼ਾਦ ਹੋਏ 76 ਸਾਲ ਬੀਤ ਗਏ ਹਨ ਪਰ ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਬਹੁਤੇ ਲੋਕ ਅਜੇ ਵੀ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਅਤੇ ਇਸ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੇ ਸੁਪਨੇ ਅਧੂਰੇ ਪਏ ਹਨ। ਦੇਸ਼ ਵਿੱਚ ਬਹੁਤੇ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੇ ਸ਼ਿਕਾਰ ਹਨ ਅਤੇ ਇਨ੍ਹਾਂ ਲੋਕਾਂ ਨੂੰ ਜੀਵਨ ਜਿਉਣ ਲਈ ਮੁਢਲੇ ਜ਼ਰੂਰੀ ਸਾਧਨ ਵੀ ਉਪਲਬੱਧ ਨਹੀਂ ਹੋਏ ਹਨ। ਬਹੁਤੀ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ, ਵਿਦਿੱਅਕ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ, ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸ਼ਨਾਂ ਆਦਿ ਤੇ ਰਾਤਾਂ ਕੱਟਦੇ ਹਨ, ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਭੁੱਖੇ ਪੇਟ ਮੌਤਾਂ ਹੋ ਰਹੀਆਂ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ, ਬਹੁਤੇ ਲੋਕ ਦਵਾਈਆਂ ਅਤੇ ਸਮੇਂ ਸਿਰ ਸਿਹਤ ਸਹੂਲਤਾਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਸਾਡੇ ਬਹੁਤੇ ਰਾਜਨੇਤਾ, ਮੰਤਰੀ ਅਤੇ ਸਰਕਾਰੀ ਅਧਿਕਾਰੀ ਸਰਕਾਰ ਤੋਂ ਮੋਟੀ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਕਿ ਅਮੀਰ ਵੱਡੇ ਤੋਂ ਵੱਡਾ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਬੇਕਸੂਰ ਹੋਣ ਦੇ ਬਾਵਜੂਦ ਵੀ ਫਸ ਜਾਂਦਾ ਹੈ। ਹਜਾਰ ਰੁਪਏ ਦੇ ਕਰਜ਼ਦਾਰ ਗਰੀਬ ਨੂੰ ਤਾਂ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮ ਹੱਤਿਆ ਤੱਕ ਕਰ ਲੈਂਦਾ ਹੈ ਪਰ ਦੂਜੇ ਪਾਸੇ ਰਾਜਨੀਤਿਕ ਪਹੁੰਚ ਵਾਲੇ ਕਈ ਵਿਅਕਤੀ ਬੈਂਕਾਂ ਦਾ ਕਰੋੜ੍ਹਾਂ ਰੁਪਏ ਲੈਕੇ ਮੌਜਾਂ ਕਰਦੇ ਹਨ ਅਤੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਬਹੁਤੇ ਮੰਤਰੀ ਅਤੇ ਅਧਿਕਾਰੀ ਕਾਨੂੰਨ ਤੋਂ ਵੀ ਉਪਰ ਹਨ ਅਤੇ ਅਪਰਾਧ ਕਰਕੇ ਵੀ ਆਜ਼ਾਦ ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡ-ਾਉਂਦੇ ਹਨ। ਸਾਡੇ ਦੇਸ਼ ਦੇ ਬਹੁਤੇ ਬੱਚੇ ਸਕੂਲ ਜਾਣ ਦੀ ਉਮਰੇ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ, ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ। ਬਹੁਤੇ ਰਾਜਨੀਤਿਕ ਆਗੂ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਅਤੇ ਰਾਜਨੀਤਿਕ ਲਾਭ ਲੈਣ ਲਈ ਅਕਸਰ ਰਾਜਨੀਤਿਕ ਪਾਰਟੀਆਂ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ ਅਤੇ ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ। ਸੈਕੜ੍ਹੇ ਸਮਾਜਿਕ ਕੁਰੀਤੀਆਂ ਨਸ਼ੇ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਮਹਿਲਾਵਾਂ ਤੇ ਹੋ ਰਹੇ ਅਤਿਆਚਾਰ, ਬਾਲ ਮਜਦੂਰੀ, ਧਰਮ- ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਅਤੇ ਦੰਗੇ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ ਅਤੇ ਇਨ੍ਹਾਂ ਸਮੱਸਿਆਵਾਂ ਦਾ ਠੋਸ ਹੱਲ ਕਰਨ ਦੀ ਬਜਾਏ ਫੋਕੀ ਰਾਜਨੀਤੀ ਹੀ ਚਮਕਾਈ ਜਾਂਦੀ ਹੈ। ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਬੈਠੇ ਹਜਾਰਾਂ ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ਼ ਵਿੱਚ ਆਮ ਵਿਅਕਤੀ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘੱਟ ਹੈ। ਮਹਿਲਾਵਾਂ ਨਾਲ ਵਾਪਰਦੀਆਂ ਅਪਰਾਧਿਕ ਅਤੇ ਹਿੰਸਕ ਘਟਨਾਵਾਂ, ਬੱਚੀਆਂ ਨਾਲ ਵਾਪਰ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ, ਜਾਤਿ ਅਧਾਰਤ ਹਿੰਸਾ ਦੀਆਂ ਘਟਨਾਵਾਂ, ਥਾਣਿਆਂ ਅਤੇ ਅਦਾਲਤਾਂ ਵਿੱਚ ਇਨਸਾਫ ਲਈ ਤੜਫਦੇ ਲੋਕ ਅਜਾਦੀ ਦੇ ਇਨ੍ਹਾਂ ਜਸ਼ਨਾ ਦਾ ਮੂੰਹ ਚਿੜ-ਾਉਂਦੇ ਹਨ। ਅਜਾਦੀ ਦੇ 76 ਸਾਲਾਂ ਬਾਦ ਵੀ ਇੰਝ ਜਾਪਦਾ ਹੈ ਕਿ ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਨਿਰਮਾਣ ਕਰਨ ਦੀ ਆਜ਼ਾਦੀ, ਸਰਕਾਰੀ ਅਧਿਆਪਕਾਂ ਨੂੰ ਵਿਦਿੱਅਕ ਅਦਾਰਿਆਂ ਵਿੱਚ ਨਾ ਪੜ੍ਹਾਉਣ ਦੀ ਆਜ਼ਾਦੀ ਮਿਲੀ ਹੋਈ ਹੈ। ਬਹੁਤੇ ਜਨਤਕ ਅਦਾਰੇ ਜਿਹੜੇ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਏ ਗਏ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ। ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਕਈ ਸਥਾਨਾਂ ਤੇ ਸਰਕਾਰੀ ਸਿਸਟਮ ਤੋਂ ਵਿਸਵਾਸ਼ ਉਠਣ ਕਾਰਨ ਲੋਕ ਅਪਣੇ ਫੈਸਲੇ ਅਪਣੇ ਤਰੀਕੇ ਨਾਲ ਕਰਨ ਲੱਗ ਪਏ ਹਨ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਅਤੇ ਸਿਹਤ ਅਦਾਰਿਆਂ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ। ਅੱਜ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਦੇਸ਼ ਦੀ ਅਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ਼ ਦਾ ਇੱਕ ਆਮ ਵਿਅਕਤੀ ਵੀ ਸਮ-ਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ, ਸਮ-ਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ। ਅਜਾਦੀ ਦਾ ਸਮੇਂ ਸਮੇਂ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵਿਰੋਧ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਅਜਾਦੀ ਦਿਵਸ ਮੌਕੇ ਵਿਸੇਸ ਸੁਰੱਖਿਆ ਪ੍ਰਬੰਧ ਕਰਨੇ ਪਏ ਹਨ। ਅਜ਼ਾਦੀ ਦਿਵਸ ਤੇ ਸਰਕਾਰਾਂ ਅਤੇ ਲੋਕਾਂ ਨੂੰ ਇਹ ਨਿਸਚੈ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਦੇਸ਼ ਦੇ ਹਰ ਨਾਗਰਿਕ ਤੱਕ ਪਹੁੰਚਾਣ ਲਈ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕਸਿਤ ਹੋ ਸਕੇ ਅਤੇ ਅਜਾਦੀ ਦਾ ਆਨੰਦ ਹਰ ਭਾਰਤਵਾਸੀ ਮਾਣ ਸਕੇ ਅਤੇ ਸਭ ਤੋਂ ਵੱਡਾ ਲੋਕਤੰਤਰਿਕ ਭਾਰਤ ਦੇਸ਼ ਸਹੀ ਅਰਥਾਂ ਵਿੱਚ ਮਹਾਨ ਬਣ ਸਕੇ।




# ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ

**(ਸਫਾ 26 ਦੀ ਬਾਕੀ)**

* ਮਾਝੇ ਦੇ 24.59, ਮਾਲਵੇ ਦੇ 14.47, ਅਤੇ ਦੁਆਬੇ ਦੇ 4.50 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ।

ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿਚ ਨਸ਼ਿਆਂ ਦੇ ਸੰਕਟ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣ।

* ਲੋਕ ਵਿਦੇਸ਼ ਜਾਣ ਲਈ ਇੰਨੇ ਉਤਸੁਕ ਹਨ ਕਿ ਉਹ ਗ਼ੈਰ-ਕਾਨੂੰਨੀ ਢੰਗ ਨਾ.ਲ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਮੌਜੂਦਾ ਖੋਜ ਅਧਿਐਨ ਅਨੁਸਾਰ ਦੁਆਬੇ ਦੇ 3.13 ਅਤੇ ਮਾਲਵੇ ਦੇ 0.64 ਪ੍ਰਤੀਸ਼ਤ ਪਰਿਵਾਸੀਆਂ ਦੁਆਰਾ ਅਜਿਹੇ ਤਰੀਕੇ ਵਰਤੇ ਗਏ। ਕੁਝ ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਕੁਝ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾ.ਲ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ

ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗ਼ੈਰ-ਕਾਨੂੰਨੀ ਪਰਵਾਸ ਦੀ ਸਮੱਸਿਆ ਦੇ ਹੱਲ ਲਈ ਨੌਜਵਾਨਾਂ ਵਿਚ ਪਰਵਾਸ ਦੇ ਗ਼ੈਰ-ਕਾਨੂੰਨੀ ਢੰਗਾਂ ਵਿਰੁੱਧ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਹੁਨਰ ਅਤੇ ਵਿਵਹਾਰਿਕ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਦੇਸ਼ ਅਤੇ ਵਿਦੇਸ਼ਾਂ ਵਿਚ ਸਤਿਕਾਰਯੋਗ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ, ਸਰਕਾਰ ਨੂੰ ਦਲਾਲ-ਤਸਕਰ ਗਠਜੋੜ ਨੂੰ ਤੋੜਨ ਲਈ ਕਾਨੂੰਨ ਬਣਾਉਣ ਅਤੇ ਸਖ਼ਤੀ ਨਾ.ਲ ਲਾਗੂ ਕਰਨ ਦੀ ਜ਼ਰੂਰਤ ਹੈ।

* ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਵਿਦੇਸ਼ਾਂ ਵਿਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝਾ, ਦੁਆਬਾ, ਅਤੇ ਮਾਲਵਾ ਦੇ ਕ੍ਰਮਵਾਰ 82.57, 73.90, ਅਤੇ 64.01 ਪ੍ਰਤੀਸ਼ਤ ਪੇਂਡੂ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ਼ ਵਿਚ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਵਿਚ ਸੁਧਾਰ ਕਰਨਾ ਚਾਹੀਦਾ ਹੈ।

### ਹਵਾ.ਲੇ


• Behl, S. (2017). International migration and extent of remittances: A case study of rural Punjab. International Journal of Economic and Business Review, 5(3), 136-146.
• Bhawra, V. K. (2013). Irregular migration from India to the EU: Evidence from Punjab. CARIM-India Research Report 2013/03. Retrieve from: https://mea.gov.in/images/pdf/IrregularmigrationfromIndiatotheEU.pdf
• Browne E. (2017). Evidence on education as a driver for migration, Retrieved from https:// assets.publishing.service.gov.uk/media/598086a0ed915d022b0000 3c/K4D_HDR__Migration_and_Education.pdf
• Chanda, R. and Ghosh, S. (2012) The Punjabi diaspora in the UK: An overview of characteristics and contributions to India. Working paper, No 380, Indian Institute of Management Bangalore. Retrieve from: https://papers.ssrn.com/sol3/papers.cfm?abstract_id=2179734
• Dodani. S. and Laporte, R.E. (2005). Brain drain from developing countries: how can brain drain be converted into wisdom gain? Journal of the Royal Society of Medicine, 98(11), 487-491.
• Gaur, S. and Saxena, P. C. (2005). Networks perpetuating labour migration from India to Lebanon: A comparative study from the states of Punjab and Tamil Nadu. Retrieve from https://ipc2005.popconf.org/papers/52510
• Gupta, R., Kaur, G., Thakur, P.A., Dadhwal, A., and Pandey, A.K. (2023). Flight from Punjab to Foreign: A case study on international migration of residents of Punjab. European Chemical Bulletin, 12(5): 575-581.
• Judge, P.S. (2012). Mapping the Social Background of Punjabi Diaspora. in Sahai, P.S.; Chand, K. and Kumar, P. (eds.). Indian Diaspora: Migration and Development with focus on the State of Punjab. Centre for Research in Rural and Industrial Development (CRRID), Chandigarh, 33-59.
• Kainth, G. S. (2010). Push and Pull Factors of Migration: A Case Study of Brick Kiln Migrant Workers in Punjab. Munich Personal RePEc Archive. Retrieve from: https://mpra.ub.uni-muenchen.de/30036/1/PPM
• Kapuria, S. and Birwal, D. (2017). International migration from Punjab: Trends and challenges. Researchpaedia, 4(1), 27-36.
• Kaur, A.P. (2020). Impact of migration on gender roles: Study of left behind wives in rural Punjab. Indian Journal of Health and Well-being. 11(7-9): 407-411.
• Kaur, G. (2019). Overseas migration of students from Punjab. International Journal of Research and Analytical Reviews, 6(1), 1053-1059.
• Kaur, G. and Brar, J.S. (2020). Emigration from Farm Households of Punjab: Nature, Extent and Incidence. Journal of Sikh & Punjab Studies. 27 (1/2): 95-114.
• Khadria, B. (2002). Skilled labour migration from developing countries: Study on India. International Migration Papers 49, International Labour Office, Ganeva. Retrieve from: www.ilo.org/global/topics/labour-migration/publications/WCMS_201778/lang--en/index.htm
• Ministry of External Affairs (2019). Annual report 2018-2019. Retrieved from http://www.mea.gov.in/Uploads/PublicationDocs/31719_MEA_AR18_19.pdf
• Nanda, A.K and Veron J. (2015). Dynamics of International Out-migration from PUNJAB, Report on PIMS. INED, Paris and CRRID, Chandigarh, 1-38.
• Organization for Security and Co-operation in Europe (OSCE), International Organization for Migration (IOM), International Labour Office (ILO). (2006). Handbook on Establishing Effective Labour Migration Policies in Countries of Origin and Destination. OSCE, IOM, ILO; Geneva
• Sasikumar, S.K. and Hussain, Z. (2008), Managing International labour Migration from India: Policies and Perspectives, ILO Asia-Pacific Working Paper Series
• Singh, S. (2019, December 28). Canada, Oz gurdwaras start free langar tiffin service for students. Hindustan Times. Retrieve from: https://www.hindustantimes.com/chandigarh/canada-oz-gurdwaras-start-free-langar-tiffinservice-for-students/story-hXP43lvsYYQLMdBUBmaqEO.html
• The Tribune (2018). Cost of foreign dreams for patients in Punjab. July 29. Retrieved from https://www.tribuneindia.com/news/punjab/cost-of-foreign-dreams-forparentsin-punjab-rs-27-000-cr/628584.html
• The Tribune (2019). Unsettling migration's underbelly, March 03. Retrieved from https://www.tribuneindia.com/news/archive/features/unsettling-migrationsunderbelly-737217
• United Nations Office on Drugs and Crime (UNODC). (2009). Smuggling of Migrants from India to Europe and in particular to U.K.: A Study on Punjab and Haryana. UNODC; New Delhi.
• Vadhera, N. and Punia, M.K. (2018). Repercussions of emigration on left behind family members: A study of Sangrur district of Punjab. Shrinkhla Ek Shodhparak Vaicharik Patrika, 06(01), 62-67.

# ਲਾਈਫ ਕੋਚ ਕੇਵਲ ਕੈਰੀਅਰ ਜਾਂ ਮਾਨਿਸਕ ਤਣਾਅ ਦਾ ਹੱਲ ਦੇ ਨਾਲ ਜਿੰਦਗੀ ਜਿਉਣ ਦਾ ਤਾਰੀਕਾ ਵੀ ਸਿਖਾਉਂਦਾ

## (ਸਮੇਂ ਦਾ ਹਾਣੀ ਬਣਾਉਣ ਹਿੱਤ ਮਾਪਿਆਂ ਅਤੇ ਬੱਚਿਆਂ ਨੂੰ ਵੱਖ ਵੱਖ ਵਿਸ਼ਿਆਂ ਦੀ ਜਾਣਕਾਰੀ ਪੇਸ਼ਾਵਰ ਕੋਚ ਹੀ ਦੇ ਸਕਦਾ)



ਡਾ. ਸੰਦੀਪ ਘੰਡ
98778-71067

ਸਮੇਂ ਦੀ ਤਬਦੀਲੀ ਅਤੇ ਸਮੇਂ ਸਮੇਂ ਤੇ ਆਈਆਂ ਕੁਦਰਤੀ ਆਫਤਾਂ ਅਤੇ ਜਿੰਦਗੀ ਦੀਆ ਮੁਸ਼ਕਿਲਾਂ ਸਾਨੂੰ ਜਿੰਦਗੀ ਜਿਉਣ ਦਾ ਸਬਕ ਸਿਖਾਉਦੀਆਂ ਹਨ।ਇਸ ਤੋਂ ਇਲਾਵਾ ਤਕਨੀਕ ਦੀ ਵੱਧ ਵਰਤੋਂ, ਇਛਾਵਾਂ ਵਿੱਚ ਵਾਧਾ ਸਾਡੇ ਲਈ ਨਵੀ ਚਣੋਤੀਆਂ ਪੈਦਾ ਕਰਦਾ ਹੈ। ਜਿੰਦਗੀ ਵਿੱਚ ਵਿਚਰਦੇ ਹੋਏ ਅਸੀ ਪਹਿਲਾਂ ਆਪਣੇ ਨਿਸ਼ਾਨੇ ਨੂੰ ਮਿੱਥਦੇ ਹਾਂ ਉਸ ਦੀ ਪ੍ਰਾਪਤੀ ਲਈ ਯਤਨ ਕਰਦੇ ਹਾਂ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਖੁਸੀ ਮਿਲਦੀ ਹੈ।ਪਰ ਜੇਕਰ ਮਾਪੇ ਸੋਚਣ ਕਿ ਜੋ ਨਿਸ਼ਾਨਾ ਅਸੀ ਆਪਣੇ ਲਈ ਮਿਥਿਆ ਅਤੇ ਉਸ ਲਈ ਜੋ ਯਤਨ ਕੀਤੇ ਉਹੀ ਨਿਸ਼ਾਨਾ ਅਤੇ ਉਸ ਲਈ ਯਤਨ ਆਪਣੀ ਅਗਲੀ ਪੀੜੀ ਭਾਵ ਬੱਚਿਆਂ ਲਈ ਕਰਨ ਦੀ ਕੋਸ਼ਿਸ ਕਰਾਂਗੇ ਤਾਂ ਨਾਂ ਕੇਵਲ ਬੁਰੀ ਤਰਾਂ ਅਸਫਲ ਹੋਵਾਂਗੇ ਸਗੋਂ ਆਪਣੇ ਬੱਚੇ ਨੂੰ ਸਮਾਜ ਵਿੱਚ ਪਿੱਛੇ ਰੱਖਣ ਦੇ ਵੀ ਜਿੰਮੇਵਾਰ ਹੋਵਾਂਗੇ।ਸਾਡਾ ਉਦੇਸ਼ ਟੀਚੇ ਨੂੰ ਕਿਵੇਂ ਪ੍ਰਾਪਤ ਕਰਨਾ ਉਸ ਲਈ ਯੋਜਨਾ ਸਮਾਂ ਅਤੇ ਉਸ ਲਈ ਕਿਹੜੇ ਸਾਧਨਾਂ ਦੀ ਲੋੜ ਹੈ ਉਸ ਬਾਰੇ ਸੋਚਣਾ ਹੈ।ਇਸ ਲਈ ਕਿਹਾ ਜਾਦਾਂ ਕਿ ਸੁਪਨੇ ਉਹ ਨਹੀ ਜੋ ਸਾਨੂੰ ਸੋਣ ਸਮੇਂ ਆਓਂਦੇ ਹਨ ਬਲਕਿ ਸੁਪਨੇ ਉਹ ਹੁੰਦੇ ਜੋ ਸਾਨੂੰ ਸੋਣ ਨਹੀ ਦਿੰਦੇ।

ਮਾਂ-ਬਾਪ ਦਾ ਫਰਜ ਕੇਵਲ ਬੱਚਿਆਂ ਦੀ ਜਰੂਰਤਾਂ ਪੂਰੀਆਂ ਕਰਨਾ ਹੀ ਨਹੀ ਸਗੋਂ ਬੱਚਿਆਂ ਦੇ ਲਾਈਫ ਸਟਾਈਲ, ਜੀਵਨ ਜਾਚ ਦੀ ਸਕਿੱਲ ਭਾਵ ਜਿਵੇਂ ਸਹਿਣਸ਼ੀਲਤਾ, ਚੰਗਾ ਵਿਵਹਾਰ, ਚੰਗੀਆਂ ਆਦਤਾਂ, ਅੁਨਸਾਸ਼ਨ, ਜਿੰਮੇਵਾਰੀ, ਸਮੇਂ ਦੇ ਪਾਬੰਦ ਅਤੇ ਸਮਾਜ ਵਿੱਚ ਵਿਚਰਣ ਹਿੱਤ ਜੋ ਵੀ ਲੋੜੀਦਾਂ ਹੈ ਦੀ ਜਾਣਕਾਰੀ ਦੇਣਾ ਵੀ ਸਾਡੀ ਜਿੰਮੇਵਾਰੀ ਹੈ। ਬੱਚੇ ਨੂੰ ਇਹ ਸਿਖਾਉਣਾ ਕਿ ਕਿਵੇਂ ਹਰ ਚੀਜ ਨੂੰ ਬਾਕੀ ਸਾਥੀਆਂ ਅਤੇ ਭੇਣ ਭਰਾਵਾਂ ਨਾਲ ਸ਼ੇਅਰ ਅਤੇ ਕਿਵੇਂ ਉਹਨਾਂ ਦੀ ਕੇਅਰ (ਦੇਖਭਾਲ) ਕਰਨੀ ਹੈ ਵਰਗੇ ਸੰਸਕਾਰ ਬਾਰੇ ਜਾਣਕਾਰੀ ਦੇਣਾ ਮਾਪਿਆ ਦਾ ਫਰਜ ਹੈ। ਪਰ ਅੱਜਕਲ ਸਮਾਜ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ।

ਅਸੀ ਆਪਣੀ ਸਾਰੀ ਜਿੰਦਗੀ ਬਿੰਨਾ ਮੋਬਾਈਲ ਦੇ ਕੱਢੀ ਹੈ ਪਰ ਅੱਜ ਅਸੀ ਉਸ ਬਿੰਨਾ ਨਹੀ ਰਹਿ ਸਕਦੇ।ਅੱਜ ਦੀ ਪੀੜੀ ਬਹੁਤ ਹੈਰਾਨ ਹੁੰਦੀ ਕਿ ਤੁਸੀ ਆਪਣੀ ਜਿੰਦਗੀ ਮੋਬਾਈਲ ਤੋਂ ਬਿੰਨਾ ਕਿਵੇਂ ਕੱਟ ਲਈ ਪਰ ਉਹਨਾਂ ਲਈ ਇੱਕ ਹੀ ਸ਼ਬਦ ਹੈ ਕਿ ਜਿਵੇਂ ਤੁਸੀ ਸੰਸਕਾਰਾਂ ਤੋਂ ਬਿੰਨਾ ਰਹਿ ਰਹੇ ਹੋ ਅਸੀ ਮੋਬਾਈਲ ਤੋਂ ਬਿੰਨਾ ਭਾਵ ਇਸ ਮੋਬਾਈਲ ਨੇ ਸੰਸਕਾਰ ਖਤਮ ਕਰ ਦਿੱਤੇ।

ਸਾਡੀ ਸੋਚ ਸਾਡੇ ਲਈ ਨਿਸ਼ਾਨੇ ਨਿਰਧਾਰਤ ਕਰਦੀ ਅਤੇ ਉਸ ਦੀ ਪੂਰਤੀ ਲਈ ਸਾਨੂੰ ਯਤਨ ਕਰਨੇ ਪੈਂਦੇ। ਨਿਸ਼ਾਨਾ ਮਿੱਥਣ ਤੋਂ ਬਾਅਦ ਸਾਡੇ ਸਾਰੇ ਯਤਨ ਅਤੇ ਸਾਡੀ ਅੱਖ ਉਸ ਨਿਸ਼ਾਨੇ ਤੇ ਹੋਣੀ ਚਾਹੀਦੀ ਜਿਵੇ ਅਰਜਨ ਦੀ ਨਜਰ ਮੱਛੀ ਦੀ ਅੱਖ ਤੇ ਸੀ ਉਸ ਨੂੰ ਉਸ ਸਮੇਂ ਮੱਛੀ ਨਹੀ ਉਸ ਦੀ ਅੱਖ ਦਿਸ ਰਹੀ ਸੀ। ਸਾਡੇ ਲਈ ਇਸ ਤਰਾਂ ਹੋਣਾ ਚਾਹੀਦਾ ਅਤੇ ਜੇਕਰ ਸਾਡੇ ਯਤਨ ਅਰਜਨ ਵਾਂਗ ਹੋਣਗੇ ਤਾਂ ਹਰ ਹਲਾਤ ਵਿੱਚ ਉਸ ਨਿਸ਼ਾਨੇ ਦੀ ਪੂਰਤੀ ਹੋਵੇਗੀ। ਅੱਜਕਲ ਤਾਂ ਸਾਡੇ ਕੋਲ ਸਾਧਨਾਂ ਦੀ ਬਹੁਤਾਤ ਹੈ ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀ ਕਿ ਵੱਧ ਸਾਧਨ ਹੋਣ ਕਾਰਣ ਸਾਡੇ ਨਿਸ਼ਾਨੇ ਵੀ ਵੱਡੇ ਹੋਏ ਹਨ।

ਅੱਜਕਲ ਬੀਏ ਕਰਨਾ ਤੋਂ ਬਾਅਦ ਮਾਪਿਆਂ ਨੂੰ ਕਾਹਲ ਹੁੰਦੀ ਕਿ ਸਾਡਾ ਬੱਚਾ ਜਲਦੀ ਕਸੇ ਨੋਕਰੀ ਤੇ ਲੱਗ ਜਾਵੇ ਪਰ ਉਹ ਨਹੀ ਜਾਣਦੇ ਕਿ ਉਹਨਾਂ ਦੇ ਬੱਚੇ ਦੀ ਕੀ ਇੱਛਾ ਜਾਂ ਉਸ ਵਿੱਚ ਕੀ ਕਰਨ ਦੀ ਕਾਬਲੀਅਤ ਹੈ। ਜਿਸ ਕਾਰਣ ਬੱਚਾ ਜਿਸ ਨਿਸ਼ਾਨੇ ਲਈ ਸੋਚ ਰਿਹਾ ਹੁੰਦਾ ਉਹ ਉਸ ਦੇ ਮਨ ਵਿੱਚ ਰਹਿ ਜਾਦਾਂ ਅਤੇ ਉਹ ਸਾਰੀ ਜਿੰਦਗੀ ਉਸ ਕਲਰਕ ਜਾਂ ਸੇਵਾਦਾਰ ਦੀ ਨੋਕਰੀ ਨਾਲ ਹੀ ਤਸੱਲੀ ਕਰ ਲੈਂਦਾ ਇਸ ਲਈ ਅਸੀ ਦੇਖਦੇ ਹਾਂ ਕਿ ਅੱਜ ਸੇਵਾਦਾਰ ਦੀ ਅਸਾਮੀ ਲਈ ਵੀ ਪੀਐਚਡੀ ਕੀਤੀ ਹੋਈ ਨੋਜਵਾਨ ਅਪਲਾਈ ਕਰਦੇ ਹਨ। ਬੀਏ. ਬੀਐਡ ਜਾਂ ਐਮ.ਏ ਬੀਐਡ ਜਿਸ ਦਾ ਉਹਨਾਂ ਨੂੰ ਪਤਾ ਹੈ ਕਿ ਅਸੀ ਟੀਚਰ ਲੱਗ ਸਕਦੇ ਪਰ ਜਲਦੀ ਕਾਰਨ ਉਹ ਸੇਵਾਦਾਰ ਹੀ ਲੱਗਣ ਦੀ ਕਾਹਲ ਕਰਦੇ ਅਤੇ ਫੇਰ ਸਾਰੀ ਉਮਰ ਇਸੇ ਗੱਲ ਵਿੱਚ ਆਪਣੇ ਬਾਕੀ ਸਾਥੀਆਂ ਨੂੰ ਇਹ ਕਹਿੰਦੇ ਰਹਿੰਦੇ ਹਾਂ ਕਿ ਮੇਰੀ ਯੋਗਤਾ ਤਾਂ ਸਾਡੇ ਅਫਸਰ ਨਾਲੋਂ ਜਿਆਦਾ ਪਰ ਮੇਰੀ ਮਜਬੂਰੀ ਕਾਰਨ ਇਹ ਨੋਕਰੀ ਕਰਨੀ ਪੇ ਰਹੀ ਹੈ।ਪਰ ਜੇਕਰ ਉਸ ਨੇ ਕਿਸੇ ਪੇਸ਼ਾਵਰ ਵਿਅਕਤੀ ਲਾਈਫ ਕੋਚ ਦੀ ਮਦਦ ਲਈ ਹੁੰਦੀ ਤਾਂ ਉਹ ਇਸ ਤਰਾਂ ਕਾਹਲ ਨਾ ਕਰਦਾ। ਪਿਛਲੇ ਦਿਨੀ ਮੈਂ ਨਿੱਜੀ ਤਜਰਬੇ ਵੱਜੋਂ ਦੇਖਿਆ ਕਿ ਮੇਰੇ ਵਿਭਾਗ ਵਿੱਚ ਮੇਰੇ ਕੋਲ ਇੱਕ ਲੜਕਾ ਸੇਵਾਦਾਰ ਲਈ ਜੁਆਈਨ ਕਰਨ ਵਾਸਤੇ ਆਇਆ ਉਸ ਦੀ ਚੋਣ ਮੇਰੇ ਮੁੱਖ ਦਫਤਰ ਵੱਲੋਂ ਕੀਤੀ ਗਈ ਸੀ। ਮੈਨੂੰ ਪਤਾ ਲੱਗਿਆ ਕਿ ਉਹ ਐਮ।ਏ।ਐਮਬੀਏ ਅਤੇ ਕਈ ਹੋਰ ਕੋਰਸ ਵੀ ਕੀਤੇ ਹੋਏ ਸਨ ਉਹ ਪੀਸੀਐਸ ਦੀ ਤਿਆਰੀ ਕਰ ਰਿਹਾ ਸੀ ਅਤੇ ਆਈਏਐਸ ਦੀ ਮੁੱਢਲੀ ਪ੍ਰੀਖੀਆ ਵੀ ਉਸ ਨੇ ਪਿੱਛਲੇ ਸਾਰ ਪਾਸ ਕਰ ਲਈ ਪਰ ਮੇਨ ਵਿੱਚੋਂ ਫੇਲ ਹੋ ਗਿਆ। ਹੁਣ ਤੁਸੀ ਦੇਖ ਸਕਦੇ ਹੋ ਕਿ ਕਿਸੇ ਪੇਸ਼ਾਵਰ ਵਿਅਕਤੀ ਪਾਸੋਂ ਯੋਗ ਸਿਖਲਾਈ ਨਾ ਮਿੱਲਣ ਕਰਕੇ ਉਹ ਆਪਣਾ ਕੋਈ ਨਿਸ਼ਾਨਾ ਹੀ ਨਹੀ ਸੀ ਮਿੱਥ ਸਕਿਆ।

ਮਾਪਿਆਂ ਨੂੰ ਬੱਚਿਆ ਲਈ ਉਹਨਾਂ ਦੇ ਟੀਚੇ ਉਹਨਾਂ ਦੀ ਪੜਾਈ ਬੱਚਿਆਂ ਦੇ ਸ਼ੋਕ ਉਹਨਾਂ ਦੀ ਰੁੱਚੀ ਅੁਨਸਾਰ ਕਰਨੀ ਚਾਹੀਦੀ ਇਸ ਕਾਰਣ ਹੀ ਅੱਜਕਲ ਬੱਚਿਆਂ ਨੂੰ ਸਕੂਲੀ ਸਿੱਖਿਆ ਕਿਤਾਬਾਂ ਦੀ ਬਜਾਏ ਵੱਖ ਵੱਖ ਤਰਾਂ ਦੀਆਂ ਪਰਖ ਵਿੱਧੀਆਂ,ਖੇਡਾਂ ਅਤੇ ਵੱਖ ਵੱਖ ਗਤੀਵਿਧੀਆਂ ਰਾਂਹੀ ਦਿੱਤੀ ਜਾਦੀ। ਅਸੀ ਦੇਖਦੇ ਹਾਂ ਕਿ ਜਦੋਂ ਬੱਚਾ ਬਚਪਨ ਵਿੱਚ ਹੁੰਦਾ ਤਾਂ ਉਹ ਕੀ ਕਰਦਾ ਜੇਕਰ ਬੱਚਾ ਬਚਪਨ ਵਿੱਚ ਟਰੈਕਟਰ ਨਾਲ ਖੇਡਦਾ, ਟਰੈਕਟਰ ਤੇ ਚੜਦਾ ਅਤੇ ਖੇਤ ਜਾਣ ਅਤੇ ਖੇਤੀਬਾੜੀ ਦੇ ਸੰਧਾਂ ਬਾਰੇ ਜਾਣਕਾਰੀ ਮੰਗਦਾ ਜਾਂ ਉਹਨਾਂ ਨਾਲ ਖੇਡਦਾ ਉਹਨਾਂ ਬਾਰੇ ਗੱਲਬਾਤ ਕਰਦਾ ਤਾਂ ਬੱਚੇ ਨੂੰ ਖੇਤੀਬਾੜੀ ਨਾਲ ਜੋੜਣ ਹਿੱਤ ਖੇਤੀਬਾੜੀ ਦੀ ਪੜਾਈ ਕਰਵਾਉਣੀ ਚਾਹੀਦੀ। ਪਰ ਕਈ ਮਾਂ-ਬਾਪ ਸ਼ੁਰੂ ਵਿੱਚ ਬੱਚੇ ਦੇ ਮਨ ਵਿੱਚ ਬਿਠਾ ਦਿੰਦੇ ਹਾਂ ਕਿ ਅਸੀ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋਕੇ ਕੱਟ ਲਈ ਉਹ ਹੁਣ ਚਾਹੁੰਦੇ ਕਿ ਉਹਨਾਂ ਦੇ ਬੱਚੇ ਸਰਕਾਰੀ ਨੋਕਰੀ ਕਰਨ। ਖੇਤੀਬਾੜੀ ਵਿੱਚ ਵੀ ਨੋਕਰੀ ਹੋ ਸਕਦੀ ਖੇਤੀਬਾੜੀ ਵਿੱਚ ਵੀ ਬਿੰਨਾ ਖੇਤੀ ਤੋ ਉਸ ਨਾਲ ਸਬੰਧਤ ਅਣਗਿਣਤ ਕੰਮ ਕੀਤੇ ਜਾ ਸਕਦੇ ਹਨ।

ਅੱਜਕਲ ਅਸੀ ਦੇਖਦੇ ਹਾਂ ਕਿ ਆਪਣੀ ਮੰਜਿਲ ਤੇ ਨਾਂ ਪਹੁੰਚਣ ਕਾਰਣ ਸਬ ਤੋਂ ਵੱਧ ਨੋਜਵਾਨ ਵਰਗ ਹੀ ਪ੍ਰਭਾਵਿਤ ਹੋਇਆ ਹੈ। ਜਿਸ ਕਾਰਣ ਉਸ ਦਾ ਤਣਾਅ ਵਿੱਚ ਰਹਿਣਾ ਸੁਭਾਵਿਕ ਹੈ। ਇਹ ਤਣਾਅ ਇੰਨਾ ਖਤਰਨਾਕ ਹੈ ਕਿ ਇਸ ਤਣਾਅ ਕਾਰਨ ਨੋਜਵਾਨਾਂ ਦੀ ਭਟਕਣਾ ਸ਼ੁਰੂ ਹੋ ਜਾਦੀ। ਨੋਜਵਾਨਾ ਦੇ ਤਣਾਅ ਵਿੱਚ ਰਹਿਣ ਕਾਰਨ ਸੁਭਾਵਿਕ ਹੈ ਕਿ ਉਹਨਾਂ ਦੇ ਮਾਪੇ ਵੀ ਤਣਾਅ ਵਿੱਚ ਚੁਲ ਜਾਦੇ ਹਨ। ਇਸ ਲਈ ਮਾਂ-ਬਾਪ ਆਪਣੀ ਜਿੰਦਗੀ ਦੇ ਤਜਰਬੇ ਅੁਨਸਾਰ ਉਹਨਾਂ ਦੀ ਸੋਚ ਅਤੇ ਉਹਨਾਂ ਦੇ ਕੈਰੀਅਰ ਨੂੰ ਮਿੱਥਣ ਦੀ ਕੋਸ਼ਿਸ ਕਰਦੇ ਹਨ ਪਰ ਮਾਂ-ਬਾਪ ਆਪਣੇ ਤਜਰਬੇ ਅੁਨਸਾਰ ਬੱਚਿਆ ਦੇ ਨਿਸ਼ਾਨੇ ਨੂੰ ਮਿੱਥਣ ਦੀ ਕੋਸ਼ਿਸ਼ ਕਰਦੇ ਪਰ ਨਵੀ ਪੀੜੀ ਦੀ ਸੋਚ ਦੀ ਤਬਦੀਲੀ ਕਾਰਣ ਉਹ ਨਿਸ਼ਾਨੇ ਬੱਚਿਆਂ ਨੂੰ ਸਹੀ ਨਹੀ ਬੇਠਦੇ।ਇਸ ਲਈ ਜਰੂਰੀ ਹੈ ਕਿ ਜਦੋਂ ਬੱਚਿਆ ਦਾ ਕੈਰੀਅਰ ਬਾਰੇ ਜਾਂ ਬੱਚਿਆਂ ਦੇ ਲਾਈਫ ਸਟਾਈਲ ਬਾਰੇ ਗੱਲ ਹੋਵੇ ਤਾਂ ਨਾਂ ਤਾਂ ਅਸੀ ਇਸ ਬਾਰੇ ਮਾਪਿਆਂ ਨੂੰ ਪੂਰੀ ਜਾਣਕਾਰੀ ਹੁੰਦੀ ਅਤੇ ਨਾ ਹੀ ਬੱਚਿਆਂ ਨੂੰ ਤਾਂ ਫੇਰ ਮਾਪਿਆਂ ਨੂੰ ਅਜਿਹੇ ਪੇਸ਼ਾਵਰ ਵਿਅਕਤੀ ਦੀ ਜਰੂਰਤ ਹੈ ਜੋ ਅੱਜਕਲ ਬਦਲਦੇ ਸਮੇਂ ਅੁਨਸਾਰ ਕੈਰੀਅਰ ਕਾਉਸਲਿੰਗ ਅਤੇ ਜੀਵਨ ਜਾਚ ਦੀ ਜਾਣਕਾਰੀ ਦੇ ਸਕੇ। ਫੇਰ ਵੀ ਮਾਂ-ਬਾਪ ਨੂੰ ਇਹ ਦੇਖਣ ਹਿੱਤ ਕਿ ਕੀ ਤਹਾਨੂੰ ਅਤੇ ਤੁਹਾਡੇ ਬੱਚੇ ਨੂੰ ਕਿਸੇ ਲਾਈਫ ਕੋਚ ਜਾਂ ਪੇਸ਼ਾਵਰ ਵਿਅਕਤੀ ਦੀ ਮਦਦ ਦੀ ਜਰੂਰਤ ਹੈ ਤਾਂ ਹੇਠ ਲਿਖੇ ਮੁੱਖ ਬਿੰਦੂਆਂ ਬੱਚੇ ਦੇ ਰਹਿਣ ਸਹਿਣ ਨੂੰ ਦੇਖਣਾ ਚਾਹੀਦਾ।

- ਜੇਕਰ ਤੁਹਾਡਾ ਬੱਚਾ ਤੁਹਾਡੀ ਹਰ ਗੱਲ ਦਾ ਵਿਰੋਧ ਕਰ ਰਿਹਾ।
- ਤਹਾਨੂੰ ਇਹ ਪਤਾ ਨਹੀ ਲੱਗਦਾ ਕਿ ਤੁਸੀ ਕਿਸੇ ਸੰਵੇਦਨਸ਼ੀਲ ਮੁੱਦੇ ਸ਼ਬੰਧੀ ਆਪਣੇ ਬੱਚੇ ਨਾਲ ਕਿਵੇਂ ਗੱਲ ਕਰੀਏ ਖਾਸ ਕਰ ਉਹਨਾਂ ਦੇ ਜਵਾਨੀ ਸਮੇ ਉਹਨਾਂ ਦੀ ਸਰੀਰਕ ਤਬਦੀਲੀ ਬਾਰੇ।
- ਤਹਾਨੂੰ ਬੱਚੇ ਦੇ ਰੋਜਾਨਾ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਸਮੱਸਿਆ ਹੁੰਦੀ।
- ਤਹਾਨੂੰ ਆਪਣੇ ਬੱਚੇ ਦੀਆਂ ਭਾਵਨਾਵਾਂ ਜਾਣਨ ਵਿੱਚ ਮੁਸ਼ਕਿਲ ਆਉਦੀ।
- ਜਦੋਂ ਮਾਂ-ਬਾਪ ਆਪਣੇ ਆਪ ਵਿੱਚ ਇਹ ਮਹਿਸੂਸ ਕਰਦੇ ਹਨ ਕਿ ਬੱਚਾ ਉਹਨਾਂ ਦੀ ਗੱਲ ਵੱਲ ਧਿਆਨ ਨਹੀ ਦੇ ਰਿਹਾ।
- ਤਹਾਨੂੰ ਮਹਿਸੂਸ ਹੋਣ ਲੱਗਦਾ ਕਿ ਤੁਹਾਡਾ ਬੱਚਾ ਤਹਾਨੂੰ ਭਾਵਨਾਤਮਿਕ ਤੋਰ ਤੇ ਬਲੈਕਮੇਲ ਕਰ ਰਿਹਾ ਹੈ।
- ਤੁਹਾਡਾ ਕੋਈ ਵੀ ਤਾਰੀਕਾ ਸਫਲ ਨਹੀ ਹੋ ਰਿਹਾ।
- ਜੇਕਰ ਤਹਾਨੂੰ ਲੱਗਦਾ ਕਿ ਤੁਹਾਡਾ ਬੱਚਾ ਵਾਰ ਵਾਰ ਨਵੀ ਮੰਗ ਕਰ ਰਿਹਾ ਅਤੇ ਜੇਕਰ ਉਸ ਦੀ ਮੰਗ ਪੂਰੀ ਨਹੀ ਹੁੰਦੀ ਤਾਂ ਉਹ ਜਲਦੀ ਗੁੱਸੇ ਅਤੇ ਤਣਾਅ ਵਿੱਚ ਆ ਜਾਦਾਂ ਜਿਸ ਕਾਰਣਤੁਹਾਡੇ ਹਲਾਤ ਤਰਸਯੋਗ ਬਣ ਜਾਦੇ ਤਹਾਨੂੰ ਹਮੇਸ਼ਾ ਇਹ ਰਹਿੰਦਾਂ ਕਿ ਉਹ ਕੁਝ ਗਲਤ ਕਦਮ ਨਾ ਪੁੱਟ ਲਵੇ।
- ਬੱਚੇ ਵੱਲੋਂ ਸੰਚਾਰ ਸਾਧਨਾਂ ਜਿਵੇਂ ਮੋਬਾਈਲ, ਲੈਪਟਾਪ ਜਾਂ ਟੀਵੀ ਦੀ ਵੱਧ ਵਰਤੋ ਪੱਛਮੀ ਦੇਸ਼ਾਂ ਵਿੱਚ ਅਸੀ ਆਮ ਕਹਿ ਦਿੰਦੇ ਹਾਂ ਕਿ 18 ਸਾਲ ਦੀ ਉਮਰ ਤੋਂ ਬਾਅਦ ਬੱਚਾ ਮਾਂ-ਬਾਪ ਨੂੰ ਛੱਡ ਜਾਦਾਂ।ਪਰ ਅਸੀ ਇਸ ਨੂੰ ਇੰਝ ਕਿਉ ਨਹੀ ਦੇਖਦੇ ਕਿ ਬੱਚਾ 18 ਸਾਲ ਦੀ ਉਮਰ ਪੂਰੀ ਹੋਣ ਤੇ ਆਪਣੀ ਜਿੰਮੇਵਾਰੀ ਨੂੰ ਸਮਝ ਜਾਦਾਂ। ਮਾਂ-ਬਾਪ ਬੱਚੇ ਨੂੰ ਕੋਈ ਮਕਾਨ ਬਣਾ ਕੇ ਨਹੀ ਦਿੰਦੇ ਬੱਚਾ ਕਿਰਾਏ ਦੇ ਮਾਕਨ ਵਿੱਚ ਰਹਿਣ ਲੱਗਦਾ ਉਸ ਨੂੰ ਫਿਕਰ ਹੁੰਦਾ ਕਿ ਮੈਂ ਮਕਾਨ ਦਾ ਕਿਰਾਇਆ ਦੇਣਾ, ਆਪਣੀ ਰੋਟੀ ਦਾ ਖਰਚਾ ਕੱਢਣਾ, ਆਪਣੀ ਪੜਾਈ ਦਾ ਖਰਚ ਕੱਢਣਾ ਉਹ ਆਪਣੀ ਪੜਾਈ ਦੇ ਨਾਲ ਨਾਲ ਕੰਮ ਕਰਦਾ ਜਿਸ ਕਾਰਣ ਉਸ ਦੇ ਸਵੈ-ਵਿਸ਼ਵਾਸ ਵਿੱਚ ਵਾਧਾ ਹੁੰਦਾ। ਉਹ ਦ੍ਰਿੜ ਇਰਾਦੇ ਨਾਲ ਅੱਗੇ ਵੱਧਦਾ ਆਪਣਾ ਨਿਸ਼ਾਨਾ ਮਿੱਥਦਾ ਉਸ ਨੂੰ ਕੇਵਲ ਆਪਣੀ ਰੋਟੀ ਰੋਜ਼ੀ ਨਹੀ ਉਸ ਨੂੰ ਇਕੱਲਾ ਰਹਿੰਦੇ ਹੋਏ ਬਹੁਤ ਚੋਣਤੀਆ ਦਾ ਸਾਹਮਣਾ ਕਰਨਾ ਪੈਂਦਾ।

ਹੁਣ ਜਦੋਂ ਅਸੀ ਉਪਰੋਕਤ ਨਿਯਮਾਂ ਨੂੰ ਦੇਖਦੇ ਹਾਂ ਤਾਂ ਅਜੋਕੇ ਸਮੇਂ ਵਿੱਚ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਕੈਰੀਅਰ ਦੀ ਹੀ ਫਿਕਰ ਨਹੀ ਬਲਕਿ ਹੋਰ ਵੀ ਕਈ ਚੋਣਤੀਆਂ ਹਨ। ਜੀਵਨ ਜਾਚ ਜਾਂ ਸਾਡਾ ਲਾਈਫ ਸਟਾਈਲ ਦੀ ਤਬਦੀਲੀ ਤੇਜੀ ਨਾਲ ਹੋ ਰਹੀ ਹੈ। ਅੱਜ ਜਦੋਂ ਬੱਚਿਆਂ ਕੋਲ ਅੱਜ ਤੋਂ 20 ਸਾਲ ਪਹਿਲਾਂ ਦੀ ਗੱਲ ਕਰਦੇ ਹਾਂ ਤਾਂ ਉਹਨਾਂ ਨੂੰ ਇੱਕ ਆਚੰਭਾ ਲੱਗਦਾ ਪਰ ਸਮੇਂ ਅੁਨਸਾਰ ਆਈ ਤਬਦੀਲੀ ਦੇ ਅਸੀਂ ਖੁਦ ਗਵਾਹ ਹਾਂ।

ਇਸ ਲਈ ਮਾਂ-ਬਾਪ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਕੇਵਲ ਨੋਕਰੀ ਪ੍ਰਾਪਤ ਕਰਨ ਲਈ ਹੀ ਉਤਸ਼ਾਹਿਤ ਨਾ ਕੀਤਾ ਜਾਵੇ ਬਲਕਿ ਉਸ ਨਾਲ ਜਿੰਦਗੀ_ਕਵੇਂ ਜਿਉਣੀ ਹੈ ਕਿਸ ਤਾਰੀਕੇ ਨਾਲ ਸਮਾਜਿਕ ਸਮੱਸਿਆਵਾਂ ਦਾ ਮੁਕਾਬਲਾਂ ਕਰਨਾ ਇਸ ਲਈ ਬੱਚੇ ਦੀ ਸ਼ਖਸ਼ੀਅਤ ਵਿੱਚ ਨਿਖਾਰ ਲਈ ਇੱਕ ਪੇਸ਼ਾਵਰ ਵਿਅਕਤੀ ਜਿਸ ਨੂੰ ਲਾਈਫ ਕੋਚ ਉਸ ਦੀ ਜਰੂਰਤ ਹੈ। ਜਿਸ ਤਰਾਂ ਕਿਸੇ ਸਥਾਨ ਤੇ ਪਹੁੰਚਣ ਲਈ ਸਾਨੂੰ ਬਹੁਤ ਸਾਧਨਾਂ ਦੀ ਜਰੂਰਤ ਪੈਂਦੀ ਉਸੇ ਤਰਾਂ ਜਿੰਦਗੀ ਦਾ ਆਨੰਦ ਮਾਣਨ ਹਿੱਤ ਵੀ ਕਈ ਸਾਧਨਾ ਦੀ ਜਰੂਰਤ ਹੈ। ਉਹਨਾਂ ਸਾਧਨਾਂ ਦੀ ਜਾਣਕਾਰੀ ਕੋਈ ਪੇਸ਼ਾਵਰ ਵਿਅਕਤੀ ਹੀ ਦੇ ਸਕਦਾ। ਉਸ ਲਈ ਹੋਰ ਬਹੁਤ ਕੁਝ ਸਿੱਖਣ ਦੀ ਲੋੜ ਹੈ ਇਸ ਲਈ ਹਮੇਸ਼ਾ ਬੱਚੇ ਦੀ ਸਿੱਖਿਆ ਅਤੇ ਉਸ ਦੀ ਸਿਖਲਾਈ ਕਿਸੇ ਅਜਿਹੀ ਸੰਸ਼ਥਾ ਤੋਂ ਕਰਵਾਈ ਜਾਵੇ ਜਿਥੇ ਉਹ ਬੱਚੇ ਨੂੰ ਸਬੰਧਤ ਸਿੱਖਿਆ ਤੋਂ ਇਲਾਵਾ ਜੀਵਨ ਜਾਚ ਦਾ ਗਿਆਨ ਹੋਣਾ ਵੀ ਜਰੂਰੀ ਹੈ।

ਜਿਵੇਂ ਅਸੀਂ ਦੇਖ ਸਕਦੇ ਹਾਂ ਕਿ 100 ਮੀਟਰ ਦੋੜ ਵਿੱਚ ਵਿਸ਼ਵ ਰਿਕਾਰਡ 9.58 ਦਾ ਹੈ ਜੋਕਿ ਬੋਲਟ ਦੇ ਨਾਮ ਤੇ ਹੈ ਸਾਡੇ ਮਨ ਵਿੱਚ ਰਹਿੰਦਾ ਕਿ ਮੈਂ ਇਸ ਤੇ ਨਹੀ ਪਹੁੰਚ ਸਕਦਾ ਪਰ ਜੇਕਰ ਤੁਸੀ ਬੋਲਟ ਨੂੰ ਪੁੱਛੋ ਉਹ ਵੀ ਇਸ ਬਾਰੇ ਕਹੇਗਾ ਕਿ ਮੈਂ ਕਦੋ ਨਹੀ ਸੀ ਸੋਚਿਆ ਕਿ ਮੈਂ ਇਸ ਟੀਚੇ ਨੂੰ ਪ੍ਰਪਾਤ ਕਰ ਲਵਾਂਗਾ ਪਰ ਕੋਚ ਦੀ ਸਿਖਲਾਈ ਅਤੇ ਉਸ ਵਿੱਚ ਸਵੈ ਵਿਸ਼ਵਾਸ ਅਤੇ ਉਸ ਦੇ ਦ੍ਰਿੜ ਇਰਾਦੇ ਨੇ ਉਸ ਨੂੰ ਉਸ ਦਾ ਟੀਚਾ ਪ੍ਰਾਪਤ ਕਰਨ ਵਿੱਚ ਮਦਦ ਕੀਤੀ।

ਲਾਈਫ ਕੋਚ ਦੀਆਂ ਸੇਵਾਵਾਂ ਕਿਸੇ ਨੂੰ ਵੀ ਦਿੱਤੀਆ ਜਾ ਸਕਦੀਆਂ ਹਨ ਬੇਸ਼ਕ ਉਸ ਨੇ ਅਜੇ ਹੁਣੇ ਬੀਏ ਕੀਤੀ ਹੈ, ਇਕ ਸਕਲ ਦਾ ਵਿਦਿਆਰਥੀ ਹੈ ਜਾਂ ਨਵੀ ਨੋਕਰੀ ਪ੍ਰਾਪਤ ਕਰਨ ਵਾਲਾ ਵਿਅਕਤੀ ਨਵਾਂ ਉਦਯੋਗ ਸਥਾਪਿਤ ਕਰਨ ਵਾਲਾ ਇਸ ਲਈ ਮਾਪਿਆਂ ਨੂੰ ਚਾਹੀਦਾ ਕਿ ਬੱਚਿਆਂ ਨੂੰ ਸਮੇ ਅਨੁਕੁਲ ਅਤੇ ਸਮੇਂ ਦਾ ਹਾਣੀ ਬਣਾਉਣ ਹਿੱਤ ਕਿਸੇ ਪੇਸ਼ਾਵਰ ਵਿਅਕਤੀ ਦੀ ਮਦਦ ਲਈ ਜਾਵੇ ਤਾਂ ਜੋ ਬੱਚਾ ਆਪਣੇ ਆਪ ਨੂੰ ਦਿਸ਼ਾਹੀਣ ਅਤੇ ਟੀਚਾ ਰਹਿਤ ਮਹਿਸੂਸ ਨਾ ਕਰੇ। ਆਪਣੀ ਸ਼ਖਸ਼ੀਅਤ ਵਿੱਚ ਨਿਖਾਰ ਲਾਈਫ ਕੋਚ ਜਾਂ ਉਸ ਪੇਸ਼ਾਵਰ ਵਿਅਕਤੀ ਦੇ ਕਹੇ ਅੁਨਸਾਰ ਕਰ ਸਕੇ ਕਿਉਕਿ ਅੱਗੇ ਵੱਧਣ ਹਿੱਤ ਸਵੇ ਵਿਸ਼ਵਾਸ, ਦ੍ਰਿੜ ਇਰਦੇ ਦੀ ਲੋੜ ਹੈ ਜੋ ਕਿਸੇ ਤਹਰਬੇਕਾਰ ਵਿਅਕਤੀ ਨਾਲ ਗੱਲਬਾਤ ਨਾਲ ਹੀ ਹਾਸਲ ਕੀਤੇ ਜਾ ਸਕਦੇ।ਜਿੰਦਗੀ ਵਿੱਚ ਨਿਸ਼ਾਨਾ ਮਿੱਥਣਾ ਨਿਸ਼ਾਨੇ ਦੀ ਪੂਰਤੀ ਨਾਲੋਂ ਵੀ ਅਹਿਮ ਹੈ ਕਿਉਕਿ ਜਦੋਂ ਤੱਕ ਅਸੀ ਨਿਸ਼ਾਨਾ ਮਿੱਥਦੇ ਹੀ ਨਹੀਂ ਤਾਂ ਪ੍ਰਾਪਤ ਕਿਵੇਂ ਕਰ ਸਕਦੇ।

# ਪੁਸਤਕ ਸਮੀਖਿਆ

**ਗੁੰਮ ਸਿਰਨਾਵੇ ਦੀ ਤਲਾਸ਼**
**ਰੀਵਿਊਕਾਰ ਬਲਜਿੰਦਰ ਮਾਨ 98150 18947**
**ਕਵਿਤਰੀ: ਸੁਰਿੰਦਰ ਕੌਰ ਧਨੋਤਾ**
**ਪ੍ਰਕਾਸ਼ਕ: ਪ੍ਰੀਤ ਪਬਲੀਕੇਸ਼ਨ ਨਾਭਾ, ਪੰਨੇ: 128, ਮੁੱਲ 250/-**

ਸਾਹਿਤ ਮਨੁੱਖ ਨੂੰ ਹਰ ਮੌਕੇ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ। ਸਾਹਿਤ ਹੀ ਮਨੁੱਖ ਨੂੰ ਸੰਭਾਲਦਾ ਸੰਵਾਰਦਾ ਅਤੇ ਸ਼ਿੰਗਾਰਦਾ ਹੈ। ਜੀਵਨ ਦੀਆਂ ਦੁਸ਼ਵਾਰੀਆਂ ਚੋਂ ਮਨੁੱਖ ਨੂੰ ਕੱਢਣ ਦੀ ਸਮਰੱਥਾ ਵੀ ਸਾਹਿਤ ਦੇ ਹੱਥ ਹੈ। ਜਿਹੜੇ ਲੋਕ ਜੀਵਨ ਤੋਂ ਹਾਰ ਜਾਂਦੇ ਹਨ ਓਹੁਨਾਂ ਨੂੰ ਜੀਵਨ ਦਾ ਆਨੰਦ ਮਾਨਣ ਦਾ ਚੱਜ ਆਚਾਰ ਵੀ ਸਾਹਿਤ ਹੀ ਸਿਖਾਉਂਦਾ ਹੈ। ਸਾਹਿਤ ਨਾਲ ਜੁੜਿਆ ਵਿਅਕਤੀ ਕਦੀ ਮਰਦਾ ਨਹੀਂ ਉਹ ਸ਼ਬਦਾਂ ਰਾਹੀਂ ਹਮੇਸ਼ਾ ਜਿਉਂਦਾ ਰਹਿੰਦਾ ਹੈ। ਇਹ ਸ਼ਬਦ ਹੀ ਹਰ ਕਿਸੇ ਦੇ ਦੁੱਖਾਂ ਨੂੰ ਘਟਾਉਂਦੇ ਅਤੇ ਸੁੱਖਾਂ ਨੂੰ ਵਧਾਉਂਦੇ ਹਨ। ਜਿਸ ਨੇ ਇਹਨਾਂ ਨਾਲ ਪੱਕਾ ਨਾਤਾ ਜੋੜ ਲਿਆ ਉਹ ਇਹ ਸੰਸਾਰ ਨੂੰ ਕਦੇ ਵੀ ਬੌਣਾ ਨਹੀਂ ਸਮਝਦਾ। ਉਸ ਦੇ ਦਰਦ ਉਲਾਂਭੇ ਚੀਸਾਂ ਰੀਝਾਂ ਸਭ ਸ਼ਬਦਾਂ ਰਾਹੀਂ ਹੀ ਬਿਆਨੀਆਂ ਜਾਂਦੀਆਂ ਨੇ। ਅਜਿਹਾ ਕੁਝ ਹੀ ਵਾਪਰਦਾ ਹੈ ਇਸ ਪੁਸਤਕ ਦੀ ਕਵਿਤਰੀ ਸੁਰਿੰਦਰ ਕੌਰ ਧਨੋਤਾ ਨਾਲ। ਆਪਣੇ ਜਵਾਨ ਪੁੱਤਰ ਦੀ ਮੌਤ ਉਪਰੰਤ ਉਹ ਸਾਰੇ ਦੁੱਖ ਦਰਦ ਅਤੇ ਉਲਾਂਭੇ ਇਹਨਾਂ ਕਵਿਤਾਵਾਂ ਰਾਹੀਂ ਬਿਆਨ ਕਰਦੀ ਹੈ। ਨਿੱਕੀਆਂ ਵੱਡੀਆਂ 75 ਕਵਿਤਾਵਾਂ ਦਾ ਇਹ ਸੰਗ੍ਰਹਿ ਮਨੁੱਖੀ ਜੀਵਨ ਨੂੰ ਨਵੀਂ ਤੇ ਨਿਰੋਈ ਦਿਸ਼ਾ ਪ੍ਰਦਾਨ ਕਰਦਾ ਹੈ।

ਡਾਕਟਰ ਧਰਮਪਾਲ ਸਾਹਿਲ ਅਨੁਸਾਰ ਕਵਿਤਰੀ ਇਹਨਾਂ ਕਵਿਤਾਵਾਂ ਰਾਹੀਂ ਕਦੀ ਸਮਾਜ ਨੂੰ, ਨਿਜ਼ਾਮ ਨੂੰ, ਕੁਦਰਤ ਨੂੰ, ਵਕਤ ਨੂੰ ਤੇ ਕਈ ਵਾਰ ਆਪਣੇ ਆਪ ਨੂੰ ਵੀ ਸੰਬੋਧਨ ਕਰਦੀ ਹੈ। ਮੌਜੂਦਾ ਸੰਸਾਰ ਦੇ ਭਖਦੇ ਮਸਲਿਆਂ ਨੂੰ ਇਹਨਾਂ ਕਵਿਤਾਵਾਂ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਪ੍ਰਵਾਸ ਹੰਢਾ ਰਹੇ ਧੀਆਂ ਪੁੱਤ ਅਤੇ ਵਿਯੋਗ ਵਿੱਚ ਰੁਲ ਖੁਲ ਰਹੇ ਮਾਪਿਆਂ ਦੀ ਦਾਸਤਾਨ ਵੀ ਬਿਆਨੀ ਗਈ ਹੈ। ਇਹ ਸਭ ਕਵਿਤਾਵਾਂ ਭਾਵੇਂ ਧਨੋਤਾ ਦੇ ਦਰਦ ਨੂੰ ਬਿਆਨਦੀਆਂ ਹਨ ਪਰ ਇਹਨਾਂ ਵਿੱਚੋਂ ਸਮਾਜਿਕ ਪਰਛਾਈਆਂ ਵੀ ਨਜ਼ਰੇ ਪੈਂਦੀਆਂ ਹਨ। ਜਿਵੇਂ ਸਮਾਜ ਵਿੱਚ ਫੈਲੇ ਨਸ਼ਿਆਂ ਦਾ ਕੋੜ੍ਹ, ਧੀਆਂ ਭੈਣਾਂ ਦੀ ਹੋਂਦ, ਗੁਆਚਦੀ ਨੈਤਿਕਤਾ, ਸਿਆਸੀ ਤਾਣਾ ਬਾਣਾ, ਭ੍ਰਿਸ਼ਟਾਚਾਰੀ ਸਮਾਜ, ਰਿਸ਼ਤਿਆਂ ਦੀ ਟੁੱਟ ਭੱਜ ਦੇ ਦਰਦ ਨੂੰ ਭਲੀਭਾਂਤ ਪੇਸ਼ ਕੀਤਾ ਗਿਆ ਹੈ। ਕਵਿਤਰੀ ਇਹਨਾਂ ਕਵਿਤਾਵਾਂ ਰਾਹੀਂ ਪਰਮਾਤਮਾ ਨੂੰ ਉਲ੍ਹਾਮਾ ਵੀ ਦਿੰਦੀ ਹੈ ਅਤੇ ਪੁੱਤਰ ਦੇ ਚਾਅ ਮਲ੍ਹਾਰ ਪੂਰੇ ਕਰਨ ਦੀ ਉਮੀਦ ਵੀ ਰੱਖਦੀ ਹੈ। ਭਾਵ ਇਹ ਹੈ ਕਿ ਇਹੋ ਦੁੱਖਮਈ ਵਰਤਾਰੇ ਨੂੰ ਉਹ ਸੁਖਮਈ ਵਰਤਾਰੇ ਵਿੱਚ ਪਰਤਾਉਣ ਦੇ ਆਹਰ ਵਿੱਚ ਹੈ। ਇਹ ਅਸੀਂ ਸਭ ਜਾਣਦੇ ਹਾਂ ਕਿ ਸੰਸਾਰ ਦੁੱਖਾਂ ਦਾ ਘਰ ਹੈ ਪਰ ਇਹਨਾਂ ਦੁੱਖਾਂ ਵਿੱਚੋਂ ਸੁੱਖ ਭਾਲਣ ਦੀ ਕਲਾ ਇਹਨਾਂ ਕਵਿਤਾਵਾਂ ਵਿੱਚੋਂ ਲੱਭੀ ਜਾ ਸਕਦੀ ਹੈ।




ਕਵਿਤਰੀ ਨੇ ਖੁੱਲ੍ਹੀਆਂ ਕਵਿਤਾਵਾਂ ਰਾਹੀਂ ਕਾਵਮਈ ਵਿਚਾਰ ਪੇਸ਼ ਕਰਕੇ ਸਾਨੂੰ ਜੀਵਨ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਪੁਸਤਕ 'ਗੁੰਮ ਸਿਰਨਾਵੇਂ ਦੀ ਤਲਾਸ਼' ਸੱਚੀ ਮੁੱਚੀ ਸਾਨੂੰ ਆਪਣੇ ਆਪ ਅੰਦਰ ਝਾਤੀ ਮਾਰਨ ਦੀ ਸਲਾਹ ਦਿੰਦੀ ਹੈ। ਮਨੁੱਖੀ ਮਨ ਕਿੱਧਰ ਨੂੰ ਜਾ ਰਿਹਾ ਹੈ ਤੇ ਮਨੁੱਖਤਾ ਕਿੱਥੇ ਗੁਆਚਦੀ ਜਾ ਰਹੀ ਹੈ? ਅਜਿਹੇ ਸਵਾਲ ਹਰ ਪਾਠਕ ਅੰਦਰ ਆਪ ਮੁਹਾਰੇ ਹੀ ਉਪਜਣ ਲੱਗਦੇ ਹਨ। ਕਵਿਤਾਵਾਂ ਵਿਛੋੜੇ ਦੇ ਦਰਦਾਂ ਨੂੰ ਦਵਾਈ ਵਿੱਚ ਪਰਿਵਰਤਤ ਕਰਦੀਆਂ ਹਨ। ਧਨੋਤਾ ਨੇ ਆਪਣੇ ਦਰਦ ਨੂੰ ਸ਼ਬਦਾਂ ਰਾਹੀਂ ਵੰਡ ਕੇ ਸ਼ਬਦ ਰੂਪੀ ਸੰਸਾਰ ਨਾਲ ਪੀਡੀ ਸਾਂਝ ਕਾਇਮ ਕਰ ਲਈ ਹੈ। ਇਹ ਸ਼ਬਦ ਉਸ ਦੇ ਸਹਾਰਾ ਬਣਦੇ ਹਨ। ਇਹ ਸ਼ਬਦ ਉਸ ਦੇ ਰਾਹ ਦਸੇਰੇ ਵੀ ਹਨ। ਦੇਸ਼ ਕੌਮ ਦੇ ਆਗੂ ਇਸ ਸਮਾਜ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾ ਰਹੇ ਹਨ? ਇਹਨਾਂ ਮਸਲਿਆਂ ਤੇ ਵੀ ਉਹ ਕਰਾਰੀ ਚੋਟ ਕਰਦੀ ਹੈ। ਧਾਰਮਿਕ ਕੱਟੜਤਾ ਤੋਂ ਉੱਪਰ ਉੱਠ ਕੇ ਉਹ ਸਰਬ ਸਾਂਝੀ ਵਾਲਤਾ ਦੀ ਗੱਲ ਕਰਦੀ ਹੋਈ ਹਰ ਕਿਸੇ ਦੇ ਦੁੱਖ ਦਰਦ ਨੂੰ ਆਪਣਾ ਮੰਨਦੀ ਹੈ। ਸਭ ਦੇ ਭਲੇ ਦੀ ਅਰਦਾਸ ਕਰਦੀ ਹੋਈ ਆਪਣੇ ਪੁੱਤਰ ਨਾਲ ਯਾਦਾਂ ਤਾਜ਼ੀਆਂ ਕਰਦੀ ਕਾਵਿ ਵਹਿਣ ਵਿੱਚ ਵਹਿੰਦੀ ਹੈ।

ਉਸ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਹੈ ਤੇ ਇਸ ਦੇ ਨਾਲ ਹੀ ਇਹਨਾਂ ਸ਼ਬਦਾਂ ਨੂੰ ਕਾਵਿ ਜੁਗਤਾਂ ਵਿੱਚ ਜੜਨ ਦੀ ਕਲਾ ਵੀ ਮੌਜੂਦ ਹੈ। ਉਹ ਸਮਾਜਿਕ ਵਿਤਕਰਿਆਂ ਨੂੰ ਹਰ ਹਾਲ ਖਤਮ ਕਰਨਾ ਲੋਚਦੀ ਹੈ ਤਾਂ ਕਿ ਮਾਨਵੀ ਕਦਰਾਂ ਕੀਮਤਾਂ ਦੀ ਬਹਾਲੀ ਹੋ ਸਕੇ। ਕਵਿਤਰੀ ਮੌਜ ਮੌਜ ਕਵਾਲੀ ਰਾਹੀਂ ਸਰਬੱਤ ਦੇ ਭਲੇ ਦੀ ਅਰਦਾਸ ਕਰਦੀ ਹੋਈ ਸਭ ਨੂੰ ਜੀਉਣ ਜੋਗਾ ਕਰਨ ਦੀ ਲੋਚਾ ਰੱਖਦੀ ਹੈ। ਪੁਸਤਕ ਦਾ ਨਿਚੋੜ ਇਹ ਨਿਕਲਦਾ ਹੈ ਕਿ ਉਸ ਪਰਮਾਤਮਾ ਦੀ ਰਜਾ ਵਿੱਚ ਰਹਿਣ ਨਾਲ ਹੀ ਇਹ ਜੀਵਨ ਜਿਉਣ ਜੋਗਾ ਬਣ ਸਕਦਾ ਹੈ। ਜੇਕਰ ਅਸੀਂ ਕੁਦਰਤ ਦੇ ਅਸੂਲ ਤੋੜਦੇ ਹਾਂ ਤਾਂ ਦੁੱਖਾਂ ਤੋਂ ਇਲਾਵਾ ਕੁਝ ਵੀ ਪੱਲੇ ਨਹੀਂ ਪੈਂਦਾ। ਇਸ ਤ੍ਹਾਂ ਇਹ ਪੁਸਤਕ ਜਿੱਥੇ ਨਿਜ ਦੇ ਦਰਦ ਨੂੰ ਬਿਆਨ ਕਰਦੀ ਹੈ ਉੱਥੇ ਪੂਰੇ ਸਮਾਜ ਦਾ ਵਿਸ਼ਲੇਸ਼ਣ ਵੀ ਕਰਦੀ ਹੈ। ਜਿਵੇਂ:-

ਇਨਸਾਨੀਅਤ ਦੀ ਜਾਨ, ਜ਼ਮੀਰ, ਜਿੰਦਾ ਦਿਲੀ ਲਾਪਤਾ।
ਦਰਦ ਸਮਝਣ ਵਾਲੀ ਤਾਸੀਰ ਲਾਪਤਾ ਲਾਪਤਾ।

## ਉਲੰਪਿਕ ਖੇਡਾਂ 2024 ਵਿਚ ਭਾਰਤੀ ਹਾਕੀ ਟੀਮ ਨੇ ਕਾਂਸੀ ਤਮਗਾ ਜਿੱਤਿਆ

# ਹਾਕੀ ਉਲੰਪੀਅਨ 1975 ਵਿਸ਼ਵ ਕੱਪ ਜੇਤੂ ਮਹਿੰਦਰ ਮੁਨਸ਼ੀ ਨੂੰ ਯਾਦ ਕਰਦਿਆਂ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਜੀਵਨ ਅਤੇ ਮੌਤ ਦੋਵੇਂ ਅਟੱਲ ਸਚਾਈਆਂ ਹਨ। ਮੌਤ ਇਕ ਅਜਿਹਾ ਸੱਚ ਹੈ ਕਿ ਵਾਪਰਦੀ ਹੀ ਹੈ। ਪਰ ਕੋਈ ਮੌਤ ਸਮਾਂ ਪਾ ਕੇ ਹੋਵੇ ਤਾਂ ਹੋਣੀ ਹੈ ਪਰ ਜੋ ਬੁਲੰਦੀਆਂ 'ਤੇ ਹੋਵੇ ਤੇ ਸਮਾਂ ਜਾਣ ਦਾ ਨਾ ਹੋਵੇ ਤਾਂ ਅਣਹੋਣੀ ਹੈ, ਜਿਸ ਨਾਲ ਹਾਕੀ ਖੇਡ ਜਗਤ ਦਾ ਸਿਤਾਰਾ ਮਹਿੰਦਰ ਸਿੰਘ ਮੁਣਸ਼ੀ ਭਰ ਜਵਾਨੀ ਸਿਰਫ 24 ਸਾਲ ਦੀ ਉਮਰ ਵਿਚ ਤੁਰ ਗਿਆ, ਜਦੋਂ ਕਿ ਉਸਦੀ ਹਾਕੀ ਖੇਡ ਦਾ ਹੁਨਰ ਸਿਤਾਰਾ ਬੁਲੰਦੀਆਂ 'ਤੇ ਸੀ। ਅਜੇ ਉਸਨੇ ਹੋਰ ਮੱਲਾਂ ਮਾਰਨੀਆਂ ਸਨ। ਜਦ ਕਿਸੇ ਦੇ ਅਜ਼ੀਜ਼ ਪਿਆਰੇ ਤੁਰ ਜਾਂਦੇ ਹਨ ਤਾਂ ਪਿੱਛੇ ਰਹਿ ਗਏ ਸੋਚਦੇ ਹਨ ਕਿ ਉਹ ਮਰੇ ਨਹੀਂ ਅਤੇ ਕਿਵੇਂ ਸਾਡੇ ਦਿਲਾਂ ਵਿਚ ਰਹਿ ਸਕਦੇ ਹਨ ਤਾਂ ਉਹ ਉਹਨਾਂ ਦੀ ਯਾਦਗਾਰ ਬਣਾਉਂਦੇ ਹਨ। ਕੋਈ ਅਮੀਰ ਹੈ ਵੱਡੀ ਯਾਦਗਾਰ ਬਣਾਉਂਦਾ ਹੈ, ਜਿਵੇਂ ਸ਼ਾਹਜਹਾਨ ਨੇ ਬਣਾਈ। ਕੋਈ ਗਰੀਬ ਹੈ ਉਹ ਕੱਚੀ-ਪੱਕੀ ਸਮਾਧ ਬਣਾਉਂਦਾ ਹੈ, ਫਿਰ ਕਿਸੇ ਧਾਰਮਿਕ ਅਸਥਾਨ ਤੇ ਪੱਖਾ, ਨਲਕਾ ਲੁਆ ਦਿੰਦਾ, ਲੰਗਰ ਲਗਾ ਦਿੰਦਾ, ਆਪਣੀ ਯਥਾ-ਸ਼ਕਤੀ ਅਨੁਸਾਰ ਦਾਨ ਕਰ ਦਿੰਦੇ ਹੈ। ਪਰ ਜਜ਼ਬਾ ਦੋਹਾਂ ਦਾ ਬਰਾਬਰ ਹੈ। ਦੋਵਾਂ ਨੇ ਯਾਦਗਾਰ ਦਿਲ ਵਿਚ ਬਣਾਈ ਹੈ। ਮੈਂ ਆਪਣੀ ਧੀ 'ਗਿੰਨੀ' ਦੀ ਯਾਦ ਵਿਚ ਜਿਸਦੀ ਉਮਰ 13 ਸਾਲ ਸੀ ਕਿ ਉਸਦੀ ਇਕ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ। 'ਗਿੰਨੀ ਸਿਮ੍ਰਤੀ ਗ੍ਰੰਥ' ਦੀ ਪੁਸਤਕ ਬਣਾਈ ਜੋ ਇਕ ਸਾਹਿਤਕ ਯਾਦਗਾਰ ਵਜੋਂ ਪੰਜਾਬੀ ਸਾਹਿਤ ਵਿਚ ਦਰਜ ਹੋਈ ਹੈ। ਇਸੇ ਤਰ੍ਹਾਂ ਉਲੰਪੀਅਨ 'ਮੁਣਸ਼ੀ' ਨੂੰ ਜਿੰਦਾ ਰੱਖਦਿਆਂ ਉਸਦੇ ਪਰਿਵਾਰ ਅਤੇ ਉਸਦੀ ਖੇਡ ਨੂੰ ਪਿਆਰ ਕਰਨ ਵਾਲਿਆਂ ਨੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੀ ਸਥਾਪਨਾ ਕੀਤੀ, ਜਿਸਨੂੰ ਉਸਦਾ ਛੋਟਾ ਭਰਾ ਸਤਪਾਲ ਸਿੰਘ ਜੋ ਦੁਆਬਾ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਵਿਚ ਸੇਵਾ ਕਰਦਾ ਹੈ, ਚਲਾ ਰਿਹਾ ਹੈ।

'ਗਿੰਨੀ ਸਿਮ੍ਰਤੀ ਗ੍ਰੰਥ' ਪੰਜਾਬੀ ਸਾਹਿਤ ਦੇ ਖੇਤਰ ਵਿਚ ਅਤੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੋਵੇਂ ਅਜਿਹੀਆਂ ਯਾਦਗਾਰਾਂ ਹਨ, ਜੋ ਇੰਨੀਆਂ ਪਿਆਰਿਆਂ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ। ਸ਼ਿਲਾਲੇਖ ਦੇ ਅੱਖਰ ਫਿੱਕੇ ਪੈ ਸਕਦੇ ਹਨ ਪਰ 'ਗਿੰਨੀ ਸਿਮ੍ਰਤੀ ਗ੍ਰੰਥ' ਦੇ ਅੱਖਰ ਹਮੇਸ਼ਾ ਰੌਸ਼ਨ ਰਹਿਣਗੇ। ਇਸੇ ਤਰ੍ਹਾਂ ਮੁਣਸ਼ੀ ਦੀ ਖੇਡ ਦੀ ਮਹਿਕ ਹਾਕੀ ਖੇਡ ਮੈਦਾਨਾਂ ਵਿਚ ਚੰਬੇ ਦੀ ਕਲੀ ਵਾਂਗ ਮਹਿਕ ਖਿਲਾਰਦੀ ਰਹੇਗੀ। ਸੰਸਾਰ ਵਿਚ ਜਿੱਥੇ ਵੀ ਸੰਸਾਰ ਹਾਕੀ ਦੀ ਗੱਲ ਹੋਵੇਗੀ 'ਮੁਣਸ਼ੀ' ਦਾ ਜ਼ਿਕਰ ਜ਼ਰੂਰ ਹੋਵੇਗਾ।

'ਮੁਣਸ਼ੀ' ਦੇ ਜੀਵਨ ਅਤੇ ਉਸਦੇ ਹਾਕੀ ਖੇਡ ਦੇ ਹੁਨਰ ਨੂੰ ਦਰਸਾਉਣ ਲਈ ਵਰਣਨਯੋਗ ਹੈ ਕਿ ਪੰਜਾਬ ਦੇ ਦੁਆਬਾ ਖੇਤਰ ਦੇ ਸ਼ਹਿਰ ਜਲੰਧਰ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆਂ ਵਿਖੇ 'ਮੁਣਸ਼ੀ' ਦਾ ਜਨਮ ਮਾਤਾ ਰੱਖੀ ਅਤੇ ਪਿਤਾ ਮੁਣਸ਼ੀ ਰਾਮ ਦੇ ਘਰ ਹੋਇਆ। ਜਿਸਦੇ ਬਚਪਨ ਦੇ ਕਦਮ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਖੇਡਾਂ ਦੇ ਮੈਦਾਨਾਂ ਵਿਚ ਪੁੱਟਣੇ ਸ਼ੁਰੂ ਹੋਏ ਜਿੱਥੇ ਉਸਦੇ ਪਿਤਾ ਜੀ ਸੇਵਾਦਾਰ ਸਨ। ਉਨ੍ਹਾਂ ਦੀ ਜ਼ਿੰਮੇਵਾਰੀ ਟੂਰਨਾਮੈਂਟਾਂ ਦੌਰਾਨ ਖੇਡ ਮੈਦਾਨਾਂ ਦੀ ਰਖ-ਰਖਾਓ ਅਤੇ ਸੰਭਾਲ ਦੀ ਵੀ ਸੀ। ਮੁਣਸ਼ੀ ਬਚਪਨ ਵਿਚ ਹੀ ਆਪਣੇ ਪਿਤਾ ਨਾਲ ਕੰਮਾਂ ਵਿਚ ਹੱਥ ਵਟਾਉਣ ਲੱਗ ਪਿਆ ਸੀ। ਹਾਕੀ ਮੈਚਾਂ ਦੌਰਾਨ ਗੇਂਦ ਲਾਇਸ ਤੋਂ ਬਾਹਰ ਜਾਂਦੀ ਤਾਂ ਉਹ ਆਪਣੇ ਪਿਤਾ ਨਾਲ ਵਾਪਸ




ਗੇਂਦ ਮੈਦਾਨ ਵਿਚ ਫੜਾਉਂਦਾ ਸੀ। ਮੇਰਾ ਹਮਉਮਰ ਹੋਣ ਤੇ ਅਸੀਂ ਮਹੱਲਿਆਂ ਵਿਚ ਹਾਕੀ ਟੀਮਾਂ ਬਣਾ ਕੇ ਐਂਟਰੀ ਮੈਚ ਖੇਡਿਆ ਕਰਦੇ ਸਾਂ। ਸਾਡੇ ਵਿਚੋਂ ਬਹੁਤਿਆਂ ਕੋਲ ਹਾਕੀ ਵੀ ਨਹੀਂ ਹੁੰਦੀ ਸੀ ਤਾਂ ਅੰਕੜੇ ਦੀ ਬੋਟੀ ਨੂੰ ਸੁਕਾ ਕੇ ਖੂੰਡੀ ਬਣਾ ਬਣਾ ਖੇਡਦੇ ਸਾਂ। ਮੈਂ ਤਾਂ ਸਕੂਲੀ ਪੜ੍ਹਾਈ ਵਿਚ ਹੀ ਲੱਗ ਗਿਆ ਪਰ ਮੁਣਸ਼ੀ ਆਪਣੀ ਹਾਕੀ ਪ੍ਰਤੀ ਲਗਨ ਨਾਲ ਸਾਡੀਆਂ ਅੱਖਾਂ ਸਾਹਮਣੇ ਅੱਗੇ ਹੀ ਅੱਗੇ ਵਧਦਾ ਗਿਆ ਅਤੇ ਇਹੀ ਉਸਦਾ ਹੁਨਰ ਉਸਦਾ ਕਾਰੋਬਾਰ ਹੋ ਗਿਆ। ਮੈਂ ਜਦ ਇਹ ਗੱਲਾਂ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਹੈਰਾਨੀ ਭਰਿਆ ਹੱਸ ਪਿਆ। ਛੋਟੇ ਹੁੰਦੇ ਮੁਣਸ਼ੀ ਨੇ ਸਕੂਲ ਬੋਰਡਾਂ ਵਿਚ ਗੇਂਦ ਸੁੱਟਣੀ ਜਾਂ ਕੰਧ ਉਤੇ ਗੋਲ ਚੱਕਰ ਵਾਹ ਕੇ ਗੇਂਦ ਸੁੱਟਣ ਦੀ ਮੁਹਾਰਤ ਨਾਲ ਉਹ ਸ਼ੋਅਰ ਸ਼ੌਟ (ਯਕੀਨਨ ਗੋਲ) ਲਈ ਪ੍ਰਸਿੱਧ ਹੋਇਆ। ਉਸਦਾ ਪਲੈਂਟੀ ਸਟਰੋਕ ਅਜਾਈਂ ਨਾ ਜਾਂਦਾ। ਸ਼ੁਰੂ ਵਿਚ ਮੁਣਸ਼ੀ ਫੁਟਬਾਲ ਖੇਡਦਾ ਸੀ, ਉਹ ਵੀ ਉਸਨੇ ਵਧੀਆ ਖੇਡਿਆ। ਇਕ ਘਟਨਾ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਵੀ ਸਾਂਝੀ ਕੀਤੀ ਕਿ ਜਦੋਂ ਸੁਰਜਨ ਸਿੰਘ ਚੱਠਾ ਹੈਡਮਾਸਟਰ ਹੁੰਦੇ ਸਨ ਤਾਂ ਮੈਚ ਦੇ ਦਿਨਾਂ ਵਿਚ ਮੁਣਸ਼ੀ ਦੀ ਪਿੱਠ ਤੇ ਗਰਮ ਪਾਣੀ ਪੈਣ ਕਾਰਨ ਪੀੜਤ ਸੀ। ਜਿਸ ਸਮੇਂ ਉਸਨੇ ਹੈਡਮਾਸਟਰ ਸਾਹਿਬ ਨੂੰ ਕਿਹਾ ਕਿ ਮੈਂ ਵੀ ਹਾਕੀ ਦੀ ਟੀਮ ਵਿਚ ਹਿੱਸਾ ਲੈਣਾ ਹੈ। ਉਹਨਾਂ ਕਿਹਾ ਤੇਰੀ ਤਾਂ ਪਿੱਠ ਸੜੀ ਹੋਈ ਹੈ। ਬਾਲ ਮੁਣਸ਼ੀ ਨੇ ਕਿਹਾ ਕਿ ਹਾਕੀ ਤਾਂ ਮੈਂ ਹੱਥਾਂ ਪੈਰਾਂ ਨਾਲ ਖੇਡਣੀ ਹੈ, ਪਿੱਠ ਨਾਲ ਨਹੀਂ ਤਾਂ ਉਸਨੇ ਅਭਿਆਸ ਕਰਨ ਵਿਚ ਪਾ ਦਿੱਤਾ। ਖੇਡ ਦੌਰਾਨ ਮਹਿੰਦਰ ਸਿੰਘ ਨੇ ਗੋਲ ਕਰ ਦਿੱਤਾ ਤਾਂ ਇਕੋ ਆਵਾਜ਼ ਵਿਚ ਦਰਸ਼ਕਾਂ ਨੇ ਕਿਹਾ ਕਿ ਮੁਣਸ਼ੀ ਦੇ ਮੁੰਡੇ ਨੇ ਗੋਲ ਕਰ ਦਿੱਤਾ। ਹੈਡਮਾਸਟਰ ਸਾਹਿਬ ਵੀ ਕਹਿਣ ਲੱਗੇ ਮੁਣਸ਼ੀ ਨੂੰ ਖੇਡਣ ਦਿਓ। ਉਸ ਦਿਨ ਤੋਂ ਮਹਿੰਦਰ ਸਿੰਘ ਦੇ ਨਾਂ ਨਾਲ 'ਮੁਣਸ਼ੀ' ਜੁੜ ਗਿਆ ਜੋ ਸੰਸਾਰ ਪੱਧਰ ਦੀ ਹਾਕੀ ਵਿਚ ਮਸ਼ਹੂਰ ਹੋ ਗਿਆ। ਉਸਦਾ ਹਾਕੀ ਸਫਰ ਇੱਥੋਂ ਸ਼ੁਰੂ ਹੋਇਆ। ਉਸਨੇ ਹਾਕੀ ਖੇਡ ਦੇ ਹੁਨਰ ਨੂੰ ਇਸ ਸ਼ਿੱਦਤ ਨਾਲ ਸਵੀਕਾਰ ਕੀਤਾ ਕਿ ਉਸਦਾ ਗੇਂਦ ਉਤੇ ਨਿਯੰਤਰਣ, ਪਾਸ ਲੈਣ-ਦੇਣ ਵਿਚ ਨਿਪੁੰਨ, ਖਿਡਾਰੀ ਨਾਲ ਭਿੜਨ ਤੇ ਸਹੀ ਫੈਸਲਾ ਲੈਣਾ, ਹਰ ਸਾਈਡ ਤੇ ਵਧੀਆ ਖੇਡਣ ਦੇ ਯੋਗ ਅਤੇ ਵਧੀਆ ਖੇਡ ਪ੍ਰਦਰਸ਼ਨ ਸਦਕਾ ਹੀ ਸਕੂਲੀ ਟੀਮ ਵਿਚ ਖੇਡਦਿਆਂ 1969 ਵਿਚ 16 ਸਾਲ ਦੀ ਉਮਰ ਵਿਚ ਹੀ ਸੂਬੇ ਦੀ ਹਾਕੀ ਟੀਮ ਵਿਚ ਚੁਣਿਆ ਗਿਆ। ਇੱਥੇ ਹੀ ਸੁਡੌਲ ਮਸਲਦਾਰ ਚੁਸਤ ਸਰੀਰ ਵਾਲਾ 'ਮੁਣਸ਼ੀ' ਸਿੱਖੀ ਸਰੂਪ ਵਿਚ ਆਉਣ ਲੱਗਾ। ਸਾਡੇ ਦੇਖਦਿਆਂ ਉਸਦੇ ਮੈਚ ਖੇਡਦਿਆਂ ਉਸਦੇ ਵਾਲਾਂ ਦੇ ਪਟੇ ਵੱਡੇ ਹੋ ਰਹੇ ਸਨ ਤੇ ਪਟਿਆਂ ਸਮੇਤ ਖੇਡਿਆ ਉਸਦੇ ਜੂੜੇ ਤੇ ਰੁਮਾਲ ਆਇਆ। ਫਿਰ ਪੱਗ ਸਜਾਈ ਤਾਂ ਉਸਦੀ ਇਕ ਰੋਅਬਦਾਰ ਪ੍ਰਭਾਵਸ਼ਾਲੀ ਸਿੱਖ ਦੀ ਦਿੱਖ ਵੀ ਸਾਨੂੰ ਨਜ਼ਰ ਆਈ।

'ਮੁਣਸ਼ੀ' ਦੇ ਘਰੇਲੂ ਹਾਲਾਤ ਇੰਨੇ ਚੰਗੇ ਨਹੀਂ ਸਨ ਤਾਂ ਉਸਨੇ ਕਲਕੱਤੇ ਜਾ ਕੇ ਫੌਜ ਦੀ ਨੌਕਰੀ ਕਰ ਲਈ ਤੇ ਖੇਡਾਂ ਵਿਚ ਜਗ੍ਹਾ ਲੈਂਦਿਆਂ ਕਈ ਨਾਮਵਰ ਹਾਕੀ ਖੇਡ ਮੁਕਾਬਲਿਆਂ ਵਿਚ ਹਿੱਸਾ ਲਿਆ। ਉਸਦੀ ਜਾਦੂਮਈ ਹਾਕੀ ਖੇਡ ਤੋਂ ਪ੍ਰਭਾਵਿਤ ਹੋ ਕੇ ਅੰਤਰਰਾਸ਼ਟਰੀ ਗੋਲਕੀਪਰ ਸਵਰਗੀ ਰਾਜਕੁਮਾਰ ਜੀ (ਬਾਊ ਜੀ) ਨੇ ਮੁਣਸ਼ੀ ਨੂੰ 1970 ਵਿਚ ਪੰਜਾਬ ਪੁਲਿਸ ਵਿਚ ਸਿਪਾਹੀ ਭਰਤੀ ਕਰਵਾ ਦਿੱਤਾ। ਪੰਜਾਬ ਪੁਲਿਸ ਹਾਕੀ ਟੀਮ ਵੱਲੋਂ ਸੈਂਟਰ ਹਾਫ ਖੇਡਦਿਆਂ ਮਧੂਬਨ, ਬੰਗਲੌਰ, ਜੈਪੁਰ, ਜਲੰਧਰ, ਸ਼੍ਰੀਲੰਕਾ ਵਿਖੇ ਹੋਏ ਹਾਕੀ ਖੇਡ ਮੁਕਾਬਲਿਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ। ਇੱਥੇ ਹੀ ਉਸਨੇ ਆਪਣੀ ਵਧੀਆ ਖੇਡ ਦਾ ਲੋਹਾ ਮਨਵਾਇਆ। ਤਦ ਮਹਿਕਮੇ ਨੇ ਉਸਨੂੰ ਸਬ-ਇੰਸਪੈਕਟਰ ਦੀ ਤਰੱਕੀ ਦਿੱਤੀ।

ਜਿੱਥੇ ਹੁਣ ਉਹ ਹਾਕੀ ਖੇਡ ਜਗਤ ਵਿਚ ਪ੍ਰਸਿੱਧ ਤੇ ਹਰਮਨ ਪਿਆਰਾ ਹੋ ਗਿਆ ਸੀ। ਉਥੇ ਉਸਨੇ ਆਪਣੀ ਗਰੀਬ ਦੀ ਕਮੀ ਸ਼ਰਾਰਤੀ ਮੁਸਕਰਾਹਟ ਹੇਠ ਛੁਪਾ ਲਈ ਸੀ। ਉਸਨੇ ਸੋਹਣੇ ਕੱਪੜੇ ਪਾਉਣੇ ਹਮੇਸ਼ਾ ਬਣ-ਠਣ ਕੇ ਰਹਿਣਾ, ਇਕ ਰੋਹਬਦਾਰ ਸਰਦਾਰ ਵਜੋਂ ਵਿਚਰਿਆ। ਗਰੀਬੀ ਦੀਆਂ ਹੰਢਾਈਆਂ ਤੰਗੀਆਂ ਤੋਂ ਉਹ ਹੁਣ ਬੇਪਰਵਾਹ ਹੋ ਚੁੱਕਾ ਸੀ। 1970 ਵਿਚ 17 ਸਾਲ ਦੀ ਉਮਰ ਵਿਚ 'ਮੁਣਸ਼ੀ' ਬੈਂਕਾਕ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ। ਜਿੱਥੇ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਨਿੱਕੀ ਉਮਰ ਦਾ ਹੋਣ ਕਰਕੇ ਅੱਖੀਂ ਡਿੱਠਾ ਹਾਲ ਸੁਣਾਉਣ ਵਾਲੇ ਨੇ ਬੇਬੀ ਮਹਿੰਦਰ ਕਹਿ ਕੇ ਦਰਸਾਇਆ। 1974 ਵਿਚ ਏਸ਼ੀਅਨ ਆਲ ਸਟਾਰ ਟੀਮ ਵਿਰੁੱਧ ਖੇਡ ਗਏ ਮੈਚ ਦੌਰਾਨ ਵਧੀਆ ਪ੍ਰਦਰਸ਼ਨ ਨੂੰ ਦੇਖ ਕੇ 1975 ਹਾਕੀ ਸੰਸਾਰ ਕੱਪ ਲਈ ਉਸਦੀ ਚੋਣ ਹੋ ਗਈ। ਭਾਰਤੀ ਹਾਕੀ ਟੀਮ ਸੰਸਾਰ ਕੱਪ ਜਿੱਤਿਆ, ਜਿਸ ਵਿਚ ਮੁਣਸ਼ੀ ਦੀ ਅਹਿਮ ਭੂਮਿਕਾ ਮੰਨੀ ਗਈ। 1976 ਦੀਆਂ ਮਾਂਟਰੀਅਲ ਉਲੰਪਿਕ ਖੇਡਾਂ ਸਮੇਂ ਉਸਦੇ ਹੁਨਰ ਨੇ ਬੁਲੰਦੀਆਂ ਨੂੰ ਛੋਹਿਆ। ਜਿੱਥੇ ਉਸਨੂੰ ਬੈਸਟ ਸਕੋਅਰ ਅਤੇ ਸ਼ਿਓਰ ਸ਼ੌਟ ਲਾਜ਼ਮੀ ਗੋਲ ਦੀ ਪ੍ਰਸਿੱਧੀ ਦਿਵਾਈ।

ਆਪਣੀ ਨਿੱਕੀ ਉਮਰ ਵਿਚ ਹੀ ਹਾਕੀ ਸੰਸਾਰ ਕੱਪ ਜੇਤੂ, ਬੈਸਟ ਸਕੋਅਰ ਅਤੇ ਲਾਜ਼ਮੀ ਗੋਲ ਕਰਨ ਵਾਲਾ ਹੋਣਹਾਰ ਪ੍ਰਸਿੱਧ ਖਿਡਾਰੀ 19 ਸਤੰਬਰ 1977 ਨੂੰ ਸਦਾ ਲਈ ਵਿਛੜ ਗਿਆ। ਹੁਣ ਮੁਣਸ਼ੀ ਦੀ ਯਾਦ ਵਿਚ ਉਸਦੇ ਛੋਟੇ ਭਰਾ ਸਤਪਾਲ ਸਿੰਘ ਅਤੇ ਸਾਥੀਆਂ ਵੱਲੋਂ 'ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ' ਚਲਾਇਆ ਜਾ ਰਿਹਾ ਹੈ। ਜਿਸ ਵੱਲੋਂ ਹਰ ਸਾਲ ਉਸਦੀ ਬਰਸੀ 'ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ। 19 ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੇ ਹਾਕੀ ਮੁਕਾਬਲੇ ਕਰਵਾਏ ਜਾਂਦੇ ਹਨ। ਖਿਡਾਰੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ 12 ਟੀਮਾਂ ਇਹਨਾਂ ਹਾਕੀ ਮੈਚਾਂ ਵਿਚ ਹਿੱਸਾ ਲੈਂਦੀਆਂ ਹਨ। ਕਲੱਬ ਦਾ ਮਨੋਰਥ ਹੈ ਕਿ 'ਮੁਣਸ਼ੀ' ਵਰਗੇ ਹੋਣਹਾਰ ਅਤੇ ਵਧੀਆ ਖਿਡਾਰੀ ਪੈਦਾ ਕਰਨਾ ਹੈ। 'ਮੁਣਸ਼ੀ' ਦੇ ਛੋਟੇ ਭਰਾ ਸਤਪਾਲ ਸਿੰਘ ਨੇ ਪਛਤਾਵੇ ਭਰੇ ਮਨ ਨਾਲ ਦੱਸਿਆ ਕਿ ਸਰਕਾਰਾਂ ਵੱਲੋਂ ਮੁਣਸ਼ੀ ਨੂੰ ਬਣਦਾ ਕੋਈ ਸਨਮਾਨ ਨਹੀਂ ਦਿੱਤਾ ਗਿਆ। ਨਾ ਹੀ ਕਦੇ ਪਰਿਵਾਰ ਦੀ ਮਦਦ ਕੀਤੀ ਗਈ ਹੈ। ਮੁਣਸ਼ੀ ਦੀ ਖੇਡ ਦੇ ਪ੍ਰੇਮੀ ਉਸਦੇ ਸਕੂਲ ਦੇ ਸਾਥੀ ਜਾਂ ਹੋਰ ਪਤਵੰਤਿਆਂ ਦੀ ਮਦਦ ਨਾਲ ਕਲੱਬ ਚਲਾਇਆ ਜਾ ਰਿਹਾ ਹੈ ਅਤੇ ਮੁਣਸ਼ੀ ਨੂੰ ਹਾਕੀ ਖੇਡ ਜਗਤ ਵਿਚ ਜਿੰਦਾ ਰੱਖਣ ਦਾ ਉਦਮ ਹੈ।

'ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ' ਅਤੇ 'ਗਿੰਨੀ ਸਿਮ੍ਰਤੀ ਗ੍ਰੰਥ' ਅਜਿਹੇ ਕੀਤੇ ਗਏ ਉਦਮ ਹਨ ਜੋ ਨਰੋਏ ਸਮਾਜ ਦੀ ਉਸਾਰੀ ਵਿਚ ਯੋਗਦਾਨ ਪਾ ਸਕਦੇ ਸਨ। ਇਸ ਨਾਲ ਲੋਕ ਮਨਾਂ ਵਿਚ ਖੇਡਾਂ ਲਈ ਪਿਆਰ ਅਤੇ ਧੀਆਂ ਲਈ ਸਤਿਕਾਰ ਉਤਪੰਨ ਹੋਵੇਗਾ।

**17 ਅਗਸਤ ਨੂੰ ਬਰਸੀ 'ਤੇ**

# ਮਾਂ ਬੋਲੀ ਦਾ ਸੱਚਾ ਸਪੂਤ ਸੀ ਗਿਆਨੀ ਹਰਕੇਵਲ ਸਿੰਘ ਸੈਲਾਨੀ

ਪਿਛਲੇ ਪੰਝੀ ਤੀਹ ਸਾਲ ਤੋਂ ਸਾਹਿਤ ਖਾਸ ਕਰ ਬਾਲ ਸਾਹਿਤ ਦੇ ਖੇਤਰ ਵਿਚ ਕਾਰਜਸ਼ੀਲ ਹੋਣ ਕਰਕੇ ਅਜਿਹੇ ਸਾਹਿਤਕਾਰ ਨੂੰ ਨਹੀਂ ਜਾਣਦਾ ਜਿਸਨੇ ਆਪਣੇ ਜੀਵਨ ਵਿਚ ਜੋ ਕਿਰਤਾਂ ਸਿਰਜੀਆਂ ਭਾਵ ਜਿੰਨੀਆਂ ਵੀ ਪੁਸਤਕਾਂ ਲਿਖੀਆਂ ਤੇ ਛਪਵਾਈਆਂ ਉਹ ਸਾਰੀਆਂ ਪਾਠਕਾਂ ਤਕ ਮੁਫਤ ਪੁੱਜਦੀਆਂ ਕੀਤੀਆਂ ਹੋਣ।ਪਰ ਅਜਿਹਾ ਕਾਰਜ ਕੀਤਾ ਸੀ ਪੰਜਾਬੀ ਦੇ ਸਪੂਤ ਸਵਰਗਵਾਸੀ ਕੌਮੀ ਪੁਰਸਕਾਰ ਜੇਤੂ ਅਧਿਆਪਕ ਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੇ। ਇਹ ਸਭ ਪੁਸਤਕਾਂ ਦੋ ਦੋ ਜਾਂ ਤਿੰਨ ਤਿੰਨ ਸੌ ਪੰਨਿਆਂ ਤੋ ਵੱਧ ਵਾਲੀਆਂ ਹਨ। ਜਿਨ੍ਹਾਂ ਵਿਚ ਪੂਰੇ ਭਾਰਤ ਦੇ ਅਹਿਮ ਭਾਵ ਸੈਲਾਨੀ, ਕਿਲੇ, ਮੰਦਰਾਂ, ਜਲਗਾਹਾਂ, ਸੱਭਿਆਚਾਰਕ ਅਤੇ ਧਾਰਮਿਕ ਕੇਂਦਰਾਂ ਦੀ ਜਾਣਕਾਰੀ ਉਪਲੱਬਧ ਹੈ। ਇੱਥੇ ਹੀ ਬਸ ਨਹੀਂ ਕੁਝ ਪੁਸਤਕਾਂ ਭਾਰਤ ਦੇ ਅਜ਼ਾਦੀ ਸੰਗਰਾਮੀਆਂ ਬਾਰੇ ਅਤੇ ਦੋ ਪੁਸਤਕਾਂ ਮਾਹਿਲਪੁਰ ਦੇ ਇਤਿਹਾਸਕ ਪਹਿਲੂਆਂ ਬਾਰੇ ਹਨ।ਹਰ ਪੁਸਤਕ ਦੀ ਛਪਣ ਗਿਣਤੀ ਵੀ ਘੱਟੋ ਘੱਟ ਗਿਆਰਾਂ ਸੌ ਰਹੀ। ਜਿਨ੍ਹਾਂ ਬਾਰੇ ਅਜੀਤ ਦੇ ਬਾਨੀ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਨੇ ਕਿਹਾ ਸੀ ਕਿ 'ਜੇਕਰ ਅਸੀਂ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣਾ ਹੈ ਤਾਂ ਅਜਿਹਾ ਕਾਰਜ ਹਰ ਉਸ ਪਿੰਡ ਤੇ ਹੋਣਾ ਚਾਹੀਦਾ ਹੈ ਜਿਸਦਾ ਦੇਸ਼ ਦੀ ਅਜ਼ਾਦੀ ਦੇ ਘੋਲ ਵਿਚ ਯੋਗਦਾਨ ਹੈ'। ਇੰਜ ਇਹ ਪੁਸਤਕਾਂ ਇਤਿਹਾਸਕ ਤੇ ਸੱਭਿਆਚਾਰਕ ਮਹੱਤਤਾ ਵਾਲੀਆਂ ਹੋ ਨਿੱਬੜੀਆਂ ਹਨ।ਦੇਸ਼ ਦੀ ਧਾਰਮਿਕ, ਸੱਭਿਅਚਾਰਕ, ਅਜ਼ਾਦੀ ਦੀ ਜੰਗ ਅਤੇ ਸਿਖਿਆ ਬਾਰੇ ਰਚੀਆਂ ਇਹ ਪੁਸਤਕਾਂ ਅਜ ਹਵਾਲਾ ਪੁਸਤਕਾਂ ਦਾ ਰੂਪ ਧਾਰ ਚੁੱਕੀਆਂ ਹਨ। ਨਵੀਂ ਪੀੜ੍ਹੀ ਦੇ ਕਈ ਖੋਜੀ ਸਾਹਿਤਕਾਰ ਇਹਨਾਂ ਦੇ ਵੇਰਵੇ ਦਰਜ ਕਰਕੇ ਆਪਣੀਆਂ ਲਿਖਤਾ ਨੂੰ ਸ਼ਿੰਗਾਰ ਅਤੇ ਸੁਆਰ ਰਹੇ ਹਨ।

ਸਾਹਿਤ ਅਤੇ ਸਿੱਖਿਆ ਦਾ ਇਕ ਅਨੂਠਾ ਸੰਗਮ ਸੀ ਗਿਆਨੀ ਹਰਕੇਵਲ ਸਿੰਘ ਸੈਲਾਨੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਮਾਹਿਲਪੁਰ ਵਿਚ 1939 ਵਿਚ ਸ.ਕਰਨੈਲ ਸਿੰਘ ਮਾਤਾ ਚੰਨਣ ਕੌਰ ਦੇ ਘਰ ਜਨਮ ਲੈ ਕੇ ਬਚਪਨ ਵਿਚ ਹੀ ਪਰਿਵਾਰਿਕ ਜਿੰਮੇਵਾਰੀਆਂ ਦਾ ਬੋਝਾ ਚੁੱਕਣਾ ਪਿਆ। ਉਹਨਾਂ ਨੇ ਕਦੀ ਹੌਂਸਲਾ ਨਹੀਂ ਹਾਰਿਆਂ ਸਗੋ ਉੱਘੇ ਪ੍ਰਿੰਸੀਪਲ ਸ. ਹਰਭਜਨ ਸਿੰਘ ਜੀ ਤੋਂ ਅਗਵਾਈ ਲੈ ਕੇ ਜੀਵਨ ਸੰਘਰਸ਼ ਨੂੰ ਬਹਾਦਰੀ ਨਾਲ ਜਿੱਤਿਆ। ਮਿਹਨਤ ਹਿੰਮਤ ਲਗਨ ਤੇ ਹੌਸਲੇ ਨਾਲ ਆਪਣੇ ਅੰਦਰ ਇਕ ਮਹਾਨ ਅਧਿਆਪਕ ਵਾਲੇ ਗੁਣ ਭਰੇ ਅਤੇ ਅਧਿਆਪਨ ਕਾਰਜ ਵਿਚ ਪੰਜਾਬੀ ਮਾਸਟਰ ਵਜੋਂ ਕੌਮੀ ਪੁਰਸਕਾਰ 1993 ਵਿਚ ਹਾਸਿਲ ਕਰ ਲਿਆ। ਉਹਨਾਂ ਦੁਆਰਾ ਚੰਡੇ ਹੋਏ ਦੋ ਦਰਜਨ ਤੋਂ ਜਿਆਦਾ ਸ਼ਗਿਰਦ ਕਲਾਸ ਵੰਨ ਅਹੁਦਿਆਂ ਤੇ ਕਾਰਜਸ਼ੀਲ ਹਨ। ਉਹਨਾਂ ਅੰਦਰ ਸੱਚ ਕਹਿਣ ਦੀ ਜੁਅਰਤ ਸੀ। ਇਸੇ ਕਰਕੇ ਉਹਨਾਂ ਨਾਲ ਵਿਚਰਨ ਵਾਲੇ ਉਹਨਾਂ ਨੂੰ ਇਕ ਕੋਰਾ ਕਰਾਰਾ ਅਤੇ ਸੱਚਖੋਰਾ ਇਨਸਾਨ ਆਖਦੇ ਸਨ। ਸਾਰਾ ਜੀਵਨ ਅਧਿਆਪਨ ਨੂੰ ਸਪੱਰਪਿਤ ਕਰਕੇ ਸ਼ਾਨਦਾਰ ਮੱਲਾਂ ਮਾਰੀਆਂ। ਭਾਸ਼ਾ ਪ੍ਰਤੀ ਇੰਨੇ ਗੰਭੀਰ ਸਨ ਕਿ ਕਦੀ ਲਗ ਮਾਤਰ ਦੀ ਨਿੱਕੀ ਜਿਹੀ ਗਲਤੀ ਵੀ ਬਰਦਾਸ਼ਤ ਨਾ ਕਰਦੇ। ਕਹਿੰਦੇ ਜੇ ਇਕ ਪੰਜਾਬੀ ਮਾਸਟਰ ਅਜਿਹਾ ਕਰੇਗਾ ਤਾਂ ਬਾਕੀਆਂ ਦੀ ਕੀ ਹਾਲ ਹੋਵੇਗਾ?



1992 ਵਿਚ ਹੀ ਉਹਨਾਂ ਮੇਰੇ ਕੋਲੋਂ ਆਪਣੀਆਂ ਕਹਾਣੀਆਂ ਦੀ ਪੁਸਤਕ 'ਕੀ ਦੱਸਾਂ? ਕੌਣ ਸੁਣਦਾ?' ਦਾ ਸੰਪਾਦਨ ਕਰਵਾਕੇ ਮੇਰੀ ਇਸ ਕਲਾ ਨੂੰ ਹੋਰ ਪੁੰਗਰਨ ਤੇ ਨਿਸਰਨ ਦਾ ਮੌਕਾ ਪ੍ਰਦਾਨ ਕੀਤਾ। ਇਹ ਤਿੰਨ ਸੋ ਪੰਨਿਆ ਦੀ ਵੱਡ ਅਕਾਰੀ ਪੁਸਤਕ ਸੀ ਜਿਸ ਵਿਚ ਸੌ ਕਹਾਣੀਆਂ ਵਿਚੋਂ 25 ਕਹਾਣੀਆਂ ਸ ਬੱਗਾ ਸਿੰਘ ਆਰਟਿਸਟ ਦੇ ਚਿੱਤਰਾਂ ਸਮੇਤ ਸ਼ਾਮਿਲ ਕੀਤੀਆਂ ਗਈਆਂ ਸਨ।ਸੈਰਾਂ ਦੇ ਸ਼ੌਕੀਨ ਸੈਲਾਨੀ ਜੀ ਦਾ ਕਹਿਣ ਸੀ ਕਿ ਭਾਰਤ ਵਿਚ ਹੀ ਦੇਖਣ ਲਈ ਬਹੁਤ ਕੱਝ ਹੈ। ਲੋਕ ਐਂਵੇ ਵਿਦੇਸ਼ਾਂ ਨੂੰ ਭੱਜੇ ਹੋਏ ਹਨ।ਓਹਨਾਂ ਪੂਰੇ ਭਾਰਤ ਦੀ ਯਾਤਰਾ ਕਰਕੇ ਕਲਮਬੰਦ ਕੀਤੀ। ਆਪਣੇ ਵਿਦਿਆਰਥੀਆਂ ਨਾਲ ਪੈਦਲ, ਸਾਈਕਲ ਅਤੇ ਸਕੂਟਰਾਂ, ਕਾਰਾਂ ਆਦਿ ਤੇ ਅਨੇਕਾਂ ਸੈਰਾਂ ਕੀਤੀਆਂ। ਇਹਨਾਂ ਸੈਰਾਂ ਨੂੰ 'ਮੇਰੀਆਂ ਸੈਰਾਂ' ਨਾਮੀ ਦੋ ਪੁਸਤਕਾਂ ਵਿਚ ਪ੍ਰਕਾਸ਼ਿਤ ਕੀਤਾ।ਇਹ ਪੁਸਤਕਾਂ ਵੀ ਤਿੰਨ ਤਿੰਨ ਸੌ ਪੰਨਿਆਂ ਦੀਆਂ ਹਨ ਜੋ ਪੂਰੇ ਭਾਰਤ ਦੇ ਅਹਿਮ ਸਥਾਨਾ ਬਾਰੇ ਰੌਚਿਕ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਆਪਣੇ ਜੀਵਨ ਵਿਚ ਬਾਈ ਖੋਜ ਭਰਪੂਰ ਪੁਸਤਕਾਂ ਰਚ ਕੇ ਉਹਨਾਂ ਨੂੰ ਪਾਠਕਾਂ ਤਕ ਮੁਫਤ ਪੁੱਜਦਾ ਕੀਤਾ। ਐਨੀ ਵੱਡੀ ਦੇਣ ਸਾਹਿਤ ਜਗਤ ਵਿਚ ਸ਼ਾਇਦ ਹੀ ਕਿਸੇ ਹੋਰ ਸਾਹਿਤਕਾਰ ਦੀ ਹੋਵੇ। ਆਪਣੇ ਹੋਣਹਾਰ ਸ਼ਗਿਰਦਾਂ ਨੂੰ ਸਨਮਾਨਿਤ ਕਰਨ ਦੀ ਅਨੂਠੀ ਪਿਰਤ ਤਹਿਤ 78 ਸ਼ਗਿਰਦਾਂ ਦਾ ਮਾਣ ਕਰਕੇ ਵੀ ਵਾਹ ਵਾਹ ਖੱਟੀ।

ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਉਹਨਾਂ ਦੀਆਂ ਦੋ ਪੁਸਤਕਾਂ 'ਮੇਰੀਆਂ ਸਸਤੀਆਂ ਸੈਰਾਂ' ਅਤੇ 'ਸਫਲ ਅਧਿਆਪਕ ਦਾ ਸਫਲ ਵਿਦਿਆਰਥੀ' ਨੂੰ 1976 ਵਿਚ ਪਹਿਲੇ ਇਨਾਮ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਦਾਨ ਕੀਤੇ ਗਏ ਸਨ। ਇਹਨਾਂ ਸ਼ਾਨਦਾਰ ਪ੍ਰਾਪਤੀਆਂ ਕਾਰਨ ਹੀ ਉਹਨਾਂ ਨੂੰ ਬੋਰਡ ਦੇ ਭਾਸ਼ਾ ਸਲਾਹਕਾਰ ਕਮੇਟੀ ਵਿਚ ਵੀ ਸ਼ਾਮਿਲ ਕੀਤਾ ਗਿਆ। ਉਹਨਾਂ ਦੀ ਇਕ ਲੰਬੀ ਤੇ ਰੌਚਿਕ ਬਾਲ ਕਹਾਣੀ 'ਖੋਤੀ ਵਾਲਾ ਅੰਕਲ' ਨਾਮੀ ਪੁਸਤਕ ਬਹੁਤ ਮਸ਼ਹੂਰ ਹੋਈ ਜਿਹੜੀ ਅਖਬਾਰਾਂ ਰਸਾਲਿਆਂ ਵਿਚ ਲੜੀਵਾਰ ਪ੍ਰਕਾਸ਼ਿਤ ਹੋਈ।ਉਹ ਕਦੀ ਵੀ ਅਹੁਦਿਆਂ ਮਗਰ ਨਹੀਂ ਭੱਜੇ ਪਰ ਉਹਨਾਂ ਨੂੰ ਮਾਣ ਸਨਮਾਨ ਅਕਸਰ ਮਿਲਦੇ ਰਹੇ। ਕੌਮੀ ਪੁਰਸਕਾਰ ਤੋਂ ਪਹਿਲਾਂ 1990 ਵਿਚ ਮਾਹਿਲਪੁਰ ਦੇ ਸ਼ੌਕੀਂ ਮੇਲੇ ਵਿਚ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।ਪੰਜਾਬ ਅਤੇ ਭਾਰਤ ਦੀਆਂ ਕਈ ਹੋਰ ਸਾਹਿਤਕ ਤੇ ਸਮਾਜਿਕ ਜਥੇਬੰਦੀਆਂ ਨੇ ਵੀ ਪੁਰਸਕਾਰਾਂ ਨਾਲ ਨਿਵਾਜਿਆ। ਇਕ ਪ੍ਰਮਾਤਮਾਂ ਤੇ ਵਿਸ਼ਵਾਸ਼ ਕਰਨ ਵਾਲੇ ਗਿਆਨੀ ਜੀ ਨੇ ਗੁਰੂ ਗਰੰਥ ਸਾਹਿਬ ਦੀ ਹਰ ਤੁਕ ਨੂੰ ਧਿਆਨ ਨਾਲ ਪੜ੍ਹਕੇ ਉਸਦੇ ਅਰਥਾਂ ਬਾਰੇ ਕਈ ਵਿਦਵਾਨਾ ਦੀਆਂ ਤੁਲਨਾਤਮਿਕ ਪੁਸਤਕਾਂ ਦਾ ਅਧਿਐਨ ਕੀਤਾ।ਅਖੀਰ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲ ਲਿਆ। ਜਦੋਂ ਨੌਜਾਵਨ ਪੁੱਤਰ ਜਗਦੀਪ ਸਿੰਘ ਰੁੱਬੀ ਦੀ ਮੌਤ ਹੋਈ ਤਾਂ ਅੱਖਾਂ ਵਿਚੋਂ ਇਕ ਅੱਥਰੂ ਕਿਰਨ ਨਾ ਦਿੱਤਾ ਸਗੋਂ ਅਫਸੋਸ ਕਰਨ ਵਾਲਿਆਂ ਨੂੰ ਗੁਰਬਾਣੀ ਅਨੁਸਾਰ ਜੀਵਨ ਤੇ ਮੌਤ ਬਾਰੇ ਸਮਝਾਉਂਦੇ ਰਹੇ।ਇਸ ਫਲਸਫੇ ਨੂੰ ਆਪਣੀ ਆਖਰੀ ਪੁਸਤਕ 'ਨਹੀਓਂ ਲੱਭਣੇ ਲਾਲ ਗੁਆਚੇ' ਵਿਚ ਵੀ ਬਾਖੂਬੀ ਸਪੱਸ਼ਟ ਕਰ ਦਿੱਤਾ। ਸੈਲਾਨੀ ਕੁਟੀਆ ਵਿਚ ਮਾਹਿਲਪੁਰ ਦੇ ਇਤਿਹਾਸ ਨੂੰ ਪੱਥਰਾਂ ਤੇ ਉੱਕਰ ਕੇ ਇਕ ਯਾਦਗਾਰ ਕਾਇਮ ਕਰ ਦਿੱਤੀ। ਹਰ ਮਹਿਫਲ ਵਿਚ ਹਾਸਾ ਵੰਡਣ ਵਾਲੇ ਇਸ ਦਰਸ਼ਨੀ ਇਨਸਾਨ ਦੇ ਚਿਹਰੇ ਦਾ ਨੂਰ ਸਦਾ ਦਗ ਦਗ ਕਰਦਾ ਸੀ। ਜਿਹੜਾ ਵੀ ਮਿਲਣ ਆਉਂਦਾ ਉਸਦੀ ਚਿੰਤਾ ਮੁੱਕ ਜਾਂਦੀ ਅਤੇ ਉਸਦੀਆਂ ਗੁੰਝਲਾ ਸੁਲਝ ਜਾਂਦੀਆ। ਉਹ ਹਰ ਕਿਸੇ ਨੂੰ ਪਿਆਰ ਤੇ ਮੁਹੱਬਤ ਦੇ ਬੋਲਾਂ ਨਾਲ ਸਰਸ਼ਾਰ ਕਰ ਦਿੰਦੇ। ਉਹਨਾਂ ਦੀ ਜੀਵਨ ਸਾਥਣ ਬੀਬੀ ਗੁਰਮੀਤ ਕੌਰ ਨੇ ਉਹਨਾਂ ਦੇ ਕਾਰਜਾਂ ਨੂੰ ਹੋਰ ਹੁਲਾਰਾ ਦੇ ਕੇ ਅੱਗੇ ਤੋਰਿਆ। ਗਿਆਨੀ ਜੀ ਦੀ ਪ੍ਰੇਰਨਾ ਨਾਲ ਅਮਨਦੀਪ ਸਿੰਘ ਅੰਤਰ ਰਾਸ਼ਟਰੀ ਅਥਲੀਟ ਦੀ ਜੀਵਨ ਸਾਥਣ ਮਾਧਰੀ ਅਰਜਨ ਐਵਾਰਡ ਹਾਸਿਲ ਕਰਨ ਵਿਚ ਸਫਲ ਹੋਈ। ਇਸੇ ਤਰ੍ਹਾਂ ਪੋਤਰੀ ਹਰਮਿਲਨ ਟਰੈਕ ਅਤੇ ਪੋਤਰਾ ਸ਼ਾਨਦੀਪ ਕ੍ਰਿਕਟ ਵਿਚ ਸ਼ਾਨਦਾਰ ਮੱਲਾਂ ਮਾਰ ਰਿਹਾ ਹੈ।

ਰੈਡ ਕਰਾਸ ਦੇ ਰਸਾਲੇ ਵਿਚ ਉਹਨਾਂ ਨੇ ਪ੍ਰੇਰਨਾਦਾਇਕ ਵਿਚਾਰਾਂ ਨਾਲ ਭਰਪੂਰ ਲੇਖ, ਕਹਾਣੀਆਂ ਅਤੇ ਕਵਿਤਾਵਾਂ ਨਿਰੰਤਰ ਲਿਖੀਆਂ ਸਨ। ਜੀਵਨ ਨੂੰ ਚੱਜ ਨਾਲ ਜਿਉਣ ਦਾ ਸਲੀਕਾ ਸਿਖਾਉਣ ਲਈ ਜਿਉਂਦੇ ਜੀਅ ਤਿਆਗੀ ਪੁਰਸ਼ ਬਣਕੇ ਇਕ ਉਦਾਹਰਣ ਕਾਇਮ ਕੀਤੀ। ਪੈਲੇਸ ਦਾ ਮੈਨੇਜਰ ਬਣਨ ਦੀ ਬਜਾਏ ਖੇਤਾਂ ਵਿਚ ਕੁਟੀਆ ਬਣਾ ਕੇ ਆਪਣੇ ਹੀ ਮਤੇ ਦਾ ਅਨੰਦ ਲਿਆ। ਜਿਹੜਾ ਉਥੇ ਮਿਲਣ ਆਉਂਦਾ ਉਸਨੂੰ ਧਰਮ ਕਰਮ ਦੀ ਸਿੱਖਿਆ ਦਿੰਦੇ ਹੋਏ ਸਭ ਤੋਂ ਪਹਿਲਾਂ ਇਨਸਾਨ ਬਣਨ ਦੀ ਨਸੀਹਤ ਕਰਦੇ। ਕੁਟੀਆ ਦੀਆਂ ਕੰਧਾਂ ਤੇ ਲਿਖੀਆਂ ਮਹਾਨ ਪੁਰਸ਼ਾਂ ਦੀਆਂ ਕੁਟੇਸ਼ਨਾ ਹਰ ਸੈਲਾਨੀ ਨੂੰ ਨਵੇਂ ਤੇ ਨਰੋਏ ਰਾਹ ਦੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ।ਇਥੇ ਹਰ ਵਿਸ਼ੇ ਨਾਲ ਸਬੰਧਤ ਵਿਚਾਰ ਉਪਲੱਬਧ ਹਨ। ਮੌਤ, ਮਿੱਤਰ, ਜੀਵਨ, ਸਾਕ ਸਬੰਧੀ ਗੁਰਬਾਣੀ ਅਤੇ ਜੀਵਨ ਦੇ ਮੂਲ ਮੰਤਰਾਂ ਨੂੰ ਵੀ ਪੜ੍ਹਿਆ ਜਾ ਸਕਦਾ ਹੇ।

ਗਿਆਨੀ ਹਰਕੇਵਲ ਸਿੰਘ ਸੈਲਾਨੀ ਦੀ ਵਰਤਕ ਵਿਚ ਵਿਅੰਗ ਭਾਰੂ ਹੈ।ਉਹ ਕਹਿੰਦੇ ਸਨ ਕਿ ਜਿਸ ਘਰ ਵਿਚ ਹਰ ਦਸ ਮਿੰਟ ਬਾਅਦ ਹਾਸਾ ਨਹੀਂ ਛਣਕਦਾ ਉਹ ਘਰ ਨਹੀਂ। ਉਹਨਾਂ ਦੀ ਇਕ ਵਿਅੰਗ ਪੁਸਤਕ 'ਮੁਲੰਗ ਤਾਏ ਦੇ ਵਿਅੰਗ' ਛਪਣ ਲਈ ਤਿਆਰ ਪਾਈ ਹੈ। ਉਹ ਕਲਾ ਅਤੇ ਕਲਾਕਾਰਾਂ ਨੂੰ ਉਤਸ਼ਾਹ ਦੇਣ ਵਿਚ ਕਦੀ ਪਿੱਛੇ ਨਹੀਂ ਰਹੇ। ਮਾਤ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਤੇ ਪਰਸ਼ਾਰ ਲਈ ਇਲਾਕੇ ਦੇ ਸਕੂਲਾਂ ਵਿਚ ਬਾਲ ਰਸਾਲੇ ਆਪਣੇ ਵਲੋਂ ਲਗਵਾ ਕੇ ਦਿੰਦੇ ਸਨ। ਸਾਹਿਤ ਅਤੇ ਸਿੱਖਿਆ ਦੀ ਲਟ ਲਟ ਕਰਦੀ ਇਹ ਜੋਤ ਸੈਰਾਂ ਕਰਦੀ ਹੀ 17 ਅਗਸਤ 2009 ਨੂੰ ਕੁਦਰਤ ਦੀ ਗੋਦੀ ਵਿਚ ਜਾ ਬਿਰਾਜੀ। ਸੈਲਾਨੀ ਜੀ ਨਾਲ ਸਭ ਤੋਂ ਲੰਬਾ ਸਾਥ ਦੇਣ ਵਾਲੇ ਸਵਰਗਵਾਸੀ ਤਾਇਆ ਹੰਸਾ ਸਿੰਘ, ਬੱਗਾ ਸਿੰਘ ਆਰਟਿਸਟ, ਕੁਲਵਿੰਦਰ ਸਿੰਘ, ਜਸਵਿੰਦਰ ਸਿੰਘ ਬਿੰਦਾ, ਮੁਖਤਿਆਰ ਸਿੰਘ ਅਤੇ ਰਾਓ ਕੈਂਡੋਵਾਲ ਆਦਿ ਹਨ। ਅਸੀਂ ਭਖਦੇ ਮਸਲਿਆਂ ਤੇ ਅਕਸਰ ਵਿਚਾਰ ਚਰਚਾ ਕਰਦੇ ਰਹਿੰਦੇ। ਮਾਹਿਲਪੁਰ ਵਿਚ ਪ੍ਰਿੰਸੀਪਲ ਹਰਭਜਨ ਸਿੰਘ ਤੋਂ ਬਾਅਦ ਜੇ ਹਰ ਵਰਗ ਵਿਚ ਸਤਿਕਾਰ ਹਾਸਿਲ ਕਰਨ ਵਾਲਾ ਇਨਸਾਨ ਸੀ ਤਾਂ ਉਹ ਸਨ ਉਘੇ ਲੇਖਕ ਅਤੇ ਕੌਮੀ ਪੁਰਸਕਾਰ ਜੇਤੂ ਅਧਿਆਪਕ ਗਿਆਨੀ ਹਰਕੇਵਲ ਸਿੰਘ ਸੈਲਾਨੀ।

ਬਲਜਿੰਦਰ ਮਾਨ 98150-18947

## ਕਰੂਜ਼-ਯਾਤਰਾ 19 ਮਈ ਤੋਂ 26 ਮਈ ਤੱਕ

# ਹਰੇ-ਭਰੇ ਸ਼ਹਿਰ ਸਿਆਟਲ ਤੋਂ ਅਲਾਸਕਾ ਸਟੇਟ ਤੱਕ ਦਾ ਸਮੁੰਦਰੀ-ਸਫਰ

ਮੰਗਤ ਕੁਲਜਿੰਦ
ਮੋ.+94177-53892 (ਬਠਿੰਡਾ),
ਵੱਟਸਐਪ +1 425 286 0163 (ਸਿਆਟਲ)

'ਮਨ ਤਾਂ ਚੰਚਲ ਹੈ, ਨਾ ਇਹ ਆਪ ਟਿਕਦਾ ਹੈ ਅਤੇ ਨਾ ਹੀ ਟਿਕਣ ਦਿੰਦਾ ਹੈ', ਧਰਤੀ ਦਾ ਚੱਪਾ ਚੱਪਾ ਛਾਨਣ, ਕੁਦਰਤ ਦੇ ਨਜ਼ਾਰਿਆਂ ਨੂੰ ਤੱਕਣ,ਆਕਾਸ਼ ਵਿੱਚ ਬੱਦਲਾਂ ਨਾਲ ਲੁਕਣਮੀਚੀ ਖੇਡਣ, ਸਮੁੰਦਰ ਦੀਆਂ ਅਠਖੇਲੀਆਂ ਕਰਦੀਆਂ ਲਹਿਰਾਂ ਦੇ ਸੰਗ ਉਛਲ-ਕੂਦ ਕਰਨ, ਸਮੁੰਦਰੀ ਜੀਵਾਂ ਨੂੰ ਨੇੜਿਉਂ ਝਾਤੀਆ ਮਾਰਣ ਲਈ ਇਹ ਲਲਕਦਾ ਰਹਿੰਦਾ ਹੈ।' ਉਧਰ ਮਾਨਵ ਦੀਆਂ ਇਹਨਾਂ ਚਾਹਤਾਂ ਨੂੰ ਪੱਠੇ ਪਾ ਕੇ ਆਪਣੇ ਬੈਂਕ-ਬੈਲੈਂਸਾਂ ਦਾ ਕੱਦ ਵਧਾਉਣ ਲਈ ਕਈ ਆਦਾਰੇ ਵੱਖੋ ਵੱਖਰੇ ਕਿਸਮਾਂ ਦੀਆਂ ਯਾਤਰਾਂਵਾਂ ਦਾ ਪ੍ਰਬੰਧ ਕਰਨ ਅਤੇ ਉਹਨਾਂ ਨੂੰ ਵੜਾਵਾ ਦੇਣ ਲਈ ਪੱਬਾਂ ਭਾਰ ਹੋਏ ਰਹਿੰਦੇ ਨੇ। ਇਨਸਾਨ ਨੇ ਧਰਤੀ ਅਤੇ ਆਕਾਸ਼ 'ਤੇ ਭੱਜਣ-ਉਡਣ ਲਈ ਸਾਈਕਲਾਂ ਤੋਂ ਸ਼ੁਰੂ ਕਰਕੇ ਅੱਜ ਰਾਕਟਾਂ ਤੱਕ ਦਾ ਨਿਰਮਾਣ ਕਰ ਲਿਆ ਹੈ। ਉਸੇ ਤਰ੍ਹਾਂ ਸਮੁੰਦਰੀ ਲਹਿਰਾਂ ਦੀਆਂ ਗਰਜਨਾਵਾਂ ਦਾ ਸਾਹਮਣਾ ਕਰਨ ਲਈ ਛੋਟੀਆਂ ਕਿਸ਼ਤੀਆਂ ਤੋਂ ਸ਼ੁਰੂ ਕਰਕੇ ਵੱਡੇ ਵੱਡੇ ਸਮੁੰਦਰੀ ਜ਼ਹਾਜ਼ ਇੱਥੋਂ ਤੱਕ ਕਿ ਆਪਣੇ ਵਿੱਚ ਸਾਰੇ ਦੇ ਸਾਰੇ ਪਿੰਡ ਨੂੰ ਵਸਾ ਕੇ, ਸਮੁੰਦਰ ਗਾਹੁਣ ਵਾਲੇ ਕਰੂਜ਼ ਤੱਕ ਬਣਾ ਲਏ ਹਨ। ਜ਼ਿੰਦਗੀ ਵਿੱਚ ਘਰੇਲੂ ਅਤੇ ਵਪਾਰਿਕ ਰੁਝੇਵਿਆਂ ਤੋਂ ਕੁਝ ਸਮੇਂ ਲਈ ਰਾਹਤ ਪ੍ਰਾਪਤ ਕਰਨ ਲਈ ਕਰੂਜ਼-ਟੂਰ ਸੱਭ ਤੋਂ ਨਵਾਂ ਤਰੀਕਾ ਹੈ।

ਗਈ ਸੀ ਇਸ ਲਈ ਅਸੀਂ ਰਮੀਤ, ਸ਼ਾਇਨਾ, ਰਨਬੀਰ, ਪਾਰਥ ਤੇ ਮੈਂ ਮਈ 19 ਨੂੰ ਸਿਆਟਲ ਤੋਂ ਤੁਰਨ ਦਾ ਪ੍ਰੋਗਰਾਮ ਬਣਾ ਲਿਆ।ਜਿਉਂ ਜਿਉ ਦਿਨ ਨੇੜੇ ਆ ਰਹੇ ਸਨ ਕੰਪਨੀ ਵੱਲੋਂ ਟੂਰ ਨੂੰ ਵੱਧ ਤੋਂ ਵੱਧ ਆਰਾਮਦਾਇਕ ਅਤੇ ਆਨੰਦਮਈ ਬਣਾਉਣ ਲਈ ਕਈ ਕਾਰਵਾਈਆਂ ਪਹਿਲਾਂ ਹੀ ਕਰ ਲੈਣ ਦੀਆਂ ਹਦਾਇਤਾਂ ਈਮੇਲ ਰਾਹੀਂ ਮਿਲ ਰਹੀਆਂ ਸਨ। ਕਮਰਿਆਂ ਦੀ ਬੁਕਿੰਗ ਦੀ ਸਾਰੀ ਡੀਟੇਲ ਉਹਨਾਂ ਨੇ ਭੇਜ ਦਿੱਤੀ ਸੀ। ਟੂਰ ਸੱਤ ਦਿਨਾਂ ਦਾ ਸੀ ਇਸ ਲਈ ਹਰ ਇਕ ਜਣੇ ਦਾ ਸਮਾਨ ਦਾ ਘੱਟੋ ਘੱਟ ਇਕ ਅਟੈਚੀ ਬਣ ਹੀ ਜਾਂਦਾ ਸੀ।ਨਾਲ ਇਕ ਹੈਂਡ ਬੈਗ ਜਾਂ ਪਿਠੂ ਬੈਗ ਤੁਰਨ ਤੋਂ ਕੁਝ ਦਿਨ ਪਹਿਲਾਂ, ਸਿਆਟਲ ਵਿੱਚ ਆਪਣੇ ਨੂੰਹ-ਪੁੱਤ ਨੂੰ ਮਿਲਣ ਆਏ ਸਾਡੇ ਰਿਸ਼ਤੇਦਾਰ ਕੰਵਲ ਕੁਮਾਰ ਅਤੇ ਸ਼ੁਸਮਾ ਰਾਣੀ ਨੂੰ ਵੀ ਯਤਨ ਕਰਨ ਤੇ ਇਸੇ ਕਰੂਜ਼ ਵਿੱਚ ਟਿਕਟਾਂ ਮਿਲ ਗਈਆਂ।

ਦਿਨ ਐਤਵਾਰ ਮਈ 19,2024 ਨੂੰ ਲੱਗਭੱਗ ਇਕ ਵਜੇ ਅਸੀਂ ਸਿਆਟਲ ਡਾਊਨਟਾਊਨ ਵਿਖੇ ਪਾਈਕ ਪਲੇਸ ਮਾਰਕੀਟ ਦੇ ਨਜ਼ਦੀਕ ਬੰਦਰਗਾਹ ਪੀਅਰ 66 ਉਪਰ ਪਹੁੰਚ ਗਏ। ਕਰੂਜ਼ ਨੇ ਸ਼ਾਮੀਂ ਪੰਜ ਵਜੇ ਸਿਆਟਲ ਨੂੰ ਬਾਏ ਬਾਏ ਕਹਿਣਾ ਸੀ। ਸਵਾਰੀਆਂ ਨੂੰ ਜ਼ਹਾਜ਼ ਵਿੱਚ ਚੜਾਉਣ ਦਾ ਕੰਮ 12 ਵਜੇ ਹੀ ਸ਼ੁਰੂ ਕਰ ਦਿੱਤਾ ਜਾਂਦਾ ਹੈ ਕਿਉਂਕਿ ਲੱਗਭੱਗ ਪੈਂਤੀ

ਕੇ ਬੈਡ ਬਣਾਇਆ ਜਾ ਸਕਦਾ ਹੈ), ਟੀ.ਵੀ. ਬਾਥਰੂਮ ਵਿੱਚ ਨਹਾਉਣ ਲਈ ਕੈਬਿਨ ਬਣਿਆ ਹੋਇਆ, ਫੁਹਾਰਾ ਲੱਗਿਆ ਹੋਇਆ ਟੱਬ ਭਾਵੇਂ ਨਹੀਂ ਸੀ। ਬਾਥਰੂਮ ਤੇ ਕਮਰੇ ਵਿੱਚ ਹਰ ਇਕ ਚੀਜ਼ ਸਲੀਕੇ ਨਾਲ ਰੱਖੀ ਹੋਈ ਸੀ। ਕਮਰੇ ਦੇ ਬਾਹਰਲੇ ਪਾਸੇ ਬਾਲਕੋਨੀ ਬਣੀ ਹੋਈ ਸੀ ਜਿਸ ਵਿੱਚ ਦੋ ਕੁਰਸੀਆਂ ਅਤੇ ਮੇਜ਼ ਰੱਖਿਆ ਹੋਇਆ ਸੀ। ਇੱਥੇ ਬੈਠ ਕੇ ਤੁਸੀਂ ਅਠਖੇਲੀਆਂ ਕਰਦੀਆਂ ਪਾਣੀ ਦੀਆਂ ਲਹਿਰਾਂ ਨੂੰ ਵੇਖ ਸਕਦੇ ਹੋ, ਲੇਖਕ ਤਾਂ ਇਹਨਾਂ ਨਾਲ ਗੱਲਾਂ ਵੀ ਕਰ ਸਕਦੇ ਹਨ। ਟੈਲੀਫੋਨ ਵੀ ਲੱਗਾ ਹੋਇਆ ਹੈ। ਵੱਖ ਵੱਖ ਸਹੂਲਤਾਂ ਨਾਲ ਭਰਪੂਰ ਇਸ ਕਰੂਜ਼ ਵਿੱਚ ਕਈ ਕਿਸਮ ਦੇ ਕਮਰੇ ਸਨ ਜਿਵੇਂ ਸਟੱਡੀਓ, ਓਸ਼ਨਵਿਊ, ਬਾਲਕੋਨੀ, ਕਲੱਬ ਬਾਲਕੋਨੀ ਸੂਇਟ, ਅਤੇ ਹੈਵਨ ਆਦਿ। ਹਰ ਕਿਸੇ ਨੇ ਆਪਣੀ ਵਿੱਤੀ ਪਹੁੰਚ ਮੁਤਾਬਿਕ ਕਮਰਾ ਬੁੱਕ ਕਰਵਾਇਆ ਹੋਇਆ ਸੀ। ਕਰੂਜ਼ ਪ੍ਰਬੰਧਕਾਂ ਨਾਲ ਜਾਂ ਹੋਰ ਕਮਰੇ ਵਿੱਚ ਰਹਿੰਦੇ ਜਾਣ ਪਛਾਣ ਵਾਲੇ ਮਹਿਮਾਨਾਂ ਨਾਲ ਕਨਟੈਕਟ ਕਰਨ ਦੇ ਕੰਮ ਲਈ ਤਾਂ ਟੈਲੀਫੋਨ ਵਰਤਿਆ ਜਾ ਸਕਦੈ ਪਰ ਬਾਹਰ ਕਿਤੇ ਕਰਨਾ ਤੁਹਾਡੀ ਪਹੁੰਚ ਤੋਂ ਵਾਹਰਾ ਹੁੰਦੈ। ਵਾਈ-ਫਾਈ ਕਨੈਕਸ਼ਨ ਲਈ ਤੁਹਾਨੂੰ ਸਪੈਸ਼ਲ ਪੈਕੇਜ਼ ਲੈਣਾ ਹੁੰਦਾ ਹੈ ਪਰ ਰੂੰਗੇ-ਝੂੰਗੇ ਵਿੱਚ ਤੁਸੀਂ ਕੁਲ ਸਮੇਂ ਵਿੱਚ 150 ਮਿੰਟ ਤੱਕ ਵਰਤ ਸਕਦੇ ਹੋ।

ਫੰਕਾ' ਨੂੰ ਖਹਿੰਦਿਆ, 'ਉੱਤਰੀ ਪੈਸਫਿਕ ਔਸ਼ਨ' ਵਿੱਚੋਂ ਹੁੰਦਾ ਹੋਇਆ, ਕਈ ਟਾਪੂਆਂ ਨੂੰ ਪਿੱਛੇ ਛੱਡਦਾ ਅਲਾਸਕਾ ਦੇ ਮਸ਼ਹੂਰ ਬੰਦਰਗਾਹੀ-ਸ਼ਹਿਰ ਸਕੈਗਵੇਅ ਪਹੁੰਚੇਗਾ। ਉਸ ਤੋਂ ਪਹਿਲਾਂ ਉਹ ਰਸਤੇ ਵਿੱਚ ਜੂਨਿਊ ਸ਼ਹਿਰ ਜਾ ਕੇ ਦਮ ਲਵੇਗਾ। ਕਰੂਜ਼ ਦੇ ਬਰਾਬਰ ਹੋਰ ਜਾਂਦੇ ਇਸ ਦੇ ਹੀ ਭਰਾ ਨਾਲ ਅੱਖਾਂ ਚਾਰ ਕਰਦਿਆਂ 16 ਨੰਬਰ ਡੈਕ ਉਪਰ ਬਣੇ ਦੋ ਸਵਿਮਿੰਗ-ਪੂਲਾਂ ਕੋਲ ਲੱਗੀ ਸਟੇਜ 'ਤੇ ਚੱਲ ਰਹੇ ਡੀ.ਜੇ ਪ੍ਰੋਗਰਾਮ ਦਾ ਆਨੰਦ ਮਾਨਣ ਲੱਗੇ। ਮਿਊਜ਼ਿਕ ਭਾਵੇਂ ਇੰਗਲਿਸ਼ ਸੀ, ਕਲਾਕਾਰ ਵੀ ਅੰਗਰੇਜ਼ੀ ਨਸਲ ਦੇ ਅੰਗਰੇਜ਼ੀ ਗੀਤ ਹੀ ਪੇਸ਼ ਕਰ ਰਹੇ ਸਨ। ਲੋਕ ਨੱਚ ਰਹੇ ਸਨ ਝੂਮ ਰਹੇ ਸਨ ਉਦੋਂ ਹੀ ਪੰਜਾਬੀ ਗੀਤ 'ਹੁਣੇ ਹੁਣੇ ਹੋਈ ਤੂੰ ਜਵਾਨ... ਮੁੰਡਿਆਂ ਤੋਂ ਬਚਕੇ ਰਹੀਂ' ਗੀਤ ਆਪਣੀ ਧੁੰਨ ਨਾਲ ਤਰਥੱਲੀ ਮਚਾਉਣ ਲੱਗਿਆ। ਨੱਚਦੇ ਝੂਮਦੇ ਲੋਕਾਂ ਨੂੰ ਕੋਈ ਫਰਕ ਨਹੀਂ ਪਿਆ ਕਿ ਕਿਹੜੀ ਭਾਸ਼ਾ ਦਾ ਗੀਤ ਹੈ ਬੱਸ ਉਹ ਤਾਂ ਉਸੇ ਲੋਰ ਵਿੱਚ ਨੱਚ ਰਹੇ ਸਨ। ਵਾਕਿਆ ਹੀ ਮਿਊਜ਼ਿਕ ਪ੍ਰਤੀ ਸਰੀਰ ਦਾ ਕੋਈ ਵੀ ਅੰਗ ਪੱਖ-ਪਾਤੀ ਨਹੀਂ ਹੁੰਦਾ।ਕਰੂਜ਼ ਦੀ ਡਾਇਰੈਕਟਰ ਟਿਆਰਾ (Tiara) ਵੀ ਉੱਥੇ ਹਾਜ਼ਰ ਸੀ।

ਸੂਰਜ ਆਪਣਾ ਸਫ਼ਰ ਤਹਿ ਕਰਕੇ ਜਾਣ ਦੀ ਤਿਆਰੀ ਵਿੱਚ ਸੀ। ਕਰੂਜ਼ ਦੀ ਸਤਾਰਵੀਂ ਮੰਜਿਲ ਉਪਰ ਬਣੇ








ਅਲਾਸਕਾ ਕਰੂਜ਼, ਏਸ਼ੀਆ ਕਰੂਜ਼ ਆਸਟ੍ਰੇਲੀਆ, ਬਾਰਾਮੂਡਾ ਕਰੂਜ਼, ਹਵਾਈ ਕਰੂਜ਼, ਮੈਕਸੀਕਨ ਕਰੂਜ਼ ਆਦਿ ਅਨੇਕਾਂ ਕੰਪਨੀਆਂ ਦੇਖਣ-ਯੋਗ ਸਥਾਨਾਂ ਦੇ ਪਰਿਵਾਰਿਕ ਟੂਰ, ਜ਼ੋਖਮ-ਭਰੇ ਸਾਹਸੀ ਟੂਰ ਆਦਿ ਕਰਵਾਉਂਦੇ ਰਹਿੰਦੇ ਹਨ। ਇਸ ਵਕਤ ਸੰਸਾਰ ਦੇ ਸੱਤ ਸਮੁੰਦਰਾਂ ਵਿੱਚ ਕੋਈ ਤਿੰਨ ਸੌ ਤੋਂ ਉਪਰ ਕਰੂਜ਼ ਘੁੰਮ ਫਿਰ ਰਹੇ ਹਨ। ਅੱਡ ਅੱਡ ਕੰਪਨੀਆਂ ਨੇ ਇਹਨਾਂ ਨੂੰ ਵੱਖੋ ਵੱਖਰੇ ਖਿੱਚ-ਭਰਪੂਰ ਨਾਂ ਦਿੱਤੇ ਹੋਏ ਹਨ ਜਿਵੇਂ ਪਰਲ (Pearle) ਸਕਾਈ ((Sky), ਬਲਿਸ (Bliss), ਸਪਿਰਿਟ (Spirit) ਸਟਾਰ (Star) ਪ੍ਰਾਈਡ ਆਫ ਅਮਰੀਕਾ, ਜੈਵਲ ਇਨਕੋਰ (Encore) ਆਦਿ।

ਮਈ 2024 ਵਿੱਚ ਜਿਸ ਕਰੂਜ਼ ਵਿੱਚ 'ਅਮੇਰਾਲਡ ਸਿਟੀ ਆਫ ਸਿਆਟਲ ਤੋਂ ਵਾਈਲਡਜ਼ ਆਫ ਅਲਾਸਕਾ (Emerald City of Seattle to Wilds of Alaska) ਸੱਤ ਦਿਨਾਂ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ ਉਹ Norwegian Cruise Line ਨਾਰਵੈਜ਼ੀਅਨ ਕਰੂਜ਼ ਲਾਈਨ ਦਾ 'ਇਨਕੋਰ' ਨਾਂ ਦਾ ਜ਼ਹਾਜ ਹੈ। ਇਸ ਦੀ ਕੈਪੈਸਟੀ ਚਾਰ ਕੁ ਹਜ਼ਾਰ ਯਾਤਰੀਆਂ ਨੂੰ ਚੁੱਕੀ ਫਿਰਨ ਦੀ ਹੈ। ਅਸਲ ਵਿੱਚ ਇਹ ਅਮਰੀਕਾ ਦੀ ਕੰਪਨੀ ਜਿਸਦਾ ਹੈਡਕੁਆਟਰ ਮਿਆਮੀ ਵਿੱਚ ਹੈ ਅਤੇ ਸਮੁੰਦਰ ਕਿਨਾਰਿਆਂ 'ਤੇ ਵਸੇ ਸ਼ਹਿਰਾਂ ਦੀ ਯਾਤਰਾ ਕਰਵਾਉਣ ਵਾਲਾ ਯਾਤਰੂ ਸਮੁੰਦਰੀ ਜ਼ਹਾਜ਼ ਹੈ। ਉਨੀ ਮੰਜ਼ਿਲੇ ਲੱਗਭੱਗ 160-170 ਫੁੱਟ ਉਚੇ ਇਸ ਜ਼ਹਾਜ਼ ਦੀ ਲੰਬਾਈ ਲੱਗਭੱਗ ਇਕ ਹਜ਼ਾਰ ਫੁੱਟ ਅਤੇ ਚੌੜਾਈ ਲੱਗਪੱਗ 100 ਕੁ ਫੁੱਟ ਹੈ। ਬੁਫੇ ਰੈਸਟੋਰੈਂਟ, ਕਾਰਡ ਰੂਮ, ਕੈਸੀਨੋ, ਚਾਈਲਡ ਕੇਅਰ, ਸਿਨੇਮਾ, ਕਲੱਬ, ਫਿਟਨੈਸ ਸੈਂਟਰ, ਹੌਟ ਟੱਬ, ਸਵਿੰਮਇੰਗ ਪੂਲ, ਲਾਇਬ੍ਰੇਰੀ, ਲੌਜ਼, ਅਬਜ਼ਰਵੇਸ਼ਨ ਡੈਕ, ਵਪਾਰਕ ਦੁਕਾਨਾਂ, ਮਾਲਿਸ਼ ਘਰ, ਨਾਟਕ ਘਰ, Infar-mary and Morgue ਵੱਖੋ ਵੱਖਰੀਆਂ ਕਿਸਮਾਂ ਦੀਆਂ ਸ਼ਰਾਬਾਂ ਦੇ ਠੇਕੇ, ਥੀਮ ਪਾਰਕ, ਵਾਟਰ ਪਾਰਕ, ਆਦਿ ਦਾ ਇਕ ਵੱਖਰਾ ਸੰਸਾਰ ਲੈ ਕੇ ਸਮੁੰਦਰ ਵਿੱਚ ਚੱਕਰ ਕੱਟਦਾ ਰਹਿੰਦਾ ਹੈ। ਨਵੇਂ ਜ਼ਮਾਨੇ ਦੀਆਂ ਆਕਰਸ਼ਨਾਂ ਐਕਯੂਆ ਪਾਰਕ, ਗਲੈਕਸੀ ਪੈਵੀਲੀਨ, ਲੇਜ਼ਰ ਟੈਗ, ਇਨਕੋਰ ਸਪੀਡਵੇਅ ਆਦਿ ਵੀ ਇਸ ਵਿੱਚ ਹਨ।

ਅਮਰੀਕਾ ਦੀ ਅਲਾਸਕਾ ਸਟੇਟ ਨਾਰਥ ਪੋਲ ਦੇ ਨਜ਼ਦੀਕ ਹੋਣ ਕਰਕੇ ਜੰਮੀ ਹੋਈ ਬਰਫ ਨਾਲ ਜ਼ਿਆਦਾ ਸਮਾਂ ਮੋਹ ਪਾਈ ਰੱਖਦੀ ਹੈ। ਇਸੇ ਲਈ ਲੋਕ ਇਸ ਸਟੇਟ ਦੀ ਸੁੰਦਰਤਾ ਨੂੰ ਮਾਨਣ ਲਈ ਗਰਮੀ ਦੇ ਮਹੀਨਿਆਂ ਅਪਰੈਲ ਤੋਂ ਸਿਤੰਬਰ ਤੱਕ ਨੂੰ ਚੁਣਦੇ ਹਨ। ਸਾਡੇ ਫੈਸਲੇ ਦਾ ਗੁਣੀਆ ਵੀ ਮਈ ਮਹੀਨੇ ਵਿੱਚ ਪਿਆ।ਟਿਕਟਾਂ ਅਸੀਂ ਮਹੀਨਾ ਪਹਿਲਾਂ 'ਕਾਸਕੋ ਮਾਲ' ਰਾਹੀਂ ਬੁੱਕ ਕਰਵਾ ਲਈਆਂ ਸਨ।ਡਿਜ਼ੀਟਲ ਦਾ ਯੁੱਗ ਹੋਣ ਕਰਕੇ ਹੁਣ ਦਫਤਰਾਂ 'ਚ ਜਾਣ ਦੇ ਝੰਜਟ ਤਾਂ ਖਤਮ ਹੀ ਹੋ ਗਏ ਹਨ। ਸਾਰਾ ਕੰਮ ਹੀ ਆਨਲਾਈਨ ਹੁੰਦਾ ਰਹਿੰਦਾ ਹੈ ਕਿਉ ਕੰਪਨੀਆਂ ਵਿੱਚ ਵਪਾਰਕ ਦੌੜ ਲੱਗੀ ਰਹਿੰਦੀ ਹੈ ਇਸ ਲਈ ਮਿਹਨਤ ਕਰਨ ਤੇ ਮੱਥਾ ਮਾਰਨ 'ਤੇ ਰੇਟਾਂ ਵਿੱਚ ਛੋਟ ਮਿਲਣ ਦੀ ਗੁੰਜ਼ਾਇਸ਼ ਬਣੀ ਰਹਿੰਦੀ ਹੈ। ਸਾਨੂੰ ਵੀ ਕੁਝ ਮਿਲ

ਸੌ ਦੇ ਕਰੀਬ ਇਨਸਾਨਾਂ ਦੀ ਹਰ ਕਿਸਮ ਦੀ ਚੈਕਿੰਗ ਕਰਨੀ,ਕਾਰਵਾਈ ਕਰਕੇ ਇੰਟਰੀ ਪਾਸ ਦੇਣ 'ਤੇ ਸਮਾਂ ਤਾਂ ਲੱਗਦਾ ਹੀ ਹੈ। ਜਦੋਂ ਨੂੰ ਅਸੀਂ ਉਥੇ ਪਹੁੰਚੇ ਰਸ਼ ਕਾਫੀ ਘੱਟ ਚੁਕਿਆ ਸੀ ਕਿਉਂਕਿ ਬਾਹਲੇ ਉਤਸ਼ਾਹੀ ਤਾਂ ਪਹਿਲਾ ਹੀ ਆ ਪਹੁੰਚੇ ਸਨ।ਟੈਗ ਲੱਗੇ ਅਟੈਚੀ (ਟੈਗ, ਕੰਪਨੀ ਪਹਿਲਾਂ ਹੀ ਭੇਜ ਦਿੰਦੀ ਹੈ ਤਾਂ ਕਿ ਅਟੈਚੀਆਂ ਉਪਰ ਚਿਪਕਾ ਦਿੱਤੇ ਜਾਣ) ਉਥੇ ਰੇੜ੍ਹੀਆਂ ਲੈ ਕੇ ਖੜ੍ਹੇ ਸੇਵਾਦਾਰਾਂ ਨੂੰ ਫੜ੍ਹਾ ਦਿੱਤੇ ਉਹ ਉਹਨਾਂ ਨੂੰ ਅੰਦਰ ਲੈ ਗਏ। ਅਸੀਂ ਟਰਮੀਨਲ ਬਿਲਡਿੰਗ ਦੇ ਦੂਸਰੇ ਪਾਸੇ ਬਣੇ ਦਾਖਲਾ-ਗੇਟ ਰਾਹੀਂ ਪੌੜੀਆਂ ਚੜ੍ਹਦੇ ਪਹਿਲੀ ਮੰਜ਼ਿਲ ਤੇ ਬਣੇ ਹਾਲ ਵਿੱਚ ਪਹੁੰਚ ਗਏ। ਗੇਟ ਵੜਦਿਆਂ ਹੀ ਤੁਹਾਡੇ ਚੇਹਰਿਆਂ ਉਪਰ ਫੈਲੇ ਉਤਸ਼ਾਹ ਨੂੰ ਅਤੇ ਅਸਚਰਜਤਾ ਨੂੰ ਕੈਮਰੇ ਵਿੱਚ ਕੈਦ ਕਰ ਰੱਖਣ ਲਈ ਫੋਟੋਗ੍ਰਾਫਰ ਖੜ੍ਹੇ ਹੁੰਦੇ ਹਨ। ਫੋਟੋ ਖਿਚਵਾਓ, ਵਾਪਸੀ ਵੇਲੇ ਪੈਸੇ ਦੇਓ ਅਤੇ ਲੈ ਜਾਓ। ਹਾਲ ਵਿੱਚ ਕਈ ਕਾਊਂਟਰ ਬਣੇ ਹੋਏ ਹਨ ਬੜੀ ਤੇਜ਼ੀ ਨਾਲ ਡਿਊਟੀਆਂ ਨਿਭਾ ਰਹੇ ਕਰਮਚਾਰੀਆਂ ਨੇ ਸਾਡੇ ਪਾਸਪੋਰਟ, ਗਰੀਨ ਕਾਰਡ ਚੈਕ ਕੀਤੇ, ਅਮਰੀਕਾ ਵਿੱਚ ਸਾਡੇ ਸਟੇਟਸ ਦੀ ਜਾਂਚ ਕੀਤੀ, ਵਿਜਟਰ ਵੀਜ਼ੇ ਵਾਲਿਆਂ ਦੇ ਪਾਸਪੋਰਟ ਇਹ ਕਹਿ ਕੇ ਰੱਖ ਲਏ ਜਾਂਦੇ ਹਨ ਕਿ ਅੰਬੈਸੀ ਤੋਂ ਇਮੀਗਰੇਸ਼ਨ ਜਾਂਚ ਹੋ ਜਾਣ ਦੇ ਬਾਅਦ ਕਰੂਜ਼ ਉਪਰ ਤੁਹਾਨੂੰ ਵਾਪਿਸ ਕਰੇ ਜਾਣਗੇ ਕਿਉ ਇਸ ਸਫਰ ਦੌਰਾਨ ਤੁਸੀਂ ਕੈਨੇਡਾ ਦੀ ਧਰਤੀ ਤੇ ਪੈਰ ਵੀ ਰੱਖਣੇ ਹੁੰਦੇ ਨੇ। ਗਰੀਨਕਾਰਡ ਹੋਲਡਰਾਂ ਜਾਂ ਅਮਰੀਕਨ ਸਿਟੀਜਨਾਂ ਲਈ ਕੈਨੇਡਾ ਦੀ ਧਰਤੀ ਤੇ ਜਾਣ ਦੀ ਕੋਈ ਬੰਦਿਸ਼ ਨਹੀਂ। ਇਸ ਲਈ ਸਾਡੇ ਪਾਸਪੋਰਟ ਅਤੇ ਗਰੀਨ ਕਾਰਡ ਤਾਂ ਉਦੋਂ ਹੀ ਵਾਪਿਸ ਕਰ ਦਿੱਤੇ ਗਏ ਪਰ ਪਾਰਥ, ਕੰਵਲ ਅਤੇ ਸ਼ੁਸ਼ਮਾ ਦੇ ਪਾਸਪੋਰਟ ਉਹਨਾਂ ਰੱਖ ਲਏ। ਪੰਜ ਸੱਤ ਮਿੰਟਾਂ ਵਿੱਚ ਉਹਨਾਂ ਨੇ ਸਾਨੂੰ ਸੱਭ ਨੂੰ ਕਮਰਿਆਂ ਦੀਆਂ ਮਾਡਰਨ ਡਿਜੀਟਲ ਚਾਬੀਆਂ ਦੇ ਦਿੱਤੀਆਂ ਹਰ ਇਕ ਜਣੇ ਨੂੰ ਉਸਦੇ ਨਾਂ ਪ੍ਰਿੰਟ ਹੋਈ ਚਾਬੀ ਮਿਲਦੀ ਹੈ। ਇਕ ਕਮਰੇ ਵਿੱਚ ਤੁਸੀਂ ਕਿੰਨੇ ਵੀ ਜਣੇ ਹੋ ਹਰ ਇਕ ਨੂੰ ਅਲਹਿਦਾ ਚਾਬੀ ਹੀ ਮਿਲੇਗੀ। ਸਾਡੇ ਕੋਲ ਗਿਆਰਵੀਂ ਮੰਜ਼ਿਲ ਤੇ ਦੋ ਕਮਰੇ ਇਕ 11110 ਅਤੇ ਇਕ 11116 ਸਨ ਜੋ ਕਿ ਕਰੂਜ਼ ਦੇ ਅਗਲੇ ਹਿੱਸੇ ਵਿੱਚ ਖੱਬੇ ਪਾਸੇ ਸਨ ਜਦੋਂ ਕਿ ਕੰਵਲ ਅਤੇ ਸ਼ੁਸਮਾ ਨੂੰ ਤੇਰਵੀਂ ਮੰਜ਼ਿਲ ਉਪਰ ਸੱਜੇ ਪਾਸੇ 13708 ਨੰ. ਕਮਰਾ ਮਿਲਿਆ ਸੀ।

ਹਾਲ 'ਚੋਂ ਨਿਕਲਦਿਆਂ ਹੀ ਤੁਹਾਡੀ ਸਕਿਉਰਿਟੀ ਜਾਂਚ ਕੀਤੀ ਜਾਂਦੀ ਹੈ, ਤੁਹਾਡੇ ਹੱਥਲੇ ਬੈਗਾਂ ਨੂੰ ਐਕਸਰੇ ਮਸ਼ੀਨ ਵਿੱਚ ਦੀ ਲੰਘਾਇਆ ਜਾਂਦਾ ਹੈ । ਉਸ ਤੋਂ ਅੱਗੇ ਸ਼ਿਪ ਦੀ ਸੱਤਵੀਂ ਮੰਜ਼ਿਲ ਉਪਰ ਬਣੇ ਦਰਵਾਜ਼ੇ ਵਿੱਚ ਦੀ ਕਰੂਜ਼ ਵਿੱਚ ਦਾਖਲ ਕਰਵਾਉਣ ਲਈ ਵਲ-ਵਲਾਵੇਂ ਖਾਂਦੀ ਜਾਲੀਦਾਰ ਸੁਰੰਗ ਵਿੱਚ ਦੀ ਲਿਜਾਇਆ ਜਾਂਦਾ ਹੈ।ਕਰੂਜ਼ ਵਿੱਚ ਤੁਸੀਂ ਇਸ ਦੇ ਵਿਚਕਾਰਲੇ ਹਿੱਸੇ ਵਿੱਚ ਬਣੀਆ ਪੌੜੀਆਂ ਅਤੇ ਲੱਗੀਆਂ ਲਿਫਟਾਂ ਕੋਲ ਦੀ ਪਹੁੰਚਦੇ ਹੋ, ਇਹ ਲਿਫਟਾਂ ਚੌਵੀ ਘੰਟੇ ਉਪਰ ਹੇਠਾਂ ਚੱਲਦੀਆਂ ਰਹਿੰਦੀਆਂ ਹਨ। ਲਿਫਟ ਰਾਹੀਂ ਆਪੋ ਆਪਣੇ ਕਮਰਿਆਂ ਦੀ ਪੰਛੀ-ਝਾਤ ਪਾਉਣ ਲਈ ਉਪਰ ਚਲੇ ਗਏ।ਕਮਰੇ ਵਿੱਚ ਡਬਲਬੈਡ, ਫਲੈਕਸੀਬਲ ਸੋਫਾ (ਜਿਸਨੂੰ ਖੋਲ੍ਹ

ਕਈ ਕਈ ਕਮਰਿਆਂ ਲਈ ਇਕ ਸੇਵਾਦਾਰ ਦੀ ਡਿਊਟੀ ਲਗਾਈ ਹੁੰਦੀ ਹੈ। ਸਾਡੇ ਕਮਰਿਆਂ ਵਾਲਾ ਸੇਵਾਦਾਰ ਸੱਭ ਮਹਿਮਾਨਾਂ ਨਾਲ ਆਪਣੀ ਜਾਣ ਪਛਾਣ ਕਰਵਾਉਂਦਿਆ ਦੱਸ ਗਿਆ ਕਿ ਮੇਰਾ ਕਨਟੈਕਟ ਨੰ. ਟੀ.ਵੀ. ਉਪਰ ਵੀ ਦਿਖਾਈ ਦਿੰਦਾ ਰਹਿੰਦਾ ਹੈ।ਉਸ ਇਹ ਵੀ ਜਾਣਕਾਰੀ ਦਿੱਤੀ ਕਿ ਇਸ ਸਮੇਂ 16 ਨੰ. ਡੈਕ 'ਗਾਰਡਨ ਕੈਫੇ ਵਿੱਚ ਲੰਚ ਅਜੇ ਚੱਲ ਰਿਹਾ ਹੈ, ਤੁਸੀਂ ਜਾ ਕੇ ਖਾ ਸਕਦੇ ਹੋ। ਉਪਰ ਪਹੁੰਚੇ, ਵੇਖਿਆ ਬਫੇ ਸਿਸਟਮ ਵਾਲੇ ਲੰਗਰ ਹਾਲ ਵਿੱਚ ਦੇਸ਼ ਦੁਨੀਆਂ ਦਾ ਹਰ ਕਿਸਮ ਦਾ ਖਾਣਾ,ਸ਼ਾਕਾਹਾਰੀ ਵੀ ਅਤੇ ਮਾਸਾਹਾਰੀ ਵੀ, ਇੰਡੀਅਨ,ਇਟਾਲੀਅਨ, ਮੈਕਸੀਕਨ, ਅਮਰੀਕਨ, ਵੈਸਟਰਨ ਆਦਿ, ਫਲ ਫਰੂਟ, ਸਲਾਦਾਂ, ਚਾਹ ਕੌਫੀ, ਮਿਲਕ ਜੂਸ ਤੱਤਾ ਪਾਣੀ, ਠੰਢਾ ਪਾਣੀ, ਤੱਤਫੱਟ ਤਿਆਰ ਕਰਕੇ ਦਿੱਤੀਆਂ ਜਾਂਦੀਆਂ ਵਰਾਇਟੀਆਂ, ਅਨੇਕਾਂ ਕਿਸਮਾਂ ਦੀਆਂ ਆਈਸਕਰੀਮਾਂ, ਬੇਕਰੀ ਦੀਆਂ ਆਈਟਮਾਂ, ਵਾਈਨ-ਬੀਅਰ-ਵਿਸਕੀ-ਵੋਦਕਾ-ਟੋਕੀਲਾ, ਆਦਿ ਸੱਭ ਕੁਝ ਸੀ। ਮਨ-ਪਸੰਦ ਦਾ ਕੁੱਝ ਵੀ ਪਲੇਟ ਵਿੱਚ ਪਾਉ ਅਤੇ ਆਸੇ ਪਾਸੇ ਲੱਗੇ ਸ਼ੀਸ਼ਿਆ ਵਿੱਚ ਦੀ ਸਮੁੰਦਰ ਦਾ ਨਜ਼ਾਰਾ ਤੱਕਦਿਆਂ ਗੱਪ-ਸ਼ੱਪ ਮਾਰਦਿਆਂ ਖਾਣ ਦਾ ਆਨੰਦ ਲਉ।

ਖਾਣਾ ਖਾ ਕੇ ਵਾਪਿਸ ਆਏ ਤਾਂ ਅਟੈਚੀ ਬੂਹਿਆਂ ਅੱਗੇ ਪਏ ਸਨ।ਸਮਾਨ ਟਿਕਾਣੇ-ਸਿਰ ਟਿਕਾਇਆ। ਕਰੂਜ਼ ਨੂੰ ਘੁੰਮ ਫਿਰ ਕੇ ਵੇਖਣ ਚੱਲ ਪਏ। ਮਨ ਵਿੱਚ ਉਤਸੁਕਤਾ ਸੀ ਜਦੋਂ ਇਹ ਚੱਲੇਗਾ- ਬਿਲਕੁੱਲ ਇਸਦੇ ਸਿਰ ਤੇ ਖੜ੍ਹ ਕੇ ਵੇਖਿਆ ਅਤੇ ਉਨਾਂ ਪਲਾਂ ਦਾ ਆਨੰਦ ਮਾਣਿਆ ਜਾਵੇ। ਮਨ ਨੂੰ ਅਜੀਬ ਅਹਿਸਾਸ ਹੋਇਆ ਜਦ ਉੱਨੀ ਮੰਜ਼ਿਲਾਂ ਉੱਚੇ ਖੜਿਆਂ ਸਿਆਟਲ ਦੇ ਆਸੇ ਪਾਸੇ ਟਾਪੂਆਂ, ਜ਼ਹਾਜ਼ਾਂ, ਕਿਸ਼ਤੀਆਂ, ਸਿਆਟਲ ਦੇ ਮਸ਼ਹੂਰ ਝੂਲੇ ਆਦਿ ਨੂੰ ਪਿੱਛੇ ਛੁੱਟਦਿਆਂ ਵੇਖਿਆ।ਜਿਵੇਂ ਹੀ ਘੜੀ ਦੀਆਂ ਸੂਈਆਂ ਨੇ ਪੰਜ ਵਜੇ ਦੇ ਅੰਕ ਨੂੰ ਅਤੇ ਬਾਰਾਂ ਵਜੇ ਦੇ ਅੰਕ ਨੂੰ ਚੁੰਮਿਆ, ਜ਼ਹਾਜ਼ ਦੇ ਟਰਬਾਈਨਾਂ ਨੇ ਪਾਣੀ ਨੂੰ ਪਿੱਛੇ ਸੁੱਟਣਾ ਸ਼ੁਰੂ ਕੀਤਾ। ਕਰੂਜ਼ ਅੱਗੇ ਤੁਰ ਪਿਆ ਅਤੇ ਇਸ ਨੇ ਲੱਗਭੱਗ ਅੱਠ-ਨੌ ਸੌ ਮੀਲ ਦਾ ਸਫਰ 45 ਘੰਟਿਆਂ ਵਿੱਚ ਪੂਰਾ ਕਰਕੇ ਅਲਾਸਕਾ ਸਟੇਟ ਦੇ ਜੂਨਿਊ ਸ਼ਹਿਰ ਦੀ ਬੰਦਰਗਾਹ ਉਪਰ ਮੰਗਲਵਾਰ ਦੁਪਹਿਰ ਢਾਈ ਵਜੇ ਲੰਗਰ ਸੁੱਟਣਾ ਸੀ। ਇੰਨੇ ਵੱਡੇ ਕਰੂਜ਼ ਦੀ ਰਫਤਾਰ 23 ਤੋਂ 35 ਮੀਲ ਪ੍ਰ ਘੰਟਾ ਹੁੰਦੀ ਹੈ ਕਿਉਂਕਿ ਇਕ ਨੌਟੀਕਲ ਮੀਲ (ਟ ਝਜ;ਕ) 1.15 ਮੀਲ ਦੇ ਬਰਾਬਰ ਹੁੰਦਾ ਹੈ। ਵੈਸੇ ਸਿਆਟਲ ਤੋਂ ਸਕੈਗਵੇਅ ਜੋ ਕਿ ਇਸ ਟਰਿਪ ਦਾ ਲਾਸਟ ਸੀ ਸਿਆਟਲ ਤੋਂ 1009 ਨੌਟੀਕਲ ਮੀਲ ਦੀ ਦੂਰੀ 'ਤੇ ਹੈ ਜਾਣੀ ਕਿ 1115 ਮੀਲ ਦੀ ਦੂਰੀ ਤੇ।

ਕਰੂਜ਼ ਟੂਰ ਦਾ ਅਸਲ ਮਾਟੋ ਹੈ ਕਿ 'ਫੀਲ ਫਰੀ ਟੂ ਫਾਲੋ ਦੀ ਸਨ ਇਨਸਟੈਡ ਆਫ ਏ ਸ਼ਡਿਊਲ (Feel Free To Follow The Sun instead of a Schedule)' ਇਸੇ ਗੱਲ ਤੇ ਅਮਲ ਕਰਦਿਆਂ ਆਪਣੀ ਮਸਤ ਚਾਲੇ ਤੁਰਿਆ ਇਹ ਜ਼ਹਾਜ਼ ਸਿਆਟਲ ਬੰਦਰਗਾਹ ਤੋਂ 'ਪਜਟ-ਸਾਊਂਡ', ਵਿੱਚੋਂ ਲੰਘ ਕੇ 'ਸੈਲਿਸ਼ ਸਮੁੰਦਰ' ਵਿਚਲੇ 'ਸਟਰੇਟ ਆਫ ਜੁਆਨ ਡੀ

ਹੌਟ-ਟੱਬਾਂ ਦੇ ਕੋਲ ਲੱਗੀਆਂ ਕੁਰਸੀਆਂ ਉਪਰ ਬੈਠ, ਕਰੂਜ਼ ਨੂੰ ਜੱਫੀਆਂ ਪਾਉਣ ਦਾ ਯਤਨ ਕਰ ਰਹੀਆਂ ਲਹਿਰਾਂ ਨੂੰ ਨਿਹਾਰਦੇ ਰਹੇ। 'ਰੋਟੀ ਖਾਣ ਯੋਗੇ ਹੋ ਤਾਂ ਜਾਈਏ' ਪੰਜਾਬੀਆਂ ਦੀ ਮਨਪਸੰਦੀ ਕਹਾਵਤ ਸਾਡੇ 'ਤੇ ਤਾਂ ਕੀ, ਬਹੁਤੇ ਸੈਲਾਨੀਆਂ 'ਤੇ ਲਾਗੂ ਹੋ ਰਹੀ ਸੀ ਅਤੇ ਉਹ ਅਮਲ ਵੀ ਕਰ ਰਹੇ ਸਨ। ਕਰੂਜ਼ ਵਿੱਚ ਬਣੇ ਅਨੇਕਾਂ ਬਾਰ ਜਾਂ ਪੰਜਾਬੀ 'ਚ ਠੇਕੇ ਕਹਿ ਲਉ ਵੱਖੋ ਵੱਖਰੇ ਨਾਵਾਂ ਵਾਲੀਆਂ ਇਹ ਸ਼ਰਾਬ-ਦੁਕਾਨਾਂ ਜਿਵੇਂ ਐਟਰੀਅਮ ਬਾਰ, ਮਾਲਟਿੰਗ ਵਿਸਕੀ ਬਾਰ ਇਨਡੋਰ, ਮਿਕਸ ਬਾਰ, ਸੂਗਰਕੇਨ ਮੋਜਿੰਟੋ ਬਾਰ, ਦੀ ਕੈਵਰਨ ਬਾਰ, ਡਿਸਟ੍ਰਿਕ ਬਰਇਊ ਹਾਊਸ (ਇੱਥੇ ਤਾਜ਼ੀ ਬੀਅਰ ਬਣਾਕੇ ਦਿੱਤੀ ਜਾਂਦੀ ਹੈ) ਤੋਂ ਇਲਾਵਾ ਖਾਣੇ ਘਰਾਂ ਵਿੱਚ ਵੀ ਬੀਅਰ, ਵਾਈਨ, ਵਿਸਕੀ, ਵੋਦਕਾ, ਟੋਕੀਲਾ ਆਦਿ ਮਿਲਦੀ ਹੈ ।ਖਾਣੇ ਦੇ ਲਈ ਗਾਰਡਨ ਕੈਫੇ ਤੋਂ ਬਿਨ੍ਹਾਂ ਸੇਵਰ, ਟੇਸਟ, ਮੈਨਹਟਨ, ਅਮਰੀਕਨ ਡਿਨਰ, ਫੂਡ ਰੀਪਬਲਿਕ, ਟੱਪਿਨਯਾਕੀ ਵਿੱਚੋਂ ਵੀ ਵੱਖੋ ਵੱਖਰੇ ਸੁਆਦਾਂ ਦੇ ਖਾਣੇ ਮਿਲਦੇ ਹਨ। ਪਰ ਇਹਨਾਂ ਥਾਵਾਂ ਤੇ ਜੀਭ ਨੂੰ ਸੰਤੁਸ਼ਟ ਕਰਨ ਲਈ ਵੱਖਰੇ ਤੌਰ 'ਤੇ ਜੇਬ ਹਲਕੀ ਕਰਨੀ ਪੈਂਦੀ ਹੈ।ਕਦੇ ਕਦੇ ਪੂਰਕ ਦੇ ਤੌਰ ਤੇ ਪਹਿਲਾਂ ਦਿੱਤੀਆਂ ਟਿਕਟਾਂ ਦੇ ਵਿੱਚ ਮੁਫਤ ਵੀ ਖਵਾ ਦਿੰਦੇ ਨੇ। ਰਸੋਈ ਦੇ ਖਾਣਿਆਂ ਦਾ ਸੁਆਦ ਚੱਖ ਕੇ ਸੱਤਵੇਂ ਡੈਕ ਉਪਰ ਬਣੇ ਵਿਸ਼ਾਲ ਥੀਏਟਰ ਜਿਸਦਾ ਨਾਂ ਇਨਕੋਰ ਥੀਏਟਰ ਹੈ ਵਿੱਚ ਚੱਲ ਰਹੇ ਕਮੇਡੀ ਸ਼ੋਅ ਨੂੰ ਵੇਖਣ ਚਲੇ ਗਏ। 'ਲੈਵਿਟੀ ਇੰਨਟਰਟੇਨਮੈਂਟ ਗਰੁੱਪ' ਵੱਲੋਂ ਪੇਸ਼ ਇਸ ਸ਼ੋਅ ਵਿੱਚ ਅਮਰੀਕਾ ਦੇ ਮਸ਼ਹੂਰ ਹਾਸਾ ਕਲਾਕਾਰਾਂ ਫਿਲ ਪਾਲੀਸਾਊਲ ਅਤੇ ਵਾਰੇਨਹਾਲ (ਸ਼ੀਜ; ਸ਼ ਰੁ ਨੇ ਡੇਢ ਘੰਟੇ ਤੱਕ ਲੋਕਾਂ ਦੇ ਢਿੱਡੀਂ ਪੀੜਾਂ ਪਾਈਆਂ। ਇਸ ਸ਼ੋਅ ਦੀ ਇਕ ਕੰਡੀਸ਼ਨ ਹੈ ਕਿ ਇਹ ਅਠਾਰਾਂ ਸਾਲਾਂ ਤੋਂ ਉਪਰ ਦੀ ਉਮਰ ਵਾਲਿਆਂ ਲਈ ਹੈ।

ਕਰੂਜ਼ ਦੇ ਸਫਰ ਦਾ ਤਜਰਬਾ ਕਰ ਚੁੱਕੇ ਕਈਆਂ ਤੋਂ ਪਤਾ ਲੱਗਿਆ ਸੀ ਕਿ ਅਕਸਰ ਹੀ ਪਹਿਲੀ ਰਾਤ ਅਤੇ ਪਹਿਲੇ ਦਿਨ ਸਮੁੰਦਰ ਵਿੱਚ ਰਹਿੰਦਿਆਂ ਮੋਸ਼ਨ-ਸਿਕਨੈਸ ਹੋ ਜਾਂਦੀ ਹੈ ਇਸ ਲਈ ਦਵਾਈ (ਡਰਾਮਾਮੀਨ) ਜੋ ਕਿ ਅਮਰੀਕਾ ਵਿੱਚ ਡਾਕਟਰ ਦੀ ਪਰਚੀ ਤੋਂ ਬਿਨ੍ਹਾਂ ਵੀ ਮਿਲਦੀ ਹੈ ਅਤੇ ਓ ਟੀ ਸੀ ਦੀ ਕੈਟੇਗਰੀ ਵਿੱਚ ਆਉਂਦੀ ਹੈ, ਲੈ ਜਾਣੀ ਚਾਹੀਦੀ ਹੈ ਪਰ ਮਿਲ ਇਹ ਉਥੇ ਵੀ ਜਾਂਦੀ ਹੈ। ਕਮਰੇ ਦੇ ਅਟੈਂਡੈਂਟ ਨੂੰ ਕਹੋ ਉਹ ਲਿਆ ਦਿੰਦਾ ਹੈ ਕਿਉਂਕਿ ਕਰੂਜ਼ ਵਿੱਚ ਮੈਡੀਕਲ ਸੇਵਾਵਾਂ ਦਾ ਇੰਤਜ਼ਾਮ ਵੀ ਹੈ। ਕਮਰਿਆਂ ਵਿੱਚ ਆ ਕੇ ਜਿਵੇਂ ਹੀ ਬੈਡ ਦੇ ਦੁਆਲੇ ਹੋਏ, ਮਹਿਸੂਸ ਹੋਇਆ ਕਿ ਕਰੂਜ਼ ਡਿਕਡੋਲੇ ਖਾ ਰਿਹਾ ਹੈ, ਲੱਗਿਆ ਕਿ ਮੋਸ਼ਨ ਸਿਕਨੈਸ ਦੇ ਸ਼ਿਕਾਰ ਹੋਵਾਂਗੇ ਪਰ ਮਨ ਨੂੰ ਥੋਹੜਾ ਜਿਹਾ ਤਕੜਾ ਕਰ ਲੈਣ ਤੇ ਨੀਂਦ ਨੇ ਆ ਕਾਬੂ ਕੀਤਾ। ਫਿਰ ਤੁਹਾਨੂੰ ਪਤੈ ਨੀਂਦ ਮੂਹਰੇ ਤਾਂ ਕੋਈ ਵਿਗੜਿਆ ਤਿਗੜਿਆ ਵੀ ਨਹੀਂ ਟਿਕ ਸਕਦਾ, ਮੋਸ਼ਨ-ਸਿਕਨੈਸ ਦੀ ਤਾਂ ਕੀ ਮਜਾਲ ਸੀ? ਇਹ ਗੱਲ ਜ਼ਰੂਰ ਹੈ ਕਿ ਰਾਤੀਂ ਜ਼ਹਾਜ਼ ਕੁਝ ਜ਼ਿਆਦਾ ਹੀ ਝੂਮਦਾ ਹੈ ਕਿਸੇ ਵਿਸਕੀ-ਸ਼ੌਕੀਨ ਨੇ ਇਸ ਦੀ ਵਧੀਆ ਵਿਆਖਿਆ ਕੀਤੀ ਹੈ ਕਿ ਜਹਾਜ਼

(ਬਾਕੀ ਅਗਲੇ ਸਫੇ 'ਤੇ)

# ਹਰੇ-ਭਰੇ ਸ਼ਹਿਰ ਸਿਆਟਲ ਤੋਂ ਅਲਾਸਕਾ ਸਟੇਟ ਤੱਕ ਦਾ ਸਮੁੰਦਰੀ-ਸਫਰ

**(ਸਫਾ 29 ਦੀ ਬਾਕੀ)**

ਵਿੱਚ ਸਫਰ ਕਰ ਰਹੇ ਇੰਨੇ ਲੋਕ ਵਾਈਨ ਵਿਸਕੀ ਪੀ ਕੇ ਝੂਮਦੇ ਫਿਰਦੇ ਨੇ ਫਿਰ ਜ਼ਹਾਜ਼ ਵਿਚਾਰਾ ਵੀ ਕੀ ਕਰੇ- ਖਰਬੂਜੇ ਨੂੰ ਵੇਖ ਕੇ ਖਰਬੂਜ਼ਾ ਰੰਗ ਫੜ੍ਹ ਹੀ ਲੈਂਦੈ।ਅਸਲ ਵਿੱਚ ਦੋਸਤੋ ਰਾਤ ਨੂੰ ਸਮੁੰਦਰੀ ਲਹਿਰਾਂ ਕੁੱਝ ਜ਼ਿਆਦਾ ਹੀ ਟਪੂੰ ਟਪੂੰ ਕਰਦੀਆਂ ਨੇ ਕਿਉਂ ਚੰਦ ਦੀ ਸੁੰਦਰਤਾ ਉਹਨਾਂ ਨੂੰ ਟਿਕਣ ਨਹੀਂ ਦਿੰਦੀ। ਖ਼ੈਰ! ਤੁਸੀਂ ਸਾਰਿਆਂ ਦਾ ਅੱਜਕੱਲ ਸਾਇੰਸ ਨਾਲ ਬਾ-ਵਾਸਤਾ ਹੈ ਤੁਹਾਨੂੰ ਪਤਾ ਹੀ ਹੈ ਕਿ ਚੰਦ ਦੀ ਕੋਈ ਗੁਰੂਤਾ ਖਿੱਚ ਹੁੰਦੀ ਹੈ। ਸੁੱਤਿਆਂ ਪਿਆਂ ਤੋਂ ਹੀ ਜ਼ਹਾਜ਼ ਨਾਰਥ ਪੈਸਫਿਕ ਦੇ ਏਰੀਏ ਵਿੱਚ ਘੁਸਪੈਠ ਕਰ ਜਾਂਦਾ ਹੈ ਇਸ ਲਈ ਸ਼ਾਮੀ ਸੱਭ ਨੂੰ ਹਦਾਇਤਾਂ ਮਿਲ ਗਈਆਂ ਸਨ ਕਿ ਘੜੀਆਂ, ਕਲਾਕਾਂ, ਮੁਬਾਇਲਾਂ ਉਪਰ ਟਾਈਮ ਨਾਲ ਛੇੜ ਛਾੜ ਕਰ ਲਈ ਜਾਵੇ- ਇਕ ਘੰਟਾ ਪਿੱਛੇ ਕਰ ਲਿਆ ਜਾਵੇ ਕਿਉਂਕਿ ਉਥੇ ਟਾਈਮ-ਜ਼ੋਨ ਬਦਲ ਜਾਂਦਾ ਹੈ।

ਜਦ ਸੁਭਾ ਉਠੇ, ਬਾਲਕੋਨੀ 'ਚ ਜਾ ਕੇ ਨਜ਼ਰ ਮਾਰੀ ਤਾਂ ਸ਼ਾਤ ਸਮੁੰਦਰ ਦੇ ਪਾਣੀ ਉਪਰ ਕਰੂਜ਼ ਜੀ ਮਸਤ ਚਾਲ ਚੱਲਦੇ ਮੀਲਾਂ ਦੇ ਡੱਕਰੇ ਕਰੀ ਜਾ ਰਹੇ ਸਨ।ਨਜ਼ਰ ਮਾਰਿਆਂ ਚਾਰੇ ਪਾਸੇ ਪਾਣੀ ਹੀ ਪਾਣੀ ਦਿਖਾਈ ਦੇ ਰਿਹਾ ਸੀ। ਹੋ ਸਕਦੈ ਕਈਆਂ ਨੂੰ ਹੌਲ ਪੈ ਗਏ ਹੋਣ, ਬਈ ਹੁਣ ਤਾਂ ਪਾਣੀ ਵਿੱਚ ਘਿਰ ਗਏ, ਕੀ ਬਣੇਗਾ? ਧੰਨ ਸਨ ਉਹ ਲੋਕ ਜਿਹੜੇ ਬਿਨੋਂ ਸਹੂਲਤਾਂ ਛੋਟੀਆਂ ਛੋਟੀਆਂ ਕਿਸ਼ਤੀਆਂ ਲੈ ਕੇ ਵਿਸ਼ਾਲ ਸਮੁੰਦਰਾਂ ਦੀ ਹਿੱਕ ਤੇ ਤੁਰੇ ਫਿਰਦੇ ਨਵੀਆਂ ਧਰਤੀਆਂ ਦੀ ਭਾਲ ਕਰਦੇ ਰਹਿੰਦੇ ਸਨ ਅਤੇ ਉਹਨਾਂ ਦੀਆਂ ਮਿਹਨਤਾਂ-ਸਿਰੜਾਂ ਸਦਕਾ ਅੱਜ ਅਸੀਂ ਸਾਰੇ ਸੰਸਾਰ ਨੂੰ ਵੇਖ ਕੇ ਇਨਜੁਆਏ ਕਰਨ ਦੇ ਕਾਬੁਲ ਹੋਏ ਹਾਂ।ਅੱਜ ਸਾਰਾ ਦਿਨ ਸਮੁੰਦਰ ਵਿੱਚ ਹੀ ਰਹਿਣਾ ਸੀ। ਉਂਝ ਵੱਖ ਵੱਖ ਮੰਜ਼ਿਲਾਂ ਉਪਰ ਬਣੇ ਵੱਖੋ ਵੱਖਰੇ ਢੰਗ ਦੀਆਂ ਮਾਲਿਸ਼ਾਂ ਕਰਨ ਵਾਲੇ ਮਾਲਿਸ਼-ਘਰਾਂ, ਸੈਲੂਨਾਂ, ਬਿਊਟੀ ਪਾਰਲਰਾਂ, ਜਿੰਮ, ਕੈਸੀਨੋ, ਆਰਟ ਗੈਲਰੀ, ਲਾਇਬ੍ਰੇਰੀ, ਬੱਚਿਆਂ-ਨੌਜਵਾਨਾਂ ਲਈ ਖਾਸ ਪ੍ਰੋਗਰਾਮਾਂ ਦੀ ਜਾਣਕਾਰੀ ਤੁਹਾਨੂੰ ਲਿਖਤ ਰੂਪ 'ਚ ਕਮਰਿਆਂ ਵਿੱਚ ਪਹੁੰਚਾ ਦਿੱਤੀ ਜਾਂਦੀ ਹੈ ਅਤੇ ਥਾਂ ਪੁਰ ਥਾਂ ਲੱਗੀਆਂ ਡਿਜੀਟਲ ਸਕਰੀਨਾਂ 'ਤੇ ਤੁਸੀਂ ਸਾਰੇ ਪ੍ਰੋਗਰਾਮਾਂ ਦੀ ਜਾਣਕਾਰੀ ਵੀ ਲੈ ਸਕਦੇ ਹੋ। ਜਹਾਜ਼ ਦੀਆਂ ਵੱਖ ਵੱਖ ਮੰਜ਼ਿਲਾਂ ਤੇ ਘੁੰਮ ਫਿਰ ਕੇ ਸੱਭ ਕੁੱਝ ਦੇਖਣ ਦੇ ਨਾਲ ਨਾਲ ਹਾਟ-ਟੱਬ ਦਾ ਤਜਰਬਾ ਵੀ ਕੀਤਾ। ਜਹਾਜ਼ ਦੀ ਸਤਾਰਵੀਂ ਮੰਜ਼ਿਲ ਦੇ ਖੁੱਲ੍ਹੇ ਵਿਹੜੇ ਵਿੱਚ ਸਮੁੰਦਰ ਦੀਆਂ ਠੰਢੀਆਂ ਹਵਾਵਾਂ (ਜੋ ਕੁਝ ਲੋਕਾਂ ਨੂੰ ਲੱਜਤ ਦੇ ਰਹੀਆਂ ਸਨ ਅਤੇ ਕੁਝ ਨੂੰ ਰੜਕ ਵੀ ਰਹੀਆਂ ਸਨ) ਯਾਤਰੀਆਂ ਨੂੰ ਛੇੜਦੀਆਂ ਰਹੀਆਂ। ਸਾਰਾ ਦਿਨ ਬੱਦਲਵਾਈ ਰਹਿਣ ਕਰਕੇ ਇਹ ਕੁਝ ਜ਼ਿਆਦਾ ਹੀ ਠੰਢ ਵਰਤਾਉਂਦੀਆਂ ਰਹੀਆ। ਗਰਮ ਪਾਣੀ ਦੇ ਟੱਬ ਵਿੱਚ ਨਿਊਜ਼ਲਾਂ ਰਾਹੀਂ ਪ੍ਰੈਸ਼ਰ ਨਾਲ ਨਿਕਲਦਾ ਗਰਮ ਗਰਮ ਪਾਣੀ ਪਿੰਡੇ ਨੂੰ ਰੀਲੈਕਸ ਕਰੀ ਰੱਖਦਾ ਹੈ, ਕੁਤਕਤਾੜੀਆਂ ਕਰਦਾ ਲੱਗਦਾ ਹੈ ਉਦੋਂ ਵੱਖਰਾ ਹੀ ਮਹਿਸੂਸ ਹੁੰਦਾ ਹੈ। ਤਾਜ਼ੀ ਬੀਅਰ ਵਾਲੀ ਦੁਕਾਨ ਤੇ ਅੱਧਾ ਘੰਟਾ ਬੈਠੇ। ਇਨਕੋਰ ਥੀਏਟਰ ਵਿੱਚ ਅੱਜ ਦੁਨੀਆਂ ਦੇ ਮਸ਼ਹੂਰ ਜਾਦੂਗਰ ਗਰੈਗ ਗਲੀਸਨ ਦਾ ਸ਼ੋਅ ਹੋਣਾ ਸੀ।ਲੱਗਭੱਗ 110 ਦੇਸ਼ਾਂ ਵਿੱਚ ਹਾਸਿਆਂ ਭਰਪੂਰ, ਹੱਥਾਂ ਦੀ ਸਫਾਈ ਦੇ ਜਾਦੂ ਨਾਲ, ਦੁਨੀਆਂ ਨੂੰ ਕੀਲ ਰੱਖਣ ਵਾਲਾ ਇਹ ਜਾਦੂਗਰ ਸੀ. ਡਬਲਯੂ. ਨੈਟਵਰਕ ਉਪਰ ਆਪਣੀਆਂ ਕਾਮਯਾਬ ਸੀਰੀਜ਼ਾਂ-ਮਾਸਟਰ ਆਫ ਇਲੱਸ਼ਨਜ਼ ਅਤੇ ਟੀ.ਵੀ. ਸਰੀਜ਼ ਸਟਰੀਟ ਮੈਜਿਕ ਅਤੇ ਡੌਂਟ ਬਲਿੰਕ ਨਾਲ ਆਪਣਾ ਸਿੱਕਾ ਜਮਾਂ ਚੁੱਕਿਆ ਹੈ, ਨੇ ਇਨਕੋਰ ਦੇ ਸੈਲਾਨੀਆਂ ਦੇ ਸਨਮੁੱਖ ਹੋਣਾ ਸੀ ਪਰ ਅਫਸੋਸ! ਉਹ ਜ਼ਹਾਜ਼ ਵਿੱਚ ਪਹੁੰਚ ਹੀ ਨਾ ਸਕਿਆ। ਇਸ ਲਈ 'ਦੀ ਬੀਟਲਜ਼ ਇਨਵੇਜ਼ਨ ਸ਼ੋਅ ਨੂੰ ਹੀ ਵੇਖਣਾ ਪਿਆ। ਡੈਕ ਨੰ. ਛੇ ਉਪਰ ਬਣੇ ਸ਼ੋਸਲ ਨਾਈਟ ਕਲੱਬ ਜਿਸਦਾ ਨਾਂ Dance Laugh and Social ਵਿੱਚ ਚੱਲ ਰਹੀ Awesome80's party ਦਾ ਆਨੰਦ ਮਾਨਿਆ।ਹਾਲ ਵਿੱਚ ਬਾਰ ਬਣਿਆ ਹੋਇਆ ਹੈ। ਡੀ.ਜੇ. ਦੀਆਂ ਧੁਨਾਂ ਨਿਰੰਤਰ ਚੱਲਦੀਆਂ ਰਹਿੰਦੀਆਂ ਹਨ। ਬੱਚੇ ਜਵਾਨ ਬੁੱਢੇ ਡਾਂਸ ਕਰਦੇ ਰਹਿੰਦੇ ਨੇ। ਹਰ ਇਕ ਜਣਾ ਆਪਣੇ ਆਪ 'ਚ ਮਸਤ ਹੁੰਦਾ ਹੈ। ਕਰੂਜ਼ ਵਿੱਚ ਜ਼ਿਆਦਾ ਗਿਣਤੀ ਪ੍ਰੋੜ ਅਵਸਥਾ ਦੇ ਲੋਕਾਂ ਦੀ ਹੀ ਸੀ ਜੋ ਕਿ ਰੀਟਾਇਰ ਹੋਣ ਤੋਂ ਬਾਅਦ ਜ਼ਿੰਦਗੀ ਨੂੰ ਮਾਨਣ ਦੇ ਆਹਰੇ ਲੱਗੇ ਹੁੰਦੇ ਹਨ। ਇੰਡੀਅਨ ਵੀ ਕਾਫੀ ਸਨ ਪੰਜਾਬੀ ਆਟੇ 'ਚ ਲੂਣ ਬਰਾਬਰ ਹੀ ਸਨ।

ਮੰਗਲਵਾਰ ਸੁਭਾ ਦਾ ਆਗਮਣ ਖੁਸ਼ੀਆਂ ਖੇੜਿਆਂ ਨਾਲ ਹੋਇਆ। ਸਾਡਾ ਕਰੂਜ਼ ਭਾਵੇਂ ਜਾ ਤਾਂ ਸਮੁੰਦਰ ਵਿੱਚ ਰਿਹਾ ਸੀ ਪਰ ਆਸੇ ਪਾਸੇ ਟਾਪੂ ਦਿਖਾਈ ਦੇਣ ਲੱਗੇ ਸਨ, ਪਾਣੀ ਰਾਤ ਨਾਲੋਂ ਸ਼ਾਤ ਸੀ, ਦਰੱਖਤਾਂ ਦੇ ਵੱਡੇ ਵੱਡੇ ਝੁੰਡਾਂ ਨਾਲ ਘਿਰੇ ਇਹਨਾਂ ਪਹਾੜਾਂ ਦੀਆਂ ਚੋਟੀਆਂ ਤੇ ਜੰਮੀ ਬਰਫ ਵੀ ਚਮਕ ਰਹੀ ਸੀ। ਸੂਰਜ ਦੀਆਂ ਪੈਂਦੀਆਂ ਕਿਰਨਾਂ ਨਾਲ ਆਸਾ ਪਾਸਾ ਦੁੱਧ ਵਰਗਾ ਚਿੱਟਾ ਹੋਇਆ ਪਿਆ ਸੀ। ਮਈ ਮਹੀਨੇ ਦੀ ਅੱਜ 21 ਤਾਰੀਖ ਸੀ। ਅੱਜ ਕਰੂਜ਼ ਨੇ ਅਲਾਸਕਾ ਸਟੇਟ ਦੇ ਸ਼ਹਿਰ ਜੂਨਿਊ ਵਿੱਚ ਜਾ ਦਮ ਲੈਣਾ ਸੀ। ਤਕਰੀਬਨ ਦੋ ਵਜੇ ਬੰਦਰਗਾਹ 'ਤੇ ਪਹੁੰਚ ਕੇ ਇਹਨੇ ਕਹਿਤਾ, ਬਈ ਮੈਂ ਹੁਣ ਦਮ ਲੈ ਲਵਾਂ, ਤੁਸੀਂ ਸ਼ਹਿਰ ਦਾ ਨਜ਼ਾਰਾ ਤੱਕ ਆਉ- ਪੰਜਤਾਲੀ ਘੰਟਿਆਂ ਤੋਂ ਮੇਰੇ 'ਚ ਤੜੇ ਬੈਠੇ ਹੋ - ਲੱਤਾਂ ਬਾਹਾਂ ਨੂੰ ਮੋਕਲਾ ਕਰ ਲਉ।''

ਸਰਕਾਰੀ ਤੌਰ ਤੇ The City and Borough of Juneau ਯੂ.ਐਸ.ਏ ਅਲਾਸਕਾ ਅਤੇ ਅਲਾਸਕਾ-ਪੇਨ ਦੀ ਕੈਪੀਟਲ ਸਿਟੀ ਹੈ। ਜੋ ਕਿ ਗੈਸਟੀਨਿਊ ਚੈਨਲ ਵਿੱਚ ਸਥਿਤ ਹੈ ਅਮਰੀਕਾ ਨਾਲ ਇਹ ਕਿਤੋਂ ਵੀ ਸੜਕ ਰਸਤੇ ਨਹੀਂ ਜੁੜਿਆ। ਇੱਥੇ ਸਾਰਾ ਸਮਾਨ ਜ਼ਹਾਜਾਂ ਰਾਹੀਂ (ਸਮੁੰਦਰੀ ਜਾਂ ਹਵਾਈ) ਰਾਹੀਂ ਹੀ ਪਹੁੰਚਾਇਆ ਜਾਂਦਾ ਹੈ। ਅਮਰੀਕਾ ਦੀ ਇਹ ਇਕੋ ਇਕ ਸਟੇਟ-ਕੈਪੀਟਲ ਹੈ ਜਿਸਦਾ ਬਾਰਡਰ ਕਿਸੇ ਦੂਸਰੇ ਦੇਸ਼ ਕੈਨੇਡਾ ਦੀ ਸਟੇਟ, ਬ੍ਰਿਟਿਸ਼ ਕੋਲੰਬੀਆ ਨਾਲ ਲੱਗਦਾ ਹੈ। ਸੰਨ 2020 ਦੀ ਜਨਗਣਨਾ ਮੁਤਾਬਿਕ ਇੱਥੋਂ ਦੀ ਆਬਾਦੀ ਲੱਗਭੱਗ ਬੱਤੀ ਹਜ਼ਾਰ ਹੈ। ਸਟੇਟ ਅਸੈਂਬਲੀ, ਗਵਰਨਰ, ਲੈਫਟੀਨੈਂਟ ਗਵਰਨਰ ਦੇ ਆਫਿਸ ਇੱਥੇ ਸਥਿਤ ਹਨ। ਇੱਥੇ 'ਟਨਗਾਸ ਨੈਸ਼ਨਲ ਪਾਰਕ 16.7 ਮਿਲੀਅਨ ਏਕੜ ਵਿੱਚ ਫੈਲਿਆ ਹੋਇਆ ਹੈ। ਜਿਸ ਵਿੱਚ ਹਜ਼ਾਰਾਂ ਕਿਸਮ ਦੇ ਜੀਵ-ਜੰਤੂ ਅਤੇ ਪੌਦੇ ਹਨ। Tracy Arm Fords, TerrorWilderness, Valentine Building or Place Commercial Building, Goldbelt tram, Mounts Roberk Tramway, Alaska State Museum, Eagle crest Ski Area, Manderhall Glacier and Lemon creek Glacier ਆਦਿ ਵੇਖਣ ਯੋਗ ਸਥਾਨਾਂ ਦੇ ਟੂਰ ਹਨ। ਸਮੁੰਦਰ ਦੀ 'ਔਕ ਖਾੜੀ' ਉਪਰ ਵਸਿਆ ਇਹ ਸ਼ਹਿਰ ਸਮੁੰਦਰ ਦੇ ਕਿਨਾਰੇ ਕਿਨਾਰੇ ਮੀਲਾਂ ਲੰਬਾ ਹੈ। ਕਰੂਜ਼ ਤੋਂ ਉਤਾਰਦਿਆਂ ਹੀ ਉਹਨਾਂ ਦੀਆਂ ਬੱਸਾਂ (ਸ਼ੱਟਲਜ਼) ਸਵਾਰੀਆਂ ਨੂੰ ਡੇਢ ਮੀਲ ਦੀ ਦੂਰੀ ਤੇ ਸਥਿਤ ਰੌਣਕਾਂ ਭਰੇ ਬਾਜ਼ਾਰ ਵਿੱਚ ਉਤਾਰ ਆਉਂਦੀਆਂ ਹਨ। ਉਥੇ ਜਾ ਕੇ ਸਾਨੂੰ ਤਿੰਨ ਹੋਰ ਕਰੂਜ਼ ਖੜ੍ਹੇ ਦਿਖਾਈ ਦਿੱਤੇ। ਥੋੜੇ ਸਮੇਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਸ਼ਹਿਰ ਦੀਆਂ ਆਕਰਸ਼ਣਾਂ ਦਿਖਾਉਣ ਲਈ ਕਈ ਟੂਰ-ਏਜੰਸੀਆਂ ਨੇ ਇੱਥੇ ਆਪਣੇ ਕਾਊਂਟਰ ਲਗਾਏ ਹੋਏ ਹਨ। ਰੇਟਾਂ ਦੀ ਤੋੜ-ਤੜਾਈ ਚੱਲਦੀ ਹੈ। ਡਾਲਰ 269 ਪ੍ਰਤੀ ਵਿਅਕਤੀ ਵਾਲਾ ਚਾਰ ਕੁ ਘੰਟਿਆਂ ਦਾ ਟੂਰ ਸਾਨੂੰ ਦੋ ਸੌ ਵੀਹ ਡਾਲਰ ਪ੍ਰਤੀ ਵਿਅਕਤੀ ਮਿਲ ਗਿਆ। ਪਹਿਲਾਂ ਇਹਨਾਂ ਨੇ ਸਾਨੂੰ ਕਈ ਮੀਲ ਤੱਕ ਬੱਸ 'ਤੇ ਲਿਜਾਣਾ ਸੀ ਫਿਰ ਸਮੁੰਦਰੀ ਕਿਸ਼ਤੀ ਉਪਰ ਡੂੰਘੇ ਸਮੁੰਦਰ ਵਿੱਚ ਲੈ ਕੇ ਜਾਣਾ ਸੀ। ਕਿਉਂਕਿ ਇਹਨਾਂ ਦੀ ਬੱਸ ਨੇ ਪੰਜ ਵਜੇ ਤੁਰਨਾ ਸੀ ਅਸੀਂ ਤੁਰ ਫਿਰ ਕੇ ਬਾਜ਼ਾਰ ਵੇਖਣ ਚਲੇ ਗਏ। ਗਿਫਟਸ, ਖਾਣ-ਪੀਣ ਦੀਆਂ ਦੁਕਾਨਾਂ, ਸਟਾਲਾਂ, ਰੇੜੀਆਂ ਆਦਿ ਸਨ।ਇਸ ਖਿੱਤੇ ਦੀ ਪਹਿਚਾਣ ਬਣੀ 'ਕਲਾ- ਟੋਟਮ (Totem) ਦੇ ਨਮੂਨੇ ਜੋ ਕਿ ਦਰੱਖਤਾਂ ਦੇ ਉਚੇ-ਮੋਟੇ-ਸੁਕਾਏ ਤਣਿਆਂ ਉਪਰ ਖੁਦਾਈ ਕਰਕੇ ਬਣਾਏ ਜਾਂਦੇ ਚਿੱਤਰਾਂ ਨੂੰ ਰੰਗ ਕਰਕੇ ਇਹ ਖੰਭੇ ਤਿਆਰ ਕੀਤੇ ਜਾਂਦੇ ਹਨ, ਥਾਂ ਪੁਰ ਥਾਂ ਲੱਗੇ ਹੋਏ ਮਿਲਦੇ ਹਨ ।ਇੱਥੇ ਇਕ ਲਾਇਬ੍ਰੇਰੀ ਵੀ ਹੈ ਉਹਨਾਂ ਨੂੰ ਮੈਂ ਸ਼ਬਦ-ਤ੍ਰਿੰਜਣ ਮੈਗਜ਼ੀਨ ਵੀ ਭੇਟ ਕਰਕੇ ਆਇਆ ਜੋ ਉਹਨਾਂ ਖੁਸ਼ੀ ਖੁਸ਼ੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਾ ਲਿਆ। ਇਸ ਸ਼ਹਿਰ ਬਾਰੇ ਮੰਨਿਆ ਜਾਂਦਾ ਹੈ ਕਿ 130 ਸਾਲ ਪਹਿਲਾਂ 'ਜੋਅ ਜੂਨਿਊ ਨਾਂ ਦੇ ਖੋਜੀ ਦੇ ਪਹਿਲੇ ਕਦਮ ਇੱਥੇ ਗੋਲਡ ਕਰੀਕ ਵਿੱਚ ਰਸ਼ ਦਾ ਕਾਰਨ ਬਣੇ ਸਨ ਅੱਜ ਵੀ ਇਹ ਏਰੀਆ 'ਅਲਾਸਕਾ ਗੋਲਡ ਰੱਸ਼' ਦੇ ਨਾਂ ਨਾਲ ਮਸ਼ਹੂਰ ਹੈ।ਅਸੀਂ 'ਵੇਲ-ਵਾਚਿੰਗ ਅਤੇ ਵਾਈਲਡਲਾਈਫ ਕੁਐਸਟ ਟੂਰ' ਲਿਆ। ਕੁਲ 40 ਕੁ ਸਵਾਰੀਆਂ ਨੂੰ ਲੈ ਕੇ ਸ਼ਾਮੀਂ 5.30 ਵਜੇ ਚੱਲੀ ਇਹ ਬੱਸ, ਹਾਈਲੈਂਡ ਡਰਾਈਵ ਅਤੇ ਈਗਨ ਡਰਾਈਵ ਤੋਂ ਚੱਲ ਕੇ ਗਲੇਸ਼ੀਅਰ ਐਵੇਨਿਊ ਤੋਂ ਹੁੰਦਿਆਂ ਹਾਈਵੇ ਨੰ.7 ਰਾਹੀਂ ਸਮੁੰਦਰੀ ਕਿਸ਼ਤੀਆਂ ਦੇ ਅੱਡੇ ਤੇ ਅੱਧੇ ਘੰਟੇ ਵਿੱਚ ਪਹੁੰਚ ਗਈ। ਬੱਸ ਦੀ ਡਰਾਈਵਰ ਜੋ ਆਪ ਹੀ ਗਾਈਡ ਦਾ ਕੰਮ ਕਰ ਰਹੀ ਸੀ ਰਸਤੇ ਵਿੱਚ ਆਈਆਂ ਸਰਕਾਰੀ ਜਾਂ ਵਿਸ਼ੇਸ਼ ਸੰਸਥਾਵਾਂ ਬਾਰੇ ਜਾਣਕਾਰੀ ਦਿੰਦੀ ਜਾ ਰਹੀ ਸੀ।ਰਸਤੇ ਵਿੱਚ ਆਈ 'ਈਗਲਜ਼ ਘਾਟੀ' ਅਤੇ ਉਥੇ ਈਗਲਜ਼ ਦੇ ਸਮੂਹ ਵੇਖਣ ਨੂੰ ਮਿਲੇ। ਔਕ ਵੇਅ ਵਿੱਚ ਆਸੇ ਪਾਸੇ ਬਣੀਆਂ ਡੂੰਘੀਆਂ ਖਾੜੀਆਂ ਵਿੱਚ ਕੋਈ 20 ਕੁ ਮੀਲ ਦੀ ਦੂਰੀ ਤੇ ਕਿਸ਼ਤੀਆਂ ਦੇ ਡੈਕ ਤੋਂ ਮੋਟਰ-ਕੋਚ ਦੀ ਰਾਈਡ ਸਮੁੰਦਰੀ ਪਾਣੀ 'ਤੇ ਸ਼ੁਰੂ ਹੋਈ। ਮੋਟਰ ਕੋਚ ਇਕ ਕਿਸਮ ਦੀ ਮੁਹਿੰਮੀ ਕਿਸ਼ਤੀ ਹੈ ਜੋ ਖਾਸ ਤੌਰ ਤੇ ਇੰਜਨੀਅਰਾਂ ਵੱਲੋਂ ਡੀਜ਼ਾਇਨ ਕੀਤੀ ਗਈ ਹੈ। ਇਸ ਵਿੱਚ ਆਰਾਮਦਾਇਕ ਖੁੱਲ੍ਹਾ ਡੁੱਲਾ ਕੈਬਿਨ ਬਣਿਆ ਹੋਇਆ ਹੈ ਜਿਸ ਦੇ ਚਾਰੇ ਪਾਸੇ ਸ਼ੀਸ਼ੇ ਲੱਗੇ ਹੋਏ ਹਨ। ਪੂਰੀ ਰਫਤਾਰ ਨਾਲ ਸਮੁੰਦਰ ਦੇ ਪਾਣੀ ਦੀ ਹਿੱਕ ਤੇ ਉਡਦੀ ਜਾਂਦੀ ਇਸ ਕਿਸ਼ਤੀ ਨੂੰ ਤਜਰਬੇਕਾਰ ਕੈਪਟਨ ਅਤੇ ਉਸਦੀ ਟੀਮ ਚਲਾ ਰਹੀ ਸੀ। ਸਟੀਫਨ ਪੈਸੇਜ਼ ਦੇ ਪਾਣੀ ਨਾਲ ਘਿਰੇ ਟਾਪੂ ਜਿਸਦੀਆਂ ਦੈਂਤ-ਆਕਾਰੀ ਪਹਾੜੀਆਂ ਦੀਆਂ ਬਰਫ਼ਾਂ ਦੀਆਂ ਤਹਿਾਂ ਨਾਲ ਢਕੀਆਂ ਚੋਟੀਆਂ, ਗਲੇਸ਼ੀਅਰ ਹੀ ਹਨ। ਇੱਥੇ ਰਹਿੰਦੇ ਸਮੁੰਦਰੀ ਜੀਵਾਂ ਅਤੇ ਪਹਾੜਾਂ 'ਤੇ ਰਹਿੰਦੇ ਜੀਵ-ਜੰਤੂਆਂ ਦੇ ਵਿਵਹਾਰ, ਰਹਿਣ-ਸਹਿਣ ਦੇ ਵੇਰਵੇ ਵੀ ਉਹ ਦੇ ਰਹੇ ਸਨ। ਸਮੁੰਦਰ ਦੇ ਵਿਚਕਾਰ ਇਕ ਥਾਂ ਉਪਰ ਕਿਸ਼ਤੀ ਲਿਜਾ ਕੇ ਉਹਨਾਂ ਨੇ ਲੱਗਭੱਗ ਰੋਕ ਹੀ ਦਿੱਤੀ। ਸਾਹਮਣੇ ਅਤੇ ਆਸੇ ਪਾਸੇ ਸਨ 'ਹੰਪਬੈਕ ਅਤੇ ਓਰਕਾ ਵੇਲਜ਼' ਸਟੈਲਰ ਸੀ-ਲਾਇਨ ਹਾਰਬਰ ਸੀਲ ਜਾਂ ਛਲਾਗਾਂ ਲਾਉਂਦੀਆਂ ਪਾਣੀ ਤੋਂ ਬਾਹਰ ਆਉਂਦੀਆਂ ਮੱਛੀਆਂ ਦਾ ਸ਼ਿਕਾਰ ਕਰਦੇ ਬਾਲਡ ਈਗਲ ਵੀ ਨਜ਼ਰੀਂ ਪੈ ਰਹੇ ਸਨ। ਇਸ ਏਰੀਏ ਵਿੱਚ ਇਸ ਮੌਸਮ ਵਿੱਚ ਵੇਲ ਮੱਛੀਆਂ ਪਾਣੀ ਦੀ ਸਤਹਿ 'ਤੇ ਆਉਂਦੀਆਂ ਅਕਸਰ ਹੀ ਦਿਖਾਈ ਦੇ ਜਾਂਦੀਆਂ ਸਨ ਕਿਉਂਕਿ ਮਈ-ਜੂਨ ਤੋਂ ਸਿਤੰਬਰ ਮਹੀਨਿਆਂ ਤੱਕ ਪਰਿਵਾਸ-ਪੈਟਰਨਜ਼ ਸਕੀਮ ਦੇ ਕਾਰਨ ਹਵਾਈ ਟਾਪੂ ਦੇ ਸਮੁੰਦਰ ਤੋਂ ਇਹ ਮੱਛੀਆਂ ਬੱਚਿਆਂ ਨੂੰ ਜਨਮ ਦੇਣ ਇੱਥੇ ਆਉਂਦੀਆਂ ਹਨ ਕਿਉਂਕਿ ਇੱਥੇ ਗਲੇਸ਼ੀਅਰਾਂ ਤੋਂ ਖੁਰ ਕੇ ਆਇਆ ਪਾਣੀ ਪੌਸ਼ਟਿਕ ਖਣਿਜ ਪਦਾਰਥਾਂ ਨਾਲ ਭਰਪੂਰ ਹੁੰਦਾ ਹੈ ਜੋ ਕਿ ਬੱਚਿਆਂ ਦੇ ਪਾਲਣ ਪੋਸ਼ਨ ਲਈ ਕਾਰਗਾਰ ਸਾਬਤ ਹੁੰਦਾ ਹੈ।

'ਸੈਲਫ ਗਾਈਡਡ ਜੀਪ ਟੂਰ,ਹੈਲੀਕਾਪਟਰ ਟੂਰ, ਜਾਂ ਕਹਿ ਲਉ ਅਸਮਾਨੀ ਉਡਾਰੀਆਂ, ਪੈਡਲਿੰਗ ਅਤੇ ਹਾਈਕਿੰਗ ਦੇ ਤਜਰਬੇ ਕਰਾਉਣ ਲਈ ਟੂਰ' ਮਿਲ ਜਾਂਦੇ ਹਨ ਪਰ ਉਹਨਾਂ ਸੱਭ ਲਈ ਤੁਹਾਡੇ ਕੋਲ ਖੁੱਲ੍ਹਾ ਸਮਾਂ ਹੋਣਾ ਚਾਹਦਾ ਹੈ ਜੋ ਸਾਡੇ ਕੋਲ ਨਹੀਂ ਸੀ, ਇਸ ਲਈ ਜਿੰਨਾਂ ਵੇਖਿਆ ਗਿਆ ਉਨੇ ਨਾਲ ਹੀ ਸਬਰ ਕਰ ਲਿਆ। ਬਹੁਤੇ ਯਾਤਰੀਆਂ ਦੇ ਮਨ ਵਿੱਚ ਡਰ ਵੀ ਸੀ ਕਿ ਕਰੂਜ਼ ਸਾਨੂੰ ਛੱਡ ਕੇ ਹੀ ਨਾ ਚਲਿਆ ਜਾਵੇ ਪਰ ਕਿਉਂਕਿ ਉਹਨਾਂ ਲੋਕਾਂ ਦਾ ਰੋਜ਼ਗਾਰ ਹੀ ਕਰੂਜ਼ ਦੇ ਯਾਤਰੀਆਂ ਨਾਲ ਚੱਲਦਾ ਹੈ ਇਸ ਲਈ ਯਾਤਰੀਆਂ ਨਾਲੋਂ ਉਹ ਵੱਧ ਫਿਕਰਮੰਦ ਹੁੰਦੇ ਹਨ ਇਸੇ ਲਈ ਉਹਨਾਂ ਨੇ ਸਾਨੂੰ ਰਾਤੀਂ 9.20 ਮਿੰਟ ਤੇ ਕਰੂਜ਼ ਦੇ ਗੇਟ ਮੂਹਰੇ ਜਾ ਉਤਾਰਿਆ ਜਦੋਂ ਕਿ ਕਰੂਜ਼ ਦਾ ਸਮਾਂ 9.30 ਫਾਈਨਲ ਸੀ। ਅੰਦਰ ਵੜ੍ਹਦਿਆਂ ਫਿਰ ਚੈਕਿੰਗ ਕੀਤੀ ਗਈ, ਬੈਗ ਐਕਸਰੇ ਮਸ਼ੀਨ ਵਿੱਚ ਦੀ ਟਪਾਏ ਗਏ। ਜਾਣਕਾਰੀ ਲਈ ਦੱਸ ਦਿਆਂ ਕਿ ਭਾਵੇਂ ਤੁਸੀਂ ਕਰੂਜ਼ ਵਿੱਚੋਂ ਹੀ ਖਾਣ ਪੀਣ ਦਾ ਕੋਈ ਸਮਾਨ ਲੈ ਕੇ ਗਏ ਹੋ ਉਹ ਵਾਪਿਸ ਕਰੂਜ਼ 'ਚ ਨਹੀਂ ਲਿਜਾ ਸਕਦੇ ਖਾਸ ਕਰਕੇ ਅਲਕੋਹਲ ਵਾਲੇ ਪਰੋਡੱਕਟ ਤਾਂ ਬਿਲਕੁੱਲ ਨਹੀਂ।

ਕਿਉਂਕਿ ਅੰਦਰ ਰਸੋਈ ਦੀਆਂ ਸੇਵਾਵਾਂ ਸਾਢੇ ਦਸ ਵਜੇ ਤੱਕ ਹੀ ਸਨ ਇਸ ਲਈ ਫਟਾਫੱਟ ਉਥੇ ਪਹੁੰਚ ਗਏ। ਰਾਤ ਨੂੰ ਤੇਜ਼ ਹਵਾਵਾਂ ਡਰ ਪੈਦਾ ਕਰ ਰਹੀਆਂ ਸਨ। ਕਰੂਜ਼ ਨੂੰ ਡਿਕਡੋਲੇ ਖਾਣ ਲਈ ਮਜਬੂਰ ਕਰ ਰਹੀਆਂ ਸਨ ਪਰ ਮਨ ਨੂੰ ਤਸੱਲੀ ਸੀ ਕਿ ਵਿਗਿਆਨੀਆਂ ਦੀਆਂ ਖੋਜਾਂ ਸਾਡੇ ਨਾਲ ਹੁੰਦਿਆਂ ਇਹ ਹਵਾਵਾਂ ਸਾਡਾ ਅਤੇ ਕਰੂਜ਼ ਦਾ ਕੁੱਝ ਨਹੀਂ ਵਿਗਾੜ ਸਕਣਗੀਆਂ।

ਚੌਥੇ ਦਿਨ ਬੁਧਵਾਰ ਮਈ 22,2024 ਸੁਭਾ ਉਠੇ, ਬਾਹਰ ਵੇਖਿਆ ਕਰੂਜ਼ ਜੀ ਮਹਾਰਾਜ ਸਕੈਗਵੇਅ(ਛਾ ਸ਼ਹਿਰ ਦੀ ਬੰਦਰਗਾਹ 'ਤੇ ਯਾਤਰੀਆਂ ਦੇ ਜਾਗਣ ਦਾ ਇੰਤਜ਼ਾਰ ਕਰ ਰਿਹਾ ਸੀ।ਲੱਗਦਾ ਸੀ ਸੱਭ ਨੂੰ ਕਹਿ ਰਿਹਾ ਹੋਵੇ, ਉਠੋ ਯਾਰ.... ਜਾਉ ਸੋਨੇ ਦੇ ਸ਼ਹਿਰ ਦੀ ਮਟਰਗਸ਼ਤੀ ਕਰ ਆਉ, ਮੈਨੂੰ ਵੀ ਆਰਾਮ ਕਰ ਲੈਣ ਦਿਉ।' ਉਥੇ ਪਹਿਲਾਂ ਹੀ ਤਿੰਨ ਕਰੂਜ਼ ਹੋਰ ਖੜ੍ਹੇ ਸਨ। ਸਹਿਜ ਮਤੇ ਨਾਲ ਬ੍ਰੇਕਫਾਸਟ ਕੀਤਾ ਫਿਰ ਸਕੈਗਵੇਅ ਦੀ ਧਰਤੀ ਨੂੰ ਜਾ ਭਾਗ ਲਾਏ।ਕਰੂਜ਼ ਦੀ ਇੱਥੇ ਸਟੇਅ ਦਾ ਸਮਾਂ ਸੁਭਾ 7 ਵਜੇ ਤੋਂ ਸ਼ਾਮੀਂ 7.45 ਤੱਕ ਦਾ ਸੀ।

ਅਲਾਸਕਾ ਸਟੇਟ ਦੇ ਦੱਖਣ ਪੂਰਬ ਵਿੱਚ ਇਹ ਇਕ ਸੰਗਠਿਤ ਸ਼ਹਿਰ ਹੈ। ਗੋਲਡ-ਰੱਸ਼ ਯੁੱਗ ਦੀਆਂ ਇਮਾਰਤਾਂ ਦਾ ਸ਼ਹਿਰ ਹੈ। ਇਤਿਹਾਸਕ ਯਾਦਗਾਰਾਂ ਨੂੰ ਸੰਭਾਲੀ ਬੈਠਾ ਹੈ। ਸੱਭ ਤੋਂ ਮਸ਼ਹੂਰ ਆਕਰਸ਼ਣ ਜੋ ਲੋਕਾਂ ਦੀ ਖਿੱਚ ਦਾ ਕੇਂਦਰ ਹੈ, ਦੈਂਤ ਆਕਾਰੀ ਬਰਫੀਲੀਆਂ ਪਹਾੜੀਆਂ ਦੇ ਵਿੱਚ ਵਲ-ਵਲਾਵੇਂ ਖਾਂਦੀ ਜਾਂਦੀ, ਤਿੰਨ ਫੁੱਟੀ ਪਟੜੀ ਉਪਰ ਚੱਲਦੀ ਰੇਲਵੇ ਹੈ।ਅਮਰੀਕਾ ਕੈਨੇਡਾ ਦੀ ਸਰਹੱਦ ਉਤੇ ਬਣੇ 'ਵਾਈਟ ਪਾਸ ਸੁਮਿਟ 2888 ਫੁੱਟ ਦੀ ਉਚਾਈ' ਤੱਕ ਪਹੁੰਚਦੀ ਇਹ ਟਰੇਨ, ਸਕੈਗਵੇਅ ਸੈਨਟੇਨੀਅਲ ਪਾਰਕ ਕੋਲ ਬਣੇ ਸਟੇਸ਼ਨ ਤੋਂ 'ਵਾਈਟ ਪਾਸ ਐਂਡ ਯੂਕੋਨ ਰੂਟ' ਕੈਨੇਡਾ, ਲਈ ਚੱਲਦੀ ਹੈ।ਇਸ ਰੂਟ ਉਪਰ ਅੱਡ ਅੱਡ ਲੰਬਾਈਆਂ ਦੇ ਟੂਰਾਂ ਲਈ ਵਿਵਸਥਾ ਹੈ। ਕੇਵਲ ਬਾਰਡਰ ਤੱਕ ਜਾਂ ਕੈਨੇਡਾ ਦੀ ਜ਼ਮੀਂ ਤੇ ਵੱਸੇ ਸ਼ਹਿਰ ਯੂਕੋਨ ਦੇ ਵਿੱਚ 'ਵਾਈਟ ਹੌਰਸ ਵਾਈ.ਟੀ. ਉਚਾਈ 2078 ਫੁੱਟ' ਦੀਆਂ ਯਾਤਰਾਵਾਂ ਲਈ ਅੱਡ ਅੱਡ ਰੇਟ ਫਿਕਸ ਹਨ। ਇਕ ਟੂਰ ਅਜਿਹਾ ਵੀ ਹੈ ਕਿ ਇਕ ਪਾਸੇ ਰੇਲ ਗੱਡੀ ਤੇ ਜਾਵੋ ਅਤੇ ਦੂਸਰੇ ਪਾਸੇ ਤੋਂ ਬੱਸ ਰਾਹੀਂ ਵਾਪਿਸ ਆਉ।ਇਕ ਗੱਲ ਯਾਦ ਰੱਖਣ ਵਾਲੀ ਹੈ ਕਿ ਤੁਹਾਡੇ ਕੋਲ ਕੈਨੇਡਾ ਦੀ ਧਰਤੀ ਉਪਰ ਤੁਰਨ ਫਿਰਨ ਲਈ ਡਾਕੂਮੈਂਟਸ ਹੋਣੇ ਚਾਹੀਦੇ ਹਨ।

ਪੈਸੀਫਿਕ ਓਸ਼ਨ ਦੇ ਇਨਸਾਈਡ ਪੈਸੇਜ਼ ਵਿੱਚ ਲਿਨ ਕਨਾਲ ਰਾਹੀਂ ਪਹੁੰਚੇ ਇਸ ਕਰੂਜ਼ ਤੋਂ ਉਤਰ ਕੇ ਸਕੈਗਵੇਅ ਕਰੂਜ਼ ਟਰਮੀਨਲ ਤੋਂ ਹੋ ਕੇ ਸ਼ਹਿਰ ਵਿੱਚ ਤੁਰ ਕੇ ਜਾਇਆ ਜਾਂਦਾ ਹੈ। ਸ਼ਹਿਰ ਉਥੋਂ ਸਾਹਮਣੇ ਹੀ ਇਕ ਕਿਲੋਮੀਟਰ ਦੀ ਦੂਰੀ ਤੇ ਹੈ। ਦੋ ਚਾਰ ਟੂਰਿਸਟ-ਗਰੁੱਪਜ਼ ਨਾਲ ਗੱਲ ਕਰਨ ਤੋਂ ਬਾਅਦ ਸਾਨੂੰ ਪ੍ਰਤੀ ਵਿਅਕਤੀ ਡਾਲਰ 199 ਵਾਲੀ ਟਿਕਟ ਡਾਲਰ 165 ਪ੍ਰਤੀ ਵਿਅਕਤੀ ਮਿਲ ਗਈ। ਇਹ ਗੱਡੀ 11.30 ਵਜੇ ਇੱਥੋਂ ਚੱਲੀ। ਲੱਗਭੱਗ ਵੀਹ ਮੀਲ ਦੇ ਸਫਰ ਨਾਲ ਪਹਾੜਾਂ ਦੀਆਂ ਉਚਾਈਆਂ ਤੱਕ ਲੈ ਜਾਣ ਵਾਲੀ ਇਹ ਰੇਲ ਨੇ ਅਮਰੀਕਾ ਕੈਨੇਡਾ ਦੀ ਸਰਹੱਦ ਤੋਂ ਵਾਪਸੀ ਕੀਤੀ। ਗੱਡੀ ਵਿੱਚ ਬੈਠਿਆਂ ਜਿਹਨਾਂ ਸਥਾਨਾਂ ਦੀ ਪੰਛੀ-ਝਾਤ ਅਸੀਂ ਪਾਈ ਉਹ ਸਨ-'ਗੋਲਡ-ਰੱਸ਼ ਸੀਮੈਂਅਰੀ, (ਇਸ ਵਿੱਚ ਸੋਨੇ ਦੀ ਭਾਲ 'ਚ ਆਏ ਯਾਤਰੂਆਂ ਜੈਫਰਸਨ ਰਨਡੋਲਫ, ਸੋਮੀ ਸਕਿਮ, ਫਰੈਂਕ ਰੈਡ ਆਦਿ ਦੀਆਂ ਕਬਰਾਂ ਹਨ।) ਬਰਾਈਡਲਵੇਲ ਫਾਲਜ਼(1537 ਫੁੱਟ), ਹੈਨੇ ਸਟੇਸ਼ਨ, ਗਲੇਸ਼ੀਅਰ ਸਟੇਸ਼ਨ, ਪਰਬਤੀ ਸੁਰੰਗ (2275 ਫੁੱਟ), ਡੈਡ ਹੌਰਸ ਗਲੱਚ, 1901 ਵਿੱਚ ਬਣੇ ਸਟੀਲ ਦੇ ਬ੍ਰਿਜ ਦੇ ਅਵਸ਼ੇਸ਼(2613 ਫੁੱਟ) ਗੋਲਡ ਫੀਲਡ ਨੂੰ ਜਾਂਦਾ ਮੁਢਲਾ ਰੂਟ (2730 ਫੁੱਟ) ਟਰੈਲ ਆਫ 98 ਅਤੇ ਇਸ ਤੋਂ ਅੱਗੇ ਕੈਨੇਡਾ ਬ੍ਰਿਟਿਸ਼ ਕੋਲੰਬੀਆ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ। ਫਰੇਜ਼ਰ ਬੀ.ਸੀ.(2767 ਫੁੱਟ), ਬੀਨੈਟ ਬੀ.ਸੀ. 2156 ਫੁੱਟ, ਫਿਰ ਕਾਰਕਰਾਸ ਵਾਈ.ਟੀ. ਅਤੇ ਫਿਰ ਵਾਈਟ ਹੋਰਸ ਵਾਈ.ਟੀ.(2078 ਫੁੱਟ) ਆ ਜਾਂਦਾ ਹੈ। ਇਸ ਰੂਟ ਦੀ ਕੁੱਲ ਲੰਬਾਈ 110 ਮੀਲ ਹੈ। ਨਵੇਂ ਯੁੱਗ ਦੇ ਇੰਜਣ ਨਾਲ ਖਿੱਚੀ ਜਾਂਦੀ, ਦਸ ਕੁ ਡੱਬਿਆਂ ਵਾਲੀ ਇਸ ਰੇਲ ਦੇ ਇੰਜਣਾਂ ਦੇ ਸ਼ੁਰੂਆਤੀ ਮਾਡਲ (ਨੰ. 69,73, ਅਲਕੋਡੀਜ਼ਨ, ਜੀਈ ਡੀਜ਼ਲ,) ਇੱਥੇ ਸੰਭਾਲ ਕੇ ਰੱਖੇ ਹੋਏ ਹਨ।

ਰੇਲਵੇ ਲਾਈਨ ਦੇ ਸਮਾਨਅੰਤਰ ਕੁਝ ਦੂਰੀ ਤੇ ਹੀ ਹਾਈਵੇਅ 98 ਵੀ ਜਾਂਦੀ ਹੈ ਜੋ ਬਾਰਡਰ ਲੰਘਦਿਆਂ ਫਰੇਜ਼ਰ ਬੀ.ਸੀ. ਤੋਂ ਅੱਗੇ ਰੇਲਵੇ ਲਾਈਨ ਨੂੰ ਕਰਾਸ ਕਰਕੇ ਹਾਈਵੇਅ ਬਣ ਜਾਂਦੀ ਹੈ ਅਤੇ ਵਾਈਟ ਹਾਰਸ ਵਾਈ.ਟੀ. ਤੋਂ ਅੱਗੇ ਤੱਕ ਜਾਂਦੀ ਹੈ। ਵਾਈਟ ਪਾਸ ਸੁਮਿਟ ਕੋਲ ਛੇ ਛੇ ਫੁੱਟ ਬਰਫ ਜੰਮੀ ਹੋਈ ਸੀ। ਲੱਗਭੱਗ 40 ਮੀਲ ਦਾ ਸਫਰ ਤਿੰਨ ਕੁ ਘੰਟਿਆਂ ਵਿੱਚ ਪੂਰਾ ਕਰਕੇ ਰੇਲਵੇ ਸਟੇਸ਼ਨ ਤੇ ਆ ਉਤਰੇ ਸੀ। ਸ਼ਹਿਰ ਵਿੱਚ ਸਵਾ ਸੌ ਸਾਲ ਪੁਰਾਣੀਆਂ ਅਤੇ ਅੱਜ ਵੀ ਆਪਣੀ ਚਮਕ ਨੂੰ ਬਰਕਰਾਰ ਰੱਖੀ ਬੈਠੀਆਂ ਇਮਾਰਤਾਂ ਵੇਖਣ ਨੂੰ ਮਿਲੀਆਂ। ਲੱਗਭੱਗ 1900 ਵੇਲੇ ਦੀ ਬਣੀ ਇਮਾਰਤ ਵਿੱਚ ਇੰਡੀਅਨ ਖਾਣੇ ਦਾ ਹੋਟਲ ਵੇਖਿਆ। ਇੱਥੋਂ ਦੀ ਮਸ਼ਹੂਰ ਬੀਅਰ ਦਾ ਆਨੰਦ ਮਾਣਿਆ।ਸੋਨੇ ਦੇ ਗਹਿਣਿਆਂ, ਗਿਫਟਾਂ ਦੀਆਂ ਦੁਕਾਨਾਂ ਦੇ ਰੂ-ਬ-ਰੂ ਹੋਏ। ਸੰਨ 1899 ਵਿੱਚ ਬਣਿਆ ਮਕਾਨ ਵੱਖਰੀ ਹੀ ਪਹਿਚਾਣ ਰੱਖਦਾ ਹੈ। ਕਈ ਬਿਲਡਿੰਗਾਂ ਸੋਨੇ ਵਾਂਗ ਚਮਕਦੀਆਂ ਹਨ।

ਸੋਨੇ ਨਾਲ ਇਸ ਸ਼ਹਿਰ ਦੇ ਜੁੜੇ ਸੰਬੰਧਾਂ ਬਾਰੇ ਕਿਹਾ ਜਾਂਦਾ ਹੈ ਕਿ ਸੰਨ 1898 ਵਿੱਚ ਸੋਨੇ ਦੀ ਭਾਲ-ਮੁਹਿੰਮ ਵਿੱਚ ਹਿੱਸਾ ਲੈਣ ਲਈ ਲੋਕ ਇੱਥੋਂ ਚੜਾਈ ਸ਼ੁਰੂ ਕਰਦੇ ਸਨ। ਕੈਨੇਡਾ ਦੀ ਯੂਕੋਨ ਟੈਰੀਟਰੀ ਦੀ ਮਸ਼ਹੂਰ ਨਦੀ ਯੂਕੋਨ ਰਿਵਰ ਕੋਲ ਦੇ ਇਲਾਕਿਆਂ ਵਿੱਚ ਲੋਕ ਸੋਨੇ ਦੀ ਭਾਲ ਵਿੱਚ ਆਉਂਦੇ ਸਨ। ਇੱਥੋਂ ਦੀਆਂ ਪਰਬਤ ਚੋਟੀਆਂ ਵਾਲੇ ਕਲੋਂਨਡਾਈਨ ਦੇ ਰਸਤਿਆਂ ਵਿੱਚ ਬਰਫ ਜੰਮੀ ਰਹਿੰਦੀ ਸੀ ਪਰ ਲੋਕ ਪਹਾੜਾਂ ਵਿੱਚ ਦੀ ਬਣੀਆਂ ਪਗਡੰਡੀਆਂ ਰਾਹੀਂ ਉਥੇ ਪਹੁੰਚਦੇ ਸਨ। ਸਕੈਗਵੇਅ ਤੋਂ ਦੋ ਰਸਤੇ ਲੋਕ ਵਰਤਦੇ ਸਨ, ਇਕ ਸੀ ਚਿਲਕੂਟ ਪਰਬਤ ਉਪਰ ਸਿੱਧੀ ਚੜਾਈ ਵਾਲਾ ਖਤਰਨਾਕ ਰਸਤਾ ਅਤੇ ਦੂਸਰਾ ਸੀ ਕੁਝ ਘੱਟ ਖਤਰਨਾਕ-ਰੁੀਜਵਕ ਬ ਵਾਲਾ ਜੋ ਕਿ ਲੰਬਾ ਸੀ। ਹਜ਼ਾਰਾਂ ਪਾਲਤੂ ਜਾਨਵਰਾਂ ਨੇ ਇਹਨਾਂ ਰਸਤਿਆਂ 'ਤੇ ਚੜ੍ਹਦਿਆਂ ਆਪਣੀਆਂ ਜਾਨਾਂ ਗਵਾਈਆਂ ਪਰ 110 ਮੀਲ ਲੰਬੀ ਰੇਲ ਪਟੜੀ ਦੇ 10 ਮਿਲੀਅਨ ਡਾਲਰ ਦੇ ਪ੍ਰਜੈਕਟ ਨੂੰ ਸਿਰੇ ਚੜਾਉਣ ਲਈ ਇਕ ਹਿੰਮਤੀ ਇੰਜਨੀਅਰ ਮਾਈਕਲ. ਜੇ. ਹੈਨਰੀ ਦੀ ਹਿੰਮਤ ਅਤੇ ਦੂਰਅੰਦੇਸ਼ੀ ਦੇ ਹੁੰਦਿਆਂ, ਅਮਰੀਕਾ ਕੈਨੇਡਾ ਅਤੇ ਬ੍ਰਿਟਿਸ਼ ਦੇ ਸਾਂਝੇ ਉਦਮ ਨਾਲ ਜੁਲਾਈ 29,1900 ਨੂੰ ਸਿਰੇ ਚੜਾਇਆ ਗਿਆ। ਸਕੈਗਵੇਅ ਤੋਂ ਕੈਨੇਡਾ ਦੇ ਸ਼ਹਿਰ ਕਾਰਕਰੌਸ ਤੱਕ ਅਤੇ ਉਧਰੋਂ ਕੈਨੇਡਾ ਦੇ ਵਾਈਟ ਹੋਰਸ ਸਥਾਨ ਤੋਂ ਬਣਾਉਣੀ ਸ਼ੁਰੂ ਕੀਤੀ, ਇਹ ਦੋਨੋਂ ਰੇਲਵੇ ਲਾਈਨਾਂ ਕਾਰਕਰੌਸ ਨਾਂ ਦੇ ਸਥਾਨ ਤੇ ਆ ਮਿਲੀਆਂ। ਇਸ ਤਰ੍ਹਾਂ ਇਹ ਰੇਲਵੇ ਲਾਈਨ ਬਣਾਈ ਤਾਂ ਗਈ ਸੀ ਸੋਨਾ ਲੱਭਣ ਵਾਲੇ ਲੋਕਾਂ ਲਈ ਸੀ ਪਰ ਅੱਜ ਕੱਲ ਇਹ ਟੂਰਿਜ਼ਮ ਦਾ ਬਹੁਤ ਵੱਡਾ ਆਕਰਸ਼ਣ ਬਣ ਗਈ ਹੈ ਇਸੇ ਲਈ ਅੱਜ ਕੱਲ ਇਹ ਕਰੂਜ਼ ਦੇ ਯਾਤਰੀਆਂ ਦੇ ਸਹਾਰੇ ਹੀ ਹੈ ਅਪਰੈਲ-ਮਈ ਤੋਂ ਸ਼ੁਰੂ ਹੋਕੇ ਸਿਤੰਬਰ ਤੱਕ ਹੀ ਵਰਤੀ ਜਾਂਦੀ ਹੈ।

ਸਕੈਗਵੇਅ ਸ਼ਹਿਰ ਨੂੰ ਵੇਖਣ ਪਰਖਣ ਜਾਂਚਣ ਲਈ ਅਨੇਕਾਂ ਅਡਵੈਨਚਰਸ-ਟੂਰ ਅਤੇ ਮਨ ਨੂੰ ਆਨੰਦ ਦੇਣ ਵਾਲੇ ਟੂਰ ਮਿਲਦੇ ਹਨ ਜਿਵੇਂ ਪਾਲਤੂ ਕੁੱਤਿਆਂ ਦੇ ਸ਼ੋਅ (Mushers Camp and Slegd Dogs Experiences, Scenic Summit, Gold Panning ਚਟਾਨਾਂ ਉਪਰ ਚੜਾਈ ਕਰਨੀ, ਬਾਈਸਾਈਕਲ ਟੂਰ, ਸਮੁੰਦਰੀ ਰਾਫਟ, (ਚਿਲਕੁੱਟ ਝੀਲ ਵਿੱਚ ਕਿਆਕਿੰਗ) ਹੈਲੀਕਾਪਟਰ ਟੂਰ, ਗਲੇਸ਼ੀਅਰ ਖੋਜਾਂ ਆਦਿ। ਸਾਰੇ ਸ਼ਹਿਰ ਨੂੰ ਵੇਖਦਿਆਂ ਘੁੰਮਦਿਆਂ ਮੁਬਾਈਲਾਂ ਦੇ ਕੈਮਰਿਆਂ ਨੂੰ ਵਕਤ ਪਾਈ ਰੱਖਿਆ। ਸ਼ਹਿਰ ਬਾਰੇ ਇਹ ਗੱਲ ਵੀ ਮੰਨੀ ਜਾਂਦੀ ਹੈ ਕਿ ਇੱਥੇ ਲੈਂਡਸਲਾਈਡਜ਼ ਹੁੰਦੀ ਰਹਿੰਦੀ ਹੈ ਜੋ ਕਦੇ ਕਦੇ ਵੱਡਿਆਂ ਜ਼ਹਾਜ਼ਾਂ ਦੇ ਨੁਕਸਾਨ ਵੀ ਕਰ ਦਿੰਦੀ ਹੈ।ਸ਼ਹਿਰ ਦੀ ਸੁੰਦਰਤਾ ਨੂੰ ਅਸੀਂ ਕੈਮਰਿਆਂ 'ਚ ਬੰਦ ਕਰ ਲਿਆ ਸੀ।

ਰਾਤੀਂ ਵਾਪਿਸ ਆ ਕੇ ਸੇਵਰ ((Savour) ਰੈਸ-ਟੋਰੈਂਟ ਵਿੱਚ ਖਾਣੇ ਦਾ ਆਨੰਦ ਲਿਆ ਬੱਸ ਇਉਂ ਸਮਝ ਲਉ ਖਿਚੜੀ ਹੀ ਸੀ ਫਰਕ ਇਹ ਸੀ ਕਿ ਉਚੀ ਦੁਕਾਨ ਵਾਲਿਆਂ ਦੀ ਬਣਾਈ ਹੋਈ ਸੀ, ਤਸੱਲੀ ਇਹ ਸੀ ਕਿ ਦੇਸ਼ ਦੁਨੀਆਂ ਦੀਆਂ ਨਵੀਆਂ ਡਿਸ਼ਾਂ ਦੇ ਰੂ ਬ ਰੂ ਹੋ ਰਹੇ ਸਾਂ।ਵਾਈਨ ਬੀਅਰ ਦੀ ਪੇਮੈਂਟ ਇੱਥੇ ਵੱਖਰੇ ਤੌਰ ਤੇ ਕਰਨੀ ਪਈ ।ਉਂਝ ਇਹ ਖਾਣਾ ਸਾਡੇ ਲਈ ਕੰਪਲੀਮੈਂਟਰੀ ਸੀ।

ਦਿਨ ਵੀਰਵਾਰ ਮਈ 23, 2024, ਦੀ ਸੁਭਾ ਹੋਈ। ਵੇਖਿਆ- ਸਾਹਮਣੇ ਫਿਲਮਾਂ 'ਚ ਵੇਖੇ ਸੀਨ ਪ੍ਰਤੱਖ ਸਨ: ਬਰਫ ਦੀਆਂ ਢਿੱਗਾਂ ਆਪਣੇ ਵਜੂਦ ਨਾਲੋਂ ਟੁੱਟ ਕੇ ਪਾਣੀ ਨੂੰ ਜੱਫੀਆਂ ਪਾਉਣ ਦੇ ਆਹਰੇ ਲੱਗੀਆਂ ਹੋਈਆਂ ਸਨ, ਹਾਂ ਜੀ ਸਾਡਾ ਕਰੂਜ਼ ਖੜ੍ਹਾ ਸੀ 'ਗਲੇਸ਼ੀਅਰ ਬੇਅ' ਦੀ ਸੁੰਦਰਤਾ ਨੂੰ ਨਿਹਾਰਨ ਲਈ ਉਸਦੇ ਸਾਹਮਣੇ। ਬਰਫ ਦੀਆਂ ਲੁਧ-ਲੁਧ ਕਰਦੀਆਂ ਬਰਫੀਆਂ ਨੂੰ ਘਿਸੜ ਘਿਸੜ ਕੇ ਪਾਣੀ ਵਿੱਚ ਲੁਪਤ ਹੋਣ ਦੇ ਨਜ਼ਾਰੇ ਨੂੰ ਪ੍ਰਤੱਖ ਵੇਖਣਾ ਆਚੰਭਿਤ ਕਰਨ ਵਾਲਾ ਸੀ। ਕਿਰਦੀ ਚਿੱਟੀ ਚਿੱਟੀ ਬਰਫ ਸੂਰਜ ਦੀਆਂ ਲਿਸ਼ਕੋਰਾਂ ਨਾਲ ਹੋਰ ਵੀ ਲਿਸ਼ਕਦੀ, ਹੇਠਾਂ ਨੀਲੇ ਰੰਗ ਦੀ ਭਾਅ ਮਾਰਦਾ ਪਾਣੀ ਮਾਨੋਂ ਪ੍ਰੇਮਿਕਾ ਆਪਣੇ ਪ੍ਰੇਮੀ ਦੇ ਆ ਗਲੇ ਲੱਗੀ ਹੋਵੇ। ਬਰਫ ਦੇ ਵੱਡੇ ਵੱਡੇ ਤੋਦਿਆਂ ਨੂੰ ਪਾਣੀ ਵਿੱਚ ਮਟਰਗਸ਼ਤੀ ਕਰਦਿਆਂ ਨੂੰ ਅੱਖੀਂ ਦੇਖਣਾ ਨਸੀਬਾਂ ਵਾਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਦੁਨੀਆਂ ਦੇ ਇਸ ਮਸ਼ਹੂਰ ਗਲੇਸ਼ੀਅਰ ਬੇਅ ਦਾ ਕੁਲ ਰਕਬਾ 25 ਮਿਲੀਅਨ ਏਕੜ ਹੈ। ਇਸ ਨੂੰ ਦੁਨੀਆਂ ਦੀ ਵਿਰਾਸਤ ਸਾਈਟ ਘੋਸ਼ਿਤ ਕੀਤਾ ਹੋਇਆ ਹੈ। ਇਹ ਦੁਨੀਆਂ ਦਾ ਸੱਭ ਤੋਂ ਵੱਡਾ ਅੰਤਰ-ਰਾਸ਼ਟਰੀ ਪਰੋਟੈਕਟਡ ਏਰੀਆ ਹੈ। Glacier Bay National Park 5130 ਸਕੁਏਰ ਮੀਲ ਵਿੱਚ ਫੈਲਿਆ ਹੋਇਆ ਹੈ। ਫਰਵਰੀ 26,1925 ਵਿੱਚ ਇਸ ਦਾ ਏਰੀਆ ਮਿਥਿਆ ਗਿਆ ਸੀ। ਟਾਪੂ ਨੁਮਾ ਸ਼ਹਿਰ ਗਸਟਾਵੱਸ ਇਸ ਦੇ ਇਕ ਪਾਸੇ ਤੇ ਹੈ। ਮੰਨਿਆ ਜਾਂਦਾ ਹੈ ਕਿ ਇਹ Tlingit ਅਤੇ ਲੋਕਾਂ ਦੀ ਵੰਸ਼ਜ ਦਾ ਘਰ ਰਿਹਾ ਹੈ। ਇਸ ਪਾਰਕ ਵਿੱਚ 1045 ਗਲੇਸ਼ੀਅਰ ਹਨ ਜਿਹਨਾਂ ਵਿੱਚੋਂ 50 ਦਾ ਨਾਮਕਰਨ ਹੋ ਚੁੱਕਿਆ ਹੈ। ਇਸ ਦੀ ਡੂੰਘਾਈ ਸਮੁੰਦਰੀ ਤਲ ਤੋਂ 1410 ਫੁੱਟ ਹੈ।

ਸਕੈਗਵੇਅ ਤੋਂ ਵਾਪਿਸ ਆਉਂਦਿਆਂ Point Couverden ਤੋਂ ਸ਼ਿਪ ਟਰਨ ਕਰਕੇ ਬਾਰਟਲੈਟ ਕੋਵ ਕੋਲ ਦੀ ਗਲੇਸ਼ੀਅਰ ਖਾੜੀ ਵਿੱਚ ਵੜਦਾ ਹੈ ਬਰਡਸਲੀ ਇਜ਼ਲੈਂਡ, ਡਰੇਕ ਇਜ਼ਲੈਂਡ ਕੋਲ ਦੀ ਹੁੰਦਾ ਹੋਇਆ ਰੱਸਲ ਇਜ਼ਲੈਂਡ ਕੋਲੋਂ

**(ਬਾਕੀ ਅਗਲੇ ਸਫੇ 'ਤੇ)**

## ਵਧਾਈਆਂ

ਵਧਾਈਆਂ ਜੀ ਵਧਾਈਆਂ ਜੀ
15 ਅਗਸਤ ਦੀਆਂ ਹੋਣ ਵਧਾਈਆਂ ਜੀ
ਵਧਾਈਆਂ ਜੀ, ਵਧਾਈਆਂ ਜੀ
ਆਜ਼ਾਦੀ ਦਿਵਸ ਦੀਆਂ ਹੋਣ ਵਧਾਈਆਂ ਜੀ।

ਸਿਰ ਝੁਕਦਾ ਉਹਨਾਂ ਸ਼ਹੀਦਾਂ ਲਈ
ਜਿਹਨਾਂ ਸੀਨੇ ਛਲਣੀ ਕਰਵਾਏ ਸੀ
ਸਿਰ ਝੁਕਦਾ ਉਹਨਾਂ ਸ਼ਹੀਦਾਂ ਲਈ
ਜਿਹਨਾਂ ਫਾਂਸੀ ਰੱਸੇ ਗਲ਼ੀ ਪਾਏ ਸੀ
ਲੁਟਾਈਆਂ ਜੀ, ਲੁਟਾਈਆਂ ਜੀ
ਖਾਤਰ ਦੇਸ਼ ਲਈ ਜਾਨਾਂ ਲੁਟਾਈਆਂ ਜੀ
ਵਧਾਈਆਂ ਜੀ, ਵਧਾਈਆਂ ਜੀ
15 ਅਗਸਤ ਦੀਆਂ ਹੋਣ ਵਧਾਈਆਂ ਜੀ।


ਇਹ ਆਜ਼ਾਦੀ ਕੋਈ ਸੌਖੀ ਮਿਲੀ ਨਹੀਂ
ਸ਼ਹੀਦਾਂ ਖੂਨ ਆਪਣਾ ਵਹਾ ਦਿੱਤਾ
ਵਾਰੀਆਂ ਜਾਨਾਂ ਸ਼ਹੀਦਾਂ ਦੇਸ਼ ਖਾਤਰ
ਤੇ ਤਰੰਗਾ ਝੰਡਾ ਉੱਚਾ ਲਹਿਰਾ ਦਿੱਤਾ
ਲੱਗਦੇ ਮੇਲੇ ਸ਼ਹੀਦਾਂ ਦੀਆਂ ਯਾਦਾਂ 'ਚ
ਤੇ ਹੁੰਦੀਆਂ ਜਿੱਥੇ ਸ਼ਹੀਦਾਂ ਦੀਆਂ ਵਡਿਆਈਆਂ ਜੀ
ਵਧਾਈਆਂ ਜੀ, ਵਧਾਈਆਂ ਜੀ
15 ਅਗਸਤ ਦੀਆਂ ਹੋਣ ਵਧਾਈਆਂ ਜੀ।

ਆਜ਼ਾਦੀ ਦਿਵਸ ਦੀਆਂ ਖੁਸ਼ੀਆਂ ਮਨਾਈਆਂ ਰੱਜ ਕੇ
ਤੇ ਕਰੀਏ ਨਮਸਕਾਰ ਆਪਣੇ ਸ਼ਹੀਦਾਂ ਨੂੰ
ਰਲ ਮਿਲ ਕੇ ਪਿਆਰ ਨਾਲ ਰਹੀਏ ਸਾਰੇ
ਤੇ ਕਾਇਮ ਰੱਖੀਏ ਸ਼ਹੀਦਾਂ ਦੀਆਂ ਉਮੀਦਾਂ ਨੂੰ
ਨਾਲੇ ਆਪ ਖਾਈਏ ਤੇ ਵੰਡੀਆਂ ਬਾਕੀਆਂ ਨੂੰ
15 ਅਗਸਤ ਨੂੰ ਸਾਰੇ ਮਠਿਆਈਆਂ ਜੀ
ਵਧਾਈਆਂ ਜੀ, ਵਧਾਈਆਂ ਜੀ
15 ਅਗਸਤ ਦੀਆਂ ਹੋਣ ਵਧਾਈਆਂ ਜੀ।

ਜੁਗਿੰਦਰ ਧਾਮੀ ਸ਼ਹੀਦਾਂ ਨੂੰ ਨਮਸਕਾਰ ਕਰਦੈ
ਪੂਰਾ ਪੂਰਾ ਸ਼ਹੀਦਾਂ ਦਾ ਸਤਿਕਾਰ ਕਰਦੈ
ਸੁਖ ਮੰਗਦਾ ਸਾਰੇ ਭਾਰਤ ਵਾਸੀਆਂ ਦੀ
ਤੇ 'ਪਿੱਪਲਾਵਾਲੀਆ' ਦਿਲੋਂ ਪਿਆਰ ਕਰਦੈ
ਭਾਰਤ ਮਾਂ ਦੇ ਸਾਰੇ ਵਾਸੀਆਂ
ਲੱਖ ਲੱਖ ਮੈਂ ਦੇਵਾਂ ਵਧਾਈਆਂ ਜੀ
ਵਧਾਈਆਂ ਜੀ, ਵਧਾਈਆਂ ਜੀ
15 ਅਗਸਤ ਦੀਆਂ ਹੋਣ
ਵਧਾਈਆਂ ਜੀ।
ਵਧਾਈਆਂ ਜੀ, ਵਧਾਈਆਂ ਜੀ
15 ਅਗਸਤ ਦੀਆਂ ਹੋਣ
ਵਧਾਈਆਂ ਜੀ।



**– ਜੁਗਿੰਦਰ ਧਾਮੀ**
**'ਪਿੱਪਲਾਵਾਲੀਆ**
**530-844-0987**



# ਹਰੇ-ਭਰੇ ਸ਼ਹਿਰ ਸਿਆਟਲ ਤੋਂ ਅਲਾਸਕਾ ਸਟੇਟ ਤੱਕ ਦਾ ਸਮੁੰਦਰੀ-ਸਫਰ

**(ਸਫਾ 30 ਦੀ ਬਾਕੀ)**

ਇਹ ਜ਼ੌਹਨ ਹੌਪਕਿਨਜ਼ ਇਨਲੈਟ ਵਿੱਚ ਵੜ੍ਹ ਕੇ ਖੜ੍ਹ ਜਾਂਦਾ ਹੈ ਇੱਥੋਂ ਤੁਸੀਂ ਜੌਹਨ ਹੌਪਕਿਨਜ਼ ਗਲੇਸ਼ੀਅਰਜ਼, ਅਰਵੈਧਰ ਗਲੇਸ਼ੀਅਰ ਤੋਂ ਬਿਨਾਂ ਅਨੇਕਾਂ ਬਰਫਾਂ ਨਾਲ ਢਕੀਆਂ ਚੋਟੀਆਂ ਲੀਟੂਈਆ ਮਾਊਨਟਨ (11750 ਫੁੱਟ ), ਮਾਊਂਟ ਕੋਐਨਸੀ ਆਦਮਜ਼ (13650 ਫੁੱਟ) ਮਾਊਂਟ ਟਲਿਨਜੈਟ ਤੋਂ ਇਲਾਵਾ ਸੱਭ ਤੋਂ ਉਚੇ ਪਰਬਤ ਮਾਊਂਟ ਫੇਅਰਵੈਦਰ (15300 ਫੁੱਟ) ਨੂੰ ਵੇਖ ਸਕਦੇ ਹੋ। ਖਾੜੀ ਵਿੱਚ ਖੜ੍ਹੇ ਕਰੂਜ਼ ਦੀ ਦਿਸ਼ਾ ਵਾਰ ਵਾਰ ਬਦਲੀ ਜਾਂਦੀ ਹੈ ਤਾਂ ਕਿ ਕਰੂਜ਼ ਦੇ ਹਰ ਇਕ ਕੋਨੇ ਤੋਂ ਗਲੇਸ਼ੀਅਰ ਦਾ ਹਰ ਇਕ ਕੋਨਾ ਹਰ ਸੈਲਾਨੀ ਨੂੰ ਦਿਸ ਜਾਵੇ।ਪੰਦਰਾਂ ਨੰਬਰ ਉਪਰ ਬਣੇ ਅਬਜ਼ਰਵੇਸ਼ਨ ਡੈਕ, ਸਿਖਰ ਦੀਆਂ ਮੰਜ਼ਿਲਾਂ 17,18,19 ਅਤੇ 16 ਦੀ ਸਾਂਝੀ ਰਸੋਈ ਦੇ ਚਾਰੇ ਪਾਸੇ ਲੱਗੇ ਸ਼ੀਸ਼ਿਆਂ ਵਿੱਚ ਦੀ, ਆਪੋ ਆਪਣੇ ਕਮਰਿਆਂ ਦੀਆਂ ਬਾਲਕੋਨੀਆਂ ਵਿੱਚੋਂ ਤੁਸੀਂ ਇਹਨਾਂ ਗਲੇਸ਼ੀਅਰਾਂ ਨੂੰ ਨੇੜੇ ਤੋਂ ਵੇਖ ਸਕਦੇ ਹੋ। ਡੈਕ ਨੰ. 8 ਉਪਰ ਅਰਧ ਗੋਲੇ ਦੇ ਰੂਪ 'ਚ ਬਣੇ ਜ਼ਹਾਜ਼ ਦੇ ਮੂਹਰਲੇ ਹਿੱਸੇ ਜਿਸਨੂੰ,ਬੋਅ (ਨਰਮ) ਕਿਹਾ ਜਾਂਦਾ ਹੈ ਉਪਰ ਜਾਕੇ ਤੁਸੀਂ ਗਲੇਸ਼ੀਅਰ ਨਾਲ ਅੱਖਾਂ ਚਾਰ ਕਰ ਸਕਦੇ ਹੋ (ਇਸ ਏਰੀਏ ਵਿੱਚ ਤੁਸੀਂ ਖਾਸ ਸਮਿਆਂ ਤੇ ਹੀ ਆ ਸਕਦੇ ਹੋ)। ਇੱਥੇ ਖੜ੍ਹ ਕੇ ਫੋਟੋਗਰਾਫੀ ਕਰ ਰਹੇ ਲੋਕਾਂ ਲਈ ਚਾਹ ਕੌਫੀ ਦਾ ਇੰਤਜ਼ਾਮ ਕੀਤਾ ਹੁੰਦਾ ਹੈ ਪਰ ਇੱਥੇ ਵਾਈਨ ਬੀਅਰ ਦੇ ਪੈਸੇ ਦੇਣੇ ਪੈਂਦੇ ਹਨ। ਗਲੇਸ਼ੀਅਰਾਂ ਦੇ ਦਰਸ਼ਨ ਨਾਲ ਕਦੇ ਕਦੇ ਰੂੰਗੇ-ਭੂੰਗੇ ਵਿੱਚ ਹੰਪਬੈਕ ਵੇਲਜ਼, ਸੀ-ਸਟਾਰ ਫਿਸ਼ ਅਤੇ ਪੂਫਿਨਜ ਪੰਛੀ, ਪੀਗਨ, ਗੁਇਲਮੌਟ ਤੋਂ ਇਲਾਵਾ ਪਰਬਤੀ ਚੋਟੀਆਂ ਉਪਰ ਬਰਫ ਨਾਲ ਇਕਮਿਕ ਹੋਈਆਂ ਪਹਾੜੀ ਬੱਕਰੀਆਂ ਤੇ ਪਹਾੜੀ ਰਿੱਛ ਵੀ ਦਿਖਾਈ ਦੇ ਜਾਂਦੇ ਨੇ। 'ਕਿਆਕਰ ਲੋਕ' ਗਲੇਸ਼ੀਅਰਾਂ ਦੀਆਂ ਜੜਾਂ ਤੱਕ ਵੀ ਪਹੁੰਚਦੇ ਰਹਿੰਦੇ ਹਨ।ਇਸ ਗਲੇਸ਼ੀਅਰ ਦਾ ਕੁਝ ਹਿੱਸਾ ਕੈਨੇਡਾ ਵਿੱਚ ਵੀ ਹੈ। ਉੱਘੜ-ਦੁੱਗੜ ਪਹਾੜੀਆਂ, ਗਤੀਸ਼ੀਲ ਅਤੇ ਤਾਕਤ ਭਰਪੂਰ ਬਰਫ ਦੇ ਤੋਦੇ, ਢੁੱਕਵੇਂ ਮੀਹਾਂ ਨਾਲ ਉਗੇ ਪਲੇ ਸੰਘਣੇ ਦਰੱਖਤਾਂ ਦੇ ਝੁੰਡਾਂ ਵਾਲੇ ਜੰਗਲਾਂ ਵਾਲਾ ਕੁਦਰਤ ਦੀ ਅਦਭੁੱਤ ਸਿਰਜਣਾ ਹੈ। ਕਰੂਜ਼ 'ਚ ਸਫਰ ਕਰ ਰਹੇ, ਸੈਲਾਨੀਆਂ ਨੂੰ ਹਦਾਇਤਾਂ ਵੀ ਹੁੰਦੀਆਂ ਹਨ ਕਿ ਕਿਸੇ ਵੀ ਜਾਨਵਰ (ਪਸ਼ੂ ਪੰਛੀ ਜਾਂ ਸਮੁੰਦਰੀ ਜੀਵਾਂ ਲਈ ਖਾਣ ਪਦਾਰਥ ਨਹੀਂ ਸੁੱਟਣੇ)। ਕੋਈ ਪੇਪਰ-ਕਾਗਜ਼ ਇਸ ਇਲਾਕੇ ਦੇ ਕੁਦਰਤੀ ਪਾਣੀਆਂ ਵਿੱਚ ਜਾਣੇ ਜਾਂ ਅਣਜਾਣੇ ਵੀ ਨਹੀਂ ਸੁੱਟਣਾ।

ਸ਼ਾਮ ਦੇ ਤਿੰਨ ਵੱਜ ਗਏ 'ਚੱਲ ਮਿੱਤਰਾ... ਪਾਈਏ ਚਾਲੇ! ਇਹਨਾਂ ਦਾ ਤਾਂ ਮਨ ਹੀ ਨਹੀਂ ਭਰਨਾ'.... ਕਰੂਜ਼ ਨੇ ਮਨ ਹੀ ਮਨ ਕਿਹਾ ਹੋਊ 'ਤੇ ਪਾ ਲਿਆ ਬੈਕ ਗੇਅਰ। ਅਸੀਂ ਤਾਂ ਡੈਕ ਨੰ. 8 ਉਪਰ, ਪਾਸੇ ਤੇ ਬਣੇ 'ਕੇਵਰਨ ਬਾਰ' ਨੂੰ ਜਾ ਮੱਲਿਆ, 'ਲਿਆ ਵੀ ਸ਼ਕਤੀ ਵਾਟਰ..' ਤੇ ਘੁੱਟ ਘੁੱਟ ਪੀਂਦਿਆਂ ਬਾਹਰ ਸਮੁੰਦਰ ਦੀਆਂ ਲਹਿਰਾਂ ਨਾਲ ਅੱਖਾਂ ਚਾਰ ਕਰਦੇ ਰਹੇ।ਸਾਢੇ ਸੱਤ ਵਜੇ ਤੋਂ ਦਸ ਵਜੇ ਤੱਕ ਇਨਕੋਰ ਥੀਏਟਰ ਵਿੱਚ 'ਕੋਇਅਰ ਆਫ ਮੈਨ (Choir of Man) ਗਰੁੱਪ ਵੱਲੋਂ ਐਨ-ਰਜਿਕ ਡਾਂਸ ਅਤੇ ਗੀਤ ਦਾ ਆਨੰਦ ਲਿਆ। ਅਮੈਰਿਕਾ ਦੀ ਮਸ਼ਹੂਰ ਕੰਪਨੀ ਆਪਣੀ ਬੀਅਰ ਦਾ ਸੁਵਾਦ ਹਜ਼ਾਰਾਂ ਦਰਸ਼ਕਾਂ ਨੂੰ ਸ਼ੋਅ ਦੌਰਾਨ ਚਖਾਉਂਦੀ ਹੈ। ਕਲਾਕਾਰਾਂ ਨੇ ਗੀਤਾਂ ਦੀਆਂ ਸੁਰਾਂ ਨਾਲ ਕਰਤੱਵ ਭਰਪੂਰ ਡਾਂਸ ਵਿਖਾਕੇ ਸੱਭ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਅੰਗਰੇਜੀ ਵਿੱਚ ਚੱਲਦਾ ਇਹ ਪ੍ਰੋਗਰਾਮ ਖਿੱਚ ਦਾ ਕੇਂਦਰ ਰਿਹਾ। ਡਿਊਟੀ ਫਰੀ ਦੁਕਾਨਾਂ ਤੋਂ ਥੋਹੜੀ ਜਿਹੀ ਸ਼ਾਪਿੰਗ ਕੀਤੀ। ਕਸੀਨੋ 'ਚ ਬੈਠੇ ਲੋਕਾਂ ਦੇ ਚੇਹਰਿਆਂ ਦੇ ਬਦਲਦੇ ਰੰਗਾਂ ਨੂੰ ਵੇਖਿਆ।

ਛੇਵਾਂ ਦਿਨ ਮਈ 24,2024, ਵਧੀਆ ਦਿਨ ਚੜ੍ਹਿਆ। ਬੱਦਲ ਸੂਰਜ ਨਾਲ ਛੇੜਖਾਨੀਆਂ ਕਰਦੇ ਰਹੇ। ਸਮੁੰਦਰੀ ਹਵਾਵਾਂ ਸੱਭ ਦੇ ਚੇਹਰਿਆਂ ਨੂੰ ਚੁੰਮ ਰਹੀਆਂ ਸਨ। ਸੁਭਾ 6 ਵਜੇ ਹੀ ਜ਼ਹਾਜ਼ ਕੈਟਚੀਕੈਨ ਸ਼ਹਿਰ ਦੀ ਬੰਦਰਗਾਹ ਉਪਰ ਜਾ ਖੜਾ। ਇੱਥੇ ਅਸੀਂ ਸੁਭਾ 7 ਵਜੇ ਤੋਂ 12.45 ਤੱਕ ਮਟਰਗਸ਼ਤੀ ਕਰ ਸਕਦੇ ਸੀ। ਇੱਥੇ ਵੀ ਕਈ ਦਰਸ਼ਨੀ ਸਥੱਲਾਂ ਦੇ ਟੂਰ ਅਤੇ ਕਈ ਸਾਹਸੀ-ਟੂਰ ਸਨ। ਸੁਭਾ ਬ੍ਰੇਕਫਾਸਟ ਤਿਆਰ ਸੀ। ਪੇਟ ਪੂਜਾ ਕਰਕੇ ਬੈਗ ਗਾਤਰੇ ਪਾ ਲਏ। ਅਲਾ-ਸਕਾ ਸਟੇਟ ਦੇ ਦੱਖਣ ਪੂਰਬ ਵਿੱਚ ਪਚਾਸੀ ਸੌ ਕੁ ਲੋਕਾਂ ਦੀ ਆਬਾਦੀ ਵਾਲਾ ਇਹ ਸ਼ਹਿਰ ਸੈਲਮਨ ਕੈਪੀਟਲ ਦੇ ਨਾਂ ਤੇ ਮਸ਼ਹੂਰ ਹੈ।ਸ਼ਹਿਰ ਦਾ ਨਾਂ ਸ਼ਹਿਰ ਦੇ ਵਿੱਚ ਦੀ ਲੰਘਦੀ ਪਾਣੀ ਦੀ ਧਾਰਾ ਦੇ ਕਾਰਨ ਪਿਆ ਹੈ। ਇਹ ਸ਼ਹਿਰ ਵੀ ਟਲਿਨਜੈਟ ਵੰਸ਼ਜ ਦੇ ਨਾਲ ਜੁੜਿਆ ਹੋਇਆ ਹੈ। ਸਿਆਟਲ ਸ਼ਹਿਰ ਤੋਂ ਇਹ ਕੋਈ 700 ਮੀਲ ਦੀ ਦੂਰੀ ਤੇ ਹੈ। ਸ਼ਹਿਰ ਵਿੱਚ ਬਣੀ ਕੁਦਰਤੀ ਖਾੜੀ ਵਾਰਡ ਕੋਵ ਦਾ ਅੱਜਕਲ ਐਨ.ਸੀ.ਐਲ ਕਰੂਜ਼ ਲਈ ਨਵੀਨੀਕਰਨ ਕੀਤਾ ਗਿਆ ਹੈ, ਯਾਤਰੀਆਂ ਨੂੰ ਇੱਥੋਂ ਬਰਥ 4 ਦੇ ਏਰੀਏ ਜ਼ੋ ਕਰੂਜ਼-ਡੌਕ ਹੈ,ਉਪਰ ਕਰੂਜ਼ ਦੀਆਂ ਦੋ ਮੰਜ਼ਿਲੀਆਂ ਬੱਸਾਂ ਰਾਹੀਂ ਪਹੁੰਚਾਇਆ ਜਾਂਦਾ ਹੈ। ਸ਼ਹਿਰ ਦਾ ਡਾਊਨਟਾਊਨ ਇਲਾਕਾ ਵਾਰਡ ਕੋਵ ਤੋਂ 7 ਕੁ ਮੀਲ ਦੀ ਦੂਰੀ ਤੇ ਹੈ। ਕਰੂਜ਼ ਚੋਂ ਨਿਕਲਦਿਆਂ ਹੀ ਕਿਣਮਿਣ ਨਾਲ ਵਾਹ ਪੈ ਗਿਆ ਸ਼ੁਕਰ ਸੀ ਸੱਭ ਕੋਲ ਰੇਨਕੋਟ ਸਨ। ਲੱਕੜ ਦੇ ਪੁੱਲ ਉਪਰ ਦੀ ਜਾਂਦਿਆਂ ਬਹੁਤ ਹੀ ਵਿਸ਼ਾਲ ਟਰਮੀਨਲ ਬਿਲਡਿੰਗ ਵਿੱਚ ਦੀ ਬਾਹਰ ਲਿਜਾਇਆ ਜਾਂਦਾ ਹੈ। ਇਸ ਵਿੱਚ ਸਟੋਰ ਵੀ ਹੈ ਅਤੇ ਮਿਊਜ਼ੀਅਮ ਵੀ ਹੈ, ਇਹਦੇ ਵਿੱਚ ਥਾਂ ਥਾਂ ਤੇ 'ਟੋਟਮਜ਼' ਦੀ ਨੁਮਾਇਸ਼ ਕੀਤੀ ਗਈ ਹੈ। ਅਸਲ ਵਿੱਚ ਇਹ ਟੋਟਮ-ਖੰਭੇ ਇੱਥੋਂ ਦੀਆਂ ਟਲਿਨਜੈਟ, ਹੈਡਾ ਅਤੇ ਹੋਰ ਕਈ ਕੈਨੇਡੀਅਮ ਕੌਮਾਂ ਦੇ ਵਿਰਾਸਤੀ ਸੱਭਿਆਚਾਰ ਦੀ ਨੁਮਾਇਸ਼ ਹੈ। ਇੱਥੇਂ ਦੇ ਸਦਾ ਬਹਾਰੀ ਜੰਗਲਾਂ ਵਿੱਚ ਉਗਦੇ ਵੱਧਦੇ ਫੂਲਦੇ ਭਾਰੀ-ਭਰਕਮ ਤਣਿਆਂ ਵਾਲੇ ਦਰੱਖਤਾਂ ਦੇ ਤਣਿਆਂ ਨੂੰ ਸੁਕਾ ਕੇ ਉਸ ਉਪਰ ਇੱਥੋਂ ਦੇ ਮਾਹਿਰ ਕਾਰੀਗਰ, ਕੁਦਰਤੀ ਸ਼ਕਤੀਆਂ ਦੇ ਮਾਨਵੀ ਰੂਪ, ਖਗੋਲੀ ਵਸਤਾਂ ਆਪਣੇ ਪੂਰਵਜ਼ਾਂ ਦੇ ਚੇਹਰੇ, ਕਿਸੇ ਜਾਤੀ ਨੂੰ ਰੀਪਰੈਜੈਂਟ ਕਰਦੇ ਜੀਵ ਜੰਤੂਆਂ ਆਦਿ ਦੇ ਚਿੰਨ੍ਹ, ਖੋਦ ਕੇ ਉਹਨਾਂ ਵਿੱਚ ਰੰਗ ਭਰ ਕੇ ਸੁੰਦਰਤਾ ਬਖ਼ਸ਼ ਦਿੰਦੇ ਹਨ।ਇਹ ਖੰਭੇ ਇੱਥੋਂ ਦੀਆਂ ਪੁਰਾਣੀਆਂ ਸੱਭਿਆਤਾਵਾਂ ਅਤੇ ਪੂਰਵਜ਼ਾਂ ਦੇ ਕਰਾਮਾਤੀ ਕਰਤਵਾਂ ਦਾ ਮੂੰਹੋਂ ਬੋਲਦਾ ਸਬੂਤ ਹੈ। ਅਸਲ ਵਿੱਚ ਇਹ ਟੋਟਮਜ਼ ਇਨਸਾਨ ਦਾ Spirit beings ਨਾਲ Mystical Relationship ਪ੍ਰਗਟ ਕਰਦੇ ਹਨ।

ਡਾਊਨਟਾਊਨ ਏਰੀਏ ਵਿੱਚ ਵੱਖ ਵੱਖ ਟੂਰਿਸਟ ਕੰਪਨੀਆਂ ਨੇ ਆਪੋ-ਆਪਣੇ ਕਾਊਂਟਰ ਖੋਲ੍ਹੇ ਹੋਏ ਹਨ।ਲੈਣ ਦੇਣ ਕਰਨ ਦਾ ਸਿਲਸਲਾ ਇੱਥੇ ਵੀ ਹੈ। ਇਸੇ ਲਈ ਡਾਲਰ 165 ਵਾਲੀ ਟਿਕਟ ਸਾਨੂੰ ਡਾਲਰ 135 ਨੂੰ ਮਿਲ ਗਈ। 32 ਕੁ ਲੋਕਾਂ ਦੇ ਬੈਠਣ ਵਾਲੀ ਜੀਪ-ਨੁਮਾ ਬੱਸ ਨੇ ਸਾਨੂੰ ਸ਼ਹਿਰ ਦੇ ਦੋ ਸਥਾਨ ਹੀ ਵਿਖਾਉਣੇ ਸਨ। ਉਂਝ ਇੱਥੇ ਬੱਸਾਂ ਗੱਡੀਆਂ ਵਿੱਚ ਸਵਾਰੀਆਂ ਨੂੰ ਤੁੰਨ ਕੇ ਨਹੀਂ ਬਿਠਾਇਆ ਜਾਂਦਾ, ਜਿੰਨੀਆਂ ਸੀਟਾਂ ਹੁੰਦੀਆਂ ਹਨ ਉਨੇ ਹੀ ਲੋਕ ਬਿਠਾਏ ਜਾਂਦੇ ਹਨ। ਬੱਸ ਦੇ ਤੁਰਨ ਵਿੱਚ ਅਜੇ ਸਮਾਂ ਸੀ ਇਸ ਲਈ ਅਸੀਂ ਨਜ਼ਦੀਕ ਬਣੇ ਗਿਫਟ ਹਾਊਸ ਵਿੱਚ ਚਲੇ ਗਏ। ਆਸੇ ਪਾਸੇ ਹੋਰ ਕਈ ਖੜੇ ਕਰੂਜ਼ਜ਼ ਦੀਆਂ ਫੋਟੋਆਂ ਖਿੱਚੀਆਂ। ਸਾਡਾ ਇਹ ਟੂਰ 'ਟੋਟਮ ਬਾਈਟ ਸਟੇਟ ਹਿਸਟਰੀਕਲ ਪਾਰਕ ਅਤੇ ਰੇਨਫਾਰੈਸਟ ਵਿਲਡਲਾਈਫ ਸੈਂਕਚਅੁਰੀ' ਦਾ ਹੀ ਸੀ। ਵੈਸੇ ਤਾਂ Wilderness Exploration and Crab-feast,Great Alaskan Lumberjack Show, Eagle Islands, Sea kayak, Saxman native village, Lighthouse, Scienic Waterfalls ਦੇਖਣਯੋਗ ਚੀਜ਼ਾਂ ਹਨ। ਇੱਥੋਂ ਦੇ ਲੋਕ ਸਦੀਆ ਤੋਂ ਲੱਕੜ-ਪ੍ਰੇਮੀ ਅਤੇ ਲੱਕੜੀ ਕਲੋਲਾਂ ਕਰਦੇ ਰਹੇ ਨੇ।ਇਸੇ ਲਈ ਇੱਥੋਂ ਦਾ Great Alaskan Lumberjack Show, ਜਿਸ ਵਿੱਚ ਖਿਲਾੜੀਆਂ ਵੱਲੋਂ ਤਰਥੱਲੀ ਮਚ-ਾਉਣ ਵਾਲੀਆਂ ਅਦਭੁੱਤ ਗੇਮਾਂ ਦੇ ਮੁਕਾਬਲੇ ਹੁੰਦੇ ਹਨ ਜਿਵੇਂ ਆਰੀ ਚਲਾਉਣਾ, ਰੀਲੇਅ-ਰੇਸ, ਲੱਕੜਾਂ ਦੇ ਟੁਕੜੇ ਕਰਨੇ, ਕੁਹਾੜਾ ਸੁੱਟਣਾ, ਲੱਕੜ ਦੀ ਗੇਲੀਆਂ ਨੂੰ ਪੈਰਾਂ ਨਾਲ ਪਾਣੀ ਵਿੱਚ ਘੁੰਮਾਉਣਾ ਅਤੇ ਪੰਜਾਹ ਫੁੱਟ ਉੱਚੇ ਲੱਕੜ ਦੇ ਕੂਲੇ ਖੰਭਿਆਂ ਤੇ ਚੜਨ ਦਾ ਮੁਕਾਬਲਾ, ਆਦਿ ਦੇ ਕਰਤੱਵ ਦਿਖਾਏ ਜਾਂਦੇ ਹਨ। ਦਿੱਤੇ ਸਮੇਂ ਤੇ ਚੱਲੀ ਬੱਸ ਦੀ ਡਰਾਈਵਰ ਆਪ ਹੀ ਗਾਈਡ ਦਾ ਕੰਮ ਕਰ ਰਹੀ ਸੀ। ਕੈਟਚੀਕੈਨ ਦੇ ਸੰਘਣੇ ਦਰੱਖਤਾਂ ਦੇ ਝੁੰਡਾਂ ਵਾਲੇ ਜੰਗਲਾਂ ਦੇ ਕੋਲ ਦੀ 'ਟੌਂਗਾਸ ਨੈਰੋ ਰੂਟ' ਤੇ ਜਾਂਦਿਆਂ ਕੋਈ 20 -25 ਮਿੰਟਾਂ ਦੇ ਸਫਰ ਤੋਂ ਬਾਅਦ 'ਹੈਰਿੰਗ ਕੋਵ ਬ੍ਰਿਜ਼ ਉਪਰੋਂ ਲੰਘਦਿਆਂ ਪਾਵਰ ਹਾਊਸ ਰੋਡ ਉਪਰ ਬਣੀ 'ਰੇਨ-ਫਰੈਸਟ ਵਿਲਡਲਾਈਫ ਸੈਂਕਚੁਅਰੀ ' ਕੋਲ ਆ ਖੜਾਈ। ਕਿਉਂਕਿ ਇਹ ਸਮੁੰਦਰੀ ਮੁਹਾਨਾ ਹੈ ਇੱਥੇ ਇਸ ਮੌਸਮ ਵਿੱਚ ਸੈਲਮਨ ਮੱਛੀਆਂ ਦੇ ਪ੍ਰਜਣਨ ਕਰਨ ਲਈ ਆਉਣ ਦਾ ਚੱਕਰ ਚੱਲਦਾ ਰਹਿੰਦਾ ਹੈ ਇਸੇ ਲਈ ਮਾਸਾਹਾਰੀ ਜੰਗਲੀ ਜੀਵ ਜਿਵੇਂ ਰਿੱਛ ਆਦਿ ਮਾਸਾਹਾਰੀ ਪੰਛੀ ਜਿਵੇਂ ਈਗਲ ਆਦਿ ਲਈ ਇਹ ਜਸ਼ਨ ਮਨਾਉਣ ਦਾ ਸਮਾਂ ਹੁੰਦਾ ਹੈ ਕਿਉਂਕਿ ਸੈਲਮਨ ਮੱਛੀਆਂ ਉਹਨਾਂ ਦੇ ਸਾਹਮਣੇ ਮਸਤੀ 'ਚ ਡੁੱਬੀਆਂ ਉਹਨਾਂ ਦਾ ਸੌਖਿਆਂ ਸ਼ਿਕਾਰ ਬਣ ਜਾਂਦੀਆਂ ਹਨ।ਇੱਥੋਂ ਵਾਪਿਸ ਜਾਂਦਿਆਂ ਡਾਊਨਟਾਊਨ ਕੋਲ ਦੀ ਹੁੰਦਿਆਂ ਅਤੇ ਪੱਛਮ ਵੱਲ ਨੂੰ ਜਾਂਦਿਆਂ ਬੱਸ ਨੇ ਸਾਨੂੰ ਦੁਨੀਆਂ ਵਿੱਚ ਟੋਟਮਜ਼ ਦੇ ਸੱਭ ਤੋਂ ਵੱਡੇ ਸੰਗ੍ਰਹਿ ਵਿੱਚ ਜਾ ਉਤਾਰਿਆ। 'ਟੋਟਮ ਕਿਵੇਂ ਬਣਾਏ ਜਾਂਦੇ ਹਨ' ਦੀ ਇੱਥੇ ਵਰਕਸ਼ਾਪ ਹੈ, ਟੋਟਮਜ਼ ਦਾ ਗਿਫਟ ਹਾਊਸ ਹੈ। ਇੱਥੇ ਵੇਲ ਮੱਛੀ ਦਾ ਸਕੈਲਟਨ ਵੀ ਸੰਭਾਲਿਆ ਹੋਇਆ ਹੈ। ਨਕਾਸ਼ੀ ਦਾ ਕੰਮ ਜ਼ਿਆਦਾ ਕਰਕੇ ਇੱਥੋਂ ਦੇ ਮਿਸਤਰੀ ਹੀ ਕਰਦੇ ਹਨ। 'ਅਵਜ਼ੂਕ ਕਾਰਾਂ, ਦੁਰਲੱਭ ਕਾਰਾਂ ਦੀ ਲੰਬੀ ਚੌੜੀ ਕਲੈਕਸ਼ਨ ਇੱਥੇ ਸੁਰੱਖਿਅਤ ਪਈ ਹੈ। ਅਮਰੀਕਨ ਆਸਟਿਨ ਕੰਪਨੀ ਦੀ, ਜਨਵਰੀ 1906 ਵਿੱਚ ਸਟੇਨਲੇਅ ਸਟੀਮ ਕਾਰ ਜੋ ਉਸ ਸਮੇਂ ਦੁਨੀਆਂ ਦੀ ਸੱਭ ਤੋਂ ਤੇਜ਼ ਦੌੜਨ ਵਾਲੀ ਕਾਰ ਐਲਾਨੀ ਗਈ ਸੀ ਅਤੇ ਉਸਨੇ ਕਈ ਵਰਡ-ਰੀਕਾਰਡ ਬਣਾਏ ਸਨ ਉਹ ਇੱਥੇ ਖੜੀ ਹੈ। ਟੋਟਮ ਪਾਰਕ ਵੀ ਇਸਦਾ ਹਿੱਸਾ ਹੀ ਹੈ। ਲੱਗਪੱਗ 12 ਵਜੇ ਦੇ ਕਰੀਬ ਬੱਸ ਨੇ ਸਾਨੂੰ ਟਰਮੀਨਲ ਕੋਲ ਉਤਾਰ ਦਿੱਤਾ। ਟਰਮੀਨਲ ਬਿਲਡਿੰਗ ਦੇ ਸਟੋਰ ਕਮ ਮਿਊਜ਼ੀਅਮ ਵਿੱਚ ਗੇੜਾ ਕੱਢਕੇ ਅਸੀਂ ਵਾਪਿਸ ਜ਼ਹਾਜ਼ ਵਿੱਚ ਪਹੁੰਚ ਗਏ। ਖਾਣਾ ਖਾਦਾ। ਮੌਸਮ ਵਧੀਆ ਹੋ ਗਿਆ ਸੀ। ਹੌਟ-ਟੱਬ ਵਿੱਚ ਬੈਠ ਕੇ ਇਕ ਘੰਟਾ ਭਰ ਸਰੀਰ ਨੂੰ ਰੀਲੈਕਸ ਕੀਤਾ। ਸ਼ਾਮ ਨੂੰ 18ਵੀਂ ਡੈਕ ਉਪਰ ਬਣੀ 'ਸਪੀਡ ਵੇਅ ਸਿੰਗਲ ਗੋ ਕਾਰਟ' ਵਿੱਚ ਰੇਸ ਲਾਉਣ ਦਾ ਤਜਰਬਾ ਕੀਤਾ। ਡੀ.ਜੇ. ਪ੍ਰੋਗਰਾਮ ਦਾ ਆਨੰਦ ਮਾਣਿਆ। ਅੱਜ ਵੀ ਹਦਾਇਤਾਂ ਸਨ ਕਿ ਸੌਣ ਤੋਂ ਪਹਿਲਾਂ ਘੜੀਆਂ, ਕਲਾਕਾਂ, ਮੋਬਾਈਲਾਂ ਦੇ ਕਲਾਕਾਂ ਦਾ ਸਮਾਂ ਇਕ ਘੰਟਾ ਅੱਗੇ ਕਰ ਲਿਆ ਜਾਵੇ ਕਿਉਂਕਿ ਅਸੀਂ ਪਹਿਲਾਂ ਵਾਲੇ ਟਾਈਮ-ਜ਼ੋਨ ਵਿੱਚ ਪਹੁੰਚ ਰਹੇ ਹਾਂ।

ਰਾਤੀਂ ਹਵਾਵਾਂ ਕਾਫੀ ਤੇਜ਼ ਸਨ ਲੱਗ ਰਿਹਾ ਸੀ, ਲਹਿਰਾਂ ਸਾਡੇ ਜ਼ਹਾਜ਼ ਨਾਲ ਧੱਕਾ-ਮੁੱਕੀ ਕਰ ਰਹੀਆਂ ਸਨ, ਸ਼ਾਇਦ ਕਹਿ ਰਹੀਆਂ ਹੋਣ,' ਨੀ ਇਹ ਦੈਂਤ ਜਿਹਾ ਐਵੇਂ ਸਾਡੇ ਵਿਹੜੇ ਤਰਥੱਲ ਪਾਈ ਫਿਰਦੈ, ਆਉ ਰਲ ਕੇ ਭਜਾਈਏ ਇਹਨੂੰ!' ਅਤੇ ਵਿਚਾਰਾ ਸਾਡਾ ਜ਼ਹਾਜ਼ ਕਹਿ ਰਿਹਾ ਹੋਵੇ, 'ਭੈਣੋਂ ਗੁੱਸੇ ਕਾਹਤੋਂ ਹੁੰਣੀਓਂ? ਮੈਂ ਤਾਂ ਹੁਣ ਜਾ ਰਿਹਾ ਹਾਂ,ਪਰ ਕਰਾਂ ਕੀ? ਤੁਸੀਂ ਮੈਨੂੰ ਇੰਨੀਆਂ ਚੰਗੀਆਂ ਲੱਗਦੀਆਂ ਹੋ ਕਿ ਮੇਰਾ ਚਿੱਤ ਤੁਹਾਨੂੰ ਵਾਰ ਵਾਰ ਮਿਲਣ ਨੂੰ ਕਰ ਆਉਂਦਾ ਹੈ।' ਉਹਨਾਂ ਨੇ ਤਾਂ ਇਕ ਦੂਜੇ ਨੂੰ ਕੁਝ ਕਿਹਾ ਜਾਂ ਨਾ ਪਰ ਸਾਡੇ ਤਾਂ ਹੋਸ਼ ਉਡੇ ਪਏ ਸਨ ਕਿਉਂਕਿ ਡਾਢਿਆਂ ਦੀ ਲੜਾਈ ਵਿੱਚ ਅਕਸਰ ਹੀ ਗਰੀਬਾਂ ਦਾ ਘਾਣ ਹੋ ਜਾਂਦੈ। ਅੱਜ 18 ਨੰ. ਡੈਕ ਉਪਰ ਬਣੇ ਲੇਜਰ ਟੈਗ ਵਿੱਚ ਬੱਚਿਆਂ ਨੇ ਖੇਡ ਖੇਡ ਵਿੱਚ ਆਪਣੀ ਕਾਬਲੀਅਤ ਦੀ ਪਰਖ ਕੀਤੀ।

ਸੱਤਵਾਂ ਦਿਨ ਸ਼ਨੀਵਾਰ, ਮਈ 25,2024- ਸਾਰਾ ਦਿਨ ਸਮੁੰਦਰੀ ਜ਼ਹਾਜ਼ ਸਮੁੰਦਰ ਦੀ ਖ਼ਾਕ ਛਾਣਦਾ ਰਿਹਾ। ਸ਼ਾਮੀਂ ਸਾਢੇ ਸੱਤ ਵਜੇ ਕੈਨੇਡਾ ਦੀ ਸਟੇਟ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵਿਕਟੋਰੀਆ, ਜਿਹੜਾ ਕਿ ਸੈਲਿਸ਼ ਸਮੁੰਦਰ ਦੇ ਸ਼ਾਤ ਪਾਣੀਆਂ ਅਤੇ ਵੈਨਕੂਵਰ ਇਜ਼ਲੈਂਡ ਦੇ ਸਦਾਬਹਾਰ ਜੰਗਲਾਂ ਦੇ ਵਿਚਕਾਰ ਵਸਿਆ ਹੋਇਆ ਹੈ, ਸਿਆਟਲ ਤੋਂ ਸੌ ਕੁ ਕਿਲੋਮੀਟਰ ਜਾਂ 62 ਕੁ ਮੀਲ ਦੀ ਦੂਰੀ ਤੇ ਹੈ ਕੋਲ ਆ ਖੜਿਆ। ਗਾਰਡਨ-ਸਿਟੀ ਦੇ ਨਾਂ ਨਾਲ ਜਾਣੇ ਜਾਂਦੇ ਅਤੇ ਕੁਈਨ ਵਿਕਟੋਰੀਆਂ ਨੂੰ ਸਮਰਪਿਤ ਇਸ ਸ਼ਹਿਰ ਵਿੱਚ ਔਗਡਨ ਪੁਆਇੰਟ ਦੇ ਨਾਂ ਨਾਲ ਜਾਣਿਆ ਜਾਂਦਾ 'ਵਿਕਟੋਰੀਆ ਬੀ.ਸੀ. ਕਰੂਜ਼ਸ਼ਿਪ ਡੌਕ' ਸਾਡੇ ਸਾਹਮਣੇ ਸੀ। ਕਿਣਮਿਣ ਹੋ ਰਹੀ ਸੀ। ਕੈਨੇਡਾ ਬਾਰਡਰ ਸਰਵਿਸ ਏਜੰਸੀ ਵੱਲੋਂ ਕੈਨੇਡਾ ਦੇ ਵੀਜ਼ਾ ਸੰਬੰਧੀ ਕਾਰਵਾਈਆਂ ਕਰੂਜ਼ ਵਿੱਚ ਹੀ ਪੂਰੀਆਂ ਕਰ ਲਈਆਂ ਗਈਆਂ ਸਨ। ਇਸ ਸਥਾਨ ਤੋਂ ਵਿਕਟੋਰੀਆ ਦੇ ਡਾਊਨਟਾਊਨ ਵਿੱਚ ਪਹੁੰਚ ਕੇ ਉਥੇ ਘੁੰਮਣ ਫਿਰਨ ਲਈ ਡਬਲਡੈਕ ਬੱਸਾਂ ਮਿਲਦੀਆਂ ਹਨ ਜੋ ਤੁਹਾਨੂੰ ਡਾਲਰ ਪੰਦਰਾਂ ਵਿੱਚ ਉਥੇ ਲੈ ਵੀ ਜਾਂਦੀਆਂ ਹਨ ਤੇ ਉਥੋਂ ਵਾਪਿਸ ਲੈ ਵੀ ਆਉਂਦੀਆਂ ਹਨ। ਕਿਉਂਕਿ ਇੱਥੇ ਤੁਹਾਡੇ ਕੋਲ ਸਮਾਂ ਕੇਵਲ ਚਾਰ ਘੰਟੇ ਹੀ ਹੁੰਦਾ ਹੈ ਇਸ ਲਈ ਵਿਕਟੋਰੀਆ ਦੇ ਡਾਊਨਟਾਊਨ ਦੇ ਕੁਝ ਦੇਖਣਯੋਗ ਸਥਾਨਾਂ ਦੀ ਪੰਛੀ- ਝਾਤ ਹੀ ਪਾ ਸਕਦੇ ਹੋ।ਸਮਾਂ ਰਾਤ ਦੀ ਸ਼ੁਰੂਆਤ ਹੀ ਸੀ ਇਸ ਲਈ 'ਵਿਕਟੋਰੀਆ ਈਵਨਿੰਗ ਹਾਈਲਾਈਟਸ' ਦਾ ਨਜ਼ਾਰਾ ਹੀ ਸੈਲਾਨੀ ਲੈ ਰਹੇ ਸਨ। ਕੁਝ ਲੋਕ ਤੁਰ ਫਿਰ ਕੇ ਸ਼ਹਿਰ ਦੇਖਣ ਦੀ ਬਜਾਇ 'ਹੌਰਸਡਰਾਅ ਟਰਾਲੀ ਉਪਰ ਬੈਠ ਕੇ ਘੁੰਮਣ ਫਿਰਨ ਨੂੰ ਤਰਜੀਹ ਦੇ ਰਹੇ ਸਨ।ਜਿੰਨਾਂ ਖਿੱਚ-ਕੇਂਦਰਾਂ ਨਾਲ ਅਸੀ ਅੱਖ-ਸੰਵਾਦ ਰਚਾ ਸਕੇ ਉਹ ਸਨ-ਵਿਕਟੋਰੀਆ ਸੈਨਟੈਨੀਅਲ ਫਾਊਂਡੇਸ਼ਨ, ਲੈਜਿਸਲੇਟਿਵ ਅਸੈਂਬਲੀ, ਰਾਇਲ ਬੀ.ਸੀ. ਮਿਊਜ਼ੀਅਮ ਨੈਚਰੁਅਲ ਹਿਸਟਰੀ, ਥੰਡਰਬਰਡ ਪਾਰਕ, ਗਰੇਟਰ ਪਬਲਿਕ ਲਾਇਬ੍ਰੇਰੀ ਸੈਂਟਰਲ ਬਰਾਂਚ, ਮਿੰਨੀਏਚਰ ਵਰਡ, ਵਿਕਟੋਰੀਆ ਬੱਗ ਯੂ, ਚਾਈਨਾਟਾਊਨ, ਆਦਿ। ਸੰਨ 1916 ਵਿੱਚ ਬਣਿਆ The Ogden Point Breakwater ਹੈ ਜਿੱਥੇ ਡਾਲਾਸ ਰੋਡ ਤੋਂ ਜੁਆਨ ਡੀ ਫੱਕਾ ਸਟਰੇਟ ਨੂੰ ਜਾਂਦਿਆਂ ਬਣੇ ਲਾਈਟਹਾਊਸ ਪੋਆਇੰਟ ਤੇ ਖੜ੍ਹਕੇ ਸਮੁੰਦਰ ਵਿੱਚ ਆ ਜਾ ਰਹੀਆਂ ਕਰੂਜ਼ ਸ਼ਿਪਸ, ਫੈਰੀਆਂ, ਬੋਟਸ, ਫਲੋਟ ਪਲੇਨ ਹੈਲੀਕਾਪਟਰ ਆਦਿ ਨੂੰ ਨੇੜਿਉਂ ਤੱਕਣ ਦਾ ਸਬੱਬ ਬਣਦਾ ਹੈ ਨਾਲ ਦੀ ਨਾਲ (ਹਾਰਬੌਰ ਵਿੰਡਜ਼) ਸਮੁੰਦਰ ਹਵਾਵਾਂ ਵਿੱਚ ਸੀਗੁੱਲ ਵਰਗੇ ਪੰਛੀਆਂ ਨੂੰ ਗਲਾਈਡਜ਼ ਵਾਂਗ ਤਾਰੀਆਂ ਲਾਉਂਦੇ ਵੀ ਵੇਖ ਸਕਦੇ ਹੋ। ਸਮੇਂ ਦੀ ਘਾਟ ਕਰਕੇ ਸਾਰਾ ਕੁਝ ਨਾ ਤਾਂ ਵੇਖਿਆ ਹੀ ਜਾ ਸਕਦਾ ਸੀ ਤੇ ਅਸੀਂ ਵੇਖ ਵੀ ਨਾ ਸਕੇ। ਲੱਗਭੱਗ ਸਾਢੇ ਗਿਆਰਾਂ ਵਜੇ ਅਸੀਂ ਕਰੂਜ਼ ਵਿੱਚ ਵਾਪਿਸ ਆ ਗਏ। ਛੇ ਨੰ. ਡੈਕ ਵਿੱਚ ਬਣੇ 'ਗੈਸਟ ਸਰਵਿਸਜ਼ ਕਾਊਂਟਰ' ਤੋਂ ਟੈਗ ਲੈ ਆਂਦੇ ਕਿਉਂਕਿ ਸੁਭਾ ਕਮਰਿਆਂ ਵਿੱਚ ਹਦਾਇਤਾਂ ਪਹੁੰਚ ਚੁੱਕੀਆਂ ਸਨ ਕਿ ਹੈਂਡ ਬੈਗਾਂ ਤੋਂ ਬਿਨਾਂ ਅਟੈਚੀ-ਬੈਗਾਂ ਉਪਰ ਵੱਖੋ ਵੱਖਰੇ ਰੰਗਾਂ ਦੇ ਟੈਗ ਲਾਕੇ ਰਾਤੀਂ 12 ਵਜੇ ਤੋਂ ਬਾਅਦ ਆਪਣੇ ਕਮਰਿਆਂ ਦੇ ਬੂਹੇ ਅੱਗੇ ਰੱਖ ਦਿੱਤੇ ਜਾਣ। ਵਰਕਰ ਰੰਗਾਂ ਤੋਂ ਸਮਝ ਜਾਣਗੇ ਕਿ ਕਿਹੜਾ ਅਟੈਚੀ ਕਿੰਨੇ ਵਜੇ ਟਰਮੀਨਲ ਬਿਲਡਿੰਗ ਦੇ ਕਿਹੜੇ ਬਾਹਰੀ ਰਸਤੇ ਕੋਲ ਪਹੁੰਚਾਉਣਾ ਹੈ ਜਾਂ ਕਿਹੜਾ ਸਮਾਨ ਏਅਰਪੋਰਟਾਂ ਤੇ ਪਹੁੰਚਾਉਣਾ ਹੈ ਇਹ ਸੱਭ ਯਾਤਰੂਆਂ ਦੀ ਸਹੂਲਤ ਲਈ ਕੀਤਾ ਜਾਂਦਾ ਹੈ। ਅਸੀਂ ਆਪਣੇ ਅਟੈਚੀਆਂ ਉਪਰ ਨਿੰਬੂ (ਲਾਈਮ) ਰੰਗ ਦੇ ਟੈਗ ਲਗਾਏ ਤੇ ਬੂਹੇ ਅੱਗੇ ਰੱਖ ਦਿੱਤੇ।

ਸੁਭਾ ਅਲਵਿਦਾ ਕਹਿ ਰਹੇ ਯਾਤਰੀਆਂ ਨੂੰ ਰੂੰਗੇ-ਭੂੰਗੇ ਵਿੱਚ ਬਰੇਕਫਾਸਟ ਦਿੱਤਾ ਗਿਆ। ਗਾਰਡਨ ਕੈਫੇ ਵਿੱਚ ਕੁਰਬਲ ਕੁਰਬਲ ਹੋ ਰਹੀ ਸੀ। ਹੱਥਾਂ ਵਿੱਚ ਫੜ੍ਹੇ ਜਾਂ ਮੋਢਿਆਂ ਤੇ ਟੰਗੇ ਬੈਗਾਂ ਨਾਲ ਸਾਰੇ ਜਣੇ ਖਾਣ ਪੀਣ ਦੇ ਆਹਰੇ ਲੱਗੇ ਹੋਏ ਸਨ।ਕਰੂਜ਼ ਦੇ ਬਾਹਰੀ ਗੇਟ ਕੋਲ ਆਉਣ ਤੋਂ ਪਹਿਲਾਂ ਹਰ ਇਕ ਸੈਲਾਨੀ ਨੂੰ ਇਮੀਗਰੇਸ਼ਨ ਚੈਕਅੱਪ ਟੀਮ ਦਾ ਸਾਹਮਣਾ ਕਰਨਾ ਪਿਆ।ਤੁਹਾਡੀ ਜਾਂਚ ਕੀਤੀ ਜਾਂਦੀ ਹੈ ਚੇਹਰੇ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ ਜਾਂਦਾ ਹੈ, ਬੈਗ ਐਕਸਰੇ ਵਿੱਚ ਦੀ ਲੰਘਾਏ ਜਾਂਦੇ ਹਨ। ਉਥੋਂ ਦੀ ਗੁਜ਼ਰ ਕੇ ਸੱਤ ਨੰ. ਡੈਕ ਦੇ ਬਾਹਰੀ ਗੇਟ ਵਿੱਚ ਦੀ ਹੋ ਕੇ ਤੁਸੀਂ ਆਰਜ਼ੀ ਤੌਰ ਤੇ ਬਣਾਈ ਸੁਰੰਗ ਰਾਹੀਂ ਟਰਮੀਨਲ ਇਮਾਰਤ ਦੇ ਹਾਲ ਵਿੱਚ ਪਹੁੰਚ ਜਾਂਦੇ ਹੋ। ਉਥੇ ਰੱਖੇ ਹੋਏ ਅਟੈਚੀਆਂ-ਸਮਾਨ ਵਿੱਚੋਂ ਅਸੀਂ ਵੀ ਆਪਣੇ ਪਹਿਚਾਨੇ, ਚੁੱਕੇ ਤੇ ਬਾਹਰ ਆ ਗਏ।

ਸਾਹਮਣੇ ਦੈਂਤ ਆਕਾਰੀ ਕਰੂਜ਼ ਸ਼ਾਮ ਨੂੰ ਦੁਬਾਰਾ ਜਾਣ ਲਈ ਤਿਆਰੀ ਵਿੱਚ ਰੁਝਿਆ ਹੋਇਆ ਸੀ। ਅਸੀਂ ਟੈਕਸੀ ਲਈ, ਇਕ ਕਾਰ ਦੋਸਤ ਲੈ ਕੇ ਆ ਗਿਆ। ਸੁਭਾ 10 ਵਜੇ ਅਸੀਂ ਘਰ ਪਹੁੰਚ ਗਏ ਸੀ।

ਕਿਸੇ ਅਚਾਨਕ ਜਾਂ ਕੁਦਰਤੀ ਆਫਤ ਆ ਜਾਣ 'ਤੇ ਬਚਾਉ ਲਈ ਕਰੂਜ਼ ਵਿੱਚ ਅਨੇਕਾਂ ਇੰਤਜ਼ਾਮ ਕੀਤੇ ਹੁੰਦੇ ਹਨ। ਅਨੇਕਾਂ ਕਿਸ਼ਤੀਆਂ ਜ਼ਹਾਜ਼ ਦੇ ਆਸੇ ਪਾਸੇ ਟੰਗੀਆਂ ਹੁ ਹਨ ਪਾਣੀ ਵਿੱਚ ਡੁੱਬਣ ਤੋਂ ਬਚਾਉਣ ਲਈ ਸੇਫਟੀ ਜੈਕਟਾਂ ਥਾਂ ਪੁਰ ਥਾਂ ਰੱਖੀਆਂ ਹੁੰਦੀਆਂ ਹਨ। ਛੋਟੀ ਮੋਟੀ ਬੀਮਾਰੀ ਲਈ ਮੈਡੀਕਲ ਸੇਵਾਵਾਂ ਹੁੰਦੀਆਂ ਹਨ। ਕਦੇ ਕਦੇ ਕਰੂਜ਼ ਵਾਲੇ ਅੱਗ ਲੱਗਣ ਦੀ ਅਫਵਾਹ ਫੈਲਾ ਕੇ ਮੌਕ-ਡਰਿਲਾਂ ਵੀ ਕਰਦੇ ਰਹਿੰਦੇ ਨੇ। ਸਮੁੰਦਰੀ ਜ਼ਹਾਜ਼ ਦੀ ਨਿਰੰਤਰ ਚੱਲਦੀ ਹਰ ਕਿਸਮ ਦੀ ਕਾਰਜ ਵਿਧੀ ਤੋਂ ਯਾਤਰੂਆਂ ਨੂੰ ਜਾਣਕਾਰੀ ਦੇਣ ਲਈ 'ਬੀਹਾਈਂਡ ਦੀ ਸੀਨ ਟੂਰ' ਵੀ ਕਰਵਾਇਆ ਜਾਂਦਾ ਹੈ ਜਿਸ ਵਿੱਚ ਕਰੂਜ਼ ਦੇ ਵੱਖ ਵੱਖ ਹਿੱਸਿਆਂ ਤੇ ਹੁੰਦੀਆਂ ਕਾਰਵਾਈਆਂ ਦੇ ਰੂਬਰੂ ਤੁਹਾਨੂੰ ਕਰਾਇਆ ਜਾਂਦਾ ਹੈ ਅਤੇ ਜਾਣਕਾਰੀ ਦਿੱਤੀ ਜਾਂਦੀ ਹੈ। ਇਹ ਟੂਰ ਵੀ ਪੇਡ ਹੀ ਹੁੰਦਾ ਹੈ। ਅਫਸੋਸ ਰਿਹਾ ਕਿ ਇਹ ਅਸੀਂ ਕਰ ਨਹੀਂ ਸਕੇ।

# ਸਵਰਗ ਦਾ ਪਰਾਏਵਾਚੀ ਹੈ ਸ਼ਹਿਰ ਕਿਨੌਰ, ਹਿਮਾਚਲ




ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਸਵਰਗ ਦੇ ਪਰਾਏਵਾਚੀ ਹੈ ਹਿਮਾਚਲ ਪ੍ਰਦੇਸ਼ ਦਾ ਖ਼ੂਬਸੂਰਤ ਮਨਮੋਹਣਾ ਪਹਾੜੀ ਇਲਾਕੇ ਵਾਲਾ ਸ਼ਹਿਰ ਕਿਨੌਰ। ਚੰਡੀਗੜ ਤੋਂ ਸ਼ਿਮਲਾ ਅਤੇ ਸ਼ਿਮਲੇ ਤੋਂ ਕਿਨੌਰ ਜਾਇਆ ਜਾ ਸਕਦਾ ਹੈ। ਚੰਡੀਗੜ ਤੋਂ ਕਿਨੌਰ ਤਕ ਦਾ ਸਫ਼ਰ ਬਹੁਤ ਲੁਭਾਵਣਾ ਹੈ। ਪਹਾੜੀ ਦ੍ਰਿਸ਼ ਮਨ ਨੂੰ ਛੂਹ-ਛੂਹ ਜਾਂਦੇ ਹਨ ਚੰਡੀਗੜ ਤੋਂ ਕਾਲਿਕਾ ਅਤੇ ਕਾਲਿਕਾ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਪਹਾੜਾਂ ਦੀ ਹਰਿਆਲੀ, ਰੁੱਖ, ਟੇਢੇ-ਮੇਢੇ, ਢਲਾਊ, ਚੜਾਊ ਰੋਮਾਂਟਿਕ ਰਸਤੇ ਦਿਲ ਨੂੰ ਮੋਹ ਮੋਹ ਜਾਂਦੇ ਹਨ। ਲੁਕਵੇਂ ਅਤੇ ਨਾਟਕੀ ਢੰਗ ਨਾਲ ਆਉਂਦੇ ਦ੍ਰਿਸ਼ ਚੰਗੇ ਲਗਦੇ ਹਨ। ਰਸਤੇ ਵਿਚ ਦਰਿਆ, ਝਰਨੇ, ਬਾਗ, ਹਰਿਆਵਲ, ਤਰਾਂ-ਤਰਾਂ ਦੇ ਫਲ-ਫੁਲ, ਪੰਛੀ, ਜਾਨਵਰ ਅਤੇ ਅਸਮਾਨ ’ਚ ਬਦਲਾਂ ਦੇ ਅਕ੍ਰਿਤੀਕਾਰੀ ਦ੍ਰਿਸ਼ ਸਵਰਗ ਦੇ ਕੋਲ ਕੋਲ ਲੈ ਜਾਂਦੇ ਹਨ। ਕਵਿਤਾ-ਕਹਾਣੀਆਂ ਵਰਗੇ ਦ੍ਰਿਸ਼, ਜਿਵੇਂ ਕੁਦਰਤ ਨੇ ਕੋਈ ਖ਼ੂਬਸੂਰਤ ਕਵਿਤਾ ਲਿਖ ਦਿੱਤੀ ਹੋਵੇ। ਸੁੰਦਰ ਕੁਦਰਤ ਤੇ ਸਮੇਂ ਵਿਚ ਕੁਦਰਤ ਧਰਤੀ ’ਤੇ ਆਪਣੇ ਮੰਗਲਮਈ ਹਸਤਾਖਸ਼ਰ ਕਰਦੀ ਨਜ਼ਰ ਆਉਂਦੀ ਹੈ। ਕੁਦਰਤ ਦੀ ਸ਼ਿਲਪਕ ਕਲਾਕਾਰੀ ਕਿਸੇ ਸ਼ਿਸਟਤਾ ਨੂੰ ਜਨਮ ਦਿੰਦੀ ਨਜ਼ਰ ਆਉਂਦੀ ਹੈ। ਹਿਮਾਚਲ, ਪ੍ਰੀਯੇ ਦਰਸ਼ਨ ਦਾ ਅਭਿਲਾਸ਼ੀ ਹੈ। ਅਗਰ ਅਚਾਨਕ ਬਾਰਿਸ਼ ਆ ਜਾਵੇ ਤਾਂ ਕੁਦਰਤ ਦੀ ਗੋਦ ਵਿਚ ਲਬਾਲਬ ਆਤਮ ਮੁਗਧਤਾ ਉਮੜ ਆਉਂਦੀ ਹੈ। ਮੌਸਮ ਜਿਵੇਂ ਨਿਮੰਤਰਨ ਦੇ ਰਿਹਾ ਹੋਵੇ ਤੀਰਵ ਇੱਛਾ ਦੀ ਹੋਂਦ ਨੂੰ। ਕਲੋਲ ਕਰਦੇ ਪੰਛੀਆਂ ਦੇ ਝੁੰਡ, ਕਈ ਤਰ੍ਹਾਂ ਦੇ ਆਕਾਰ ਬਣਾਦੇ ਹੋਏ ਲੋਕਿਕਤਾ ਵਿਚ ਸ੍ਰੇਸ਼ਟਤਾ ਦੀ ਹੋਂਦ ਪੈਦਾ ਕਰਦੇ ਹਨ। ਉਜਸਵੀ ਤੇਜ ਹਵਾਵਾਂ ਦੇ ਅਧਿਆਏ ਜਦ ਖੁਲ੍ਹਦੇਹਨ ਤਾਂ ਇਕਾਂਤ ਵਿਚ ਸਰਸਰਾਹਟ ਦੀਆਂ ਝਾਂਜਰਾਂ ਦਾ ਸ਼ੋਰ ਮਜ਼ਾ ਦਿੰਦੇ ਤੇ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇਵਿਚ ਰਿਕਾਂਗ ਪੀਉ ਦੇ ਉਪਰ ਘਾਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿੱਧ ਹੈ। ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫ਼ਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।

ਕਿਨੌਰ ਭਾਰਤ ਉਤਰ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰ੍ਹਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਲ ਪ੍ਰਸ਼ਾਸਨਿਕ ਇਲਾਕਿਆਂ ਪੂਹ, ਕਲਪਾਂ ਅਤੇ ਨਿਚਾਰ, ਭਾਬ-ਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤਦੀ ਚੋਟੀ ਪਾਈ ਜਾਂਦੀ ਹੈ।

ਲਾਹੌਲ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋਂ ਜੂਨ ਤਕ ਘੁੰਮਣ ਲਈ ਇਹ ਇਕ ਸ਼ਾਨਦਾਰ ਯਾਦਗਾਰ ਆਕਰਸ਼ਕ ਮਨਮੋਹਣਾ ਸਥਾਨ ਹੈ। ਹਾਲਾਂਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪਰ ਦਾਵਤ ਦੇਣਾ ਚਾਹੁੰਦੇ ਹੋ ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰਹੁੰਦੀ ਹੈ। ਇਸ ਲਈ ਤੁਸੀਂ ਸਿਤੰਬਰ ਤੇ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ।

ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀਉ ਦੇ ਉਪੱਰ ਪਾਰਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿੱਧ ਹੈ, ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।





ਕਿਨੌਰ ਭਾਰਤ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਨ ਪ੍ਰਸ਼ਾਸਨਿਕ ਇਲਾਕਿਆ ਪੂਹ, ਕਲਪਾ ਅਤੇ ਨਿਚਾਰ, ਭਾਬਾਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤ ਦੀ ਚੋਟੀ ਪਾਈ ਜਾਂਦੀ ਹੈ।

ਲਾਹੌਰ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋ ਜੂਨ ਤਕ ਘੁੰਮਣ ਲਈ ਇਕ ਸ਼ਾਨਦਾਰ ਯਾਦਗਾਰ ਆਦਰਸ਼ਕ ਮਨਮੋਹਦਾ ਸਥਾਨ ਹੈ। ਹਾਲਾਂ ਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪੱਰ ਦਾਵਤ ਦੇਣਾ ਚਾਹੁੰਦੇ ਹੋ। ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰ ਹੁੰਦੀ ਹੈ ਇਸ ਲਈ ਤੁਸੀ ਸਿਤੰਬਰ ਤੋਂ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ।

ਇਕ ਅਕਤੂਬਰ ਮਰਮਸਪਰਸ਼ੀ ਸਥਾਨ ਹੈ ਕਲਪਾ, ਕਿਨੌਰ ਜ਼ਿਲ੍ਹੇ ਦਾ ਛੋਟਾ ਜਿਹਾ ਕਸਬਾ ਹੈ। ਇਹ ਸਤਲੁਜ ਲਈ ਉਤੇ ਵੱਸਿਆ ਹੋਇਆ ਸੁੰਦਰ ਨਗਰ ਹੈ। ਇਹ ਇਕ ਆਦਰਸ਼ ਸੁੰਦਰ ਅਵਕਾਂਸ਼ ਸਥਾਨ ਬਣਾਉਂਦਾ ਹੈ। ਇਸ ਸਥਾਨ ਵੱਲ ਤੁਸੀਂ ਹੇਠਲੀ ਦੁਨੀਂਆ ਨੂੰ ਛੱਡ ਕੇ ਬਦਲਾਂ ਅਤੇ ਸੁਪਨਿਆਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਲਈ ਕਾਫ਼ੀ ਉਚਾਈ ਤੇ ਪਹੁੰਚ ਚੁਕੇ ਹੁੰਦੇ ਹੋ।

ਕਲਪਾ ਕਿਨੌਰ ਇਕ ਪਰਬਤਾਂ ਦੀ ਸ੍ਰੇਣੀ ਦਾ ਜੰਨਤ ਹੈ। ਸਵਰਗ ਦੀ ਪੌੜੀ ਦਾ ਆਗਾਜ਼ ਹੁੰਦੀ ਹੈ, ਕਿਨੌਰ ਦੀ ਯਾਤਰਾ ਦਾ ਮਜ਼ਾ।

ਇਹ ਸਥਾਨ ਸਜਦਾਗਾਹ ਤੋਂ ਘੱਟ ਨਹੀਂ। ਚਰਨਿਆਂ ਅਤੇ ਦਰਿਆਵਾਂ ਦੀਟਾਂ ਲੈਯਾਤਮਕ ਧਵਨੀਆਂ ਅੰਤ ਰੰਗ ਵਿਚ ਆਤਮਕ ਅਲੋਕਿਕਤਾ ਭਰਦੀਆਂ ਹੋਈਆਂ ਅਧਿਆਤਮਿਕਤਾ ਤੇ ਪਰਿਪੂਰਨ ਹੋ ਜਾਂਦੀਆਂ ਹਨ।

ਜਦ ਤੁਸੀ ਕਦੀ ਇਸ ਸਥਾਨ ਤੇ ਪਰੀਚਿਤ ਹੋਵੇਗੇ ਤਾਂ ਤ੍ਰਿਪਤੀ ਦਾ ਅਹਿਸਾਸ ਆਤਮਿਕ ਯੋਗਦਾਨ ਪਾਵੇਗਾ। ਸੁੰਦਰ ਸਥਾਨ ਹੈ ਸਵਰਗ ਦਾ ਪਰਾਏਵਾਰੀ ਕਲਪਾ-ਕਿਨੌਰ।

## .ਗਜ਼ਲ

ਜਾਤੀਪਾਤੀ ਅਣਖ ਦੀਆਂ ਜ਼ੰਜੀਰਾਂ ਤੋੜਣਗੇ ਬੱਚੇ।
ਮਿਆਨਾਂ ਦੇ ਵਿਚ ਬੰਦ ਪਈਆਂ ਸ਼ਮਸ਼ੀਰਾਂ ਤੋੜਣਗੇ ਬੱਚੇ।
ਮਿਹਨਤ ਵਿਦਿਆ ਉਦਮ ਸ਼ਕਤੀ ਸੰਜਮ ਅੰਤਰ ਦ੍ਰਿਸ਼ਟੀ ਨਾਲ,
ਹੱਥ ’ਚ ਉਗੀਆਂ ਲੀਕਾਂ ’ਚੋਂ ਤਕਦੀਰਾਂ ਤੋੜਣਗੇ ਬੱਚੇ।
ਮਜ਼ਦੂਰਾਂ ਦੇ ਹੱਥਾਂ ਵਿਚ ਸੱਤਾ ਦਾ ਪਰਚਮ ਲਹਿਰਾਊ,
ਨਾਲ ਪਸੀਨੇ ਤਨ ’ਤੇ ਫਟੀਆਂ ਲੀਰਾਂ ਤੋੜਣਗੇ ਬੱਚੇ।
ਤਿੜਕੇ ਹੋਏ ਸ਼ੀਸ਼ੇ ਵਾਂਗੂ ਇੱਕ ਪਿਆਸੇ ਮਾਰੂਥਲ ਦੇ,
ਮੱਥੇ ਉਗੀਆਂ ਗੁੰਝਲਦਾਰ ਲਕੀਰਾਂ ਤੋੜਣਗੇ ਬੱਚੇ।
ਹਾਕਮ ਜੇ ਤੂੰ ਬਾਝ ਨਾ ਆਇਆ ਹੋਰ ਤਸ਼ੱਦਦ ਕਰਨੇ ਤੋਂ,
ਉਲਟ ਦਿਸ਼ਾਵਾਂ ਦੇ ਵਿਚ ਫੇਰ ਵਹੀਰਾਂ ਤੋੜਣਗੇ ਬੱਚੇ,
ਜੇਕਰ ਅੰਬਰ ਬਾਝ ਨਾ ਆਇਆ ਸਾਰੇ ਤਾਰੇ ਡੇਗਣ ਤੋਂ,
ਸੂਰਜ ਬਣ ਕੇ ਨੇਰ੍ਹੇ ’ਚੋਂ ਤਦਬੀਰਾਂ ਤੋੜਣਗੇ ਬੱਚੇ,
ਵਹਿੰਦੇ ਹੋਏ ਦਰਿਆਵਾਂ ਨੂੰ, ਫ਼ਿਰ ਕਿੱਦਾਂ ਮੋੜ ਲਵੋਗੇ।
ਹਾਲਾਤਾਂ ਦੇ ਪੈਰਾਂ ’ਚੋਂ ਜ਼ੰਜ਼ੀਰ ਤੋੜਣਗੇ ਬੱਚੇ।
ਨਵ ਇਤਿਹਾਸ ’ਚ ਸਿਰਜ਼ਣਤਾ ਦੀ ਫ਼ਿਰ ਹੋਂਦ ਸਥਾਪਿਤ ਕਰਕੇ,
ਅਲਮਾਰੀ ਵਿਚ ਬੰਦ ਪਈਆਂ ਤਸਵੀਰਾਂ ਤੋੜਣਗੇ ਬੱਚੇ,
ਹਾਲਾਤਾਂ ਵਿਚ ਬਾਲਮ ਬੁੱਧੀ ਹੱਕ ਦੀ ਪਹਿਰੇਦਾਰ ਬਣੂ,
ਬੇਇਨਸਾਫੀ ਵਿੱਚ ਵੱਡੀਆਂ ਜਾਗੀਰਾਂ ਤੋੜਣਗੇ ਬੱਚੇ।

## .ਗਜ਼ਲ

ਪ੍ਰਤਿਭਾ ਦੇ ਵਣਜਾਰੇ ਬੱਚੇ।
ਸੂਰਜ ਚੰਨ ਸਿਤਾਰੇ ਬੱਚੇ।
ਖੇਵਨਹਾਰੇ ਕੀ ਕਿਰਪਾ ਹੈ,
ਚੱਪੂ ਨਹਿਰ ਕਿਨਾਰੇ ਬੱਚੇ।
ਵਿੱਦਿਆ ਮਿਹਨਤ ਮੰਜ਼ਿਲ ਦੇਵੇ,
ਬੇਸ਼ਕ ਹੋਣ ਵਿਚਾਰੇ ਬੱਚੇ।
ਸੋਨ ਤਮਗਿਆ ਨੂੰ ਚੁੰਮ ਲੈਂਦੇ,
ਖੇਡਾਂ ਵਿੱਚ ਉਤਾਰੇ ਬੱਚੇ।
ਠਾਠ ਜਵਾਨੀ ਵਿਚ ਜੋ ਜਾਗੇ,
ਲੈਂਦੇ ਖ਼ੂਬ ਨਜ਼ਾਰੇ ਬੱਚੇ।
ਜੋਬਨ ਵਿਚ ਖ਼ੁਸ਼ਬੂਆਂ ਭਰਦੇ,
ਫੁੱਲਾਂ ਵਾਂਗ ਕੁੰਵਾਰੇ ਬੱਚੇ,
ਮੰਜ਼ਿਲ ਕੋਹਾਂ ਦੂਰ ਰਵੇ ਹੈ,
ਲਾਉਂਦੇ ਨੇ ਜੋ ਲਾਰੇ ਬੱਚੇ।
ਲੇਹ ਲੱਦਾਖ ’ਚ ਘੁੰਮਦੇ ਫਿਰਦੇ,
ਬਰਫਾਂ ਠੰਡ ’ਚ ਠਾਰੇ ਬੱਚੇ।
ਕੁਦਰਤ ਕਹਿੰਦੀ ਹੋ ਨਹੀਂ ਸਕਦੇ,
ਇਕ ਆਦਤ ਦੇ ਸਾਰੇ ਬੱਚੇ।
ਧਰਤੀ ਨੂੰ ਹਰਿਆਲੀ ਦੇਵਣ,
ਝਰਨੇ ਨਦ ਫੁੱਵਾਰੇ ਬੱਚੇ।
ਆਜ਼ਾਦੀ ਦਾ ਸੁਖਦ ਦਿਹਾੜਾ,
ਫੁੱਲਾਂ ਵਾਂਗ ਸ਼ਿੰਗਾਰੇ ਬੱਚੇ।
ਭਾਰਤ ਦਾ ਸੁੰਦਰ ਸਰਮਾਇਆ,
ਕਿੰਨੇ ਪਿਆਰੇ-ਪਿਆਰੇ ਬੱਚੇ।
ਅੱਜ ‘ਬਾਲਮ’ ਦਾ ਜਨਮ ਦਿਹਾੜਾ,
ਲੈ ਕੇ ਆਏ ਗੁਬਾਰੇ ਬੱਚੇ।

**ਬਲਵਿੰਦਰ ਬਾਲਮ**
**ਗੁਰਦਾਸਪੁਰ**
**91-98156-25409**

## .ਗਜ਼ਲ

ਰਹਿੰਦੀ ਦੁਨੀਆ ਤੱਕ ਰਹਿਣਾ ਸਤਿਕਾਰ ਸ਼ਹੀਦਾਂ ਦਾ।
ਦੇਸ਼ ਦੇ ਜ਼ੱਰੇ-ਜ਼ੱਰੇ ਵਿੱਚ ਹੈ ਪਿਆਰ ਸ਼ਹੀਦਾਂ ਦਾ।
ਕੌਮਾਂ ਅੰਦਰ ਜ਼ਜ਼ਬਾ ਤੇ ਕੁਰਬਾਣੀ ਭਰਦਾ ਹੈ,
ਹੋ ਜਾਂਦਾ ਹੈ ਪੂਰਾ ਜਦ ਇਕਰਾਰ ਸ਼ਹੀਦਾਂ ਦਾ।
ਭਾਰਤ ਮਾਂ ਦੇ ਸਿਰ ਤੇ ਜਿੱਤ ਦਾ ਮੁਕਟ ਸਜਾ ਦੇਂਦਾ,
ਖ਼ੂਨ ਕਦੀ ਵੀ ਜਾਂਦਾ ਨਈਾ ਬੇਕਾਰ ਸ਼ਹੀਦਾਂ ਦਾ।
ਉਸ ਦੀ ਮਮਤਾ ਰੋਂਦੀ ਨਈਾ ਏਾ ਫ਼ਖ਼ਰ ਕਰੇਂਦੀ ਹੈ,
ਅਰਥੀ ਤੇ ਜਦ ਕਰਦੀ ਹੈ ਦੀਦਾਰ ਸ਼ਹੀਦਾਂ ਦਾ।
ਭਾਰਤ ਦੇ ਇਤਿਹਾਸ 'ਚ ਚੰਨ ਦੇ ਵਾਂਗੂ ਚਮਕੇਗਾ,
ਫੌਜੀ ਜਿਹੜਾ ਬਣਦਾ ਹੈ ਦਿਲਦਾਰ ਸ਼ਹੀਦਾਂ ਦਾ।
ਕੁਰਬਾਣੀ ਦਾ ਜਜ਼ਬਾ ਇੱਕ ਇੱਕ ਫੁੱਲ ਦੇ ਅੰਦਰ ਹੈ,
ਨਵ ਪੀੜ੍ਹੀ ਨੂੰ ਯਾਦ ਦਿਲਾਊ ਹਾਰ ਸ਼ਹੀਦਾਂ ਦਾ।
ਆਪਣੀ ਧਰਤੀ ਅੰਦਰ ਮੋਹ ਵਿੱਚ ਭਿੱਜੀ ਮਿੱਟੀ ਨੂੰ,
ਪਾਕ ਪਵਿੱਤਰ ਕਰਦਾ ਹੈ ਸਸ਼ਕਾਰ ਸ਼ਹੀਦਾਂ ਦਾ।
ਹਰ ਬਰਸੀ ਤੇ ਮੇਲੇ ਲਾਈਏ ਤਾਂ ਜੋ ਬਣਿਆ ਰਏ,
ਸੱਤਿਅਮ-ਸ਼ਿਵਮ-ਸੁੰਦਰਮ ਇਹ ਸਤਿਕਾਰ ਸ਼ਹੀਦਾਂ ਦਾ।
ਸਿਰ ਨਹੀਂ ਚੁੱਕਣ ਦੇਂਦੇ 'ਬਾਲਮ' ਰਾਖੇ ਦੁਸ਼ਮਣ ਨੂੰ,
ਹੇਰਾਂ ਵਰਗੀ ਗਰਜ ਜਿਹਾ ਕਿਰਦਾਰ ਸ਼ਹੀਦਾਂ ਦਾ।

**ਬਲਵਿੰਦਰ ਬਾਲਮ ਗੁਰਦਾਸਪੁਰ**
**91-98156-25409**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਬੰਦੇ ਅਤੇ ਬਾਂਦਰ ਦਾ ਨਿਰਨਾ!

ਕੁੱਝ ਮਹੀਨੇ ਆਪਣੇ ਪਿੰਡ ਰਹਿੰਦਿਆਂ ਮੈਂ ਹਰ ਰੋਜ ਦਰਿਆ ਸਤਲੁਜ ਕੰਢੇ ਸਾਈਕਲ ਤੇ ਸੈਰ ਕਰਨ ਜਾਂਦਾ ਸਾਂ।ਇਸ ਇਲਾਕੇ ‘ਚ ਅੱਗੇ ਤਾਂ ਕਦੇ ਦੇਖੇ ਸੁਣੇ ਨਹੀਂ ਸਨ ਪਰ ਐਤਕੀਂ ਮੈਂ ਦਰਿਆ ਦੇ ਬੰਨ੍ਹ ਉੱਤੇ ਦੋ ਤਿੰਨ ਬਾਂਦਰ ਤੁਰੇ ਫਿਰਦੇ ਦੇਖੇ। ਸੱਤ-ਅੱਠ ਮੀਲ ਸਾਈਕਲ ਚਲਾਉਣ ਬਾਅਦ ਬੰਨ੍ਹ ਉੱਤੇ ਇਕ ਥਾਂਹ ਪਏ ਤਖਤਪੋਸ਼ ਉੱਤੇ ਸਾਡੀ ਸੈਰ ਕਰਨ ਵਾਲ਼ਿਆਂ ਦੀ ਮੰਡਲੀ ਬਹਿੰਦੀ, ਜਿੱਥੇ ਘੜੀ ਘੰਟਾ ਗੱਪ-ਗੋਸ਼ਟੀ ਚਲਦੀ ਹੁੰਦੀ ਸੀ।



ਇਕ ਦਿਨ ਸੈਰ ਤੋਂ ਵਾਪਸੀ ‘ਤੇ ਮੈਂ ਮਿੱਤਰ-ਮੰਡ਼ਲੀ ਵਿਚ ਬੈਠਿਆਂ ਬਾਂਦਰਾਂ ਬਾਰੇ ਗੱਲ ਕੀਤੀ ਤਾਂ ਉਹ ਕਹਿੰਦੇ ਕਿ ਇਨ੍ਹਾਂ ਵਿਚਾਰਿਆਂ ਨੂੰ ਖਾਣ ਲਈ ਇੱਥੇ ਕੁਛ ਨੀ ਲੱਭਦਾ, ਇਹ ਭੁੱਖਣ ਭਾਣੇ ਈ ਏਧਰ ਉੱਧਰ ਫਿਰਦੇ ਰਹਿੰਦੇ ਆ। ਇਹ ਸੋਚ ਕੇ ਕਿ ਅਮਰੀਕਾ ਵਾਪਸ ਜਾਣ ਤੋਂ ਪਹਿਲਾਂ ਜਿੰਨਾਂ ਚਿਰ ਮੈਂ ਇੱਥੇ ਹੈਗਾ ਹਾਂ ਸੈਰ ਕਰਨ ਆਇਆ ਇਨ੍ਹਾਂ ਲਈ ਕੁੱਝ ਨਾ ਕੁੱਝ ਲੈ ਆਇਆ ਕਰਾਂ ਗਾ। ਦੂਜੇ ਦਿਨ ਮੈਂ ਬ੍ਰੈਡ ਅਤੇ ਭੁੱਜੇ ਹੋਏ ਛੋਲੇ ਸਾਈਕਲ ਦੀ ਟੋਕਰੀ ‘ਚ ਰੱਖ ਕੇ ਲੈ ਆਇਆ ਤੇ ਤਿੰਨਾਂ ਬਾਂਦਰਾਂ ਨੂੰ ਸਮਾਨ ਛਕ-ਾਇਆ।ਇਸ ਤੋਂ ਦੂਜੇ ਦਿਨ ਮੈਂ ਬ੍ਰੈਡ ਤੇ ਛੋਲਿਆਂ ਦੇ ਨਾ਼ਲ ਪੰਜ ਸੱਤ ਕੇਲੇ ਵੀ ਲੈ ਗਿਆ। ਉਹ ਵੀ ਉਨ੍ਹਾਂ ਨੇ ਤਸੱਲੀ ਨਾ਼ਲ ਖਾਧੇ।

ਫਿਰ ਦੋ ਕੁ ਦਿਨ ਮੈਨੂੰ ਵਾਂਢੇ ਜਾਣਾ ਪੈ ਗਿਆ।ਸੈਰ ਨੂੰ ਜਾਣ ਦੇ ਦੋ ਨਾਗੇ ਪੈਣ ਬਾਅਦ ਜਦ ਮੈਂ ਬਰੈਡ ਵਗੈਰਾ ਲੈ ਕੇ ਦਰਿਆ ਦੇ ਬੰਨ੍ਹ ਉੱਤੇ ਪਹੁੰਚਿਆ ਤਾਂ ਓਦਣ ਬਾਂਦਰ ਮੈਨੂੰ ਕਿਤੇ ਵੀ ਨਾ ਦਿਸੇ।ਦਰਖਤਾਂ ਉੱਤੇ ਜੰਗਲਾਤ ਮਹਿਕਮੇਂ ਵਲੋਂ ਲਾਏ ਨੰਬਰਾਂ ਅਨੁਸਾਰ ਮੈਂ ਬਾਂਦਰਾਂ ਦੇ ਟਿਕਾਣੇ ਵਾ਼ਲੀ ਦਰਖਤ ਨੰਬਰ 430 ਦੀ ਨਿਸ਼ਾਨੀ ਚੇਤੇ ਰੱਖੀ ਹੋਈ ਸੀ।ਉੱਥੇ ਖੜ੍ਹ ਕੇ ਮੈਂ ਰਾਹੋਂ ਵੱਲ੍ਹ ਦੇ ਪਾਸੇ ਦੂਰ ਤੱਕ ਨਜ਼ਰ ਮਾਰੀ,ਮੈਨੂੰ ਝੌ਼ਲਾ ਜਿਹਾ ਦਿਸਿਆ ਜਿਵੇਂ ਦੂਰ ਬਾਂਦਰ ਬੈਠੇ ਹੋਣ!

ਉੱਧਰੋਂ ਸਕੂਟਰ ‘ਤੇ ਆ ਰਿਹਾ ਇਕ ਬੰਦਾ ਵੀ ਦਿਸਿਆ।ਮੈਂ ਸੋਚਿਆ ਕਿ ਉਸਨੂੰ ਬਾਂਦਰਾਂ ਬਾਰੇ ਪੁੱਛ ਕੇ ਓਧਰ ਨੂੰ ਚਲਾ ਜਾਵਾਂ ਗਾ। ਕੋ਼ਲ ਆਏ ‘ਤੇ ਮੈਂ ਉਸ ਨੂੰ ਰੋਕ ਕੇ ਪੁੱਛਿਆ ਤਾਂ ਉਹ ਬ਼ਲਾਚੌਰ ਵੱਲ੍ਹ ਨੂੰ ਹੱਥ ਕਰਕੇ ਕਹਿੰਦਾ-‘ਭਾ ਜੀ ਬਾਂਦਰ ਉੱਥੇ ਝਿੜੀ ‘ਚ ਹੁੰਦੇ ਆ ਜਿੱਥੇ ਅਸੀਂ ਕੰਮ ਕਰਦੇ ਆਂ!’ ਮੇਰੇ ਸਾਈਕਲ ਦੀ ਟੋਕਰੀ ‘ਚ ਪਏ ਬ੍ਰੈਡ ਤੇ ਕੇਲੇ ਵਗੈਰਾ ਪਏ ਦੇਖ ਕੇ ਉਹ ਕਹਿੰਦਾ ਕਿ ਆਹ ਸਮਾਨ ਮੈਨੂੰ ਦੇ ਦਿਉ ਮੈਂ ਬਾਂਦਰਾਂ ਨੂੰ ਖਿ਼ਲਾ ਦਿਆਂ ਗਾ! ਮੈਥੋਂ ਸਮਾਨ ਲੈ ਕੇ ਉਹ ਸਕੂਟਰ ‘ਤੇ ਧੂੜ ਉਡਾਉਂਦਾ ਚਲਾ ਗਿਆ।

ਲਓ ਜੀ ਮੈਂ ਉਹਦੇ ਮਗਰ ਉਸੇ ਰਸਤੇ ਮੁੜਕੇ ਰੋਜ ਵਾਂਗ ਆਪਣੀ ਮਿੱਤਰ-ਮੰਡ਼ਲੀ ਨਾ਼ਲ ਤਖਤਪੋਸ਼ ‘ਤੇ ਆ ਬੈਠਾ। ਉਨ੍ਹਾਂ ਮੈਨੂੰ ਆਉਂਦੇ ਨੂੰ ਈ ਪੁੱਛਿਆ ਅਖੇ ਰਜਾ ਆਏ ਜੀ ਬਾਂਦਰਾਂ ਨੂੰ?

ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਕਿ ਅੱਜ ਬਾਂਦਰ ਤਾਂ ਮੈਨੂੰ ਕਿਤੇ ਨੀ ਮਿ਼ਲੇ ਪਰ ਇੱਕ ਸੱਜਣ ਸਕੂਟਰ ‘ਤੇ ਏਧਰ ਨੂੰ ਆਇਆ ਜੋ ਕਹਿੰਦਾ ਸੀ ਕਿ ਬਾਂਦਰ ਹੁਣ ਏਧਰ ਝਿੜੀ ‘ਚ ਰਹਿੰਦੇ ਆ, ਉਹ ਸਮਾਨ ਮੈਥੋਂ ਲੈ ਗਿਆ ਐ!

ਮੰਡ਼ਲੀ ਦਾ ਇੱਕ ਦੋਸਤ ਤਾੜੀ ਮਾਰਕੇ ਹੱਸਦਿਆਂ ਕਹਿੰਦਾ-‘ਓ ਭਾਅ ਜੀ, ਆਹੀ ਭਾਈ ਜਿਹੜਾ ਹੁਣੇ ਐਥੋਂ ਸਕੂਟਰ ‘ਤੇ ਲੰਘਿਆ ਐ, ਉਹ ਤਾਂ ‘ਮਨਰੇਗਾ ਲੇਬਰ’ ਵਾ਼ਲਿਆਂ ਦਾ ਮਜ਼ਦੂਰ ਐ! ਬਾਂਦਰਾਂ ਨੂੰ ਕਿੱਥੇ ਪਾਉਣੇ ਉਹਨੇ? ਉਹ ਤਾਂ ਕੇਲੇ ਬਰੈਡ ਆਪ ਹੀ ਛਕੂ……!!’

ਇਹ ਗੱਲ ਕਹਿਣ ਵਾ਼ਲੇ ਨੂੰ ਟੋਕਦਿਆਂ ਹੋਇਆਂ ਉਹਦੇ ਨਾ਼ਲਦਾ ਇਕ ਜਣਾ ਬੋਲਿਆ-“ਜੇ ਤਾਂ ਬਾਈ ਜੀ ਹੋਇਆ ਉਹ ‘ਬੰਦਾ’ ਫਿਰ ਤਾਂ ਜਰੂਰ ਬਾਂਦਰਾਂ ਨੂੰ ਹੀ ਖਿ਼ਲਾਊ! ਪਰ ਜੇ ਹੋਇਆ ‘ਬਾਂਦਰ’ ਫਿਰ ਤਾਂ ਭਾਈ ਉਹਦਾ ਹੱਕ ਬਣਦਾ ਈ ਐ ‘ਆਪਣੇ ਲਈ’ ਆਇਆ ਹੋਇਆ ਸਮਾਨ ਖਾਣ ਦਾ!!” ਉਹਦੀ ਗੱਲ ਤੋਂ ਮੰਡਲੀ ‘ਚ ਹਾਸੜ ਮਚ ਗਈ!

**-ਤਰਲੋਚਨ ਸਿੰਘ ‘ਦੁਪਾਲ ਪੁਰ’**
**001-408-915-1268**

## ਭਾਰਤ ਦੇ 78ਵੇਂ ਸੁਤੰਤਰਤਾ ਦਿਵਸ 'ਤੇ ਵਿਸ਼ੇਸ਼

# 'ਆਜ਼ਾਦੀ ਤੋਂ ਬਾਅਦ ਭਾਰਤ ਦੀ ਤਰੱਕੀ'

ਬ੍ਰਿਟਿਸ਼ ਰਾਜ ਅਦਿਤਯ ਭਾਰਤੀ ਉਪ-ਮਹਾਂਦੀਪ ਉੱਤੇ 1858 ਈਸਵੀ ਅਤੇ 1947 ਈ: ਦੇ ਵਿਚਕਾਰ ਬ੍ਰਿਟਿਸ਼ ਸ਼ਾਸਨ ਦੇ ਸਮੇਂ ਨੂੰ ਦਰਸਾਉਂਦਾ ਹੈ। ਸ਼ਾਸਨ ਪ੍ਰਣਾਲੀ ਦੀ ਸਥਾਪਨਾ 1858 ਵਿਚ ਕੀਤੀ ਗਈ ਸੀ ਜਦੋਂ 'ਈਸਟ ਇੰਡੀਆ ਕੰਪਨੀ' ਦਾ ਸ਼ਾਸਨ ਮਹਾਰਾਣੀ ਵਿਕਟੋਰੀਆ ਦੇ ਵਿਅਕਤੀ ਵਿਚ ਤਾਜ ਨੂੰ ਤਬਦੀਲ ਕੀਤਾ ਗਿਆ ਸੀ। ਇਹ ਰਾਜ 1947 ਤੱਕ ਚੱਲਿਆ ਸੀ। ਭਾਰਤ ਦੇ ਬ੍ਰਿਟਿਸ਼ ਪ੍ਰਾਂਤਾਂ ਨੂੰ ਵੰਡ ਕੇ ਭਾਰਤ ਤੇ ਪਾਕਿਸਤਾਨ ਦੇ ਦੇਸ਼ਾਂ ਵਿਚ ਵੰਡ ਕੇ ਬਣਾ ਦਿੱਤਾ ਗਿਆ।

ਭਾਰਤ ਵਿਚ ਲਾਰਡ ਡਲਹੌਜ਼ੀ ਤੋਂ ਲੈ ਕੇ ਉਸ ਸਮੇਂ ਗ੍ਰੇਟ ਬ੍ਰਿਟੇਨ ਵਿਚ ਫੈਲੀ ਤਕਨੀਕੀ ਤਬਦੀਲੀ ਨੂੰ ਅਪਣਾ ਲਿਆ ਸੀ। ਭਾਰਤ 'ਚ ਵੀ ਉਨ੍ਹਾਂ ਸਾਰੀਆਂ ਤਕਨੀਕਾਂ ਦਾ ਤੇਜ਼ੀ ਨਾਲ ਵਿਕਾਸ ਹੋਇਆ ਸੀ। ਭਾਰਤ ਵਿਚ ਰੇਲਵੇ, ਸੜਕਾਂ, ਨਹਿਰਾਂ ਅਤੇ ਪੁਲ ਤੇਜ਼ੀ ਨਾਲ ਬਣਾਏ ਗਏ ਸਨ ਅਤੇ ਟੈਲੀਗ੍ਰਾਫ ਲਿੰਕ ਵੀ ਉਸੇ ਤਰ੍ਹਾਂ ਤੇਜ਼ੀ ਨਾਲ ਸਥਾਪਤ ਕੀਤੇ ਗਏ ਸਨ ਤਾਂ ਜੋ ਭਾਰਤ ਦੇ ਅੰਦਰਲਿਆਂ ਇਲਾਕਿਆਂ ਤੋਂ ਕਪਾਹ ਵਰਗੇ ਤੇ ਹੋਰ ਅਨੇਕਾਂ ਤਰ੍ਹਾਂ ਦੇ ਕੱਚੇ ਮਾਲ ਨੂੰ ਬਾਅਦ ਵਿਚ ਇੰਗਲੈਂਡ ਨੂੰ ਨਿਰਯਾਤ ਕਰਨ ਲਈ ਬੰਬਈ ਵਰਗੀਆਂ ਬੰਦਰਗਾਹਾਂ ਤੱਕ ਵਧੇਰੇ ਕੁਸ਼ਲਤਾ ਨਾਲ ਪਹੁੰਚਾਇਆ ਜਾ ਸਕੇ ਅਤੇ ਇਸ ਆਵਾਜਾਈ ਦੀ ਤੇਜ਼ੀ ਨਾਲ ਉਹ ਭਾਰਤ 'ਤੇ ਬੜੀ ਆਸਾਨੀ ਨਾਲ ਆਪਣਾ ਰਾਜ ਪ੍ਰਬੰਧ ਚਲਾ ਸਕਣ ਵਿਚ ਵੀ ਸਮਰੱਥ ਬਣ ਗਏ ਸਨ।

ਸਾਲਾਂ ਦੇ ਸੰਘਰਸ਼ ਤੋਂ ਬਾਅਦ 15 ਅਗਸਤ, 1947 ਨੂੰ ਭਾਰਤ ਨੂੰ ਆਪਣੀ ਆਜ਼ਾਦੀ ਮਿਲੀ। ਬ੍ਰਿਟਿਸ਼ ਰਾਜ ਦੇ ਅਧੀਨ, ਅਸੀਂ ਇਤਿਹਾਸ ਦੀਆਂ ਕਿਤਾਬਾਂ ਦੇ ਵਰਣਨ ਨਾਲੋਂ, ਬਹੁਤ ਮਾੜੀ ਸਥਿਤੀ ਵਿਚ ਰਹਿ ਗਏ। ਅਸੀਂ ਆਪਣੇ ਹਿੱਸੇ ਦੇ ਵਿਕਾਸ ਤੋਂ ਬਹੁਤ ਪਿੱਛੇ ਰਹਿ ਗਏ, ਜਿਸ ਨੂੰ ਦੁਨੀਆਂ ਗਲੇ ਲਗਾ ਰਹੀ ਸੀ, ਪਰ ਸੁਤੰਤਰ ਭਾਰਤ ਨੂੰ ਇਕ ਟੁੱਟੀ ਹੋਈ ਆਰਥਿਕਤਾ, ਵਿਆਪਕ ਅਨਪੜ੍ਹਤਾ ਅਤੇ ਹੈਰਾਨ ਕਰਨ ਵਾਲੀ ਗਰੀਬੀ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਅਜੋਕੇ ਅਰਥ ਸ਼ਾਸਤਰੀ ਭਾਰਤ ਦੇ ਆਰਥਿਕ ਵਿਕਾਸ ਦੇ ਇਤਿਹਾਸ ਨੂੰ ਦੋ ਪੜਾਵਾਂ ਵਿਚ ਵੰਡਦੇ ਹਨ। ਆਜ਼ਾਦੀ ਤੋਂ ਬਾਅਦ ਪਹਿਲੇ 45 ਸਾਲ ਅਤੇ ਮੁਕਤ ਬਜ਼ਾਰ ਅਰਥਚਾਰੇ ਦੇ ਦੋ ਦਹਾਕਿਆਂ ਵਿਚ। ਆਰਥਿਕ ਉਦਾਰੀਕਰਨ ਤੋਂ ਪਹਿਲਾਂ ਦੇ ਸਾਲ ਮੁੱਖ ਤੌਰ 'ਤੇ ਅਜਿਹੇ ਉਦਾਹਰਣਾਂ ਦੁਆਰਾ ਚਿੰਨ੍ਹਿਤ ਕੀਤੇ ਗਏ ਸਨ, ਜਦੋਂ ਅਰਥਪੂਰਨ ਨੀਤੀਆਂ ਦੀ ਘਾਟ ਕਾਰਨ ਆਰਥਿਕ ਵਿਕਾਸ ਰੁਕ ਗਿਆ ਸੀ।

ਆਰਥਿਕ ਸੁਧਾਰ ਉਦਾਰੀਕਰਨ ਅਤੇ ਨਿੱਜੀਕਰਨ ਦੀ ਨੀਤੀ ਦੀ ਸ਼ੁਰੂਆਤ ਨਾਲ ਭਾਰਤ ਦੇ ਬਚਾਅ ਲਈ ਆਏ। ਇਕ ਲਚਕਦਾਰ ਉਦਯੋਗਿਕ ਲਾਇਸੈਂਸ ਨੀਤੀ ਅਤੇ ਇਕ ਢਿੱਡੀ ਐਫ. ਡੀ. ਆਈ. ਨੀਤੀ ਨੂੰ ਅੰਤਰ ਰਾਸ਼ਟਰੀ ਨਿਵੇਸ਼ਕਾਂ ਤੋਂ ਸਕਾਰਾਤਮਕ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ ਹੈ। 1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਭਾਰਤ ਦੇ ਆਰਥਿਕ ਵਿਕਾਸ ਨੂੰ ਪ੍ਰੇਰਿਤ ਕਰਨ ਵਾਲੇ ਪ੍ਰਮੁੱਖ ਕਾਰਕਾਂ ਵਿਚ ਐਫ. ਡੀ. ਆਈ. ਵਿਚ ਵਾਧਾ, ਸੂਚਨਾ ਤਕਨਾਲੌਜੀ ਨੂੰ ਅਪਣਾਉਣ ਅਤੇ ਘਰੇਲੂ ਖਪਤ ਵਿਚ ਵਾਧਾ ਸੀ।

75 ਸਾਲ ਪਹਿਲਾਂ, ਅੱਜ ਦੇ ਦਿਨ, ਭਾਰਤ ਨੇ ਵਿਸ਼ਵ ਪੱਧਰ 'ਤੇ ਮਾਨਤਾ ਹਾਸਲ ਕਰਨ ਲਈ ਬਹੁਤ ਸਾਰੀਆਂ ਚੁਣੌਤੀਆਂ ਨੂੰ ਪਾਰ ਕਰਦੇ ਹੋਏ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਾਂ ਵਿਚ ਇਕ ਬਣਨ ਲਈ 'ਪੰਜ ਸਾਲਾ ਯੋਜਨਾਵਾਂ' ਰਾਹੀਂ ਮਹੱਤਵਪੂਰਨ ਕਦਮ ਚੁੱਕ ਕੇ ਭਾਰਤ ਨੇ ਆਜ਼ਾਦੀ ਤੋਂ ਬਾਅਦ ਬਹੁਤ ਲੰਮਾ ਸਫ਼ਰ ਤਹਿ ਕੀਤਾ ਹੈ, ਆਪਣੇ ਪਿੱਛੇ ਕਈ ਮੀਲ ਚਿੰਨ੍ਹ ਛੱਡ ਕੇ ਵੰਡ ਦੀ ਪੀੜਾਂ ਤੋਂ ਇਕ ਮਜ਼ਬੂਤ, ਤਾਕਤਵਰ ਅਤੇ ਵਿਕਾਸਸ਼ੀਲ ਰਾਸ਼ਟਰ ਤੱਕ ਦੀ ਯਾਤਰਾ ਨੂੰ ਪਰਿਭਾਸ਼ਿਤ ਕੀਤਾ ਹੈ।

ਆਪਣੀ ਆਜ਼ਾਦੀ ਦੇ 75 ਸਾਲਾਂ ਵਿਚ ਭਾਰਤ ਨੇ ਕਈ ਮਹਾਨ ਪ੍ਰਾਪਤੀਆਂ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਹੈ। ਇਸ ਨੇ ਇਕ ਆਧੁਨਿਕ ਅਰਥਵਿਵਸਥਾ 'ਤੇ ਦੁਨੀਆਂ ਦੀ ਤੇਜ਼ੀ ਨਾਲ ਵੱਧ ਰਹੀ ਅਰਥਵਿਵਸਥਾ ਬਣਾਈ ਹੈ, ਇਹ ਇਕ ਲੋਕਤੰਤਰ ਬਣਿਆ ਰਿਹਾ, ਲੱਖਾਂ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ, ਇਕ ਸਪੇਸ ਅਤੇ ਪ੍ਰਮਾਣੂ ਸ਼ਕਤੀ ਬਣ ਗਿਆ ਅਤੇ ਇਕ ਮਜ਼ਬੂਤ, ਨਿਰਪੱਖ, ਵਿਦੇਸ਼ ਨੀਤੀ ਨੂੰ ਸੰਸਾਰ ਪੱਧਰ 'ਤੇ ਵਿਕਸਤ ਕੀਤਾ ਗਿਆ। ਭਾਰਤ ਵਿਸ਼ਵ ਮਾਮਲਿਆਂ ਵਿਚ ਜੀ-20, ਬ੍ਰਿਕਸ ਅਤੇ ਉਦਯੋਗਿਕ ਦੇਸ਼ਾਂ ਨਾਲ ਮਿਲ ਕੇ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ।

ਪਿਛਲੇ ਤਕਰੀਬਨ 30 ਸਾਲਾਂ ਵਿਚ ਭਾਰਤ ਦੀ ਤਰੱਕੀ ਬਹੁਤ ਸ਼ਾਨਦਾਰ ਰਹੀ ਹੈ। ਇਹ ਵਿਸ਼ੇਸ਼ ਤੌਰ 'ਤੇ ਹੁਣ ਮਾਨਤਾ ਦਾ ਹੱਕਦਾਰ ਹੈ, ਕਿਉਂਕਿ ਅਮੀਰ ਦੇਸ਼ ਇਸ ਗੱਲ 'ਤੇ ਵਿਚਾਰ ਕਰਦੇ ਹਨ ਕਿ ਕੀ ਉਨ੍ਹਾਂ ਨੂੰ ਘਰ ਵਿਚ ਦਰਪੇਸ਼ ਸਾਰੀਆਂ ਆਰਥਿਕ ਸਮੱਸਿਆਵਾਂ ਦੇ ਬਾਵਜੂਦ ਵਿਸ਼ਵ ਵਿਕਾਸ ਸਹਾਇਤਾ ਵਿਚ ਨਿਵੇਸ਼ ਕਰਨਾ ਜਾਰੀ ਰੱਖਣਾ ਹੈ ਜਾਂ ਨਹੀਂ?

ਭਾਰਤ ਨੂੰ ਅਜੇ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਕਰੀਬਨ 30 ਕਰੋੜ ਤੋਂ ਵੱਧ ਭਾਰਤੀ ਬੇਹੱਦ ਗਰੀਬੀ ਦਾ ਜੀਵਨ ਬਤੀਤ ਕਰ ਰਹੇ ਹਨ। ਭਾਰਤ ਦੇਸ਼, ਦੁਨੀਆਂ ਦੇ ਕੁਪੋਸ਼ਿਤ (ਭੁੱਖਮਰੀ/ ਮਾੜੀ ਖੁਰਾਕ) ਅਤੇ ਘੱਟ ਵਜ਼ਨ ਵਾਲੇ ਬੱਚਿਆਂ ਦਾ ਅੱਧਾ ਅਤੇ ਦੁਨੀਆਂ ਦੇ ਟੀ. ਬੀ. ਦਾ ਇਕ ਚੌਥਾਈ ਹਿੱਸਾ ਹੈ।

**1947 ਤੋਂ ਬਾਅਦ ਭਾਰਤ ਦੀਆਂ ਪ੍ਰਮੁੱਖ ਪ੍ਰਾਪਤੀਆਂ:**

**ਭਾਰਤੀ ਸੰਵਿਧਾਨ:** ਭਾਰਤ ਨੇ 26 ਜਨਵਰੀ 1951 ਨੂੰ ਅਪਣਾ ਸੰਵਿਧਾਨ ਸ਼ੁਰੂ ਕੀਤਾ ਸੀ, ਇਸ ਨੇ ਸਰਕਾਰ ਅਤੇ ਨਾਗਰਿਕਾਂ ਦੇ ਬੁਨਿਆਦੀ ਰਾਜਨੀਤਿਕ ਕੋਡ, ਅਧਿਕਾਰਾਂ ਅਤੇ ਕਰਤੱਵਾਂ ਦੀ ਹੱਦਬੰਦੀ ਦਾ ਢਾਂਚਾ ਰੱਖਿਆ ਸੀ। ਸਾਡੇ ਸੰਵਿਧਾਨ ਨੇ ਸਾਨੂੰ ਦੁਨੀਆਂ ਦੇ ਸਭ ਤੋਂ ਵੱਡੇ ਧਰਮ ਨਿਰਪੱਖ, ਲੋਕਤੰਤਰੀ ਦੇਸ਼ ਦਾ ਖਿਤਾਬ ਦਿੱਤਾ ਹੈ।

**ਲੋਕ ਰਾਜ (ਡੈਮੋਕ੍ਰੇਸੀ):** ਭਾਰਤ ਦੀ ਰਾਜਨੀਤੀ ਦੇਸ਼ ਦੇ ਸੰਵਿਧਾਨ ਦੇ ਢਾਂਚੇ ਦੇ ਅੰਦਰ ਕੰਮ ਕਰਦੀ ਹੈ। ਭਾਰਤ ਇਕ ਸੰਸਦੀ ਲੋਕਤੰਤਰੀ ਧਰਮ ਨਿਰਪੱਖ ਗਣਰਾਜ ਹੈ, ਜਿਸ ਵਿਚ ਭਾਰਤ ਦਾ ਰਾਸ਼ਟਰਪਤੀ ਰਾਜ ਦਾ ਮੁਖੀ ਅਤ ਭਾਰਤ ਦਾ ਪਹਿਲਾ ਨਾਗਰਿਕ ਹੈ ਅਤੇ ਭਾਰਤ ਦਾ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੈ। ਇਹ ਸਰਕਾਰ ਦੇ ਸੰਘੀ ਢਾਂਚੇ 'ਤੇ ਆਧਾਰਿਤ ਹੈ, ਹਾਲਾਂਕਿ ਇਹ ਸ਼ਬਦ ਸੰਵਿਧਾਨ ਵਿਚ ਹੀ ਵਰਤਿਆ ਨਹੀਂ ਗਿਆ ਹੈ। ਭਾਰਤ ਦੋਹਰੀ ਰਾਜਨੀਤਿਕ ਪ੍ਰਣਾਲੀ ਦਾ ਪਾਲਣਾ ਕਰਦਾ ਹੈ, ਅਰਥਾਤ ਕੁਦਰਤ ਵਿਚ ਸੰਘੀ, ਜਿਸ ਵਿਚ ਕੇਂਦਰ ਅਤੇ ਰਾਜਾਂ ਵਿਚ ਕੇਂਦਰੀ ਅਥਾਰਟੀ ਸ਼ਾਮਲ ਹੁੰਦੀ ਹੈ। ਘੇਰੇ 'ਤੇ ਸੰਵਿਧਾਨ ਅਤੇ ਰਾਜ ਸਰਕਾਰਾਂ ਦੋਹਾਂ ਦੀਆਂ ਸੰਗਠਨਾਤਮਕ ਸ਼ਕਤੀਆਂ ਅਤੇ ਸੀਮਾਵਾਂ ਨੂੰ ਪਰਿਭਾਸ਼ਿਤ ਕਰਦਾ ਹੈ; ਇਹ ਚੰਗੀ ਤਰ੍ਹਾਂ ਮਾਨਤਾ ਪ੍ਰਾਪਤ ਹੈ, ਤਰਲ (ਸੰਵਿਧਾਨ ਦੀ ਪ੍ਰਸਤਾਵਨਾ ਕਠੋਰ ਹੋਣ ਅਤੇ ਸੰਵਿਧਾਨ ਵਿਚ ਹੋਰ ਸੋਧਾਂ ਨੂੰ




ਨਿਰਧਾਰਿਤ ਕਰਨਾ) ਅਤੇ ਸਰਵਉਚ ਮੰਨਿਆ ਜਾਂਦਾ ਹੈ, ਭਾਵ ਰਾਸ਼ਟਰ ਦੇ ਕਾਨੂੰਨਾਂ ਨੂੰ ਇਸ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਕ ਉੱਚ ਸਦਨ, ਰਾਜ ਸਭਾ (ਰਾਜਾਂ ਦੀ ਕੌਂਸਲ) ਜੋ ਕਿ ਭਾਰਤੀ ਸੰਘ ਦੇ ਰਾਜਾਂ ਦੀ ਨੁਮਾਇੰਦਗੀ ਕਰਦੀ ਹੈ।

ਇਕ ਹੇਠਲਾ ਸਦਨ, ਲੋਕ ਸਭਾ (ਲੋਕਾਂ ਦੀ ਸਿੱਧੀ ਨੁਮਾਇੰਦਗੀ) ਦੀ ਨੁਮਾਇੰਦਗੀ ਕਰਦੀ ਹੈ, ਦੇ ਨਾਲ ਇਕ ਦੁਵੱਲੀ ਵਿਧਾਨ ਸਭਾ ਦਾ ਪ੍ਰਬੰਧ ਹੈ। ਸਮੁੱਚੇ ਭਾਰਤ ਦੇ ਲੋਕ, ਸੰਵਿਧਾਨ ਇਕ ਸੁਤੰਤਰ ਨਿਆਂਪਾਲਿਕਾ ਦੀ ਵਿਵਸਥਾ ਕਰਦਾ ਹੈ, ਜਿਸਦੀ ਅਗਵਾਈ ਸੁਪਰੀਮ ਕੋਰਟ ਕਰਦੀ ਹੈ। ਅਦਾਲਤ ਦਾ ਆਦੇਸ਼ ਸੰਵਿਧਾਨ ਦੀ ਰੱਖਿਆ ਕਰਨਾ, ਕੇਂਦਰ ਸਰਕਾਰ ਅਤੇ ਰਾਜਾਂ ਵਿਚਕਾਰ ਵਿਵਾਦਾਂ ਦਾ ਨਿਪਟਾਰਾ ਕਰਨਾ, ਅੰਤਰ-ਰਾਜੀ ਝਗੜਿਆਂ ਦਾ ਨਿਪਟਾਰਾ ਕਰਨਾ, ਸੰਵਿਧਾਨ ਦੇ ਵਿਰੁੱਧ ਜਾਣ ਵਾਲੇ ਕੇਂਦਰੀ ਜਾਂ ਰਾਜ ਦੇ ਕਾਨੂੰਨਾਂ ਨੂੰ ਰੱਦ ਕਰਨਾ ਅਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨਾ, ਰਿੱਟ ਜਾਰੀ ਕਰਨਾ ਹੈ। ਉਲੰਘਣਾ ਦੇ ਮਾਮਲਿਆਂ ਵਿਚ ਉਹਨਾਂ ਨੂੰ ਲਾਗੂ ਕਰਨ ਲਈ ਆਦੇਸ਼ ਦੇਣਾ ਹੈ।

**ਭਾਰਤ ਕੋਲ ਏਸ਼ੀਆ ਦਾ ਸਭ ਤੋਂ ਵੱਡਾ ਰੇਲਵੇ ਨੈਟਵਰਕ-** ਰੇਲਵੇ ਨੈਟਵਰਕ ਦਾ ਰਾਸ਼ਟਰੀਕਰਨ 1951 ਵਿਚ ਕੀਤਾ ਗਿਆ ਸੀ ਅਤੇ ਸ਼ੁਰੂ ਵਿਚ ਤਿੰਨ ਜ਼ੋਨਾਂ ਵਿਚ ਵੰਡਿਆ ਗਿਆ ਸੀ। ਭਾਰਤੀ ਰੇਲਵੇ ਹੁਣ ਦੁਨੀਆਂ ਦੇ ਸਭ ਤੋਂ ਵੱਡੇ ਰੇਲਵੇ ਨੈਟਵਰਕਾਂ ਵਿਚੋਂ ਇਕ ਹੈ, ਜਿਸ ਵਿਚ 119,630 ਕਿਲੋਮੀਟਰ ਤੋਂ ਵੀ ਜ਼ਿਆਦਾ ਟ੍ਰੈਕ ਅਤੇ 7216 ਤੋਂ ਵੀ ਜ਼ਿਆਦਾ ਸਟੇਸ਼ਨ ਸ਼ਾਮਲ ਹਨ।

**ਸ਼ਕਤੀਸ਼ਾਲੀ ਰੱਖਿਆ:** ਆਜ਼ਾਦੀ ਤੋਂ ਬਾਅਦ ਭਾਰਤ ਨੇ ਆਪਣੀ ਰੱਖਿਆ ਨੂੰ ਬਹੁਤ ਮਜ਼ਬੂਤ ਕੀਤਾ ਹੈ ਤਾਂ ਕਿ ਇਤਿਹਾਸ ਆਪਣੇ ਆਪ ਨੂੰ ਨਾ ਦੁਹਰਾਵੇ। 1954 ਵਿਚ ਭਾਰਤ ਨੇ ਪਰਮਾਣੂ ਉਰਜਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਅਜਿਹਾ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ। 1974 ਵਿਚ ਭਾਰਤ ਨੇ 'ਸਮਾਈਲਿੰਗ ਬੁੱਧਾ' ਕੀਤਾ, ਆਪਣਾ ਪਹਿਲਾ ਪ੍ਰਮਾਣੂ ਪ੍ਰੀਖਣ, ਪੰਜ ਪ੍ਰਮਾਣੂ ਸ਼ਕਤੀ ਵਾਲੇ ਦੇਸ਼ਾਂ ਦੀ ਸੂਚੀ ਵਿਚ ਆਪਣੀ ਜਗ੍ਹਾ ਬਣਾ ਲਈ। ਇਹ 1947 ਤੋਂ ਬਾਅਦ ਭਾਰਤ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿਚੋਂ ਇਕ ਹੈ, ਅੱਜ ਭਾਰਤ ਕੋਲ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਫੌਜੀ ਬਲ ਅਤੇ ਸਭ ਤੋਂ ਵੱਡੀ ਸਵੈ-ਇਛੁੱਕ ਫੌਜ ਹੈ।

**ਲਿੰਗ ਨਿਆਂ:** ਭਾਰਤ ਨੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਪ੍ਰਗਤੀਸ਼ੀਲ ਕਦਮ ਚੁੱਕੇ ਹਨ। ਦਾਜ ਰੋਕੂ ਕਾਨੂੰਨ 1961 ਅਤੇ ਘਰੇਲੂ ਹਿੰਸਾ ਐਕਟ, 2005 ਨੇ ਸਮਾਜਿਕ ਬੁਰਾਈਆਂ ਨੂੰ ਨਿਰਾਸ਼ ਕੀਤਾ ਹੈ। 'ਬੇਟੀ ਬਚਾਓ ਬੇਟੀ ਪੜ੍ਹਾਓ' ਵਰਗੇ ਕਈ ਸਰਕਾਰੀ ਪ੍ਰੋਗਰਾਮ ਦੇਸ਼ 'ਚ ਲਿੰਗ ਭੇਦਭਾਵ ਨੂੰ ਖਤਮ ਕਰਨ ਤੇ ਕੰਮ ਕਰਦੇ ਹਨ।

**ਹਰੀ ਕ੍ਰਾਂਤੀ:** ਹਰੀ ਕ੍ਰਾਂਤੀ ਸਾਲ 1967 ਵਿਚ ਪੇਸ਼ ਕੀਤੀ ਗਈ ਸੀ। ਇਕ ਖੇਤੀਬਾੜੀ ਰਾਜ ਹੋਣ ਦੇ ਬਾਵਜੂਦ, ਭਾਰਤ ਵਿਚ ਅਨਾਜ ਦੀ ਘਾਟ ਸੀ ਅਤੇ ਵੱਡੀ ਆਬਾਦੀ ਨੂੰ ਭੋਜਨ ਦੇਣ ਲਈ ਅਨਾਜ ਦੀ ਦਰਾਮਦ 'ਤੇ ਬਹੁਤ ਜ਼ਿਆਦਾ ਨਿਰਭਰ ਸੀ। ਹਰੀ ਕ੍ਰਾਂਤੀ ਨੇ ਭਾਰਤ ਨੂੰ ਇਕ ਆਤਮ-ਨਿਰਭਰ ਰਾਸ਼ਟਰ ਬਣਾਇਆ। ਅੱਜ ਭਾਰਤ ਦਾਲਾਂ ਅਤੇ ਕਣਕ ਦਾ ਸਭ ਤੋਂ ਵੱਡਾ ਉਤਪਾਦਕ ਹੈ ਅਤੇ ਵਿਸ਼ਵ ਪੱਧਰ 'ਤੇ ਦਾਲਾਂ, ਕਣਕ, ਚਾਵਲ ਅਤੇ ਗੰਨੇ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਹੈ।

**ਸਪੇਸ ਤਕਨਾਲੌਜੀ:** 'ਇੰਡੀਅਨ ਸਪੇਸ ਰਿਸਰਚ ਆਰਗੇਨਾਈਜੇਸ਼ਨ' (ਇਸਰੋ) ਦੀ ਸਥਾਪਨਾ 15 ਅਗਸਤ, 1969 ਨੂੰ ਕੀਤੀ ਗਈ ਸੀ, ਜਿਸਨੇ ਭਾਰਤ ਵਿਚ ਪੁਲਾੜ ਖੋਜ ਨੂੰ ਨਵੀਂ ਉਡਾਣ ਦਿੱਤੀ ਸੀ। 1975 ਵਿਚ, ਭਾਰਤ ਨੇ ਆਪਣਾ ਪਹਿਲਾ ਪੁਲਾੜ ਉਪਗ੍ਰਹਿ 'ਆਰੀਆ ਭੱਟ' ਲਾਂਚ ਕੀਤੀ ਅਤੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਾਕੇਸ਼ ਸ਼ਰਮਾ 1986 ਵਿਚ ਪੁਲਾੜ ਵਿਚ ਜਾਣ ਵਾਲੇ ਪਹਿਲੇ ਭਾਰਤੀ ਬਣੇ ਸਨ ਅਤੇ ਵਰਤਮਾਨ ਵਿਚ ''ਮੇਕ ਇਨ ਇੰਡੀਆ'' ਪ੍ਰੋਗਰਾਮ ਦੇ ਤਹਿਤ ਸਭ ਤੋਂ ਵਧੀਆ ਸਵਦੇਸ਼ੀ ਤਕਨਾਲੌਜੀ ਆਧਾਰਿਤ ਲਾਂਚ ਵਾਹਨਾਂ ਦਾ ਨਿਰਮਾਣ ਕੀਤਾ ਗਿਆ ਹੈ। 2008 ਵਿਚ ਭਾਰਤ ਨੇ ਪੀ. ਐਸ. ਐਲ. ਟੀ.- ਸੀ9 ਰਾਹੀਂ ਇਕ ਮਿਸ਼ਨ ਵਿਚ 10 ਸੈਟੇਲਾਈਟਾਂ ਨੂੰ ਆਰਬਿਟ ਵਿਚ ਭੇਜਣ ਦਾ ਵਿਸ਼ਵ ਰਿਕਾਰਡ ਬਣਾਇਆ। ਅਸੀਂ ਚੰਦਰਯਾਨ ਵਰਗੇ ਉਪਗ੍ਰਹਿ ਸਫਲਤਾ ਪੂਰਵਕ ਚੰਦਰਮਾ 'ਤੇ ਲਾਂਚ ਕੀਤੇ ਅਤੇ ਮੰਗਲਯਾਨ ਰਾਹੀਂ ਆਪਣੀ ਪਹਿਲੀ ਕੋਸ਼ਿਸ਼ ਵਿਚ ਮੰਗਲ 'ਤੇ ਪਹੁੰਚਣ ਵਾਲਾ ਪਹਿਲਾ ਦੇਸ਼ ਬਣ ਗਿਆ।

**ਚਿੱਟੀ ਕ੍ਰਾਂਤੀ:** 1970 ਵਿਚ ਭਾਰਤ ਨੇ ਚਿੱਟੀ ਕ੍ਰਾਂਤੀ (ਅਪਰੇਸ਼ਨ ਫਲੱਡ) ਦੇਖੀ- ਵਿਸ਼ਵ ਦਾ ਸਭ ਤੋਂ ਵੱਡਾ ਡੇਅਰੀ ਵਿਕਾਸ ਪ੍ਰੋਗਰਾਮ, ਵਰਗੀਸ ਕੁਰੀਅਨ ਦੁਆਰਾ ਮੋਢੀ ਕੀਤਾ ਗਿਆ। ਇਸਨੇ ਭਾਰਤ ਨੂੰ ਦੁੱਧ ਦੀ ਘਾਟ ਵਾਲੇ ਦੇਸ਼ਾਂ ਤੋਂ ਦੁਨੀਆਂ ਦੇ ਸਭ ਤੋਂ ਵੱਡੇ ਦੁੱਧ ਉਤਪਾਦਕ ਦੇਸ਼ ਵਿਚ ਬਦਲ ਦਿੱਤਾ।

**ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ)-** ਉੱਚ ਸਿੱਖਿਆ ਵਿਭਾਗ ਦੇ ਅਧੀਨ, ਇਕ ਵਿਧਾਨਕ ਸੰਸਥਾ ਹੈ, ਅਤੇ ਤਕਨੀਕੀ ਸਿੱਖਿਆ ਲਈ ਇਕ ਰਾਸ਼ਟਰ-ਪੱਧਰੀ ਕੌਂਸਲ ਹੈ। ਨਵੰਬਰ 1945 ਵਿਚ ਪਹਿਲਾਂ ਇਕ ਸਲਾਹਕਾਰ ਸੰਸਥਾ ਦੇ ਰੂਪ ਵਿਚ ਸਥਾਪਤ ਕੀਤਾ ਗਿਆ ਅਤੇ ਬਾਅਦ ਵਿਚ 1987 ਵਿਚ ਸੰਸਦ ਦੇ ਇਕ ਐਕਟ ਦੁਆਰਾ ਵਿਧਾਨਕ ਦਰਜਾ ਦਿੱਤਾ ਗਿਆ। ਇਹ ਸੰਸਥਾ ਭਾਰਤ ਵਿਚ ਤਕਨੀਕੀ ਸਿੱਖਿਆ ਅਤੇ ਪ੍ਰਬੰਧਨ ਸਿੱਖਿਆ ਪ੍ਰਣਾਲੀ ਦੀ ਸਹੀ ਯੋਜਨਾਬੰਦੀ ਅਤੇ ਤਾਲਮੇਲ ਵਾਲੇ ਵਿਕਾਸ ਲਈ ਜ਼ਿੰਮੇਵਾਰ ਹੈ।

ਇਸ ਦੀ ਸਹਾਇਤਾ 10 ਸਟੈਚੂਟਰੀ ਬੋਰਡ ਆਫ ਸਟੱਡੀਜ਼ ਦੁਆਰਾ ਕੀਤੀ ਜਾਂਦੀ ਹੈ, ਅਰਥਾਤ, ਇੰਜੀਨੀਅਰਿੰਗ ਵਿਚ ਯੂਜੀ ਸਟੱਡੀਜ਼, ਵੋਕੇਸ਼ਨਲ ਐਜੂਕੇਸ਼ਨ, ਟੈਕਨੀਕਲ ਐਜੂਕੇਸ਼ਨ, ਫਾਰਮਾਸਿਊਟੀਕਲ ਐਜੂਕੇਸ਼ਨ, ਆਰਕੀਟੈਕਚਰ, ਹੋਟਲ ਮੈਨੇਜਮੈਂਟ ਅਤੇ ਕੇਟਰਿੰਗ ਟੈਕਨਾਲੌਜੀ, ਸੂਚਨਾ ਤਕਨਾਲੌਜੀ, ਟਾਊਨ ਐਂਡ ਕੰਟਰੀ ਪਲੈਨਿੰਗ। ਇਸਦਾ ਨਵੀਂ ਦਿੱਲੀ ਵਿਚ ਮੁੱਖ ਦਫ਼ਤਰ ਹੈ, ਨਾਲ ਹੀ ਇਸ ਦੇ ਖੇਤਰੀ ਦਫ਼ਤਰ ਕਾਨਪੁਰ, ਚੰਡੀਗੜ੍ਹ ਵਿਖੇ ਹਨ। ਗੁੜਗਾਉਂ, ਮੁੰਬਈ, ਭੋਪਾਲ, ਵਡੋਦਰਾ, ਕੋਲਕਾਤਾ, ਗੁਹਾਟੀ, ਬੰਗਲੌਰ, ਹੈਦਰਾਬਾਦ, ਚੇਨਈ ਅਤੇ ਤਿਰੂਵਨੰਤਪੁਰਮ ਹਨ।

ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, 1987 ਦੇ ਅਨੁਸਾਰ, ਏ. ਆਈ. ਸੀ. ਟੀ. ਈ. ਕੋਲ ਨਿਯਮਾਂ ਅਤੇ ਮਾਪਦੰਡਾਂ ਦੀ ਯੋਜਨਾਬੰਦੀ, ਨਿਰਮਾਣ ਅਤੇ ਰੱਖ-ਰਖਾਅ, ਸਕੂਲ ਮਾਨਤਾ ਦੁਆਰਾ ਗੁਣਵੱਤਾ ਦਾ ਭਰੋਸਾ, ਤਰਜੀਹੀ ਖੇਤਰਾਂ ਵਿਚ ਫੰਡਿੰਗ, ਨਿਗਰਾਨੀ ਅਤੇ ਮੁਲਾਂਕਣ, ਪ੍ਰਮਾਣੀਕਰਨ ਦੀ ਸਮਾਨਤਾ ਬਣਾਈ ਰੱਖਣ ਅਤੇ ਪੁਰਸਕਾਰ ਅਤੇ ਦੇਸ਼ ਵਿਚ ਤਕਨੀਕੀ ਸਿੱਖਿਆ ਦੇ ਤਾਲਮੇਲ ਅਤੇ ਏਕੀਕ੍ਰਿਤ ਵਿਕਾਸ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਉਣਾ। ਐਕਟ ਦੇ ਹੀ ਸ਼ਬਦਾਂ ਵਿਚ: ਦੇਸ਼ ਭਰ ਵਿਚ ਤਕਨੀਕੀ ਸਿੱਖਿਆ ਪ੍ਰਣਾਲੀ ਦੀ ਸਹੀ ਯੋਜਨਾਬੰਦੀ ਅਤੇ ਤਾਲਮੇਲ ਵਾਲੇ ਵਿਕਾਸ ਦੇ ਦ੍ਰਿਸ਼ਟੀਕੋਣ ਨਾਲ ਤਕਨੀਕੀ ਸਿੱਖਿਆ ਲਈ ਇਕ ਆਲ ਇੰਡੀਆ ਕੌਂਸਲ ਦੀ ਸਥਾਪਨਾ ਲਈ, ਯੋਜਨਾਬੱਧ



ਪ੍ਰੋ. ਐਚ. ਐਲ. ਕਪੂਰ

ਮਾਤਰਾਤਮਕ ਵਿਕਾਸ ਅਤੇ ਨਿਯਮਾਂ ਦੇ ਸਬੰਧ ਵਿਚ ਅਜਿਹੀ ਸਿੱਖਿਆ ਦੇ ਗੁਣਾਤਮਕ ਸੁਧਾਰ ਨੂੰ ਉਤਸ਼ਾਹਿਤ ਕਰਨਾ ਅਤੇ ਤਕਨੀਕੀ ਸਿੱਖਿਆ ਪ੍ਰਣਾਲੀ ਵਿਚ ਨਿਯਮਾਂ ਅਤੇ ਮਾਪਦੰਡਾਂ ਦੀ ਸਹੀ ਸਾਂਭ-ਸੰਭਾਲ ਅਤੇ ਇਕ ਨਾਲ ਜੁੜੇ ਮਾਮਲਿਆਂ ਲਈ ਉਸਾਰੂ ਆਦੇਸ਼ ਦੇਣਾ ਸ਼ਾਮਲ ਹੈ।

**ਸਿੱਖਿਆ ਦਾ ਅਧਿਕਾਰ:** ਭਾਰਤ ਨੇ ਸਿੱਖਿਆ ਨੂੰ ਭਾਰਤੀ ਵਿਕਾਸ ਦਾ ਇਕ ਅਜਿਹਾ ਹਿੱਸਾ ਬਣਾਉਣ ਵਿਚ ਬਹੁਤ ਲੰਮਾ ਸਫ਼ਰ ਤਹਿ ਕੀਤਾ ਹੈ। ਸਿੱਖਿਆ ਦਾ ਅਧਿਕਾਰ ਐਕਟ, 2010 ਸਿੱਖਿਆ ਨੂੰ ਹਰੇਕ ਬੱਚੇ ਦੇ ਬੁਨਿਆਦੀ ਅਧਿਕਾਰ ਵਜੋਂ ਪੁਸ਼ਟੀ ਕਰਦਾ ਹੈ, ਜੋ ਸਾਰਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਮੁਢਲੀ ਸਿੱਖਿਆ ਪ੍ਰਦਾਨ ਕਰਦਾ ਹੈ।

**ਅਰਥਵਿਵਸਥਾ ਦਾ ਵਿਸ਼ਵੀਕਰਨ:** ਭਾਰਤ ਨੇ ਆਜ਼ਾਦੀ ਤੋਂ ਬਾਅਦ ਉਦਯੋਗਿਕ ਵਿਕਾਸ ਦੇ ਮਾਮਲੇ ਵਿਚ ਵੀ ਮਹੱਤਵਪੂਰਨ ਤਰੱਕੀ ਕੀਤੀ ਹੈ। 1991 ਦੀ ਉਦਯੋਗਿਕ ਨੀਤੀ ਨੇ ਇਕ ਵੱਡੇ ਆਰਥਿਕ ਸੁਧਾਰ ਦਾ ਗਠਨ ਕੀਤਾ ਹੈ ਅਤੇ ਉਦਯੋਗਿਕ ਖੇਤਰ ਨੂੰ ਮੁੜ ਸੁਰਜੀਤ ਕਰਨ ਲਈ ਪੇਸ਼ ਕੀਤਾ ਗਿਆ ਹੈ ਤੇ ਭਾਰਤੀ ਅਰਥ ਵਿਵਸਥਾ ਨੇ ਵਿਦੇਸ਼ੀ ਨਿਵੇਸ਼ਕਾਂ ਦੁਆਰਾ ਮੁਫ਼ਤ ਵਪਾਰ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ। ਨਤੀਜੇ ਵਜੋਂ ਉਦਯੋਗਿਕ ਲਾਇਸੈਂਸਿੰਗ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਅਤੇ ਖੇਤਰ ਨੂੰ ਵਧੇਰੇ ਨਿੱਜੀ ਖੇਤਰ ਦੀ ਭਾਗੀਦਾਰੀ ਦੇ ਨਾਲ ਵਿਦੇਸ਼ੀ ਨਿਵੇਸ਼ ਲਈ ਖੋਲ੍ਹ ਦਿੱਤਾ ਹੈ ਤੇ ਇਸ ਨਾਲ ਅੱਜ ਭਾਰਤ ਦੀ ਆਰਥਿਕਤਾ ਸੰਸਾਰ ਪੱਧਰ 'ਤੇ ਤੀਸਰੇ ਨੰਬਰ 'ਤੇ ਆ ਗਈ ਹੈ।

**ਪੋਲੀਓ ਦਾ ਅੰਤ:** ਦੇਸ਼ ਦੀ ਨਵੀਨਤਾ ਦੇ ਸੱਭਿਆਚਾਰ ਤੋਂ ਬਹੁਤ ਤਰੱਕੀ ਹੋਈ ਹੈ, ਜਿਸ ਨੇ ਕੁਝ ਅਸਲ, ਅਸਲੀ ਅਤੇ ਰਚਨਾਤਮਕ ਹੱਲ ਪੈਦਾ ਕੀਤੇ ਹਨ। ਫਿਰ ਵੀ, ਸਹਾਇਤਾ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵਿਦੇਸ਼ਾਂ ਦੀਆਂ ਕਈ ਫਾਊਂਡੇਸ਼ਨਾਂ ਤੇ ਸੰਸਥਾਵਾਂ ਨੇ ਭਾਰਤ ਨਾਲ ਮਿਲ ਕੇ ਬਿਮਾਰੀਆਂ ਅਤੇ ਗਰੀਬੀ ਨਾਲ ਲੜਨ ਲਈ ਵੱਡੀ ਪੱਧਰ 'ਤੇ ਨਿਵੇਸ਼ ਕੀਤਾ ਹੈ। ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਭਾਰਤ ਵਿਚ ਕਾਫੀ ਹੱਦ ਤੱਕ ਸੁਧਾਰ ਨਜ਼ਰ ਆ ਰਿਹਾ ਹੈ ਤੇ ਅੱਗੇ ਭਵਿੱਖ ਵਿਚ ਹੋਰ ਸੁਧਾਰ ਦੀ ਆਸ ਵੀ ਨਜ਼ਰ ਆ ਰਹੀ ਹੈ।

ਸਿਹਤ ਦੇ ਖੇਤਰ ਵਿਚ ਪੋਲੀਓ ਨੂੰ ਖਤਮ ਕਰਨ ਅਤੇ ਏਡਜ਼ ਅਤੇ ਤਪਦਿਕ ਵਰਗੀਆਂ ਛੂਤ ਦੀਆਂ ਬਿਮਾਰੀਆਂ ਦੇ ਫੈਲਣ ਨੂੰ ਘਟਾਉਣ 'ਤੇ ਬਹੁਤ ਕੰਮ ਹੋਇਆ ਹੈ ਤੇ ਇਹ ਦੁਨੀਆਂ ਭਰ ਵਿਚ ਇਕ ਮਾਡਲ ਵਜੋਂ ਉਭਰਿਆ ਹੈ ਤੇ ਦੂਸਰੇ ਦੇਸ਼ਾਂ ਲਈ ਇਕ ਪ੍ਰੇਰਨਾ ਸਰੋਤ ਬਣ ਗਿਆ ਹੈ। ਉਦਾਹਰਣ ਵਜੋਂ, ਭਾਰਤ ਵਿਚ ਉੱਚ ਗੁਣਵੱਤਾ, ਘੱਟ ਲਾਗਤ ਵਾਲੀਆਂ ਵੈਕਸੀਨਾਂ, ਦਵਾਈਆਂ ਤੇ ਮੈਡੀਕਲ ਦੇ ਉਪਕਰਨਾਂ ਦੇ ਵਿਕਾਸ ਵਿਚ ਇਕ ਵਿਸ਼ਵ ਨੇਤਾ ਬਣ ਗਿਆ ਹੈ ਜੋ ਨਾ ਸਿਰਫ ਦੱਖਣੀ ਏਸ਼ੀਆ ਵਿਚ ਸਗੋਂ ਅਫਰੀਕਾ ਅਤੇ ਹੋਰ ਥਾਂਵਾਂ 'ਤੇ ਵੀ ਸਿਹਤ ਨੂੰ ਸੁਧਾਰਨ ਲਈ ਵੱਡੀ ਭੂਮਿਕਾ ਨਿਭਾਅ ਰਿਹਾ ਹੈ।

ਭਾਰਤ ਵਿਚ ਪੋਲੀਓ ਦਾ ਆਖਰੀ ਨਵਾਂ ਕੇਸ ਸਾਹ-ਮਣੇ ਆਏ ਨੂੰ ਹੁਣ ਕਈ ਸਾਲਾਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ। 13 ਜਨਵਰੀ 2011 ਨੂੰ ਅਧਿਕਾਰਿਤ ਤੌਰ 'ਤੇ ਪੋਲੀਓ ਗ੍ਰਸਤ ਦੇਸ਼ਾਂ ਦੀ ਸੂਚੀ 'ਚੋਂ ਵਿਸ਼ਵ ਸਿਹਤ ਸੰਗਠਨ ਨੇ ਹਟਾ ਦਿੱਤਾ ਹੈ ਕਿਉਂਕਿ ਹੁਣ ਪੋਲੀਓ ਦਾ ਕੋਈ ਵੀ ਰੋਗੀ ਭਾਰਤ ਵਿਚ ਨਹੀਂ ਆਉਂਦਾ ਹੈ।

ਇਹ ਵਿਸ਼ੇਸ਼ ਤੌਰ 'ਤੇ ਬਹੁਤ ਵਧੀਆ ਹੈ ਜਦੋਂ ਤੁਸੀਂ ਇਸ ਨੂੰ ਸੰਦਰਭ ਵਿਚ ਦੇਖਦੇ ਹੋ। ਪੋਲੀਓਗ੍ਰਸਤ ਦੇਸ਼ਾਂ ਦੀ ਸੂਚੀ 'ਚੋਂ ਹਟਾਏ ਜਾਣ ਤੋਂ ਕੋਈ ਤਿੰਨ ਸਾਲ ਪਹਿਲਾਂ, ਭਾਰਤ ਵਿਚ ਦੁਨੀਆਂ ਦੇ ਕਿਸੇ ਵੀ ਹੋਰ ਥਾਂ ਨਾਲੋਂ 1994 ਵਿਚ ਭਾਰਤ ਵਿਚ ਪੋਲੀਓ ਦੇ 60 ਫੀਸਦੀ ਕੇਸ ਸਨ। ਦੋ ਦਹਾਕਿਆਂ ਦੇ ਅੰਦਰ, ਭਾਰਤ ਨੇ 2014 ਵਿਚ ਵਿਸ਼ਵ ਸਿਹਤ ਸੰਗਠਨ ਤੋਂ 'ਪੋਲੀਓ ਮੁਕਤ ਸਰਟੀਫਿਕੇਟ' ਪ੍ਰਾਪਤ ਕੀਤਾ। ਪੋਲੀਓ ਨੂੰ ਰੋਕਣ ਲਈ ਜਾਗਰੂਕ ਅੰਦੋਲਨ ਨੇ ਨਾਟਕੀ ਢੰਗ ਨਾਲ ਜੀਵਨ ਦੀ ਸੰਭਾਵਨਾ ਨੂੰ 32 ਸਾਲ (1947) ਤੋਂ ਵਧਾ ਕੇ 68.89 ਸਾਲ ਕਰ ਦਿੱਤਾ। ਪੋਲੀਓ ਦੀ ਸਮੱਸਿਆ ਨਾਲ ਨਜਿੱਠਣਾ ਸਭ ਤੋਂ ਔਖਾ ਲੱਗਦਾ ਸੀ। ਉਨ੍ਹਾਂ ਦੇਸ਼ਾਂ ਦੀ ਤੁਲਨਾ ਵਿਚ ਜਿੱਥੇ ਪੋਲੀਓ ਜਾਰੀ ਹੈ, ਭਾਰਤ ਹੁਣ ਤੱਕ ਸਭ ਤੋਂ ਵੱਡਾ ਹੈ, ਸਭ ਤੋਂ ਵੱਧ ਬੱਚੇ ਹਨ ਅਤੇ ਅਜੇ ਵੀ ਅਜਿਹੇ ਖੇਤਰ ਨੂੰ ਜਿੱਥੇ ਸਵੱਛਤਾ, ਮਾੜੀ ਹੈ। ਦੇਸ਼ ਦੇ ਅੰਦਰ ਬਹੁਤ ਸਾਰੀਆਂ ਲਹਿਰਾਂ ਹਨ, ਜੋ ਲਾਗ ਫੈਲਾਉਣ ਦਾ ਰੁਝਾਨ ਰੱਖਦੀਆਂ ਹਨ।

**(ਬਾਕੀ ਅਗਲੇ ਸਫੇ 'ਤੇ)**

# ਸਿੱਖਿਆਦਾਇਕ ਕਹਾਣੀ/ ਸੀਮਤ ਐਡੀਸ਼ਨ

ਸ਼ਾਡੇ ਬਜੁਰਗ ਸਾਡਾ ਗਹਿਣਾ ਹਨ ਬਹੁਮੁੱਲ ਦੀ ਕਿਤਾਬ ਦੇ ਸੀਮਤ ਐਡੀਸ਼ਨ ਵਾਂਗ ਹਨ ਇਹਨਾਂ ਨੂੰ ਅਤੇ ਇਹਨਾਂ ਦੀ ਸੋਚ ਨੂੰ ਸਾਭ ਕੇ ਰੱਖੋ। ਜਿਵੇਂ ਇੱਕ ਨੌਜਵਾਨ ਨੇ ਆਪਣੇ ਦਾਦਾ ਜੀ ਨੂੰ ਪੁੱਛਿਆ, "ਦਾਦਾ ਜੀ, ਤੁਸੀਂ ਤਕਨੀਕ ਤੋਂ ਬਿਨਾਂ ਪਹਿਲਾਂ ਕਿਵੇਂ ਰਹਿੰਦੇ ਸੀ।

ਨਾ ਕੰਪਿਊਟਰ
ਨਾ ਡਰੋਨ
ਨਾ ਬਿਟਕੋਇਨਾਂ
ਨਾ ਇੰਟਰਨੈਟ
ਨਾ ਟੀ।ਵੀ
ਨਾ ਏਅਰ ਕੰਡੀਸ਼ਨਰ
ਨਾ ਕਾਰਾਂ
ਨਾ ਮੋਬਾਈਲ ਫੋਨ

ਦਾਦਾ ਜੀ ਨੇ ਜਵਾਬ ਦਿੱਤਾ: ਜਿਵੇਂ ਤੁਹਾਡੀ ਪੀੜ੍ਹੀ ਇੰਨਾਂ ਗੱਲਾਂ ਤੋਂ ਬਿੰਨਾ ਰਹਿ ਰਹੀ ਹੈ।

ਕੋਈ ਪ੍ਰਾਰਥਨਾ ਨਹੀਂ।
ਕੋਈ ਰਹਿਮ ਨਹੀਂ।
ਕੋਈ ਸਤਿਕਾਰ ਨਹੀਂ।
ਕੋਈ ਨੇਤਿਕ ਸਿੱਖਿਆ ਨਹੀਂ।
ਕੋਈ ਸ਼ਰਮ ਨਹੀਂ।
ਕੋਈ ਨਿਮਰਤਾ ਨਹੀਂ ਹੈ।
ਕੋਈ ਇਮਾਨਦਾਰੀ ਨਹੀਂ ਹੈ।

ਅਸੀਂ, 1930-1980 ਦੇ ਵਿਚਕਾਰ ਪੈਦਾ ਹੋਏ ਲੋਕ ਹਾਂ ਇਸ ਲਈ ਸਾਡੀ ਜਿੰਦਗੀ ਜਿਉਂਦਾਂ ਜਾਗਦਾ ਸਬੂਤ ਹੈ।

- ਖੇਡਦੇ ਅਤੇ ਸਾਈਕਲ ਚਲਾਉਂਦੇ ਸਮੇਂ, ਅਸੀਂ ਕਦੇ ਹੈਲਮੇਟ ਨਹੀਂ ਪਹਿਨਿਆ ਹੈ।
- ਸਕੂਲ ਤੋਂ ਬਾਅਦ ਅਸੀਂ ਆਪਣਾ ਹੋਮਵਰਕ ਖੁਦ ਕੀਤਾ।
- ਅਸੀਂ ਹਮੇਸ਼ਾ ਸੂਰਜ ਡੁੱਬਣ ਤੱਕ ਮੈਦਾਨਾਂ ਵਿੱਚ ਖੇਡਦੇ ਸੀ।
- ਅਸੀਂ ਅਸਲ ਦੋਸਤਾਂ ਨਾਲ ਖੇਡਦੇ ਸੀ ਆਨਲਾਈਨ ਦੋਸਤਾਂ ਨਾਲ ਨਹੀਂ।
- ਜੇ ਅਸੀਂ ਪਿਆਸੇ ਹੁੰਦੇ, ਤਾਂ ਅਸੀਂ ਝਰਨੇ ਅਤੇ ਨਲ ਦਾ ਪਾਣੀ ਪੀਂਦੇਂ ਸੀ ਨਾਂ ਕਿ ਆਰ।ਓ
- ਅਸੀਂ ਕਦੇ ਵੀ ਚਿੰਤਾ ਨਹੀਂ ਕਰਦੇ ਅਤੇ ਬਿਮਾਰ ਨਹੀਂ ਹੁੰਦੇ ਭਾਵੇਂ ਅਸੀਂ ਆਪਣੇ ਦੋਸਤਾਂ ਨਾਲ ਇੱਕੋ ਕੱਪ ਜਾਂ ਪਲੇਟ ਸਾਂਝੀ ਕੀਤੀ ਸੀ।
- ਹਰ ਰੋਜ਼ ਰੋਟੀ ਖਾਣ ਨਾਲ ਸਾਡਾ ਭਾਰ ਕਦੇ ਨਹੀਂ ਵਧਿਆ।
- ਨੰਗੇ ਪੈਰੀਂ ਤੁਰਨ ਦੇ ਬਾਵਜੂਦ ਸਾਡੇ ਪੈਰਾਂ ਨੂੰ ਕੁਝ ਨਹੀਂ ਹੋਇਆ।
- ਅਸੀਂ ਸਿਹਤਮੰਦ ਰਹਿਣ ਲਈ ਕਦੇ ਵੀ ਭੋਜਨ ਸਪਲੀਮੈਂਟ ਦੀ ਵਰਤੋਂ ਨਹੀਂ ਕੀਤੀ।
- ਅਸੀਂ ਆਪਣੇ ਖਿਡੌਣੇ( ਗੁੱਡੀਆਂ ਪਟੋਲੇ, ਟਿਊਬ ਦੀ ਗੇਂਦ, ਕਪੜੇ ਧੋਣ ਵਾਲੇ ਥਾਪੇ ਨੂੰ ਬੈਟ ਬਣਾਕੇ ਖੇਡਦੇ ਸੀ।
- ਸਾਡੇ ਮਾਪੇ ਅਮੀਰ ਨਹੀਂ ਸਨ। ਉਨ੍ਹਾਂ ਨੇ ਸਾਨੂੰ ਪਿਆਰ ਦਿੱਤਾ ਵੱਡੇ ਤੋਹਫ਼ੇ ਨਹੀਂ।
- ਸਾਡੇ ਕੋਲ ਕਦੇ ਵੀ ਮੋਬਾਈਲ ਫ਼ੋਨ,ਵੀਡੀਓ ਗੇਮਾਂ,ਲੈਪਟਾਪ,ਇੰਟਰਨੈਂਟ ਚੈਟ ਨਹੀਂ ਸੀ। ਪਰ ਸਾਡੇ ਸੱਚੇ ਦੋਸਤ ਸਨ।
- ਅਸੀਂ ਬਿਨਾਂ ਬੁਲਾਏ ਆਪਣੇ ਦੋਸਤਾਂ ਨੂੰ ਮਿਲਣ ਗਏ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਭੋਜਨ ਸਾਂਝਾ ਕੀਤਾ।
- ਪਰਿਵਾਰ ਦੇ ਸਮੇਂ ਦਾ ਫਾਇਦਾ ਉਠਾਉਣ ਲਈ ਮਾਤਾ-ਪਿਤਾ ਨੇੜੇ ਰਹਿੰਦੇ ਸਨ।
- ਸਾਡੀਆਂ ਫੋਟੋਆਂ ਬਲੈਕ ਐਂਡ ਵ੍ਹਾਈਟ ਸੀ ਪਰ ਉਸ ਵਿੱਚ ਰਿਸਤਿਆਂ ਅਤੇ ਪਿਆਰ ਦੀਆਂ ਰੰਗੀਨ ਯਾਦਾਂ ਸਨ।¶
- *ਅਸੀਂ ਵਿਲੱਖਣ ਅਤੇ ਸਭ ਤੋਂ ਵੱਧ ਸਮਝਦਾਰ ਪੀੜ੍ਹੀ ਹਾਂ,ਜਿਨ੍ਹਾਂ ਨੇ ਆਪਣੇ ਮਾਪਿਆਂ ਦੀ ਗੱਲ ਸੁਣੀ ਹੈ ਅਤੇ ਅਸੀਂ ਵੀ ਪਹਿਲੇ ਲੋਕ ਹਾਂ ਜੋ ਆਪਣੇ ਬੱਚਿਆਂ ਦੀ ਗੱਲ ਸੁਣਨ ਲਈ ਮਜ਼ਬੂਰ ਹੋਏ।



ਅਸੀਂ ਸੀਮਿਤ ਐਡੀਸ਼ਨ ਹਾਂ। ਸਾਡਾ ਲਾਭ ਉਠਾਓ। ਸਾਡੇ ਤੋਂ ਸਿੱਖੋ। ਅਸੀਂ ਇੱਕ ਖਜ਼ਾਨਾ ਹਾਂ ਜੋ ਨੋਟਬੰਦੀ ਦੇ ਨੋਟਾਂ ਵਾਂਗ ਜਲਦੀ ਅਲੋਪ ਹੋ ਜਾਵੇਗਾ..

**ਲੇਖਕ/ਸੰਗ੍ਰਿਹਕਰਤਾ**
**ਡਾ. ਸੰਦੀਪ ਘੰਡ**
**ਲਾਈਫ ਕੋਚ**
**ਮਾਨਸਾ**
**9815139576**

# ਪ੍ਰਵਾਸੀ ਪੰਜਾਬੀ ਗਾਇਕ ਅਮਰੀਕਾ ਰਹਿ ਕਿ ਵੀ ਗਾਇਕੀ ਸਫ਼ਰ ਜ਼ਾਰੀ ਉਮੀਦ ਬਣੇਗਾ ਸਟਾਰ ਗਾਇਕ ਗੋਗੀ ਘੁਮਾਣ

ਪਿੰਡ ਕਮਾਲਾ ਖੁਰਦ ਦੇ ਧਰਮਿੰਦਰ ਸਿੰਘ ਨੇ ਸ਼ੁਰੂ ਤੋਂ ਹੀ ਅਹਿਸਾਸ ਕਰਵਾ ਦਿੱਤਾ ਸੀ ਕਿ ਇੱਕ ਦਿਨ ਓਹ ਗਾਇਕੀ ਵਿੱਚ ਆ ਕਿ ਇਸ ਪਿੰਡ ਦਾ ਨਾਮ ਰੋਸ਼ਨ ਕਰੇਗਾ ਤੇ ਅਜਿਹਾ ਹੀ ਹੋ ਰਿਹਾ ਹੈ ਤੇ ਇਹ ਪ੍ਰਵਾਸੀ ਗਾਇਕ ਅੱਜ ਚੋਟੀ ਦੇ ਪੰਜਾਬੀ ਪ੍ਰਵਾਸੀ ਗਾਇਕਾਂ ਵਿੱਚ ਆਪਣੇ ਨਾਮ ਨੂੰ ਸ਼ੁਮਾਰ ਕਰਵਾ ਚੁੱਕਾ ਹੈ।ਇਸ ਸਮੇਂ ਓਸ ਦਾ ਗੀਤ "ਬੋਤਲਾਂ" ਸੋਸ਼ਲ ਮੀਡੀਆ ਤੇ ਖ਼ੂਬ ਕਾਮਯਾਬ ਹੈ। ਰਘਵੀਰ ਸਿੰਘ ਦੇ ਇਸ ਪੁੱਤਰ ਨੂੰ ਆਪਣਾ ਪੁੱਤ ਸਮਝ ਉੱਘੇ ਸਵਰਗੀ ਗਾਇਕ ਕੁਲਦੀਪ ਪਾਰਸ ਨੇ ਸੰਗੀਤ ਸਿੱਖਿਆ ਨਾਲ ਅਜਿਹਾ ਸਿੱਖਿਅਤ ਕਰ ਦਿੱਤਾ ਕਿ ਕੱਲਾ ਸਟੇਜਾਂ ਤੇ ਦੋ ਘੰਟੇ ਲਗਾਤਾਰ ਗਾ ਕਿ ਆਪਣੀ ਕਲਾਕਾਰੀ ਨਿਖਾਰਦਾ ਗਿਆ ਗੋਗੀ ਘੁਮਾਣ। ਧਰਮਿੰਦਰ ਦੇ ਪ੍ਰੋਗਰਾਮ ਵਿੱਚ ਜਦ ਇਸ ਧਰਮਿੰਦਰ ਅਰਥਾਤ ਗੋਗੀ ਨੇ ਗਾਇਆ ਤਾਂ ਧਰਮ ਭਾਜੀ ਨੇ ਕਿਹਾ ਕਿ ਮੁੰਡਾ ਮੁੰਬਈ ਫਿੱਟ ਹੋਣ ਵਾਲਾ ਹੈ ਪਰ ਅਚਾਨਕ ਕੁਲਦੀਪ ਪਾਰਸ ਦੀ ਬੇਵਕਤ ਮੌਤ ਨੇ ਗੋਗੀ ਨੂੰ ਇਕੱਲਾ ਜਿਹਾ ਕਰ ਦਿੱਤਾ। ਖ਼ੈਰ ਫਿਰ ਗੀਤ "ਸਪੋਰਟ " ਨਾਲ ਓਸ ਦਾ ਗਾਇਕੀ ਕੈਰੀਅਰ ਫਿਰ ਸ਼ੁਰੂ ਹੋਇਆ ਤੇ ਗੋਗੀ ਦੇ ਗਾਏ ਇੱਕ ਹੋਰ ਗੀਤ "ਰੰਗ ਰੱਬ ਦੇ" ਨੂੰ ਹੁੰਗਾਰਾ ਮਿਲਣ ਤੇ ਓਸ ਦਾ ਨਾਂ ਬਣ ਗਿਆ ਤੇ ਚੰਗੇ ਭਵਿੱਖ ਲਈ ਯੂ ਐਸ ਏ ਗਏ ਪਰਿਵਾਰ ਸਮੇਤ ਗੋਗੀ ਕੋਲ ਅੱਗੇ ਵਧਣ ਦੇ ਸ਼ਾਨਦਾਰ ਮੌਕੇ ਸ਼ੁਰੂ ਹੋ ਗਏ। ਬੌਬੀ ਉੱਤਮ ਸੰਗੀਤਕਾਰ ਦੇ ਸਾਥ ਨਾਲ ਅੱਗੇ ਆਉਣ ਦੀਆਂ ਯੋਜਨਾਵਾਂ ਵਿੱਚ ਮਸਰੂਫ ਗਾਇਕ ਗੋਗੀ ਘੁਮਾਣ ਨੇ "ਬਿੱਲੋ" ਤੇ "ਵੀਕ ਐਂਡ" ਨਾਲ ਆਪਣੇ ਗਾਇਕੀ ਕੈਰੀਅਰ ਨੂੰ ਸਥਾਪਿਤ ਕਰ ਲਿਆ ਹੈ। ਗੋਗੀ ਦੀ ਆਵਾਜ਼ ਵਿੱਚ ਮਿਠਾਸ ਦੇ ਨਾਲ ਬੈਸਟ ਬੀਟ ਹੈ। ਸਮੇਂ ਸਮੇਂ ਤੇ ਸਮਾਜ ਹਿੱਤ ਤੇ ਹਲਾਤਾਂ ਤੇ ਵੀ ਓਸ ਨੇ ਗੀਤ ਗਾਏ ਹਨ।"ਪੰਜਾਬ ਨਾਲ ਹਰਿਆਣਾ" "ਯਾਰੀਆਂ" ਤੇ "ਗੱਭਰੂ" ਗੀਤਾਂ ਵਾਲੇ ਗੋਗੀ ਘੁੰਮਣ ਨੇ ਕਿਹਾ ਕਿ ਅਮਰੀਕਾ ਜਿਹੇ ਦੇਸ਼ ਰਹਿ ਕਿ ਵੀ ਓਹ ਆਪਣੇ ਸੰਗੁਟਬ, ਵਿਰਸੇ ਨਾਲ ਜੁੜਿਆ ਹੋਇਆ ਹੈ ਤੇ ਚੰਗੀ ਗੱਲ ਇਹ ਕਿ ਇਸ ਦੇਸ਼ ਵਿੱਚ ਵੀ ਵਸਦੇ ਪੰਜਾਬੀ ਆਪਣੇ ਸੰਗੀਤ ਤੇ ਸੱਭਿਆਚਾਰ ਨਾਲ ਮੋਹ ਰੱਖਦੇ ਹਨ । "ਤਰੇਂਦਿਗ ਸਟੋਰੀ" ਗੀਤ ਨਾਲ ਤਾਂ ਗੋਗੀ ਦੀ ਲੋਕ ਪ੍ਰਿਯਤਾ ਦਾ ਗ੍ਰਾਫ ਇੱਕ ਦਮ ਉੱਪਰ ਆਇਆ ਤੇ ਧਾਰਮਿਕ ਗਾਇਕੀ ਵਿੱਚ ਵੀ ਗੋਗੀ ਨੂੰ ਚੰਗੇ ਨੰਬਰ ਹੀ ਮਿਲੇ ਹਨ। "ਬਾਜ਼ਾਂ ਵਾਲੇ ਨੂੰ" ਇਸ ਦੀ ਉਦਾਹਰਨ ਹੈ। "ਏਕਾ ਕਰ ਲਓ" "ਜਲਵਾ " ਤੇ "ਜੱਟ ਦੀ ਕਪਾਹ " ਦੇ ਨਾਲ "ਗੱਲ ਦੱਸ ਕੀ" "ਜਲਵਾ" ਦੇ ਨਾਲ "ਜੁਗਨੀ" ਗਾਉਣ ਦਾ ਓਸ ਦਾ ਵੱਖਰਾ ਅੰਦਾਜ਼ ਹੈ। "ਗਲੀ ਵਿੱਚ ਗੇੜਾ" ਤੇ "ਇੰਡੀਆ" ਗੀਤਾਂ ਨੇ ਵੀ ਗੋਗੀ ਘੁਮਾਣ ਦਾ ਗਾਇਕੀ ਕੈਰੀਅਰ ਬੁਲੰਦ ਕੀਤਾ ਹੈ। ਇਸ ਵੇਲੇ ਜਿੱਥੇ "ਬੋਤਲਾਂ" ਚਲ ਰਿਹਾ ਹੈ ਓਥੇ ਹੀ ਗੁਰਲੇਜ਼ ਅਖਤਰ ਨਾਲ ਓਸ ਦਾ ਨਵਾਂ ਗੀਤ ਆ ਰਿਹਾ ਹੈ। ਗੋਗੀ ਘੁਮਾਣ ਦੀ ਚਾਹਤ ਹਰਭਜਨ ਮਾਨ ਤੇ ਮਨਮੋਹਨ ਵਾਰਿਸ ਦੀ ਤਰਾਂ ਸੰਸਾਰ ਭਰ ਵਿੱਚ ਆਪਣੀ ਆਵਾਜ਼ ਨਾਲ ਸਰੋਤੇ ਤੇ ਦਰਸ਼ਕ ਸੰਤੁਸ਼ਟ ਕਰ ਹਰਮਨ ਪਿਆਰਾ ਗਾਇਕ ਬਣ ਵਿਚਰਨ ਦੀ ਹੈ ਤਾਂ ਕਿ ਆਪਣੇ ਉਸਤਾਦ ਸਵਰਗੀ ਗਾਇਕ ਕੁਲਦੀਪ ਪਾਰਸ ਦੀ ਤਰਾਂ ਓਹ ਫ਼ਿਲਮਜ਼ ਲਈ ਵੀ ਪਲੇ ਬੈਕ ਦਿੰਦਾ ਸਰਬ ਪਰਵਾਣਿਤ ਗਾਇਕ ਬਣ ਅੱਗੇ ਆਏ।



**- ਅੰਮ੍ਰਿਤ ਪਵਾਰ**

# ‘ਆਜ਼ਾਦੀ ਤੋਂ ਬਾਅਦ ਭਾਰਤ ਦੀ ਤਰੱਕੀ’

**(ਸਫਾ 33 ਦੀ ਬਾਕੀ)**

ਫਿਰ ਵੀ ਭਾਰਤ ਪੋਲੀਓ ’ਤੇ ਚੁਣੌਤੀ ਲਈ ਸੱਚਮੁਚ ਅੱਗੇ ਵਧਿਆ ਹੈ।ਸਰਕਾਰ ਨੇ ਆਪਣੇ ਖੁਦ ਦੇ ਪ੍ਰੋਗਰਾਮ ਤਹਿਤ ਖਾਤਮੇ ਲਈ ਫੰਡ ਦਿੱਤੇ। ਉਹਨਾਂ ਨੇ ਅਸਲ ਵਿਚ ਮਾਵਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਕਿ ਟੀਕਾਕਰਨ ਬੱਚਿਆਂ ਲਈ ਚੰਗਾ ਕਿਉਂ ਹੈ। ਸਾਲ ਵਿਚ ਦੋ ਵਾਰ, ਦੋ ਮਿਲੀਅਨ ਵਾਲੰਟੀਅਰ ਦੇਸ਼ ਭਰ ਵਿਚ ਦੋ ਵਾਰ, ਦੋ ਮਿਲੀਅਨ ਵਲੰਟੀਅਰ ਦੇਸ਼ ਭਰ ਵਿਚ ਅੱਠ ਲੱਖ ਤੋਂ ਵੀ ਵੱਧ ਟੀਕਾਕਰਨ ਬੂਥ ਤਿਆਰ ਕਰਦੇ ਹਨ- ਸਕੂਲਾਂ, ਹਸਪਤਾਲਾਂ ਅਤੇ ਕਮਿਊਨਿਟੀ ਸੈਂਟਰਾਂ ਵਿਚ, ਉਹ ਇਕ-ਇਕ ਕਰਕੇ ਇਕ ਸੌ ਬਹੱਤਰ ਮਿਲੀਅਨ ਤੋਂ ਵੱਧ ਬੱਚਿਆਂ ਦਾ ਟੀਕਾਕਰਨ ਕਰਦੇ ਹਨ। ਰੋਟਰੀ ਇੰਟਰਨੈਸ਼ਨਲ, ਡਬਲਿਊ. ਐਚ. ਓ. ਅਤੇ ਯੂਨੀਸੇਫ ਵਰਗੇ ਭਾਈਵਾਲਾਂ ਨਾਲ ਕੰਮ ਕਰਦੇ ਹੋਏ, ਉਹਨਾਂ ਦੇ ਦੁਨੀਆਂ ਦੇ ਸਭ ਤੋਂ ਘੱਟ ਗਰੀਬ ਬੱਚਿਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਇਕ ਪ੍ਰਭਾਵਸ਼ਾਲੀ ਬੁਨਿਆਦੀ ਢਾਂਚਾ ਬਣਾਇਆ ਹੈ ਅਤੇ ਉਹ ਬੱਚਿਆਂ ਨੂੰ ਲੱਭਣ ਲਈ, ਇੱਥੋਂ ਤੱਕ ਕਿ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਨੂੰ, ਟੀਕ-ਾਕਰਨ ਦੇ ਪੱਧਰ ਨੂੰ 90 ਪ੍ਰਤੀਸ਼ਤ ਤੋਂ ਉਪਰ ਪ੍ਰਾਪਤ ਕਰਨ ਲਈ ਪਾਲਣਾ ਕਰਨ ਵਿਚ ਬਹੁਤ ਨਿਰੰਤਰ ਰਹੇ ਹਨ ਅਤੇ ਇਸ ਤਰ੍ਹਾਂ ਬਿਮਾਰੀ ਰੁਕ ਗਈ ਹੈ।

ਭਾਰਤ ਨੂੰ ਇਸ ਪ੍ਰਾਪਤੀ ’ਤੇ ਬਹੁਤ ਮਾਣ ਹੈ, ਅਤੇ ਇਹ ਸਹੀ ਵੀ ਹੈ। ਇਹ ਰਾਜਨੀਤਿਕ ਇੱਛਾ ਸ਼ਕਤੀ, ਸਮਰਪਿਤ ਸਰੋਤਾਂ ਅਤੇ ਸਖ਼ਤ ਪ੍ਰਬੰਧਨ ਅਤੇ ਜਵਾਬਦੇਹੀ ਦਾ ਸਿੱਧਾ ਨਤੀਜਾ ਹੈ। ਸਰਕਾਰ ਦੇ ਨੇਤਾਵਾਂ ਦੀ ਵਚਨਬੱਧਤਾ ਬਹੁਤ ਮਹੱਤਵਪੂਰਨ ਰਹੀ ਹੈ ਅਤੇ ਇਹ ਵਚਨਬੱਧਤਾ ਹੋਰ ਸਿਹਤ ਸਮੱਸਿਆਵਾਂ ਵਿਚ ਮਦਦ ਕਰ ਰਹੀ ਹੈ। ਸਭ ਤੋਂ ਗਰੀਬ ਅਤੇ ਸਭ ਤੋਂ ਵੱਧ ਪਹੁੰਚਯੋਗ ਥਾਂਵਾਂ ’ਤੇ ਟੀਕਾਕਰਨ ਦਾ ਵਿਸਥਾਰ ਕਰਕੇ, ਪੋਲੀਓ ਵਿਰੁੱਧ ਮੁਹਿੰਮ ਨੇ ਬਿਹਤਰ ਜਨਤਕ ਸਿਹਤ ਡਿਲੀਵਰੀ ਪ੍ਰਣਾਲੀਆਂ ਸਥਾਪਤ ਕਰਨ ਵਿਚ ਮਦਦ ਕੀਤੀ ਹੈ ਜੋ ਲੱਖਾਂ ਬੱਚਿਆਂ ਅਤੇ ਪਰਿਵਾਰਾਂ ਦੀ ਭਲਾਈ ਨੂੰ ਬਿਹਤਰ ਬਣਾ ਸਕਦੀ ਹੈ।

ਭਾਰਤ ਦਾ ਤਜਰਬਾ ਦੁਨੀਆਂ ਭਰ ਦੇ ਵਿਕਾਸਸ਼ੀਲ ਅਤੇ ਨਵੇਂ ਉਦਯੋਗਿਕ ਦੇਸ਼ਾਂ ਲਈ ਸਬਕ ਦਿੰਦਾ ਹੈ। ਇਹ ਸਾਬਤ ਕਰਦਾ ਹੈ ਕਿ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪੋਲੀਓ ਅਤੇ ਹੋਰ ਬਿਮਾਰੀਆਂ ਦੇ ਵਿਰੁੱਧ, ਨਾਲ ਹੀ ਸਭ ਤੋਂ ਚੁਣੌਤੀਪੂਰਨ ਸਥਿਤੀਆਂ ਵਿਚ ਵੀ ਕੀਤਾ ਜਾ ਸਕਦਾ ਹੈ।

**ਐਚ. ਆਈ. ਵੀ./ ਏਡਜ਼ ਅਤੇ ਤਪਦਿਕ ਨੂੰ ਰੋਕਣਾ:** ਭਾਰਤ ਦੀ ਤਰੱਕੀ ਦੀ ਇਕ ਹੋਰ ਮਹਾਨ ਉਦਾਹਰਣ ਐਚ. ਆਈ. ਵੀ./ਏਡਜ਼ ਦੇ ਫੈਲਣ ਨੂੰ ਰੋਕਣ ਦੇ ਕੰਮ ਵਿਚ ਹੈ। ਸੰਸਾਰ ਦੇ ਕਈ ਅਗਾਂਹਵਧੂ ਦੇਸ਼ਾਂ ਦੀਆਂ ਫਾਊਂਡੇਸ਼ਨਾਂ ਲੰਮੇ ਸਮੇਂ ਤੋਂ ਇਸ ਖੇਤਰ ਵਿਚ ਭਾਰਤ ਦੀ ਮਦਦ ਕਰ ਰਹੀਆਂ ਹਨ। ਕਈ ਭਾਰਤੀ ਭਾਈਵਾਲਾਂ ਦੇ ਨਾਲ, ਇਹਨਾਂ ਦੇਸ਼ਾਂ ਨੇ ਇਸ ਖੇਤਰ ਵਿਚ ਉਸਾਰੂ ਪ੍ਰੋਗਰਾਮ ਸ਼ੁਰੂ ਕੀਤਾ ਹੈ।

ਇਹ ਭਾਈਚਾਰਿਆਂ ਵਿਚ ਅਤੇ ਗਲੀ-ਮੁਹੱਲਾ ਪੱਧਰ ’ਤੇ ਐਚ. ਆਈ. ਵੀ./ਏਡਜ਼ ਨਾਲ ਲੜ ਰਿਹਾ ਹੈ, ਸਥਾਨਕ ਸਮੂਹਾਂ ਨੂੰ ਡੋਰ-ਟੂ-ਡੋਰ ਕਾਊਂਸਲਰ ਤਾਇਨਾਤ ਕਰਨ, ਕੰਡੋਮ ਵੰਡਣ ਅਤੇ ਐਚ. ਆਈ. ਵੀ. ਟੈਸਟਿੰਗ, ਇਲਾਜ ਅਤੇ ਦੇਖਭਾਲ ਪ੍ਰਦਾਨ ਕਰਨ ਵਿਚ ਮਦਦ ਕਰ ਰਿਹਾ ਹੈ।

ਭਾਰਤ ਸਰਕਾਰ ਦੁਆਰਾ ਮਹੱਤਵਪੂਰਨ ਅਗਵਾਈ ਪ੍ਰਦਾਨ ਕੀਤੀ ਗਈ ਹੈ, ਜਿਸ ਨੇ ਐਚ. ਆਈ. ਵੀ./ਏਡਜ਼ ਲਈ ਫੰਡਿੰਗ ਵਧਾ ਦਿੱਤੀ ਹੈ ਅਤੇ ਇਕ ਰਾਸ਼ਟਰੀ ਰਣਨੀਤਿਕ ਯੋਗਤਾ ਦੀ ਸਥਾਪਨਾ ਕੀਤੀ ਹੈ, ਜਿਸ ਵਿਚ ਕਮਿਊਨਿਟੀ ਦੀ ਅਗਵਾਈ ਵਾਲੀ ਐਚ. ਆਈ. ਵੀ. ਦੀ ਰੋਕਥਾਮ ਸ਼ਾਮਲ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ ਨੇ ਬਹੁਤ ਵਧੀਆ ਕੰਮ ਕੀਤਾ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ (ਐਨ. ਏ. ਸੀ. ਓ.) ਅਤੇ ਕਈ ਸਮਾਜ ਸੇਵੀ ਸੰਗਠਨਾਂ ਨੇ ਪਿਛਲੇ ਲੰਮੇ ਸਮੇਂ ਤੋਂ ਐਚ. ਆਈ. ਵੀ./ਏਡਜ਼ ਦੀਆਂ ਘਟਨਾਵਾਂ ਵਿਚ ਤਕਰੀਬਨ ਪੰਜਾਹ ਫੀਸਦੀ ਦੀ ਕਮੀ ਤੋਂ ਵੱਧ ਵਿਚ ਯੋਗਦਾਨ ਪਾਇਆ ਹੈ। ਇਸ ਨੇ ਭਾਰਤ ਨੂੰ ਏਡਜ਼ ਦੇ ਘੱਟ ਕੇਸਾਂ ਕਾਰਨ ਸਿਹਤ ਖਰਚਿਆਂ ਵਿਚ, ਸੌ ਮਿਲੀਅਨ ਡਾਲਰਾਂ ਦੀ ਬੱਚਤ ਕੀਤੀ ਹੈ।

ਹੁਣ ਐਨ. ਏ. ਸੀ. ਓ. ਰਾਜ ਸਰਕਾਰਾਂ ਦੁਆਰਾ ਸਮਾਜ ਸੇਵੀ ਸੰਗਠਨਾਂ ਨੂੰ ਪ੍ਰਬੰਧਨ ਵਿਚ ਸੁਚਾਰੂ ਤਬਦੀਲੀ ਦੀ ਸਹੂਲਤ ਪ੍ਰਦਾਨ ਕਰ ਰਿਹਾ ਹੈ। ਇਹ ਤਬਦੀਲੀ ਬਹੁਤ ਮਹੱਤਵਪੂਰਨ ਅਤੇ ਉਤਸ਼ਾਹਜਨਕ ਹੈ ਕਿਉਂਕਿ ਇਹ ਐਚ. ਆਈ. ਵੀ./ਏਡਜ਼ ਵਿਰੁੱਧ ਲੜਾਈ ਨੂੰ ਲੰਮੇ ਸਮੇਂ ਤੱਕ ਜਾਰੀ ਰੱਖਣ ਦੇ ਭਾਰਤ ਦੇ ਸੰਕਲਪ ਨੂੰ ਦਰਸਾਉਂਦਾ ਹੈ, ਜਿਸ ਨੂੰ ਅਸਲ ਵਿਚ ਇਸ ਚੀਜ਼ ਨੂੰ ਹਰਾਉਣ ਲਈ ਕੀ ਕਰਨਾ ਪਵੇਗਾ। ਫੰਡਰਾਂ ਅਤੇ ਸਰਕਾਰਾਂ ਵਿਚਕਾਰ ਸਹਿਯੋਗ ਕੀ ਪ੍ਰਾਪਤ ਕਰ ਸਕਦਾ ਹੈ, ਦੀ ਇਹ ਇਕ ਵਧੀਆ ਉਦਾਹਰਣ ਹੈ।

ਐਚ. ਆਈ. ਵੀ./ਏਡਜ਼ ਦੇ ਕੰਮ ਤੋਂ ਸਿੱਖੇ ਗਏ ਸਬਕਾਂ ਨੇ ਹੋਰ ਨਾਜ਼ੁਕ ਸਿਹਤ ਯਤਨਾਂ ਵਿਚ ਮਦਦ ਕੀਤੀ ਹੈ, ਜਿਵੇਂ ਕਿ ਅਨਨਿਆਂ ਭਾਈਵਾਲੀ, ਜੋ ਅਸਲ ਵਿਚ ਮਾਵਾਂ ਅਤੇ ਬੱਚੇ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਪ੍ਰੋਗਰਾਮਾਂ ਨੂੰ ਵਧਾ ਰਹੀ ਹੈ। ਭਾਰਤ ਹੋਰ ਦੇਸ਼ਾਂ ਲਈ ਵੀ ਇਕ ਨਮੂਨਾ ਹੈ ਕਿ ਜਿਵੇਂ ਐਚ. ਆਈ. ਵੀ. ਦੀ ਰੋਕਥਾਮ ਦੇ ਯਤਨਾਂ ਨੂੰ ਵਧਾਉਣਾ ਹੈ।

**ਤਪਦਿਕ ਅਤੇ ਟੀ. ਬੀ.:** ਦੇਸ਼ ਨੂੰ ਹੋਰ ਕਈ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਦਾਹਰਣ ਲਈ, ਭਾਰਤ ਵਿਚ ਦੁਨੀਆਂ ਵਿਚ ਸਭ ਤੋਂ ਵੱਡੀ ਤਪਦਿਕ ਮਹਾਂਮਾਰੀ ਹੈ, ਜਿੱਥੇ ਹਰ ਰੋਜ਼ ਟੀ. ਬੀ. ਨਾਲ ਲਗਭਗ ਇਕ ਹਜ਼ਾਰ ਮੌਤਾਂ ਹੁੰਦੀਆਂ ਹਨ। ਪਰ ਇਕ ਠੋਸ ਬੁਨਿਆਦੀ ਟੀ. ਬੀ. ਨਿਯੰਤਰਣ ਪ੍ਰੋਗਰਾਮ ਹੈ ਅਤੇ ਟੀ. ਬੀ. ਨੂੰ ਨਿਯੰਤਰਣ ਵਿਚ ਲਿਆਉਣ ਲਈ ਇਕ ਅਸਲ ਵਚਨਬੱਧਤਾ ਹੈ। ਸਰਕਾਰ ਦੀ ਟੀ. ਬੀ. ਦ ਸਾਰੇ ਮਰੀਜ਼ਾਂ ਨੂੰ ਚੰਗੀ ਤਸ਼ਖੀਸ ਅਤੇ ਇਲਾਜ ਤੱਕ ਵਿਆਪਕ ਪਹੁੰਚ ਪ੍ਰਦਾਨ ਕਰਨ ਲਈ ਇਕ ਅਭਿਲਾਸ਼ੀ ਰਣਨੀਤਿਕ ਯੋਜਨਾ ਹੈ। ਇਹ ਯੋਜਨਾ ਤੁਰੰਤ ਨਿਦਾਨ ਅਤੇ ਉਚਿਤ ਇਲਾਜ ਦੁਆਰਾ ਮਲਟੀਡਰੱਗ ਰੋਧਕ ਟੀ. ਬੀ. ਦੇ ਉਭਾਰ ਨੂੰ ਰੋਕ ਸਕਦੀ ਹੈ।

ਭਾਰਤ ਨੇ ਟੀ. ਬੀ. ਨੂੰ ਰਾਸ਼ਟਰੀ ਤੌਰ ’ਤੇ ਸੂਚਿਤ ਕਰਨ ਯੋਗ ਬਿਮਾਰੀ ਬਣਾ ਕੇ ਇਸ ਰਣਨੀਤੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਮਤਲਬ ਹੈ ਕਿ ਮਾਮਲਿਆਂ ਅਧਿਕਾਰੀਆਂ ਨੂੰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਇਹ ਯਕੀਨੀ ਬਣਾਉਣ ਵਿਚ ਮਦਦ ਕਰੇਗਾ ਕਿ ਉਨ੍ਹਾਂ ਨੂੰ ਲੋੜੀਂਦੀ ਦੇਖਭਾਲ ਪ੍ਰਾਪਤ ਹੋਵੇ, ਭਾਵੇਂ ਉਨ੍ਹਾਂ ਦਾ ਇਲਾਜ ਸਰਕਾਰੀ ਜਾਂ ਪ੍ਰਾਈਵੇਟ ਡਾਕਟਰਾਂ ਦੁਆਰਾ ਕੀਤਾ ਜਾ ਰਿਹਾ ਹੋਵੇ। ਭਾਰਤ ਸੂਚਨਾ ਤਕਨਾਲੌਜੀ ਵਿਚ ਵੀ ਆਪਣੀ ਅਗਵਾਈ ਦੀ ਵਰਤੋਂ ਕਰ ਰਿਹਾ ਹੈ, ਜੋ ਬਿਮਾਰੀ ਦੇ ਫੈਲਣ ਦੀ ਨਿਗਰਾਨੀ ਕਰਨ, ਟੀ. ਬੀ. ਕੰਟਰੋਲ ਪ੍ਰੋਗਰਾਮ ਦੀ ਕੁਸ਼ਲਤਾ ਵਿਚ ਸੁਧਾਰ ਕਰਨ ਅਤੇ ਮਰੀਜ਼ਾਂ ਦੇ ਇਲਾਜ ਲਈ ਸਰਕਾਰੀ ਅਤੇ ਨਿੱਜੀ ਸਿਹਤ ਪ੍ਰਦਾਤਾਵਾਂ ਲਈ ਇਕ ਵੱਡੀ ਮਦਦ ਹੋ ਸਕਦੀ ਹੈ।

**ਘੱਟ ਲਾਗਤ ਵਾਲੇ ਟੀਕਿਆਂ ’ਤੇ ਮੋਹਰੀ:** ਕੁਝ ਦਹਾਕੇ ਪਹਿਲਾਂ ਭਾਰਤ ਵਿਚ, ਬਹੁਤ ਸਾਰੇ ਬੁਨਿਆਦੀ ਟੀਕੇ ਪ੍ਰਾਪਤ ਕਰਨਾ ਬੜਾ ਔਖਾ ਸੀ। ਉਹ ਲਗਭਗ ਸਾਰੇ ਵਿਦੇਸ਼ਾਂ ਤੋਂ ਆਯਾਤ ਕੀਤੇ ਜਾਂਦੇ ਸਨ। ਪਰ ਅੱਜ, ਭਾਰਤੀ ਨਿਰਮਾਤਾ ਟੀਕਿਆਂ ਦੀਆਂ ਕੀਮਤਾਂ ਨੂੰ ਘੱਟ ਕਰਨ ਅਤੇ ਉਹਨਾਂ ਨੂੰ ਨਾ ਸਿਰਫ ਭਾਰਤੀਆਂ, ਸਗੋਂ ਦੁਨੀਆਂ ਭਰ ਦੇ ਲੱਖਾਂ ਗਰੀਬ ਲੋਕਾਂ ਲਈ ਉਪਲਬਧ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇਸ ਪਰਿਵਰਤਨ ਦੇ ਨੇਤਾਵਾਂ ਵਿਚੋਂ ਇਕ ਪੁਣੇ ਵਿਚ ’ਸੀਰਮ ਇੰਸਟੀਚਿਊਟ’ ਹੈ। ਇਸ ਦੇ ਚੇਅਰਮੈਨ ਸਾਇਰਸ ਪੂਨਾਵਾਲਾ ਤੇ ਇਸ ਦੇ ਹੋਰ ਕਾਰਜਕਾਰੀ ਅਧਿਕਾਰੀ ਦਿਨ-ਰਾਤ ਕੰਮ ਕਰ ਰਹੇ ਹਨ। ਉਹਨਾਂ ਦਾ ਕੰਮ ਸਾਰੀ ਦੁਨੀਆਂ ਵਿਚ ਸਰਾਹਿਆ ਜਾਂਦਾ ਹੈ ਕਿਉਂਕਿ ਸੀਰਮ ਬਹੁਤ ਸਾਰੀਆਂ ਵੱਖ-ਵੱਖ ਬਿਮਾਰੀਆਂ ਲਈ ਉੱਚ-ਗੁਣਵੱਤਾ ਵਾਲੇ ਟੀਕੇ ਬਣਾਉਣ ਵਿਚ ਬਹੁਤ ਵਧੀਆ ਹੈ ਅਤੇ ਇਸ ਨੂੰ ਘੱਟ ਕੀਮਤ ’ਤੇ ਕਰ ਰਿਹਾ ਹੈ ਤਾਂ ਜੋ ਗਰੀਬ ਦੇਸ਼ ਇਹਨਾਂ ਨੂੰ ਬਰਦਾਸ਼ਤ ਕਰ ਸਕਣ।

ਸੀਰਮ ਹੌਲੀ-ਹੌਲੀ ਟੈਟਨਸ ਵਰਗੀਆਂ ਚੀਜ਼ਾਂ ਲਈ ਮੁਕਾਬਲਤਨ ਸਧਾਰਨ ਟੀਕੇ ਬਣਾਉਣ ਤੋਂ ਲੈ ਕੇ ਹੋਰ ਉਨਤ ਟੀਕੇ ਬਣਾਉਣ ਤੱਕ ਵਿਕਸਤ ਹੋਇਆ ਹੈ।

ਮੈਨਿਨਜਾਈਟਿਸ ਮਹਾਂਮਾਰੀ ਦੇ ਵਿਰੁੱਧ ਇਕ ਬਿਹਤਰ ਹਥਿਆਰ ਲਈ ਅਫ਼ਰੀਕੀ ਨੇਤਾਵਾਂ ਦੀ ਬੇਨਤੀ ਦੇ ਜਵਾਬ ਵਿਚ, ਸੀਰਮ ਨੇ ਮੈਨਿਨਜਾਈਟਿਸ-ਏ ਲਈ ਇਕ ਵੈਕਸੀਨ ਵਿਕਸਤ ਕੀਤੀ, ਖਾਸ ਤੌਰ ’ਤੇ ਗਰੀਬ ਦੇਸ਼ਾਂ ਲਈ ਬਣਾਈ ਗਈ ਪਹਿਲੀ ਵੈਕਸੀਨ ਹੈ। ਸੀਰਮ ਰੋਟਾਵਾਇਰਸ ਦੇ ਵਿਰੁੱਧ ਮਹੱਤਵਪੂਰਨ ਨਵੇਂ ਟੀਕੇ ਵਿਕਸਤ ਕਰ ਰਿਹਾ ਹੈ, ਜੋ ਦਸਤ ਅਤੇ ਉਲਟੀਆਂ ਦਾ ਕਾਰਨ ਬਣਦਾ ਹੈ ਜੋ ਹਰ ਸਾਲ ਗਰੀਬ ਦੇਸ਼ਾਂ ਵਿਚ ਲੱਖਾਂ ਬੱਚਿਆਂ ਦੀ ਮੌਤ ਕਰਦਾ ਹੈ।

ਸੀਰਮ ਵੈਕਸੀਨ ਦਾ ਵਿਸ਼ਵ ਦਾ ਸਭ ਤੋਂ ਉੱਚਾ ਆਵਾਜ਼ ਪ੍ਰਦਾਤਾ ਹੈ। ਇਹ ਬਹੁਤ ਉੱਚ ਗੁਣਵੱਤਾ, ਬਹੁਤ ਘੱਟ ਕੀਮਤ ’ਤੇ ਕਰਦਾ ਹੈ। ਇਹ ਵਿਕਾਸਸ਼ੀਲ ਅਤੇ ਨਵੇਂ ਉਦਯੋਗੀਕਰਨ ਵਾਲੇ ਦੇਸ਼ਾਂ ਵਿਚ ਨਵੀਨਤਾ ਦੀ ਸੰਭਾਵਨਾ ਦੀ ਇਕ ਵਧੀਆ ਉਦਾਹਰਣ ਹੈ। ਇਹ ਨਵੀਨਤਾ ਜੋ ਹਰ ਜਗ੍ਹਾ ਗਰੀਬ ਲੋਕਾਂ ਨੂੰ ਲਾਭ ਪਹੁੰਚਾ ਸਕਦੀ ਹੈ।

**ਕੋਵਿਡ ਵਾਇਰਸ ਦਾ ਟੀਕਾਕਰਨ:** ਭਾਰਤ ਨੇ 16 ਜਨਵਰੀ 2021 ਨੂੰ ਕੋਵਿਡ-19 ਟੀਕਿਆਂ ਦਾ ਪ੍ਰਬੰਧਨ ਸ਼ੁਰੂ ਕੀਤਾ। 1 ਅਗਸਤ 2022 ਤੱਕ ਭਾਰਤ ਨੇ ਮੌਜੂਦਾ ਪ੍ਰਵਾਨਿਤ ਟੀਕਿਆਂ ਦੀਆਂ ਪਹਿਲੀ, ਦੂਜੀ ਅਤੇ ਸਾਵਧਾਨੀ (ਬੂਸਟਰ) ਖੁਰਾਕਾਂ ਸਮੇਤ ਕੁੱਲ ਮਿਲਾ ਕੇ 2.04 ਬਿਲੀਅਨ ਖ਼ੁਰਾਕਾਂ ਦਾ ਪ੍ਰਬੰਧਨ ਕੀਤਾ ਹੈ। ਭਾਰਤ ਵਿਚ 94 ਫੀਸਦੀ ਯੋਗ ਆਬਾਦੀ (12+) ਨੇ ਘੱਟੋ ਘੱਟ ਇਕ ਸ਼ਾਟ ਪ੍ਰਾਪਤ ਕੀਤੀ ਹੈ ਅਤੇ ਯੋਗ ਆਬਾਦੀ ਦਾ 86 ਫੀਸਦੀ (12+) ਪੂਰੀ ਤਰ੍ਹਾਂ ਟੀਕਾਕਰਨ ਕੀਤਾ ਗਿਆ ਹੈ। ’ਦਿਲ ਲੈਂਸੇਟ) ਵਿਚ ਪ੍ਰਕਾਸ਼ਿਤ ਜੂਨ 2022 ਦੇ ਇਕ ਅਧਿਐਨ ਦੇ ਅਨੁਸਾਰ ਭਾਰਤ ਵਿਚ ਕੋਵਿਡ-19 ਟੀਕਾਕਰਨ ਨੇ 8 ਦਸੰਬਰ 2020 ਤੋਂ 8 ਦਸੰਬਰ 2021 ਤੱਕ ਵਾਧੂ 4.2 ਮਿਲੀਅਨ ਮੌਤਾਂ ਨੂੰ ਰੋਕਿਆ ਹੈ।

**ਸੁਨਹਿਰੀ ਚਤੁਰਭੁਜ ਪ੍ਰੋਜੈਕਟ:** 2001 ਵਿਚ, ਵਾਜਪਾਈ ਸਰਕਾਰ ਨੇ ਗੋਲਡਨ ਚਤੁਰਭੁਜ ਦੀ ਸ਼ੁਰੂਆਤ ਕੀਤੀ। ਭਾਰਤ ਵਿਚ ਸਭ ਤੋਂ ਵੱਡਾ ਹਾਈਵੇਅ ਪ੍ਰੋਜੈਕਟ ਦਿੱਲੀ, ਮੁੰਬਈ, ਚੇਨਈ ਅਤੇ ਕੋਲਕਾਤਾ ਦੇ ਚਾਰ ਵੱਡੇ ਸ਼ਹਿਰਾਂ ਨੂੰ ਜੋੜਦਾ ਹੈ।

**ਤਿੰਨ ਤਲਾਕ ਰੱਦ ਕਰਨਾ:** ਸੁਪਰੀਮ ਕੋਰਟ ਨੇ ਤੁਰੰਤ ’ਤਿੰਨ ਤਲਾਕ’ ਜਾਂ ’ਤਲਾਕ-ਏ-ਬਿੱਦਤ’ ਦੀ ਪ੍ਰਥਾ ਨੂੰ ਰੱਦ ਕਰ ਦਿੱਤਾ ਜਿਸ ਵਿਚ ਮੁਸਲਮਾਨ ਮਰਦ ਆਪਣੀਆਂ ਪਤਨੀਆਂ ਨੂੰ ਲਗਾਤਾਰ ਤਿੰਨ ਵਾਰ ਤਲਾਕ ਦੇ ਕੇ ਤਲਾਕ ਦਿੰਦੇ ਸਨ।

**ਜੰਮੂ ਕਸ਼ਮੀਰ ਦੀ ਵੰਡ ਅਤੇ ਵਿਸ਼ੇਸ਼ ਦਰਜੇ ਦਾ ਅੰਤ:** 6 ਅਗਸਤ 2019 ਨੂੰ, ਸੰਸਦ ਨੇ ਜੰਮੂ ਅਤੇ ਕਸ਼ਮੀਰ ਨੂੰ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਦੋ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿਚ ਵੰਡਣ ਵਾਲਾ ਇਕ ਬਿਲ ਪਾਸ ਕੀਤਾ ਅਤੇ ਧਾਰਾ 370 ਦੇ ਤਹਿਤ ਰਾਜ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਦਾ ਮਤਾ ਵੀ ਪਾਸ ਕੀਤਾ।

**ਸਹਿਯੋਗ ਦੁਆਰਾ ਤਰੱਕੀ ਪ੍ਰਾਪਤ ਕਰਨਾ:** ਭਾਰਤ ਸਰਕਾਰ ਸਿਹਤ ਸੇਵਾਵਾਂ ਵਿਚ ਸਰਕਾਰੀ ਨਿਵੇਸ਼ ਨੂੰ ਵਧਾਉਣ ਲਈ ਵਚਨਬੱਧ ਹੈ, ਜੋ ਅਸਲ ਵਿਚ ਸਿਹਤ ਸੇਵਾਵਾਂ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕਰ ਰਿਹਾ ਹੈ ਅਤੇ ਲੰਮੇ ਸਮੇਂ ਤੱਕ ਵੱਡੇ ਆਰਥਿਕ ਲਾਭਾਂ ਦਾ ਭੁਗਤਾਨ ਕਰਦਾ ਰਹੇਗਾ।

ਇਹ ਦੇਖਣ ਵਿਚ ਆਇਆ ਹੈ ਕਿ ਅਮਰੀਕਾ ਅਤੇ ਹੋਰ ਬਹੁਤ ਸਾਰੇ ਵਿਕਸਤ ਦੇਸ਼ਾਂ ਨਾਲ ਮਿਲ ਕੇ ਕੰਮ ਕਰਨ ਨਾਲ ਵਿਕਾਸ ਵਿਚ ਤੇਜੀ ਅਤੇ ਮਜ਼ਬੂਤੀ ਆਈ ਹੈ। ਬਿਹਾਰ, ਉਤਰ ਪ੍ਰਦੇਸ਼ ਤੇ ਦੇਸ਼ ਦੇ ਹੋਰ ਕਈ ਰਾਜਾਂ ਦੀਆਂ ਗਤੀਸ਼ੀਲ ਸਰਕਾਰਾਂ ਨੇ ਆਪਣੇ ਗਰੀਬ ਰਾਜਾਂ ਵਿਚ ਅੱਗੇ ਵਧਣ ਵਿਚ ਬਹੁਤ ਕੰਮ ਕੀਤਾ ਹੈ ਤੇ ਹੁਣ ਵੀ ਕੰਮ ਕਰ ਰਹੀਆਂ ਹਨ।

ਬਿਹਾਰ ਦੀ ਸਰਕਾਰ ਨੇ ਖੇਤੀ ਉਤਪਾਦਕਤਾ ਤੇ ਹੋਰ ਕਈ ਖੇਤਰਾਂ ਵਿਚ ਸ਼ਾਨਦਾਰ ਕੰਮ ਕੀਤਾ ਹੈ ਤੇ ਸਿਹਤ ਦੇ ਖੇਤਰ ਵਿਚ ਵੀ ਬਹੁਤ ਸੁਧਾਰ ਕੀਤਾ ਹੈ।

ਬਿਹਾਰ ਰਾਜ ਦੀ ਮਾਵਾਂ ਦੀ ਮੌਤ ਦਰ ਭਾਰਤ ਵਿਚ ਸਭ ਤੋਂ ਵੱਧ ਸੀ ਪਰ ਹੁਣ ਬਾਹਰਲੀਆਂ ਗੈਰ ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਨਾਲ ਬਿਹਾਰ ਦੇਸ਼ ਦੀ ਸਭ ਤੋਂ ਵੱਡੀ ਸਫਲਤਾ ਦੀਆਂ ਕਹਾਣੀਆਂ ਵਿਚੋਂ ਇਕ ਬਣ ਗਿਆ ਹੈ ਜਿਵੇਂ ਕਿ ਦੇਸ਼ ਵਿਚ ਪੋਲੀਓ ਤੇ ਪਿਛਲੇ ਸਮੇਂ ਦੌਰਾਨ ਐਚ. ਆਈ. ਵੀ./ਏਡਜ਼ ਨਾਲ ਮਿਲ ਕੇ ਕੰਮ ਕਰਨ ਨਾਲ ਸਫਲਤਾ ਪ੍ਰਾਪਤ ਕੀਤੀ ਗਈ ਹੈ। ਇਹ ਚੰਗਾ ਹੈ, ਜੋ ਹੋ ਸਕਦਾ ਹੈ, ਜਦੋਂ ਸਹਾਇਤਾ ਦਾਨ ਕਰਨ ਵਾਲੇ ਅਤੇ ਸਰਕਾਰਾਂ ਹੱਥ ਮਿਲਾ ਕੇ ਕੰਮ ਕਰਨ।

ਇਹ ਉਕਤ ਭਾਰਤ ਦੀ ਆਜ਼ਾਦੀ ਤੋਂ ਬਾਅਦ ਦੀਆਂ 75 ਸਾਲਾਂ ਦੀਆਂ ਸਾਡੀਆਂ ਵੱਡੀਆਂ ਸੰਭਾਵਨਾਵਾਂ ਦੀਆਂ ਉਜਵਲ ਕੁਝ ਕੁ ਉਦਾਹਰਣਾਂ ਹਨ। ਇਨ੍ਹਾਂ ਤੋਂ ਇਲਾਵਾ ਭਾਰਤ ਦੀਆਂ ਹੋਰ ਵੀ ਬੜੀਆਂ ਹਰ ਖੇਤਰ ਦੀਆਂ ਮਹਾਨ ਉਪਲਬਧੀਆਂ ਹਨ, ਜਿਹਨਾਂ ਨੂੰ ਇਸ ਛੋਟੇ ਜਿਹੇ ਲੇਖ ਵਿਚ ਵਰਣਨ ਕਰਨਾ ਕਠਿਨ ਹੈ। ਮੰਗਲਯਾਨ ਹੋਵੇ ਜਾਂ ਯੋਗਾ, ਉਲੰਪਿਕ, ਸੁੰਦਰਤਾ ਮੁਕਾਬਲੇ ਜਾਂ ਸਿਹਤ ਸੇਵਾਵਾਂ, ਭਾਰਤ ਲਗਾਤਾਰ ਰਿਕਾਰਡ ਤੋੜ ਰਿਹਾ ਹੈ ਅਤੇ ਇਤਿਹਾਸ ਰਚ ਰਿਹਾ ਹੈ। ਪ੍ਰਫੁੱਲਿਤ ਸਭਿਆਚਾਰਾਂ ਅਤੇ ਵਿਸ਼ਵਾਸਾਂ ਦੇ ਨਾਲ, ਭਾਰਤ ਅੱਗੇ ਵਧਦਾ ਜਾ ਰਿਹਾ ਹੈ।

ਇੱਕਜੁਟ ਹੋ ਕੇ ਸਫਲਤਾ ਦੀਆਂ ਉਚਾਈਆਂ ਵੱਲ ਵੱਧ ਰਿਹਾ ਹੈ। ਭਵਿੱਖ ਦੇ ਆਉਣ ਵਾਲੇ ਥੋੜ੍ਹੇ ਸਾਲਾਂ ਦੌਰਾਨ ਹੀ ਭਾਰਤ ਦੁਨੀਆਂ ਦੀ ਇਕ ਵੱਡੀ ਪ੍ਰਥਮ ਸ਼ਕਤੀ ਬਣ ਕੇ ਉਭਰੇਗਾ। ਇਸ ਟੀਚੇ ’ਤੇ ਪਹੁੰਚਣ ਲਈ ਭਾਰਤ ਨੂੰ ਸ਼ੁਭ ਇੱਛਾਵਾਂ ਦਿੰਦਾ ਹਾਂ।




# ਪੰਜਾਬੀ ਫ਼ਿਲਮ ਦਰਪਣ

### ਕੌਮ ਦੇ ਹੀਰੇ ਰਾਜ ਕਾਕੜਾ ਜਿਹੇ ਚਾਹੀਦੇ



ਗਾਉਣਾ ਉਹ ਜਿਸਦਾ ਕੋਈ ਅਰਥ ਹੋਏ, ਪੰਜਾਬ ਨਾਲ ਜਿਸਦਾ ਕੋਈ ਸਰੋਕਾਰ ਹੋਵੇ ਤੇ ਰਾਜ ਕਾਕੜਾ ਗੀਤਕਾਰ ਬਣ ਅਜਿਹੇ ਗੀਤ ਰਚਦਾ ਰਿਹੈ ਚਾਹੇ ਦਿਲਾਂ ਦੀਆਂ 'ਦਿਲਦ-ਾਰੀਆਂ' ਹੋਣ ਤੇ ਗਾਇਕ ਬਣ ਪੰਥ 'ਸਿੱਖੀ-ਸਰਦਾਰੀ ਦੀ ਸ਼ਾਨ ਦੇ ਨਾਲ 'ਮੇਰਾ ਪੰਜਾਬ ਮੇਰੀ ਜਾਨ' ਉਸ ਲਈ ਤੇ ਐਕਟਰ ਬਣ 'ਕੌਮ ਦੇ ਹੀਰੇ' 'ਚ ਬੇਅੰਤ-ਸਿੰਘ -ਸਤਵੰਤ ਸਿੰਘ' ਚੇਤੇ ਕਰਵਾਏ 'ਰਾਜ ਕਾਕੜਾ ਦੇਸ਼-ਵਿਦੇਸ਼ ਪੰਜਾਬੀ 'ਕੌਮ ਦਾ ਹੀਰਾ' ਬਣ ਗੀਤਕਾਰੀ-ਗਾਇਕੀ ਤੇ ਅਭਿਨੈ ਵਿਚਰਦਾ ਰਹੇ।

### ਗੁੱਗੂ ਗਿੱਲ 'ਜੱਟ ਜਿਉਣਾ ਮੌੜ'



ਤਿਆਰ ਹੋ, ਅਗਲੇ ਮਹੀਨਿਆਂ ਦੌਰਾਨ ਅੱਜ ਦੀ ਪੀੜੀ ਗੁੱਗੂ ਗਿੱਲ ਦੀ ਨਵੀਂ ਫਿਲਮ 'ਜੱਟ ਜਿਉਣਾ ਮੌੜ' ਦੇਖੇਗੀ। ਇਕਬਾਲ ਢਿੱਲੋਂ ਨੇ ਪੋਸਟਰ ਜਾਰੀ ਕੀਤਾ ਹੈ । ਰਵਿੰਦਰ ਰਵੀ ਦੇ ਨਿਰਦੇਸ਼ਨ 'ਚ ਬਣੀ ਇਹ ਇਤਿਹਾਸਕ ਐਕਸ਼ਨ ਫ਼ਿਲਮ ਸਤਿੰਦਰ ਸੱਤੀ ਅਨੁਸਾਰ ਸਦਕੇ ਜਾਵਾ ਧਮਾਲ ਪਾਏਗੀ, ਇਹ ਹੈ ਲੱਖ ਦੀ ਗੱਲ।

### ਚਲੋ ਸਾਇਮਾ ਨੂਰ ਕੋਲ



ਸਾਡੇ ਦਰਸ਼ਕ ਪਾਕਿਸਤਾਨੀ ਪੰਜਾਬੀ ਫਿਲਮਾਂ ਦੇ ਵੀ ਦਿਵਾਨੇ ਹਨ ਤੇ ਉਥੋਂ ਦੀ ਨਰਗਿਸ, ਹੇਮਾ ਮਾਲਿਨੀ, ਕਰੀਨਾ ਕਪੂਰ ਹੈ ਅਭਿਨੇਤਰੀ ਸਾਇਮਾ ਨੂਰ ਤੇ ਸਾਇਮਾ ਨੂਰ ਦੀ ਸੁਲਤਾਨ ਰਾਹੀ ਤੇ ਸ਼ਾਨ ਨਾਲ ਜੋੜੀ ਕੁਰਬਾਨ ਜਾਵਾਂ ਲਾਲੀਵੁੱਡ ਦੀ ਕਾਮਯਾਬ ਜੋੜੀ ਹੈ।

### ਅਮਰ ਨਿਮਾਣਾ ਨਿ-ਰਦੇਸ਼ਕ ਬਣਿਆ



ਪਹਿਲਾਂ ਗੀਤਕਾਰ ਗਾਇਕ ਰਿਹਾ ਅਮਰ ਨਿਮਾਣਾ ਤੇ ਭੂਸ਼ਨ ਮਦਾਨ ਦੀ ਨਵੀਂ ਫ਼ਿਓਮਪ;ਲਮ ਲਈ ਗੀਤ ਉਸਨੇ ਲਿਖੇ ਤੇ ਫਿਰ ਗਾਇਕ ਬਣ ਮਾਝੇ ਦੇ ਮੇਲਿਆਂ ਦਾ ਸ਼ਿੰਗਾਰ ਰਿਹਾ। ਹੁਣ ਟੀ.ਸੀਰੀਜ ਜਿਹੀ ਪ੍ਰਮੁੱਖ ਕੰਪਨੀ, ਅੰਮ੍ਰਿਤਾ ਵਿਰਕ, ਸੁਰਿੰਦਰ ਛਿੰਦਾ ਸਮੇਤ ਉੱਘੇ ਕਲਾਕਾਰਾਂ ਦੇ ਵੀਡਿਓ ਨਿਰਦੇਸ਼ਤ ਕੀਤੇ ਤੇ ਹੁਣ ਗਿੰਨੀ ਗਿੱਲ ਨੂੰ ਲੈ ਕਿ ਲੱਘੂ ਫ਼ਿਲਮਾਂ ਕਰ ਰਿਹਾ ਹੈ। ਲਲਿਤ ਨਾਲ ਯੂ.ਕੇ ਜਾ ਕਿ ਨਵੀਂ ਫ਼ਿਲਮ ਡਾਇਰੈਕਟ ਕਰੇਗਾ।

### ਦੇਵ ਅਨੰਦ ਐਵਾਰਡ ਗੁਰਦੀਪ ਸੰਧੂ ਨੂੰ

ਸਭ ਤੋਂ ਰੋਮਾਂਟਿਕ ਹੀਰੋ ਦੇਵਅਨੰਦ ਸਨ ਤੇ ਅੱਜ ਟੀ.ਵੀ. ਸਟਾਰ ਗੁਰਦੀਪ ਸੰਧੂ ਨੇ ਤੇ ਸੁਰ ਸੰਗਮ ਕਲਾਂ ਕੇਂਦਰ ਨੇ ਸ਼ਿਵ ਬਟਾਲਵੀ ਹਾਲ ਬਟਾਲਾ ਵਿਖੇ ਗਾਇਕ ਸਵਰਨ ਯਮਲਾ ਹੱਥੋਂ ਉਹਨਾਂ ਨੂੰ 'ਦੇਵ ਅਨੰਦ ਐਵਾਰਡ' ਨਾਲ ਸਨਮਾਨਿਤ ਕਰਵਾਇਆ। ਸਦਕੇ ਜਾਵਾਂ ਪ੍ਰਬੰਦਕਾਂ ਦੇ।




## ਦੋਗਾਣਾ ਗਾਇਕੀ ਦੇ ਰਾਜਾ ਰਾਣੀ ਨੇ ਸਰਬਜੀਤ ਬੁੱਗਾ ਤੇ ਮਨਪ੍ਰੀਤ ਬੁੱਗਾ

ਅੱਜ ਤੋਂ ਬਾਰਾਂ ਸਾਲ ਪਹਿਲਾਂ ਕੈਸਟ ਆਈ ਸੀ "ਵਾਜਾਂ ਆਓਣ ਸਪੀਕਰ ਚੋਂ" ਤੇ ਇਸ ਕੈਸਟ ਨੇ ਗਾਇਕ ਸਰਬਜੀਤ ਬੁੱਗਾ ਨੂੰ ਰਾਤੋ ਰਾਤ ਸਟਾਰ ਗਾਇਕ ਦਾ ਰੁਤਬਾ ਦਿਵਾ ਦਿੱਤਾ ਸੀ। ਤਕਰੀਬਨ 20 ਸਾਲ ਤੋਂ ਕਈ ਗਾਇਕ ਆਏ ਦੋਗਾਣਾ ਗਾਇਕੀ ਵਿੱਚ ਤੇ ਕਈ ਗਏ ਤੇ ਆ ਰਹੇ ਨੇ ਪਰ ਸਰਬਜੀਤ ਬੁੱਗਾ ਤੇ ਮਨਪ੍ਰੀਤ ਕੌਰ ਬੁੱਗਾ ਦੀ ਦੋਗਾਣਾ ਜੋੜੀ ਟੀਸੀ ਵਾਲੇ ਬੇਰ ਦੀ ਤਰਾਂ ਅੱਟਲ ਤੇ ਕਾਮਯਾਬ ਹੈ। ਅੰਮ੍ਰਿਤਸਰ ਨਾਲ ਆਮ ਪਰਿਵਾਰ ਤੋਂ ਸੰਬੰਧਿਤ



ਬੁੱਗਾ ਨੇ ਜਸਦੇਵ ਯਮਲਾ, ਰਛਪਾਲ ਰਸੀਲਾ ਸਭ ਨੂੰ ਸੀਨੀਅਰ ਮੰਨ ਕਿ ਓਹਨਾਂ ਤੋਂ ਬਹੁਤ ਕੁੱਝ ਸਿੱਖਿਆ ਹੈ।ਦੋਗਾਣੇ ਜੋੜੀ ਲਈ ਗਾਇਕਾ ਨਾਲ ਤਾਲਮੇਲ ਜਰੂਰੀ ਏ ਤੇ ਬੁੱਗਾ ਦਾ ਅਜਿਹਾ ਤਾਲਮੇਲ ਮਨਪ੍ਰੀਤ ਬੁੱਗਾ ਨਾਲ ਕਿ ਪਤੀ ਪਤਨੀ ਵਿੱਚ ਬਦਲੇ ਇਸ ਰਿਸ਼ਤੇ ਨੇ ਜੋੜੀ ਦੇ ਧਾਗੇ ਪੱਕੇ ਕਰ ਦਿੱਤੇ। "ਮਾਹੀ ਦੇ ਸ਼ਗਨ ਮਨਾਉਂਦੀ ਸੀ" "ਜੱਟ ਰੋਕਿਆ" ਬਾਅਦ ਓਸ ਨੇ "ਸਾਹੇ ਚਿੱਠੀ" ਐਲਬਮ ਉਤਾਰੀ ਤੇ ਇਸ ਨਾਲ ਇਹ ਜੋੜੀ ਸ਼ਿਖਰਾਂ ਨੂੰ ਛੂਹਣ ਲੱਗੀ।ਦੋਵੇਂ ਰੋਜ਼ਾਨਾ ਸੰਗੀਤ ਦਾ ਰਿਆਜ਼ ਕਰਦੇ ਹਨ।" ਤਿੰਨ ਮੰਜ਼ਿਲਾ ਚੌਬਾਰਾ" "ਤੇਰਾ ਘੇਰਨਾ ਟਰੈਕਟਰ" ਤੇ " "ਜਾਨ ਜਾਨ " ਦੋਗਾਣਿਆਂ ਨਾਲ ਇਹ ਜੋੜੀ ਸਫਲਤਾ ਦੇ ਪੈਰ ਚੁੰਮਦੀ, ਸੱਭਿਆਚਾਰਕ ਮੇਲਿਆਂ ਤੇ ਖੁਸੀਆਂ ਦੇ ਵਿਆਹਾਂ ਵਿੱਚ ਵਿਚਰਦੀ ਨਵੇਂ ਨਵੇਂ ਗੀਤਾਂ ਨਾਲ ਲੋਕ ਮਨੋਰੰਜਨ ਕਰਦੀ ਰਹੀ ਹੈ।"ਪੋਹ ਦੇ ਮਹੀਨੇ "ਰੱਜ ਰੱਜ ਪਿਆਰ" "ਲੰਬੜਾਂ ਦੀ ਨੂੰਹ ਰੁੱਸਗੀ " ਟੇਪ, ਸੀ ਡੀ ਨਾਲ ਗਾਇਕ ਜੋੜੀ ਨੇ ਖ਼ੂਬ ਨਾਮ ਕਮਾਇਆ ਹੈ। ਦੱਸ ਸਾਲ ਤੋਂ ਓਹ ਮਾਤਾ ਦੇ ਜਾਗਰਣ ਵੀ ਕਰ ਰਹੇ ਹਨ।"ਮੁੰਡੇ ਕਹਿੰਦੇ ਲੱਡੂ ਵੰਢਣੇ" "ਵੰਗ" ਹਿੱਟ ਦੋਗਾਣੇ ਗਾ ਚੁੱਕੀ ਇਹ ਗਾਇਕ ਜੋੜੀ ਹੁਣ ਈ ਪੀ ਯੁੱਗ ਵਿਚ ਐਲਬਮ " ਬਟੂਆ ਲਿਆਈ ਹੈ ਤੇ ਇਸਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ। ਸਰਬਜੀਤ ਬੁੱਗਾ ਤੇ ਮਨਪ੍ਰੀਤ ਦਾ ਬੇਟਾ ਐਸ ਪੀ ਬੁੱਗਾ ਵੀ ਗਾ ਰਿਹਾ ਏ ਤੇ ਓਸ ਦਾ ਗੀਤ "ਨਾਭੀ ਪੱਗ" ਇਸ ਜੋੜੀ ਨੇ ਵਡਾਲੀ ਸਾਬ ਤੋ ਜ਼ਾਰੀ ਕਰਵਾਇਆ ਹੈ। ਹਰਪਾਲ ਠੱਠੇ ਵਾਲਾ, ਬਲਕਾਰ ਅਣਖੀਲਾ ਨਾਲ ਸਿਹਤਮੰਦ ਗਾਇਕੀ ਮੁਕਾਬਲੇ ਵਿੱਚ ਇਹ ਜੋੜੀ ਸ਼ਿਖਰ ਤੇ ਹੈ।ਸਰਬਜੀਤ ਬੁੱਗਾ ਦੀ ਖਾਹਿਸ਼ ਕਿਸੇ ਪੰਜਾਬੀ ਫ਼ਿਲਮ ਵਿੱਚ ਕਮੇਡੀ ਗਾਇਕ ਦਾ ਕਿਰਦਾਰ ਕਰਨ ਦੀ ਹੈ ਜਦ ਕਿ ਮਨਪ੍ਰੀਤ ਬੁੱਗਾ ਦੀ ਤਮੰਨਾ ਫਿਲਮੀ ਗਾਇਕੀ ਹੈ। ਸ਼ੌਂਕ ਯਾਰਾਂ ਨਾਲ ਯਾਰਾਨੇ ,ਕਦੇ ਕਦੇ ਤਾਸ਼ ਦੇ ਪੱਤੇ ਖੇਡਣੇ ਤੇ ਹਰ ਸਾਲ ਆਪਣੇ ਪਿੰਡ ਮੇਲਾ ਕਰਵਾਉਣਾ ਤੇ ਬੱਸ ਅੱਡੇ ਅੰਮ੍ਰਿਤਸਰ ਵਿਖੇ ਸਲਾਨਾ ਪੀਰਾਂ ਦੇ ਸੱਭਿਆਚਾਰਕ ਮੇਲੇ ਵਿੱਚ ਹਾਜ਼ਰੀ ਓਹ ਜਰੂਰ ਲਾਉਂਦਾ ਹੈ। ਜਦ ਤੱਕ ਦੁਨੀਆਂ ਦੋਗਾਣੇ ਰਹਿਣਗੇ ਤੇ ਲੋਕ ਅੱਗੇ ਅੱਗੇ ਸਰਬਜੀਤ ਬੁੱਗਾ ਨੂੰ ਸੁਣਦੇ, ਵਾਹਾ ਆਖਦੇ ਰਹਿਣਗੇ ਆਮੀਨ। ਤੇ ਹਾਂ ਆ ਰਹੇ ਵਕਤ ਵਿੱਚ ਗਾਇਕੀ ਦੇ ਨਾਲ ਨਾਲ ਓਹ ਰਾਜਨੀਤੀ ਵਿੱਚ ਵੀ ਆਏਗਾ ਤੇ ਹੁਣ ਵੀ ਓਹ ਰਾਜਨੀਤੀ ਵਿੱਚ ਸਰਗਰਮ ਹੈ।

**ਪੇਸ਼ਕਸ਼- ਅੰਮ੍ਰਿਤ ਪਵਾਰ**

## ਅੱਗ ਨੇ ਅੱਗ ਬੁਝਾਈ ਕਦ ਹੈ?

ਅੱਗ ਨੇ ਅੱਗ ਬੁਝਾਈ ਕਦ ਹੈ?
ਜਾਂ ਫਿਰ ਠੰਢਕ ਪਾਈ ਕਦ ਹੈ?

ਤੇਰੀ ਝੂਠ ਅਦਾਲਤ ਅੰਦਰ
ਸੱਚ ਦੀ ਦੱਸ ਸੁਣਵਾਈ ਕਦ ਹੈ?

ਲੋਕਾ ਤੰਤਰ ਨਾਂ ਦਾ ਹੀ ਬਸ
ਲੋਕਾ ਮੱਤ ਪੁਗਾਈ ਕਦ ਹੈ?

ਮੂੰਹੋਂ ਤਾਂ ਸਭ ਮੰਨਿਆ ਆਖੇਂ
ਛੱਡੀ ਪਰ ਅੜਵਾਈ ਕਦ ਹੈ?

ਰਾਜ ਤੇਰੇ ਵਿਚ ਜਨਤਾ ਰੋਵੇ
ਮੈਨੂੰ ਦੱਸ ਮੁਸਕਾਈ ਕਦ ਹੈ?

ਜੁਮਲੇ ਜਿੰਨੇ ਮਰਜ਼ੀ ਸੁਣਲੋ
ਚੱਜ ਦੀ ਬਾਤ ਸੁਣਾਈ ਕਦ ਹੈ?

ਜੋ ਧਰਮਾਂ ਦੇ ਨਾਂ ਤੇ ਪੁੱਟੀ
ਭਰਨੀ ਦਸ ਦੇ ਖਾਈ ਕਦ ਹੈ?

ਜਿਸਨੂੰ ਪੜ੍ਹਕੇ ਸਭ ਖੁਸ਼ ਲੱਗਣ
ਤੂੰ ਉਹ ਚਿੱਠੀ ਪਾਈ ਕਦ ਹੈ?

**ਹਰਦੀਪ ਬਿਰਦੀ**
9041600900



## ਨਿੱਕੀਆਂ ਕਰੂੰਬਲਾਂ ਬਚਪਨ ਨੂੰ ਸ਼ਿੰਗਾਰਦੀਆਂ ਅਤੇ ਸੰਵਾਰਦੀਆਂ ਨੇ - ਰਾਜਿੰਦਰ ਸਿੰਘ ਫਲੋਰਾ

ਮਾਹਿਲਪੁਰ (ਹਰਵੀਰ ਮਾਨ) ਨਿੱਕੀਆਂ ਕਰੂੰਬਲਾਂ ਬਚਪਨ ਨੂੰ ਸੰਵਾਰਦੀਆਂ ਅਤੇ ਸ਼ਿੰਗਾਰਦੀਆਂ ਹਨ। ਇਹ ਵਿਚਾਰ ਇੰਗਲੈਂਡ ਦੇ ਉੱਘੇ ਕਹਾਣੀਕਾਰ ਰਾਜਿੰਦਰ ਸਿੰਘ ਫਲੋਰਾ ਨੇ ' ਬਾਲ ਸਾਹਿਤ ਦੀ ਮਹੱਤਤਾ' ਵਿਸ਼ੇ ਤੇ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਾਹਿਲਪੁਰ ਵੱਲੋਂ ਕਰਵਾਏ ਇੱਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਆਖੇਲ ਉਹਨਾਂ ਅੱਗੇ ਕਿਹਾ ਕਿ ਬਾਲ ਰਸਾਲਾ ਨਿੱਕੀਆਂ ਕਰੂੰਬਲਾਂ ਪਿਛਲੇ 28 ਸਾਲ ਤੋਂ ਬਲਜਿੰਦਰ ਮਾਨ ਦੀ ਸਿਰੜ, ਮਿਹਨਤ ਅਤੇ ਲਗਨ ਸਦਕਾ ਨਿਰੰਤਰ ਪ੍ਰਕਾਸ਼ਿਤ ਹੋਣ ਕਰਕੇ ਇੰਡੀਆ ਬੁਕ ਆਫ ਰਿਕਾਰਡਸ ਵਿੱਚ ਦਰਜ ਹੋ ਚੁੱਕਾ ਹੈ। ਮਾਹਿਲਪੁਰ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਥੋਂ ਛਪਦਾ ਬਾਲ ਰਸਾਲਾ ਪੂਰੀ ਦੁਨੀਆ ਵਿੱਚ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਇਸ ਰਸਾਲੇ ਦੇ ਪਾਠਕ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਹਨ। ਜਿਹੜੇ ਵਿਦਿਆਰਥੀ ਇਸ ਰਸਾਲੇ ਦੇ ਪਾਠਕ ਹਨ ਉਹ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਪ੍ਰਾਪਤ ਕਰ ਰਹੇ ਹਨ। ਇਸ ਕਾਰਜ ਵਾਸਤੇ ਬਲਜਿੰਦਰ ਮਾਨ ਅਤੇ ਨਿੱਕੀਆਂ ਕਰੂੰਬਲਾਂ ਪਰਿਵਾਰ ਵਧਾਈ ਦਾ ਹੱਕਦਾਰ ਹੈ। ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਉੱਘੇ ਚਿੱਤਰਕਾਰ ਅਤੇ ਸਾਹਿਤਕਾਰ ਬੁੱਧ ਸਿੰਘ ਨਡਾਲੋਂ, ਪ੍ਰਿੰ. ਸੁਰਿੰਦਰ ਪਾਲ ਸਿੰਘ ਪਰਦੇਸੀ, ਸਾਹਿਤਕਾਰ ਅਮਰੀਕ ਸਿੰਘ ਦਿਆਲ, ਕਵਿਤਰੀ ਅਮਰਜੀਤ ਕੌਰ ਅਮਰ, ਪ੍ਰਿੰਸੀਪਲ ਰੋਹਤਾਸ਼ ਅਤੇ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਸਮਾਜ ਭਲਾਈ ਦੇ ਇਸ ਕਾਰਜ ਵਿੱਚ ਸਾਨੂੰ ਸਭ ਨੂੰ ਆਪੋ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਖਾਸ ਕਰਕੇ ਅਧਿਆਪਕਾਂ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਹੱਥ ਅਜਿਹੇ ਬਾਲ ਰਸਾਲੇ ਜ਼ਰੂਰ ਦੇਣੇ ਚਾਹੀਦੇ ਹਨ। ਜਿਹੜੇ ਉਹਨਾਂ ਦੇ ਜੀਵਨ ਨੂੰ ਉਚੇਰੀਆਂ ਕਦਰਾਂ ਕੀਮਤਾਂ ਨਾਲ ਲੈਸ ਕਰਦੇ ਹਨ। ਇਸ ਮੌਕੇ ਸਾਹਿਤਕਾਰ ਰਘੁਬੀਰ ਸਿੰਘ ਕਲੋਆ, ਪ੍ਰੋਫੈਸਰ ਅਜੀਤ ਲੰਗੇਰੀ, ਪਰਮਜੀਤ ਕਾਤਿਬ ਅਤੇ ਬੱਬੂ ਮਾਹਿਲਪੁਰੀ ਨੇ ਕਿਹਾ ਕਿ ਬਾਲ ਸਾਹਿਤ ਨੂੰ ਜੀਵਨ ਵਿੱਚੋਂ ਕਦੀ ਵੀ ਮਨਫੀ ਨਹੀਂ ਕੀਤਾ ਜਾ ਸਕਦਾ। ਸੁਖਮਨ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਕਿਹਾ ਕਿ ਜੇਕਰ ਉਹ ਅੱਜ ਕਲਾ ਜਗਤ ਵਿੱਚ ਮਸ਼ਹੂਰੀਆਂ ਖੱਟ ਰਿਹਾ ਹੈ ਤਾਂ ਉਹ ਸਾਰਾ ਕੁਝ ਨਿੱਕੀਆਂ ਕਰੂੰਬਲਾਂ ਦੀ ਦੇਣ ਸਦਕਾ ਹੈ।



ਸੈਮੀਨਾਰ ਮੌਕੇ ਕਲਾਕਾਰ ਵਿਦਿਆਰਥੀਆਂ ਵੱਲੋਂ ਆਪਣੀਆਂ ਕਲਾਤਮਕ ਵੰਨਗੀਆਂ ਵੀ ਪੇਸ਼ ਕੀਤੀਆਂ ਗਈਆਂ ਇਸ ਮੌਕੇ ਪ੍ਰਿੰ. ਮਨਜੀਤ ਕੌਰ,ਰਵਿੰਦਰ ਬੰਗੜ, ਦਵਿੰਦਰ ਬੱਬੂ, ਨੀਲ ਕਮਲ, ਅਵਤਾਰ ਸਿੰਘ ਚਾਣਥੂ ਜੱਟਾਂ, ਰਮੇਸ਼ ਬੇਧੜਕ, ਚੈਂਚਲ ਸਿੰਘ ਬੈਂਸ , ਇਕਾਈ ਸਕੱਤਰ ਜੀਵਨ ਚੰਦੇਲੀ, ਸਰਬਜੀਤ ਸਿੰਘ,ਜਸਬੀਰ ਬੇਗਮਪੁਰੀ, ਹਰਮਨਪ੍ਰੀਤ ਕੌਰ, ਨਿਧੀ ਅਮਨ ਸਹੋਤਾ, ਹਰਵੀਰ ਮਾਨ, ਪਵਨ ਸਕਰੂਲੀ ਸਮੇਤ ਬੱਚੇ, ਅਧਿਆਪਕ, ਮਾਪੇ ਅਤੇ ਸਾਹਿਤ ਪ੍ਰੇਮੀ ਸ਼ਾਮਿਲ ਹੋਏ। ਅੰਤ ਵਿੱਚ ਸਭ ਦਾ ਧੰਨਵਾਦ ਕਰਦਿਆਂ ਕੁਲਦੀਪ ਕੌਰ ਬੈਂਸ ਨੇ ਸੁਰ ਸੰਗਮ ਵਿਦਿਕ ਟ੍ਰਸਟ ਦੀਆਂ ਬਾਲ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

